Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਸਾਹਿਤ ਨੂੰ ਸਿੰਘ ਸਭਾ ਲਹਿਰ ਦੀ ਦੇਣ

ਬਿਕਰਮ ਸਿੰਘ ਘੁੰਮਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

Forwarded free of Cost, and with the Compliments of Deptt of Education, Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

ਆਧੁਨਿਕ
ਪੰਜਾਬੀ ਸਾਹਿਤ
ਨੂੰ
ਸਿੰਘ ਸੱਭਾ ਲਹਿਰ
ਦੀ
ਦੇਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਸਾਹਿਤ
ਨੂੰ
ਸਿੰਘ ਸਭਾ ਲਹਿਰ
ਦੀ ਦੇਣ

DONATION

8121

ਬਿਕਰਮ ਸਿੰਘ ਘੁੰਮਣ
ਪੀਐਚ. ਡੀ.

Forwarded free of Cost, and with the
Compliments of Deptt of Education,
Govt. of India, New Delhi.

ਵਾਰਿਸਸ਼ਾਹ ਫ਼ਾਉਂਡੇਸ਼ਨ
ਅੰਮ੍ਰਿਤਸਰ–143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ADHUNIK PUNJABI SAHIT :
SINGH SABHA LEHAR DI DEN
by
Dr. Bikram Singh Ghuman

ਪਹਿਲੀ ਵਾਰ : 1991

ਮੁੱਲ : 75 ਰੁਪਏ

ਪ੍ਰਕਾਸ਼ਕ
ਵਾਰਿਸ ਸ਼ਾਹ ਫਾਊਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕ, ਖਾਲਸਾ ਕਾਲਜ, ਅੰਮ੍ਰਿਤਸਰ ।

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the
Compliments of Deptt of Education,
Govt. of India, New Delhi.

ਤਰਤੀਬ

ਸਿੰਘ ਸਭਾ ਲਹਿਰ : ਇਤਿਹਾਸਕ ਪਿਛੋਕੜ/vii

ਆਧੁਨਿਕ ਪੰਜਾਬੀ ਸਾਹਿਤ : ਸਿੰਘ ਸਭਾ ਲਹਿਰ ਦੀ ਦੇਣ/8

ਭਾਈ ਵੀਰ ਸਿੰਘ ਦੀ ਵਾਰਤਕ ਦਾ ਉਦੇਸ਼/20

ਭਾਈ ਵੀਰ ਸਿੰਘ ਦੀ ਵਾਰਤਕ ਦੀਆਂ ਵਿਸ਼ੇਸ਼ਤਾਵਾਂ/31

ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ/43

ਡਾ. ਬਲਬੀਰ ਸਿੰਘ : ਜੀਵਨ ਤੇ ਰਚਨਾ/53

ਨਾਵਲਕਾਰ ਭਾਈ ਮੋਹਨ ਸਿੰਘ ਵੈਦ/63

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਨਾਵਲ ਅਤੇ ਜਸਵੰਤ ਸਿੰਘ ਕੰਵਲ/72

ਪੱਛਮੀ ਦੁਖਾਂਤ ਪਰੰਪਰਾ/77

ਨਾਟਕਕਾਰ ਈਸ਼ਵਰ ਚੰਦਰ ਨੰਦਾ/93

ਨਿਬੰਧਕਾਰ ਪੂਰਨ ਸਿੰਘ/104

ਤੇਜਾ ਸਿੰਘ : ਜੀਵਨ ਤੇ ਸ਼ਖ਼ਸੀਅਤ/112

ਤੇਜਾ ਸਿੰਘ ਦੀ ਰਚਨਾ/127

ਤੇਜਾ ਸਿੰਘ ਦਾ ਸਾਹਿਤਕ ਪ੍ਰਭਾਵ/133

ਆਧੁਨਿਕ ਪੰਜਾਬੀ ਵਾਰਤਕ : ਭਾਈ ਵੀਰ ਸਿੰਘ ਦਾ ਯੋਗਦਾਨ?147

ਕਿਸ਼ਨ ਸਿੰਘ ਆਰਿਫ਼ : ਜੀਵਨ ਤੇ ਰਚਨਾ/155

ਬਾਬਾ ਵਿਸਾਖਾ ਸਿੰਘ ਦੀ ਕਵਿਤਾ/163

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਸਭਾ ਲਹਿਰ : ਇਤਿਹਾਸਕ ਪਿਛੋਕੜ

27 ਜੂਨ 1838 ਨੂੰ ਮਹਾਰਾਜੇ ਦੇ ਅਕਾਲ ਚਲਾਣੇ ਪਿਛੋਂ ਪੰਜਾਬ ਵਿਚ ਅਰਾਜਕਤਾ ਤੇ ਅਫਰਾਤਫਰੀ ਫੈਲ ਗਈ। ਸਿੱਖ ਰਾਜ ਨੂੰ ਅਜੇਹਾ ਧੱਕਾ ਲੱਗਾ ਕਿ ਇਹ ਆਪਣੀ ਆਨ ਤੇ ਸ਼ਾਨ ਕਾਇਮ ਨਾ ਰੱਖ ਸਕਿਆ। ਥੋੜੇ ਸਾਲਾਂ ਵਿਚ ਹੀ ਸਿੱਖ ਰਾਜ ਦਾ ਸੂਰਜ ਢਲਦਾ, ਢਲਦਾ ਢਲ ਗਿਆ। ਫਲਸਰੂਪ ਬਰਤਾਨਵੀ ਰਾਜ ਦੀ ਗੁਲਾਮੀ ਦੀ ਕਾਲੀ ਬੋਲੀ ਰਾਤ ਇਕ ਸਦੀ ਤਕ ਪੰਜਾਬ ਦੀ ਧਰਤੀ ਉਤੇ ਛਾਈ ਰਹੀ।

ਸਮਾਂ, ਸਮਾਜ ਤੇ ਸਾਹਿੱਤਕਾਰ ਆਪਸ ਵਿਚ ਗੂੜ੍ਹਾ ਸੰਬੰਧ ਰੱਖਦੇ ਸਨ। ਸਮਾਂ ਕਦੇ ਸ਼ਾਂਤ ਨਦੀ ਤੇ ਕਦੇ ਸ਼ੂਕਦੇ ਦਰਿਆ ਦਾ ਵਹਿਣ ਬਣ ਕੇ, ਇਤਿਹਾਸ ਦੀਆਂ ਪੈੜਾਂ ਨੂੰ ਮੋੜਦਾ ਅਤੇ ਕਦੇ ਸਮਾਜ ਦੀ ਸਥਿਰ ਅਵਸਥਾ ਨੂੰ ਤੋੜਦਾ ਤੁਰਿਆ ਜਾਂਦਾ ਹੈ, ਸਮਾਜ ਇਨ੍ਹਾਂ ਪਰਿਸਥਿਤੀਆਂ ਤੋਂ ਸਿੱਧਾ ਪ੍ਰਭਾਵਿਤ ਹੁੰਦਾ ਹੈ ਤੇ ਆਪਣੀ ਜੀਵਨ-ਜਾਚ ਤੇ ਸਭਿਆ-ਚਾਰ ਨੂੰ ਚੇਤ ਜਾਂ ਅਚੇਤ ਬਦਲਦਾ ਤੇ ਨਵਿਆਉਂਦਾ ਹੈ। ਸਾਹਿੱਤਕਾਰ ਸਮਾਜ ਦਾ ਇਕ ਅੰਗ ਹੀ ਨਹੀਂ, ਸਗੋਂ ਬੜਾ ਕੋਮਲ-ਭਾਵੀ ਇਨਸਾਨ ਹੁੰਦਾ ਹੈ ਜੋ ਸਮਾਜ ਤੋਂ ਸੰਤੁਸ਼ਟ ਨਾ ਹੁੰਦਾ ਹੋਇਆ ਵੀ ਅਭਿੱਜ ਨਹੀਂ ਰਹਿ ਸਕਦਾ, ਉਹ ਸਮਾਜ ਤੇ ਉਸ ਦੇ ਰਸਮਾਂ-ਰਿਵਾਜ਼ਾਂ ਨਾਲ ਪੂਰੀ ਕੱਟੜਤਾ ਨਾਲ ਬੱਝਾ ਨਹੀਂ ਹੁੰਦਾ ਤੇ ਨਾ ਹੀ ਉਹ ਸਭ ਸਥਿਤੀਆਂ ਤੋਂ ਪੂਰੀ ਤਰ੍ਹਾਂ ਬਾਗੀ ਹੁੰਦਾ ਹੈ, ਸਗੋਂ ਉਸ ਦੀ ਸਰਬੋਤਮ ਪ੍ਰਾਪਤੀ ਉਸ ਦੀ ਰੂਪ ਜਾਂ ਵਿਚਾਰ ਪੱਖੋਂ ਨਵੀਂ ਦੇਣ ਅਤੇ ਬਹੁਤੇ ਲੋਕਾਂ ਨਾਲ ਜੁੜੇ ਹੋਣ ਨਾਲ ਬੱਝੀ ਹੁੰਦੀ ਹੈ ਕਿਉਂਕਿ ਉਸ ਦੀ ਸਿਰਜਣਾ ਦਾ ਆਧਾਰ, ਸੋਮਾ ਤੇ ਉਦੇਸ਼ ਆਪਣਾ ਸਮਾਜ ਹੁੰਦਾ ਹੈ। ਸਮਾਜ ਵਿਚ ਜੋ ਘਟਨਾਵਾਂ ਘਟਦੀਆਂ ਹਨ, ਉਹ ਸਮਾਜ ਦੇ ਸਾਰੇ ਮੈਂਬਰਾਂ ਦੀ ਹੱਡ-ਬੀਤੀ ਤੇ ਜੱਗ-ਬੀਤੀ ਹੁੰਦੀਆਂ ਹਨ। ਸਾਹਿੱਤਕਾਰ ਇਨ੍ਹਾਂ ਸਥਿਤੀਆਂ ਤੇ ਪਰਿਸਥਿਤੀਆਂ ਨੂੰ ਸਭ ਤੋਂ ਵਧੇਰੇ ਸ਼ਿੱਦਤ ਨਾਲ ਅਨੁਭਵ ਕਰਦਾ ਹੈ ਤੇ ਆਪਣੇ ਭੌਤਿਕ ਵਜੂਦ ਦੀ ਪ੍ਰਕ੍ਰਿਤੀ ਤੇ ਸ਼ਖ਼ਸੀਅਤ ਅਨੁਸਾਰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਸਮੇਂ, ਸਮਾਜ ਤੇ ਸਾਹਿੱਤਕਾਰ ਦਾ ਤਿਕੋਣਾ ਤਣਾਓ ਸਾਹਿੱਤ ਸਿਰਜਣਾ ਦਾ ਰੂਪ ਧਾਰਨ ਕਰਦਾ ਹੈ।

ਸਾਹਿੱਤ ਸਿਰਜਣਾ ਦਾ ਸਮਾਂ ਅਮਨ ਤੇ ਸਥਿਰਤਾ ਦਾ ਮਾਹੌਲ ਮੰਗਦਾ ਹੈ। ਸਮਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਅਸ਼ਾਂਤੀ ਵਿਚ ਤਾਂ ਸਾਧਾਰਣ ਮਨੁੱਖ ਵੀ ਆਪਣੀ ਸੋਚਣੀ ਨੂੰ ਅਡੋਲ ਨਹੀਂ ਰੱਖ ਸਕਦਾ ਤੇ ਫਿਰ ਪਾਰੇ ਵਰਗੀ ਨਾਜ਼ੁਕਤਾ ਵਾਲਾ ਸਾਹਿਤਿਕ ਮਨ ਕੋਈ ਗੱਲ ਕਿਵੇਂ ਕਹਿ/ ਲਿਖ ਸਕੇਗਾ ? ਅਜੇਹੀ ਅਵਸਥਾ ਸੁਣਨ ਤੇ ਸੁਣਾਉਣ ਦੀ ਨਹੀਂ ਹੁੰਦੀ, ਆਪੋ-ਧਾਪੀ ਦੀ ਹੁੰਦੀ ਹੈ। ਸਾਹਿੱਤ ਰਚਨਾ ਸ਼ਾਂਤ ਮਾਹੌਲ, ਮਨ ਦੇ ਟਿਕਾਅ ਤੇ ਲੰਬੇ ਅਨੁਭਵ ਦੀ ਮੰਗ ਕਰਦੀ ਹੈ ਜੋ ਅਫ਼ਰਾਤਫ਼ਰੀ ਦੇ ਮਾਹੌਲ ਵਿਚ ਸੰਭਵ ਨਹੀਂ, ਇਸੇ ਕਾਰਣ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਪਿਛੋਂ ਪੰਜਾਬ ਦੇ ਅਸ਼ਾਂਤ ਮਾਹੌਲ ਸਮੇਂ ਸਾਹਿੱਤ ਸਿਰਜਣਾ ਦਾ ਕਾਰਜ ਰੁਕਿਆ ਰਿਹਾ। ਪੰਜਾਬੀ ਸਾਹਿੱਤ ਵਿਚ ਇਨ੍ਹਾਂ ਸਾਲਾਂ ਵਿਚ ਕੋਈ ਵੀ ਵਰਣਨਯੋਗ ਸਾਹਿੱਤ ਸਿਰਜਣਾ ਨਹੀਂ ਹੋਈ।

ਮਹਾਰਾਜੇ ਦੀ ਮ੍ਰਿਤੂ ਨਾਲ ਜਿਥੇ ਸਿੱਖ ਰਾਜ ਇਕ ਸੂਝਵਾਨ ਆਗੂ ਤੋਂ ਵਿਰਵਾ ਹੋ ਗਿਆ, ਉਥੇ ਗੱਦੀ ਦੇ ਜਾਨਸ਼ੀਨਾਂ ਤੇ ਦਰਬਾਰੀਆਂ ਦੀ ਆਪਸੀ ਫੁੱਟ ਤੇ ਸਾਜ਼ਸ਼ਾਂ ਦਾ ਸ਼ਿਕਾਰ ਵੀ ਹੋ ਗਿਆ ਸੀ। ਰਾਜ ਦਰਬਾਰ ਵਿਚ ਹੋ ਰਹੀਆਂ ਸਾਜ਼ਸ਼ਾਂ ਨਾਲ ਪੰਜਾਬ ਦੇ ਲੋਕਾਂ ਦਾ ਮਨੋਬਲ ਡਿੱਗ ਪਿਆ। ਡੋਗਰੇ ਤੇ ਸੰਧਾਵਾਲੀਏ ਸਰਦਾਰਾਂ ਦੀ ਟੱਕਰ ਨੇ ਸਿੱਖ ਰਾਜ ਦੀਆਂ ਜੜ੍ਹਾਂ ਹਿਲਾ ਦਿਤੀਆਂ, ਅਰਾਜਕਤਾ ਤੇ ਆਪੋਧਾਪੀ ਦਾ ਦੌਰ ਚੱਲ ਪਿਆ। ਫੌਜ ਆਪ-ਹੁਦਰੀ ਹੋ ਗਈ। ਰਾਣੀ ਜਿੰਦਾਂ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਅੰਗਰੇਜ਼ਾਂ ਵਲ ਝੁਕ ਗਈ ਅਤੇ ਉਨ੍ਹਾਂ ਨੂੰ ਆਪਣੀ ਮਰਜ਼ ਦਾ ਇਲਾਜ ਮੰਨਣ ਦਾ ਧ੍ਰੋਖਾ ਖਾ ਬੈਠੀ। ਮਹਾਰਾਣੀ ਨੂੰ ਇਹ ਵੀ ਡਰ ਸੀ ਕਿ ਕਿਤੇ ਖ਼ਾਲਸਾ ਫੌਜ ਜਵਾਹਰ ਸਿੰਘ ਤੋਂ ਪਿਛੋਂ ਮਹਾਰਾਜਾ ਦਲੀਪ ਸਿੰਘ ਉਤੇ ਵੀ ਹਮਲਾ ਨਾ ਕਰ ਦੇਵੇ। ਉਸ ਨੇ ਆਪਣੀ ਤੇ ਪੁੱਤਰ ਦੀ ਸੁਰੱਖਿਆ ਲਈ ਲਾਲ ਸਿੰਘ ਨਾਲ ਮਿਲ ਕੇ ਅੰਗਰੇਜ਼ਾਂ ਨਾਲ ਸਾਜ਼-ਬਾਜ਼ ਕੀਤੀ। ਖ਼ਾਲਸਾ ਫੌਜ ਜੋ ਕਿ ਇੰਨ੍ਹੀ ਦਿਨੀਂ ਕਾਫ਼ੀ ਆਪ-ਹੁਦਰੀ ਹੋ ਚੁੱਕੀ ਸੀ, ਉਸ ਨੂੰ ਸਬਕ ਸਿਖਾਉਣ ਲਈ ਅੰਗਰੇਜ਼ਾਂ ਨਾਲ ਲੜਾਉਣ ਦਾ ਅਨਸੂਬਾ ਬਣਾਇਆ। ਇਸ ਸੰਬੰਧ ਵਿਚ ਮਹਾਰਾਣੀ ਜਿੰਦਾਂ ਨੇ ਅੰਗਰੇਜ਼ਾਂ ਨੂੰ ਇਕ ਗੁਪਤ ਚਿੱਠੀ ਵੀ ਲਿਖੀ ਪਰ ਸਿੱਖ ਫੌਜ ਇਸ ਗੁਪਤ ਸੰਧੀ ਤੋਂ ਅਣਜਾਣ ਸੀ। ਦੂਜੇ ਪਾਸੇ ਅੰਗਰੇਜ਼ ਸਤਲੁਜੋਂ ਪਾਰ ਆਪਣੇ ਸ਼ਿਕਾਰ ਨੂੰ ਕਾਬੂ ਕਰਨ ਲਈ ਬੜੀ ਦੇਰ ਤੋਂ ਕੁੰਡੀ ਸੁੱਟੀ ਬੈਠਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿਚ ਸੰਧੀਆਂ ਕਰਕੇ ਪਰ੍ਹੇ ਪਰ੍ਹੇ ਬੈਠਾ ਉਹ ਰਾਜਨੀਤਕ ਚਾਲਬਾਜ਼ ਮਹਾਰਾਜੇ ਦੇ ਅੱਖਾਂ ਮੀਟਦੇ ਹੀ ਪੰਜਾਬ ਹੜੱਪਣ ਨੂੰ ਬੇਚੈਨ ਹੋ ਗਿਆ। ਉਸ ਦੇ ਪੰਜਾਬ ਨੂੰ ਆਪਣੇ ਰਾਜ ਵਿਚ ਸਮੇਟਣ ਦੀ ਲਾਲਸਾ ਦੇ ਸੰਕੇਤ ਤਾਂ ਇਸ ਤੋਂ ਕਾਫ਼ੀ ਪਹਿਲਾਂ ਹੀ ਮਿਲਣ ਲਗ ਪਏ ਸਨ ਜਦ ਉਸ ਨੇ 1836 ਵਿਚ ਪੰਜਾਬੀ ਪ੍ਰੈਸ ਲਾ ਕੇ ਪੰਜਾਬੀ ਵਿਚ 'ਬਾਈਬਲ' ਦਾ ਅਨੁਭਵ ਕਰਵਾ ਕੇ ਛਾਪਣ ਤੇ ਮੁਫ਼ਤ ਵੰਡਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਤੇ ਇਸ ਮੰਤਵ ਲਈ ਉਸ ਦੇ ਪ੍ਰਚਾਰਕ (ਮਿਸ਼ਨਰੀ) ਪੰਜਾਬ ਵਿਚ ਆਉਣੇ ਸ਼ੁਰੂ ਹੋ ਗਏ ਸਨ।

ਮਹਾਰਾਣੀ ਜਿੰਦਾਂ ਦੀ ਅੰਗਰੇਜ਼ਾਂ ਨਾਲ ਗੁਪਤ ਸੰਧੀ ਤੋਂ ਅਣਜਾਣ ਸਿੱਖ ਫ਼ੌਜ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
13 ਦਸੰਬਰ 1845 ਨੂੰ ਦਰਿਆ ਸਤਲੁਜ ਪਾਰ ਕਰਕੇ ਅੰਗਰੇਜ਼ੀ ਖੇਤਰ ਉਤੇ ਹੱਲਾ ਬੋਲ ਦਿੱਤਾ। ਮੁਦਕੀ (18 ਦਸੰਬਰ), ਫੇਰੂ ਸ਼ਹਿਰ (21 ਦਸੰਬਰ) ਅਤੇ ਸਭਰਾਉਂ (10 ਫਰਵਰੀ 1846) ਦੇ ਸਥਾਨਾਂ ਉਤੇ ਹੋਈਆਂ ਗਹਿਗਚ ਲੜਾਈਆਂ ਪਿਛੋਂ ਖਾਲਸਾ ਫੌਜ ਹਾਰ ਗਈ। ਭਾਰਤ ਦੇ ਅੰਗਰੇਜ਼ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਸਿੱਖਾਂ-ਅੰਗਰੇਜ਼ਾਂ ਦੀ ਪਹਿਲੀ ਲੜਾਈ ਵਿਚ ਸਿੱਖਾਂ ਦੀ ਹਾਰ ਪਿਛੋਂ ਲਾਹੌਰ ਉਤੇ ਕਬਜ਼ਾ ਕਰਕੇ ਸਰ ਹੈਨਰੀ ਲਾਰੰਸ ਨੂੰ ਮਹਾਰਾਜਾ ਦਲੀਪ ਸਿੰਘ ਦੇ ਸਲਾਹਕਾਰ ਵਜੋਂ ਨਿਯੁਕਤ ਕਰ ਦਿਤਾ। ਇਨ੍ਹਾਂ ਲੜਾਈਆਂ ਸਮੇਂ ਸਿੱਖ ਦਰਬਾਰ ਜਿਥੇ ਆਪਣੇ ਮਹਾਰਾਜੇ ਦੀ ਕਮਾਨ ਤੋਂ ਬਗੈਰ ਮਾਨਸਿਕ ਬੇਚੈਨੀ ਦਾ ਸ਼ਿਕਾਰ ਹੋ ਗਿਆ ਸੀ ਉਥੇ ਇਹ ਸਰੀਰਕ ਸ਼ਕਤੀ ਵੀ ਖੋ ਬੈਠਾ ਸੀ। ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਾਰਿਆਂ ਤੋਂ ਛੋਟੇ ਪੁੱਤਰ ਦਲੀਪ ਸਿੰਘ ਨੂੰ ਨਾਮ-ਧਰੀਕ ਮਹਾਰਾਜਾ ਥਾਪ ਕੇ ਮਹਾਰਾਣੀ ਜਿੰਦਾਂ ਨੂੰ ਉਸ ਦਾ ਰੀਜੰਟ ਬਣਾ ਦਿਤਾ। ਥੋੜ੍ਹੇ ਸਮੇਂ ਪਿਛੋਂ ਮਹਾਰਾਣੀ ਜਿੰਦਾਂ ਤੋਂ ਰਾਜ ਸੱਤਾ ਖੋਹ ਲਈ ਗਈ, ਉਸ ਨੂੰ ਬੰਦੀ ਬਣਾ ਦਿਤਾ ਗਿਆ ਅਤੇ ਕੁਝ ਝੋਲੀ-ਚੁੱਕ ਸਰਦਾਰਾਂ ਦਾ ਪ੍ਰਬੰਧਕੀ ਮੰਡਲ ਬਣਾ ਕੇ ਹੈਨਰੀ ਲਾਰੰਸ ਉਸ ਦਾ ਪ੍ਰਧਾਨ ਬਣ ਗਿਆ। ਆਪਣੇ ਆਪ ਨੂੰ ਸਰਪ੍ਰਸਤ ਸਰਕਾਰ ਦਾ ਲੇਬਲ ਲਾ ਕੇ ਪੋਚਾ ਪਾਇਆ ਅਤੇ ਨਾ ਲੋੜ ਰਹਿਣ ਤੇ ਵਾਪਸ ਚਲੇ ਜਾਣ ਦਾ ਵਾਅਦਾ ਕੀਤਾ। ਪਰ ਇਹ ਤਾਂ ਅਣਖੀ ਪੰਜਾਬੀਆਂ ਦੇ ਸਾਜ਼ਿਸ਼ ਨਾਲ ਹਰਾਏ ਗਰਮ ਲੋਹੇ ਵਰਗੇ ਸਰੀਰ ਨੂੰ ਠੰਢਾ ਕਰਨ ਦੀ ਇਕ ਚਾਲ ਸੀ। ਅੰਗਰੇਜ਼ ਹਾਕਮਾਂ ਦਾ ਆਪਸੀ ਗੁਪਤ ਚਿੱਠੀ-ਪੱਤਰ ਉਨ੍ਹਾਂ ਦੀਆਂ ਕਾਲੀਆਂ ਸਕੀਮਾਂ ਦਾ ਪਰਦਾ ਫਾਸ਼ ਕਰਦਾ ਹੈ ਜਿਸ ਵਿਚ ਉਸ ਨੇ ਆਨੇ-ਬਹਾਨੇ ਛੇਤੀ ਤੋਂ ਛੇਤੀ ਪੰਜਾਬ ਨੂੰ ਪੱਕੇ ਤੌਰ ਤੇ ਹੜੱਪਣ ਦੀਆਂ ਯੋਜਨਾਵਾਂ ਬਣਾਈਆਂ ਹੋਈਆਂ ਸਨ। ਇਸੇ ਗੁਪਤ ਯੋਜਨਾ ਅਨੁਸਾਰ ਚੇਲੀਆਂ ਵਾਲਾਂ ਤੇ ਗੁਜਰਾਤ ਦੇ ਸਥਾਨਾਂ ਉਤੇ ਹੋਈ ਸਿੱਖਾਂ ਦੀ ਦੂਜੀ ਲੜਾਈ ਦੀ ਹਾਰ ਪਿਛੋਂ, ਭਾਰਤ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਆਪਣੇ ਨਿੱਜੀ ਸਕੱਤਰ ਸਰ ਹੈਨਰੀ ਈਲੀਅਟ ਨੂੰ 28 ਮਾਰਚ 1849 ਈ. ਨੂੰ ਲਾਹੌਰ ਭੇਜਿਆ। 29 ਮਾਰਚ 1849 ਨੂੰ ਲਾਹੌਰ ਕਿਲੇ ਵਿਚ ਇਕ ਵੱਡਾ ਇਕੱਠ ਬੁਲਾ ਕੇ ਈਲੀਅਟ ਨੇ ਇਕ ਘੋਸ਼ਨਾ-ਪੱਤਰ ਜਾਰੀ ਕੀਤਾ ਜਿਸ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੇ ਰਾਜ ਨੂੰ ਭਾਰਤ ਵਿਚਲੇ ਬਰਤਾਨਵੀ ਸਾਮਰਾਜ ਦਾ ਇਕ ਹਿੱਸਾ ਹੋਣ ਦਾ ਐਲਾਨ ਕਰ ਦਿਤਾ ਗਿਆ। ਪੰਜਾਬੀਆਂ ਦੀ ਸਵੈਰਾਜ ਦੀ ਭਾਵਨਾ ਨੂੰ ਜੜੋਂ ਖ਼ਤਮ ਕਰਨ ਲਈ ਸਿੱਖ ਰਾਜ ਦੇ ਇਕਲੌਤੇ ਜਾਨਸ਼ੀਨ ਮਹਾਰਾਜਾ ਦਲੀਪ ਸਿੰਘ ਨੂੰ 5 ਲੱਖ ਸਾਲਾਨਾ ਦੀ ਪੈਨਸ਼ਨ ਦੇ ਕੇ ਡਾ. ਜੋਹਨ ਲੋਗਿਨ ਦੀ ਸਰਪ੍ਰਸਤੀ ਵਿਚ ਉਤਰ ਪ੍ਰਦੇਸ ਭੇਜ ਦਿਤਾ। ਉਸ ਨੇ ਮਹਾਰਾਜੇ ਨੂੰ ਪ੍ਰੇਰਨਾ ਦੇ ਕੇ 1853 ਈ. ਵਿਚ ਈਸਾਈ ਬਣਾ ਦਿਤਾ ਤੇ 1854 ਈ. ਵਿਚ ਸਮੁੰਦਰੀ ਰਸਤੇ ਇੰਗਲੈਂਡ ਲੈ ਗਿਆ ਅਤੇ ਰਾਣੀ ਜਿੰਦਾਂ ਨੂੰ ਜਲਾਵਤਨ ਕਰ ਦਿਤਾ ਗਿਆ। ਇਸ ਤਰ੍ਹਾਂ ਪੰਜਾਬੀਆਂ ਦਾ ਗਰਮ ਲਹੂ ਸ਼ਾਂਤ ਕਰ ਦਿਤਾ।

ਇਨ੍ਹਾਂ ਦੁਖਦਾਈ ਤੇ ਕਰੁਣਾਮਈ ਘਟਨਾਵਾਂ ਦਾ ਹਰ ਪੰਜਾਬੀ ਦੇ ਦਿਲ ਉਤੇ ਅਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣਾ ਸੁਭਾਵਿਕ ਸੀ। ਤਤਕਾਲੀ ਸਾਹਿੱਤਕਾਰਾਂ ਨੇ ਇਸ ਪੀੜ ਨੂੰ ਆਪਣੀਆਂ ਰਚਨਾਵਾਂ ਵਿਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਸ਼ਾਹ ਮੁਹੰਮਦ ਦੀ 'ਜੰਗ ਸਿੰਘਾਂ ਤੇ ਫ਼ਰੰਗੀਆਂ ਤੇ ਕਵੀ ਮਟਕ ਦੀ ਰਚਨਾ ਵਿਚ ਇਸੇ ਹਿਰਦੇਵੇਧਕ ਦੁਖ ਦਾ ਵਰਣਨ ਹੈ।

ਅੰਗਰੇਜ਼ਾਂ ਦੇ ਪੰਜਾਬ ਉੱਤੇ ਪੂਰੀ ਤਰ੍ਹਾਂ ਕਾਬਜ਼ ਹੋ ਜਾਣ ਉਪਰੰਤ ਇਥੋਂ ਦਾ ਪ੍ਰਸ਼ਾਸਨੀ ਢਾਂਚਾ ਬਦਲ ਦਿੱਤਾ ਗਿਆ। ਜਾਗੀਰਦਾਰੀ ਨਿਜ਼ਾਮ, ਪੂੰਜੀਵਾਦੀ ਪ੍ਰਬੰਧ ਵਿਚ ਤਬਦੀਲ ਹੋਣ ਲੱਗਾ। ਇਸ ਨਾਲ ਪੰਜਾਬ ਦੇ ਆਰਥਿਕ, ਸਮਾਜਕ ਅਤੇ ਸਭਿਆਚਾਰਕ ਜੀਵਨ ਵਿਚ ਅਨੇਕ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸਰਕਾਰ ਨੇ ਕਈ ਉਸਾਰੂ ਯੋਜਨਾਵਾਂ ਤਿਆਰ ਕਰਕੇ ਪੰਜਾਬੀਆਂ ਦੀਆਂ ਲੜਾਕੂ ਰੁਚੀਆਂ ਨੂੰ ਸ਼ਾਂਤ ਕਰਨ ਦਾ ਜਤਨ ਕੀਤਾ। ਨਵਾਂ ਰਾਜ-ਪ੍ਰਬੰਧ ਲਾਗੂ ਕਰ ਦਿੱਤਾ ਗਿਆ ਜਿਸ ਨਾਲ ਕਾਨੂੰਨ, ਵਿਦਿਆ, ਆਵਾਜਾਈ, ਸਿੰਚਾਈ ਦੇ ਸਾਧਨਾਂ ਦਾ ਕਾਇਆ ਕਲਪ ਹੋ ਗਿਆ। 1855 ਈ. ਵਿਚ ਪੰਜਾਬ ਵਿਦਿਆ ਵਿਭਾਗ, 1864 ਵਿਚ ਓਰੰਟੀਅਲ ਕਾਲਜ ਲਾਹੌਰ ਤੇ 1982 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਸਥਾਪਨਾ ਹੋਈ। ਕਈ ਸਕੂਲ ਤੇ ਕਾਲਜ ਖੋਲ੍ਹੇ ਗਏ। ਇਸ ਨਾਲ ਪੰਜਾਬ ਪੱਛਮੀ ਵਿਦਿਆ ਦੇ ਪ੍ਰਭਾਵ ਕਬੂਲਣ ਲੱਗਾ। ਅੰਗਰੇਜ਼ਾਂ ਦੀ ਅਗਾਂਹ-ਵਧੂ ਤਹਿਜ਼ੀਬ ਨੇ ਲੋਕਾਂ ਦੀ ਰਹਿਣੀ-ਬਹਿਣੀ, ਬੋਲੀ, ਪਹਿਰਾਵੇ ਤੇ ਆਰਥਿਕਤਾ ਨੂੰ ਬਹੁਤ ਪ੍ਰਭਾਵਿਤ ਕੀਤਾ।

ਪੰਜਾਬ ਸਮੇਤ ਅੰਗਰੇਜ਼ ਭਾਰਤ ਨੂੰ ਕੱਚੇ ਮਾਲ ਦੀ ਮੰਡੀ ਵਜੋਂ ਪ੍ਰਚਲਤ ਕਰਨਾ ਚਾਹੁੰਦਾ ਸੀ। ਇਸ ਕਰਕੇ ਉਸ ਨੇ ਚੰਗੀ ਖੇਤੀ ਲਈ ਨਵੀਆਂ ਨਹਿਰਾਂ ਕਢਵਾਈਆਂ, ਸੜਕਾਂ ਤੇ ਰੇਲਾਂ ਦੇ ਜਾਲ ਵਿਛਾਏ, ਰਾਜ ਪ੍ਰਬੰਧ ਚਲਾਉਣ ਲਈ ਕਲਰਕਾਂ ਦੀ ਖਾਤਰ ਅੰਗਰੇਜ਼ੀ ਪੜ੍ਹੀ ਲਿਖੀ ਤੇ ਸਫ਼ੈਦ ਪੋਸ਼ ਮੱਧ-ਸ਼੍ਰੇਣੀ ਨੂੰ ਪੈਦਾ ਕੀਤਾ। ਇਹ ਦਾਤਾਂ ਪੰਜਾਬੀਆਂ ਦੀ ਭਲਾਈ ਲਈ ਨਹੀਂ ਸਗੋਂ ਉਸ ਦੀ ਸਾਮਰਾਜੀ ਨੀਤੀ ਦਾ ਸਿੱਟਾ ਸਨ। ਉਸ ਦੀ ਖ਼ੁਦਗਰਜ਼ੀ ਪਿਛੇ ਲੋਕ-ਭਲਾਈ ਤੇ ਕਲਿਆਣ ਦੇ ਅਜਿਹੇ ਬੀਜ ਲੁਕੇ ਪਏ ਸਨ ਕਿ ਲੋਕਾਂ ਨੂੰ ਆਪਣਾ ਰਾਜਨੀਤਿਕ ਪਿਛੋਕੜ ਦੇ ਸਭਿਆਚਾਰਕ ਗੌਰਵ ਵੀ ਭੁੱਲਣ ਲੱਗਾ। ਤਾਜ ਮਹੱਲ ਬਣਾਉਣ ਵਾਲੇ ਸ਼ਾਹ ਜਹਾਨ ਤੇ ਸ਼ਾਲੀਮਾਰ ਬਣਾਉਣ ਵਾਲੇ ਜਹਾਂਗੀਰ ਵਰਗੇ ਸ਼ਹਿਨਸ਼ਾਹਾਂ ਦੇ ਮੁਕਾਬਲੇ ਅੰਗਰੇਜ਼ ਦਾ ਰਾਜ ਲੋਕਾਂ ਲਈ ਵਰਦਾਨ ਬਣ ਗਿਆ। ਸਾਧਾਰਣ ਲੋਕਾਂ ਨੇ ਉਸ ਦੇ ਰਾਜ ਦੀਆਂ ਬਰਕਤਾਂ ਨੂੰ ਖਿੜੇ ਮਿਥੇ ਸਵੀਕਾਰ ਕੀਤਾ ਅਤੇ ਅੰਗਰੇਜ਼ਾਂ ਦੀਆਂ ਜੀਵਨ-ਜੁਗਤਾਂ ਨੂੰ ਅਪਣਾਉਣਾ ਆਪਣਾ ਸੁਭਾਗ ਸਮਝਿਆ। ਇਸੇ ਕਰਕੇ ਮੁਸਲਮਾਨਾਂ ਦੇ ਕਈ ਸਦੀਆਂ ਦੇ ਰਾਜ ਦੇ ਮੁਕਾਬਲੇ ਪੰਜਾਬ ਵਿਚ ਅੰਗਰੇਜ਼ਾਂ ਦਾ ਇਕ ਸਦੀ ਦਾ ਰਾਜ ਵਧੇਰੇ ਪ੍ਰਭਾਵਸ਼ਾਲੀ ਲੱਗਦਾ ਹੈ। ਇਸੇ ਕਾਰਣ ਇਥੋਂ ਦੇ ਲੋਕਾਂ ਨੇ ਜੀਵਨ ਦੇ ਹਰ ਖੇਤਰ ਵਿਚ ਅਣਕਿਆਸਿਆ ਪ੍ਰਭਾਵ ਕਬੂਲ ਕੀਤਾ।

ਅੰਗਰੇਜ਼ਾਂ ਦੇ ਇਸ ਚੰਗੇ ਰਾਜ-ਪ੍ਰਬੰਧ ਦੇ ਪ੍ਰਭਾਵ ਤੋਂ ਸਾਹਿੱਤਕਾਰ ਵੀ ਨਹੀਂ ਬਚ ਸਕੇ। ਕੁਝ ਸਾਹਿੱਤਕਾਰਾਂ ਨੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਬਾਰੇ ਨਜ਼ਮਾਂ ਤੇ ਗੀਤ ਲਿਖੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਈਸ਼ਰ ਦਾਸ ਨੇ 'ਕਿੱਸਾ ਰੇਲ ਗੱਡੀ', ਅਕਬਰ ਅਲੀ ਨੇ 'ਰੇਲ ਨਾਮਾ', ਅਬਦੁਲ ਸ਼ਾਹ ਨੇ 'ਬਾਰ ਦੀ ਆਬਾਦੀ' ਅਤੇ ਕਵੀ ਦਿਆਲ ਸਿੰਘ ਨੇ ਵੀ 'ਬਾਰ ਦੀ ਆਬਾਦੀ' ਉੱਤੇ ਕਿੱਸੇ ਲਿਖੇ। ਕਿਸ਼ਨ ਸਿੰਘ ਆਰਿਫ਼ ਨੇ 'ਦੀਵਾਨੇ ਆਰਿਫ਼' ਪੰਨਾ 141 ਅਤੇ 'ਪੋਥੀ ਸੁਧਰਮੀ' (1884) ਪੰਨੇ 20-22 ਉੱਤੇ ਅੰਗਰੇਜ਼ੀ ਰਾਜ ਦੇ ਇਨਸਾਫ਼, ਕਾਨੂੰਨ, ਵਿਦਿਆ-ਪ੍ਰਬੰਧ, ਸੜਕਾਂ, ਰੇਲਾਂ ਤੇ ਹਸਪਤਾਲ ਦੇ ਪ੍ਰਬੰਧ, ਧਰਮ-ਨਿਰਪੇਖ ਤੇ ਉੱਨਤ ਰਾਜ ਦੀ ਸ਼ਲਾਘਾ ਕੀਤੀ ਹੈ।

ਇਸ ਤੋਂ ਬਿਨਾਂ ਧਾਰਮਿਕ ਪ੍ਰਚਾਰ ਦੇ ਬਲਬੂਤੇ ਅੰਗਰੇਜ਼ ਮਨੋਬਲ ਹਾਰੇ ਪੰਜਾਬੀਆਂ ਨੂੰ ਆਪਣੇ ਧਰਮ ਦੀ ਪ੍ਰਭਾਵਸ਼ਾਲੀ ਪ੍ਰਤਿਭਾ ਵਿਖਾ ਕੇ ਹੋਰ ਕਮਜ਼ੋਰ ਤੇ ਨਿਤਾਣੇ ਕਰਨਾ ਚਾਹੁੰਦਾ ਸੀ। ਈਸਾਈ ਬਣਨ ਵਾਲੇ ਲੋਕਾਂ ਨੂੰ ਨੌਕਰੀਆਂ ਤੇ ਰਿਆਇਤਾਂ ਦੇਣ ਦਾ ਮੰਤਵ ਵੀ ਉਸ ਦੀ ਇਸ ਰਾਜਨੀਤਕ ਚਾਲ ਦਾ ਹੀ ਸਿੱਟਾ ਸੀ। ਰਹਿੰਦੀ ਕਸਰ ਮਹਾਰਾਜਾ ਦਲੀਪ ਸਿੰਘ ਦੇ ਈਸਾਈ ਧਰਮ ਅਪਣਾ ਲੈਣ ਨੇ ਪੂਰੀ ਕਰ ਦਿੱਤੀ।

ਜਾਨ ਲੋਰੀ ਨੇ 5 ਨਵੰਬਰ 1834 ਈ. ਨੂੰ ਭਾਰਤੀ ਰਾਜਿਆਂ, ਸਰਦਾਰਾਂ ਤੇ ਨਵਾਬਾਂ ਦੇ ਪੁੱਤਰਾਂ ਲਈ ਲੁਧਿਆਣੇ ਵਿਚ ਇਕ ਮਿਸ਼ਨ ਸਕੂਲ ਖੋਲ੍ਹਿਆ। 1837 ਈ. ਵਿਚ ਲੁਧਿਆਣੇ ਵਿਖੇ ਪਹਿਲਾ ਚਰਚ ਸਥਾਪਿਤ ਕੀਤਾ। ਇਸ ਤੋਂ ਮਗਰੋਂ ਲਾਹੌਰ (1847 ਈ.) ਜਲੰਧਰ, ਹੁਸ਼ਿਆਰਪੁਰ, ਫੀਰੋਜ਼ਪੁਰ, ਅੰਬਾਲਾ ਸ਼ਹਿਰ ਤੇ ਅੰਬਾਲਾ ਛਾਉਣੀ (1848 ਈ.), ਅੰਮ੍ਰਿਤਸਰ (185? ਈ.), ਕਾਂਗੜਾ (1854 ਈ.), ਮੁਲਤਾਨ ਤੇ ਪਿਸ਼ਾਵਰ (1855 ਈ.) ਰਾਵਲਪਿੰਡੀ (1856 ਈ.) ਆਦਿ ਪੰਜਾਬ ਵਿਚ ਮਿਸ਼ਨ ਸਕੂਲ ਖੋਲ੍ਹੇ। ਇਨ੍ਹਾਂ ਸਕੂਲਾਂ ਵਿਚ ਅੰਗਰੇਜ਼ ਮਿਸ਼ਨਰੀ ਅੰਗਰੇਜ਼ੀ ਵਿਦਿਆ ਦੇ ਨਾਲ ਨਾਲ ਆਪਣੇ ਧਰਮ ਦੀ ਉਚਤਾ ਦੇ ਗੁਣ ਗਾਣ ਕਰਦੇ ਤੇ ਸਥਾਨਕ ਲੋਕਾਂ ਨੂੰ ਧਾਰਮਿਕ ਪਰਿਵਰਤਨ ਲਈ ਉਤਸਾਹਤ ਕਰਦੇ ਸਨ।

ਉਨ੍ਹਾਂ ਨੇ ਕੇਵਲ ਨੀਵੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਨਹੀਂ ਸਗੋਂ ਉੱਚੇ ਵਰਗ ਤੇ ਰਾਜ ਵਰਗ ਦੇ ਮੈਂਬਰਾਂ ਨੂੰ ਵੀ ਈਸਾਈ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਈਸਾਈ ਮਿਸ਼ਨਰੀਆਂ ਦੇ ਇਸ ਧਾਰਮਿਕ ਪ੍ਰਚਾਰ ਦਾ ਪੰਜਾਬ ਦੇ ਲੋਕਾਂ ਉੱਤੇ ਜ਼ਬਰਦਸਤ ਪ੍ਰਤਿਕਰਮ ਹੋਇਆ। ਇਸ ਨਾਲ ਪੰਜਾਬ ਵਿਚ ਵਸਦੇ ਸਾਰੇ ਧਰਮਾਂ ਦੇ ਲੋਕਾਂ ਨੂੰ ਆਪੋ ਆਪਣਾ ਧਰਮ ਤੇ ਸਭਿਆਚਾਰ ਖ਼ਤਰੇ ਵਿਚ ਮਹਿਸੂਸ ਹੋਣ ਲੱਗਾ। ਸਿੱਟੇ ਵਜੋਂ ਪੰਜਾਬ ਵਿਚ ਵੱਖ ਵੱਖ ਧਾਰਮਿਕ/ਫ਼ਿਰਕੂ ਲਹਿਰਾਂ ਹੋਂਦ ਵਿਚ ਆਈਆਂ, ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੇ ਇਨ੍ਹਾਂ ਲਹਿਰਾਂ ਅਤੇ ਧਾਰਮਿਕ ਖਿਚੋਤਾਣ ਨੂੰ ਹੋਰ ਪ੍ਰਫੁਲਤ ਕਰਨ ਵਿਚ ਮਦਦ ਕੀਤੀ। ਇਸ ਕਾਲ ਪੰਜਾਬ ਦੇ ਹਿੰਦੂਆਂ-ਮੁਸਲਮਾਨਾਂ ਤੇ ਸਿੱਖਾਂ ਨਾਲ ਸੰਬੰਧਿਤ ਨਿਮਨ ਲਿਖਤ ਧਾਰਮਿਕ ਲਹਿਰਾਂ ਹੋਂਦ ਵਿਚ ਆਈਆਂ :

(ੳ) ਹਿੰਦੂ ਸੰਪ੍ਰਦਾਇਕ ਲਹਿਰਾਂ

(1) ਬ੍ਰਹਮੋ ਸਮਾਜ : ਇਸ ਦੀ ਸਥਾਪਨਾ ਰਾਜਾ ਰਾਮ ਮੋਹਨ ਰਾਏ ਨੇ 1815

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈ. ਵਿਚ 'ਆਤਮੀਯ ਸਭਾ' ਨਾਂ ਹੇਠ ਬੰਗਾਲ ਵਿਚ ਕੀਤੀ ਜੋ ਮਗਰੋਂ ਬ੍ਰਹਮੋ ਸਮਾਜ ਲਹਿਰ ਵਿਚ ਬਦਲ ਗਈ। ਪੰਜਾਬ ਵਿਚ ਬਾਬੂ ਪ੍ਰਤਾਪ ਚੰਦਰ ਮੁਜ਼ਮਦਾਰ ਨੇ 1863 ਈ. ਵਿਚ ਲਾਹੌਰ ਵਿਖੇ ਇਸ ਲਹਿਰ ਦੀ ਸਥਾਪਨਾ ਕੀਤੀ। ਇਸ ਲਹਿਰ ਦਾ ਮਨੋਰਥ ਮੂਰਤੀ ਪੂਜਾ, ਬਾਲ ਵਿਆਹ, ਸਤੀ ਦੀ ਰਸਮ, ਜੰਮਦੀਆਂ ਲੜਕੀਆਂ ਨੂੰ ਮਾਰ ਦੇਣ ਆਦਿ ਕੁਰੀ-ਤੀਆਂ ਨੂੰ ਰੋਕਣਾ ਸੀ। ਬੰਗਾਲ ਵਿਚ ਪੈਦਾ ਹੋਈ ਇਸ ਤਹਿਰੀਕ ਦਾ ਪੰਜਾਬ ਵਿਚ ਸਵਾਗਤ ਕਰਨ ਵਾਲੇ ਸਭ ਤੋਂ ਪਹਿਲੇ ਸਿੱਖ ਸਰਦਾਰ ਦਿਆਲ ਸਿੰਘ ਮਜੀਠੀਆ ਸਨ।

(2) ਆਰੀਆ ਸਮਾਜ : ਇਸ ਦੀ ਨੀਂਹ 1875 ਵਿਚ ਬੰਬਈ ਵਿਖੇ ਸਵਾਮੀ ਦਯਾ ਨੰਦ ਨੇ ਰੱਖੀ। 1877 ਈ. ਵਿਚ ਸਵਾਮੀ ਦਯਾ ਨੰਦ ਲਾਹੌਰ ਆਏ ਅਤੇ ਇਥੇ ਆਰੀਆ ਸਮਾਜ ਦੀ ਦਸ-ਨੁਕਾਤੀ ਧਾਰਮਿਕ ਨਿਯਮਾਵਲੀ ਬਣਾਈ ਗਈ। ਆਰੀਆ ਸਮਾਜ ਪੱਛਮੀ ਸਭਿਅਤਾ ਦਾ ਵਿਰੋਧੀ ਤੇ ਪੁਰਾਣੀ ਭਾਰਤੀ ਸਭਿਅਤਾ ਦਾ ਅਨੁਯਾਈ ਸੀ। ਦੂਜੇ ਧਰਮਾਂ ਦੇ ਲੋਕਾਂ ਨੂੰ ਹਿੰਦੂ ਬਣਾਉਣ ਦੇ ਯਤਨ ਕੀਤੇ ਜਾਂਦੇ ਸਨ। ਹਿੰਦੂ ਸੰਸਕ੍ਰਿਤੀ ਤੇ ਹਿੰਦੀ, ਸੰਸਕ੍ਰਿਤ ਭਾਸ਼ਾਵਾਂ ਦਾ ਪ੍ਰਚਾਰ ਕੀਤਾ ਜਾਂਦਾ। ਇਸ ਮਨੋਰਥ ਅਧੀਨ ਥਾਂ ਥਾਂ ਡੀ. ਏ. ਵੀ. ਕਾਲਜ ਖੋਲ੍ਹੇ ਗਏ। ਸਵਾਮੀ ਦਯਾਨੰਦ ਦੇ ਉਪਦੇਸ਼ਾਂ ਦਾ ਭਾਰਤ ਦੇ ਵਸਨੀਕਾਂ ਉਤੇ ਉੱਤਰ ਪ੍ਰਦੇਸ਼ ਨੂੰ ਛੱਡ ਕੇ ਕੋਈ ਖਾਸ ਪ੍ਰਭਾਵ ਨਹੀਂ ਪਿਆ।

(3) ਸਨਾਤਨ ਧਰਮ ਸਭਾ : ਇਸ ਦੀ ਸਥਾਪਨਾ 1885 ਵਿਚ ਲਾਹੌਰ ਵਿਖੇ ਹੋਈ। ਇਸ ਦੇ ਅਨੁਯਾਈ ਪੁਰਾਣੇ ਹਿੰਦੂ ਮਤ ਨੂੰ ਮੂਰਤੀ ਪੂਜਾ ਸਮੇਤ ਰੱਖਣ ਦੇ ਹਾਮੀ ਸਨ। ਥਾਂ ਥਾਂ ਸਨਾਤਨ ਧਰਮ ਸਕੂਲ ਖੋਲ੍ਹੇ ਗਏ। ਇਹ ਸਭਾ ਧਰਮ ਪ੍ਰਚਾਰ ਦੇ ਨਾਲ ਨਾਲ ਸਮਾਜ ਸੁਧਾਰ ਵੀ ਕਰਦੀ ਸੀ।

(4) ਦੇਵ ਸਮਾਜ : ਇਸ ਦੀ ਨੀਂਹ 1887 ਵਿਚ ਲਾਹੌਰ ਵਿਖੇ ਰੱਖੀ ਗਈ। ਇਸ ਦੇ ਮੋਢੀ ਪੰਡਿਤ ਸਤਿਆ ਨੰਦ ਅਗਨੀਹੋਤ੍ਰੀ ਸਨ। ਇਸ ਦੇ ਆਗੂ ਆਰੀਆ ਸਮਾਜ ਦੇ ਕੱਟੜ ਵਿਰੋਧੀ ਸਨ। ਉਹ ਜ਼ਾਤ ਪਾਤ ਦਾ ਵਿਰੋਧ ਕਰਦੇ ਤੇ ਵਰਤ ਰੱਖਣ, ਤੀਰਥ ਯਾਤਰਾਵਾਂ ਆਦਿ ਧਾਰਮਿਕ ਕ੍ਰਿਆਵਾਂ ਨੂੰ ਨਹੀਂ ਮੰਨਦੇ ਸਨ। ਹਿੰਦੂ ਸੰਪ੍ਰਦਾਇਕ ਲਹਿਰਾਂ ਵਿਚੋਂ ਆਰੀਆ ਸਮਾਜ ਤੋਂ ਦੂਜੇ ਨੰਬਰ ਤੇ ਪੰਜਾਬ ਵਿਚ ਪ੍ਰਭਾਵ ਰੱਖਣ ਵਾਲੀ ਦੇਵ ਸਮਾਜ ਲਹਿਰ ਹੈ। ਇਹ ਲਹਿਰ ਪੰਜਾਬ ਦੇ ਸਿੱਖਾਂ ਦੇ ਸਹਿਯੋਗ ਨਾਲ ਵਧੇਰੇ ਵਧੀ ਫੁਲੀ।

(5) ਚੇਤਰਾਮੀ ਸੰਪ੍ਰਦਾਇ : ਇਸ ਦੀ ਨੀਂਹ ਲਾਹੌਰ ਜ਼ਿਲ੍ਹੇ ਦੇ ਵਸਨੀਕ ਚੇਤ ਰਾਮ ਨੇ ਰੱਖੀ। ਇਸ ਸੰਪ੍ਰਦਾਇ ਦੇ ਅਨੁਯਾਈ ਈਸਾਈ ਮਤ ਤੋਂ ਕਾਫ਼ੀ ਪ੍ਰਭਾਵਿਤ ਸਨ। ਇਨ੍ਹਾਂ ਵਿਚੋਂ ਬਹੁਤੇ ਨੀਵੀਆਂ ਸ਼ਰੇਣੀਆਂ ਨਾਲ ਸੰਬੰਧ ਰੱਖਦੇ ਸਨ।

(6) ਰਾਮਾ ਕ੍ਰਿਸ਼ਨਾ ਮਿਸ਼ਨ : ਇਸ ਮਿਸ਼ਨ ਦੀ ਸਥਾਪਨਾ ਬੰਗਾਲ ਵਿਚ ਹੋਈ ਤੇ ਇਸ ਦੇ ਪ੍ਰਚਾਰਕ ਸ੍ਰੀ ਵਿਵੇਕਾਨੰਦ ਜੀ ਸਨ ਤੇ ਉਹ ਕਈ ਵਾਰ ਪੰਜਾਬ ਵਿਚ ਆਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਮੁਸਲਿਮ ਸੰਪ੍ਰਦਾਇਕ ਲਹਿਰਾਂ

(1) ਅੰਜੁਮਨੇ-ਹਿਮਾਇਤੇ-ਇਸਲਾਮ : 1866 ਈ. ਵਿਚ ਇਸ ਅੰਜੁਮਨ ਨੂੰ ਲਾਹੌਰ ਵਿਖੇ ਕਾਇਮ ਕੀਤਾ ਗਿਆ। ਇਸ ਦਾ ਮਨੋਰਥ ਮੁਸਲਮਾਨਾਂ ਨੂੰ ਇਸਲਾਮੀ ਸਿੱਖਿਆ ਦੇ ਨਾਲ ਨਾਲ ਨਵੀਂ ਪੱਛਮੀ ਵਿਦਿਆ ਗ੍ਰਹਿਣ ਕਰਵਾਉਣਾ ਸੀ। ਇਸ ਨੇ ਕਈ ਇਸਲਾਮੀਆ ਸਕੂਲ ਤੇ ਕਾਲਜ ਖੋਲ੍ਹੇ। ਸਿੰਘ ਸਭਾ ਵਾਂਗ ਇਸ ਨੇ ਪੰਜਾਬੀ ਤੇ ਉਰਦੂ ਸਾਹਿੱਤ ਵਿਚ ਇਸਲਾਮੀ ਸਾਹਿੱਤ ਧਾਰਾ ਨੂੰ ਪ੍ਰਚਲਿਤ ਕੀਤਾ। ਬੇਸਹਾਰਾ ਤੇ ਯਤੀਮ ਬੱਚਿਆਂ ਦੀ ਸਹਾਇਤਾ ਕਰਨ ਦਾ ਕਾਰਜ ਵੀ ਇਨ੍ਹਾਂ ਨੇ ਆਪਣੇ ਜ਼ਿੰਮੇ ਲਿਆ।

(2) ਅੰਜੁਮਨੇ-ਇਸਲਾਮੀਆ : 1869 ਈ. ਨੂੰ ਇਹ ਅੰਜੁਮਨ ਅੰਮ੍ਰਿਤਸਰ ਵਿਚ ਕਾਇਮ ਕੀਤੀ ਗਈ। ਇਸ ਦੇ ਮਨੋਰਥ ਅਰਬੀ ਭਾਸ਼ਾ ਤੇ ਸਾਹਿੱਤ ਦਾ ਪ੍ਰਚਾਰ ਕਰਨਾ ਸੀ। ਮੁਸਲਮਾਨਾਂ ਵਿਚ ਸਮਾਜਿਕ ਚੇਤੰਨਤਾ ਪੈਦਾ ਕਰਨ ਵਿਚ ਇਸ ਨੇ ਕਾਫ਼ੀ ਕੰਮ ਕੀਤਾ।

(3) ਦਿੱਤੇ ਸ਼ਾਹੀ ਸੰਪ੍ਰਦਾਇ : ਇਸ ਲਹਿਰ ਦਾ ਸੰਚਾਲਕ ਦਿੱਤੇ ਸ਼ਾਹ ਅਰਾਈਂ ਪਿੰਡ ਸ਼ੱਕ ਕਲਾਂ, ਜ਼ਿਲਾ ਗੁਜਰਾਤ (ਪਾਕਿਸਤਾਨ) ਦਾ ਸੀ। ਮੁਸਲਮਾਨਾਂ ਵਿਚ ਨੇਕ ਚੱਲਣੀ ਤੇ ਬਾਹਰੀ ਵਿਖਾਵੇ ਤਿਆਗਣ ਦੀ ਪ੍ਰੇਰਣਾ ਦਿਤੀ। ਦਿਤੇ ਸ਼ਾਹ ਲਾਲ ਕੱਪੜੇ ਪਹਿਨਦਾ ਸੀ ਤੇ ਸਾਰੇ ਇਸਲਾਮੀ ਕਰਮ-ਕਾਂਡਾਂ ਦਾ ਵਿਰੋਧੀ ਸੀ।

(4) ਅਹਿਮਦੀਆ ਜਾਂ ਕਾਦੀਆਨੀ ਸੰਪ੍ਰਦਾਇ : 1839 ਈ. ਵਿਚ ਕਾਦੀਆਂ ਜ਼ਿਲਾ ਗੁਰਦਾਸਪੁਰ ਵਿਖੇ ਮਿਰਜ਼ਾ ਗੁਲਾਮ ਅਹਿਮਦ ਨੇ ਇਸ ਦੀ ਨੀਂਹ ਰੱਖੀ। ਇਨ੍ਹਾਂ ਦਾ ਮਨੋਰਥ ਮੁਸਲਮਾਨਾਂ ਵਿਚ ਇਸਲਾਮੀ ਸਿਖਿਆ ਦੇ ਪ੍ਰਸਾਰ ਦੇ ਨਾਲ ਨਾਲ ਆਧੁਨਿਕ ਪੱਛਮੀ ਵਿਦਿਆ ਦੇਣਾ ਵੀ ਸੀ। ਅਹਿਮਦੀ ਲੋਕ ਹਜ਼ਰਤ ਮੁਹੰਮਦ ਨੂੰ ਆਖਰੀ ਰਸੂਲ ਨਹੀਂ ਮੰਨਦੇ। ਇਸ ਕਰਕੇ ਮਿਰਜ਼ਾ ਗੁਲਾਮ ਅਹਿਮਦ ਨੇ ਆਪਣੇ ਆਪ ਨੂੰ ਮਹਿਦੀ ਘੋਸ਼ਿਤ ਕੀਤਾ। ਇਸ ਸੰਪ੍ਰਦਾਇ ਨੇ ਇਸਲਾਮੀ ਸਿਖਿਆਵਾਂ ਨੂੰ ਦੂਰ ਦੂਰ ਤਕ ਪ੍ਰਚਾਰਿਆ ਅਤੇ ਆਰੀਆ ਸਮਾਜ ਦੇ ਇਸਲਾਮ ਵਿਰੋਧੀ ਪ੍ਰਚਾਰ ਦਾ ਡਟ ਕੇ ਖੰਡਨ-ਮੰਡਨ ਕੀਤਾ। ਅੱਜ ਕੱਲ ਇਸ ਸੰਪ੍ਰਦਾਇ ਨੂੰ ਪਾਕਿਸਤਾਨ ਵਿਚ ਗੈਰ-ਮੁਸਲਿਮ ਕਰਾਰ ਦਿਤਾ ਹੋਇਆ ਹੈ।

(ੲ) ਸਿੱਖ ਸੰਪ੍ਰਦਾਇਕ ਲਹਿਰਾਂ

(1) ਨਿਰੰਕਾਰੀ ਸੰਪ੍ਰਦਾਇ : ਇਹ ਲਹਿਰ ਸਿੱਖਾਂ ਵਿਚ ਸਭ ਤੋਂ ਪਹਿਲੀ ਧਾਰਮਿਕ ਸੁਧਾਰ ਦੀ ਇਨਕਲਾਬੀ ਲਹਿਰ ਸੀ ਜੋ 1850 ਈ. ਤੋਂ 1870 ਈ. ਤਕ ਪੂਰੇ ਜੋਬਨ ਉਤੇ ਰਹੀ। ਇਹ ਲਹਿਰ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਨਾਮ ਉਤੇ ਚਲਾਈ ਗਈ ਸੀ। ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਖ਼ਾਨਦਾਨ ਨੇ 1799 ਤੋਂ 1849 ਈ. ਤਕ ਰਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ। ਇਸ ਸਮੇਂ ਵਿਚ ਸਿੱਖ ਰਾਜ ਦੀ ਸਥਾਪਤੀ ਤੇ ਸਮਾਪਤੀ ਦੋਵੇਂ ਗੱਲਾਂ ਹੋਈਆਂ, ਪਰ ਸਿੱਖ ਧਾਰਮਿਕ ਲਿਹਾਜ਼ ਨਾਲ ਉੱਪਰ ਨਾ ਉਠ ਸਕੇ। ਇਸ ਸਮੇਂ ਗਿਣਤੀ ਵਿਚ ਸਿੱਖ ਪੰਥ ਵਧਿਆ, ਪਰ ਧਰਮ ਘਟਿਆ। ਇਸ ਘਾਟੇ ਨੂੰ ਪੂਰਾ ਕਰਨ ਲਈ ਬਾਬਾ ਦਿਆਲ (1773-1855) ਦੇ ਉੱਦਮ ਨਾਲ ਰਾਵਲਪਿੰਡੀ ਵਿਚ ਸੁਧਾਰਵਾਦੀ ਨਿਰੰਕਾਰੀ ਲਹਿਰ ਨੂੰ ਆਰੰਭ ਕੀਤਾ ਗਿਆ। ਇਨ੍ਹਾਂ ਦਾ ਮੰਤਵ ਨਿਰੰਕਾਰ ਦੀ ਉਪਾਸਨਾ ਦੇ ਨਾਲ ਨਾਲ ਈਸਾਈ ਧਰਮ ਦਾ ਖੰਡਨ ਕਰਨਾ ਤੇ ਸਿੱਖ ਧਰਮ ਵਿਚ ਸੁਧਾਰ ਲਿਆਉਣਾ ਸੀ। ਬੁਤ-ਪੂਜਾ ਤੋਂ ਮਨਾਹੀ, ਸੂਤਕ-ਪਾਤਕ ਦਾ ਖੰਡਨ, ਇਕਾਦਸੀ ਆਦਿ ਦੇ ਬ੍ਰਤ, ਵਿਆਹ-ਸ਼ਾਦੀਆਂ ਦੇ ਫ਼ਜ਼ੂਲ ਖਰਚ ਤੇ ਨਾਚ-ਮੁਜਰਿਆਂ ਤੇ ਰੋਕ ਅਤੇ ਕਈ ਹੋਰ ਭੈੜੀਆਂ ਰਸਮਾਂ ਦੇ ਸੁਧਾਰ ਵੀ ਇਸ ਲਹਿਰ ਦੇ ਨਿਸ਼ਾਨੇ ਸਨ।

(2) ਨਾਮਧਾਰੀ ਸੰਪ੍ਰਦਾਇ : ਇਹ ਲਹਿਰ 'ਕੂਕਾ ਲਹਿਰ' ਕਰਕੇ ਪ੍ਰਸਿਧ ਹੋਈ। ਇਸ ਦੀ ਬੁਨਿਆਦ ਬਾਬਾ ਬਾਲਕ ਸਿੰਘ ਨੇ 1847 ਈ. ਵਿਚ ਰਾਵਲਪਿੰਡੀ ਵਿਖੇ ਰੱਖੀ। ਉਨ੍ਹਾਂ ਦੇ ਅਕਾਲ ਚਲਾਣੇ ਪਿਛੋਂ ਬਾਬਾ ਰਾਮ ਸਿੰਘ ਇਸ ਗੱਦੀ ਦੇ ਵਾਰਿਸ ਬਣੇ। ਇਸ ਮਤ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਸੁਧਾਰ ਲਈ ਕਾਫ਼ੀ ਕੰਮ ਕੀਤਾ। ਬਾਬਾ ਰਾਮ ਸਿੰਘ ਅੰਗਰੇਜ਼ਾਂ ਦੇ ਕੱਟੜ ਵਿਰੋਧੀ ਸਨ। ਇਸ ਲਈ ਅੰਗਰੇਜ਼ਾਂ ਦੇ ਰਾਜ ਨੂੰ ਖ਼ਤਮ ਕਰਨ ਲਈ ਤਤਪਰ ਰਹੇ। ਇਸ ਲਹਿਰ ਦੇ ਪੈਰੋਕਾਰਾਂ ਦੇ ਪ੍ਰਮੁਖ ਰੂਪ ਵਿਚ ਤਿੰਨ ਪ੍ਰਕਾਰ ਦੇ ਸਿੱਧਾਂਤ ਸਨ :

(1) ਧਾਰਮਿਕ ਸਿੱਧਾਂਤ : ਆਪਣੇ ਮੰਨਣ ਵਾਲਿਆਂ ਨੂੰ ਨਾਮ ਬਾਣੀ, ਕੀਰਤਨ ਵਲ ਪ੍ਰੇਰਤ ਕਰਨਾ, ਪੰਜ ਕਕਾਰਾਂ ਦੀ ਰਹਿਤ ਮਰਯਾਦਾ ਰੱਖਣੀ, ਖੰਡੇ ਦਾ ਅੰਮ੍ਰਿਤ ਛਕਣਾ ਆਦਿ।

(2) ਸਮਾਜਿਕ ਸਿੱਧਾਂਤ : ਅਨੰਦ ਮਰਿਆਦਾ ਅਨੁਸਾਰ ਵਿਆਹ ਕਰਨੇ, ਲੜਕੀਆਂ ਨੂੰ ਨਾ ਵੇਚਣਾ, ਮਾਸ ਸ਼ਰਾਬ, ਤਮਾਕੂ ਤੇ ਵਿਭਚਾਰ ਤੋਂ ਬਚਣਾ, ਬਾਲ-ਵਿਆਹ ਤੋਂ ਪ੍ਰਹੇਜ਼ ਕਰਨਾ, ਦਾਜ ਦਹੇਜ ਦੇਣਾ ਲੈਣਾ ਨਹੀਂ।

(3) ਰਾਜ਼ਸੀ ਸਿੱਧਾਂਤ : ਰਾਜਸੀ ਨਾ-ਮਿਲਵਰਤਣ ਜਿਵੇਂ ਗੱਡੀਆਂ ਉਤੇ ਨਾ ਚੜ੍ਹਨਾ, ਡਾਕ ਵਿਚ ਚਿੱਠੀ ਨਾ ਪਾਉਣੀ, ਅਦਾਲਤ ਵਿਚ ਨਾ ਜਾਣਾ, ਬਦੇਸ਼ੀ ਕੱਪੜਾ ਜਾਂ ਮਿਲਾਂ ਦਾ ਬਣਿਆਂ ਹੋਇਆ ਕਪੜਾ ਨਾ ਪਹਿਨਣਾ, ਨਲਕਿਆਂ ਦਾ ਪਾਣੀ ਨਾ ਪੀਣਾ ਆਦਿ।

ਅੰਗਰੇਜ਼ਾਂ ਨੇ ਇਸ ਲਹਿਰ ਵਿਰੁੱਧ ਬਹੁਤ ਹਿੰਸਾ ਕੀਤੀ ਪਰ ਇਹ ਲਹਿਰ ਦਿਨੋ ਦਿਨ ਲੋਕ-ਪ੍ਰਿਅ ਬਣਦੀ ਗਈ। ਆਮ ਸਿੱਖਾਂ ਵਿਚ 'ਗੁਰੂ' ਦੇ ਪ੍ਰਸ਼ਨ ਉਤੇ ਇਸ ਲਹਿਰ ਨਾਲ ਮਤਭੇਦ ਹੋਣ ਕਰਕੇ ਸਮੁਚੇ ਸਿੱਖ ਸੰਸਾਰ ਵਿਚ ਇਹ ਮਕਬੂਲ ਨਾ ਹੋ ਸਕੀ। ਇਸ ਮਤ-ਭੇਦ ਵਜੋਂ ਬਹੁਤ ਸਾਰਾ ਪੰਜਾਬੀ ਸਾਹਿਤ ਰਚਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(3) ਨਿਰਮਲ ਪੰਥੀ ਸੰਪ੍ਰਦਾਇ : ਇਸ ਸੰਪ੍ਰਦਾਇ ਦੇ ਆਗੂ ਸਿੱਖ ਮਤ ਦੇ ਬੁਧੀ-ਜੀਵੀ ਸਨ ਜਿਨ੍ਹਾਂ ਨੇ ਪੰਜਾਬ ਤੇ ਪੰਜਾਬ ਤੋਂ ਬਾਹਰ ਗੁਰਮਤਿ ਦੇ ਪ੍ਰਚਾਰ ਲਈ ਬਹੁਤ ਕੰਮ ਕੀਤਾ ।

(4) ਸੇਵਾ ਪੰਥੀ ਸੰਪ੍ਰਦਾਇ : ਇਸ ਦੀ ਨੀਂਹ ਭਾਈ ਘਨ੍ਹਈਆ ਨਾਲ ਬੱਝਦੀ ਹੈ । ਇਸ ਦੇ ਅਨੁਯਾਈ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਦੂਜੇ ਧਰਮਾਂ ਦੇ ਗ੍ਰੰਥਾਂ ਦਾ ਵੀ ਬੜਾ ਸਨਮਾਨ ਕਰਦੇ ਹਨ । ਉਹ ਸਮੁੱਚੀ ਮਾਨਵ-ਜਾਤੀ ਦੀ ਸੇਵਾ ਵਿਚ ਯਕੀਨ ਰੱਖਦੇ ਸਨ ।

(5) ਗੁਲਾਬਦਾਸੀ ਸੰਪ੍ਰਦਾਇ : ਇਸ ਸੰਪ੍ਰਦਾਇ ਦਾ ਮੋਢੀ ਗੁਰੂ ਗੁਲਾਬ ਦਾਸ (1809-1873 ਈ.) ਸੀ । ਉਸ ਦਾ ਜਨਮ ਤਰਨ ਤਾਰਨ ਦੇ ਨੇੜੇ ਪਿੰਡ ਰਟੌਲਾਂ ਵਿਖੇ ਹਮੀਰੇ ਜੱਟ ਦੇ ਘਰ ਮਾਤਾ ਦੇਸੋ ਦੇ ਉਦਰ ਤੋਂ ਹੋਇਆ । ਜਵਾਨੀ ਵਿਚ ਮਹਾਰਾਜਾ ਸ਼ੇਰ ਸਿੰਘ ਦੀ ਫੌਜ ਵਿਚ ਘੋੜ ਸਵਾਰ ਵਜੋਂ ਨੌਕਰੀ ਕੀਤੀ । ਸਿੱਖ ਰਾਜ ਦੀ ਸਮਾਪਤੀ ਤੇ ਇਹ ਨੌਕਰੀ ਛੁੱਟ ਗਈ । ਆਲੇ-ਦੁਆਲੇ ਪਸਰੀ ਲੁੱਟ-ਖੋਹ ਤੇ ਆਪਾ-ਧਾਪੀ ਤੋਂ ਨਿਰਾਸ਼ ਹੋ ਕੇ ਉਹ ਫ਼ਕੀਰੀ ਸੁਭਾਅ ਦਾ ਧਾਰਨੀ ਤੇ ਬ੍ਰਹਮਦਾਸ ਉਦਾਸੀ ਦਾ ਚੇਲਾ ਬਣ ਗਿਆ । ਗੁਲਾਬ ਦਾਸੀਏ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਿੰਦੇ ਹਨ ਤੇ ਜਾਤ ਪਾਤ ਵਿਚ ਯਕੀਨ ਨਹੀਂ ਰੱਖਦੇ । ਖੁਲ੍ਹੇ ਖੁਲਾਸੇ ਵਿਚਾਰਾਂ ਦੇ ਮਾਲਿਕ ਹਨ । ਖਾਓ, ਹੰਡਾਓ, ਮਜ਼ੇ ਉਡਾਓ, ਇਹੋ ਇਨ੍ਹਾਂ ਦੇ ਮਤ ਦੇ ਵੱਡੇ ਅਸੂਲ ਹਨ । ਇਨ੍ਹਾਂ ਦਾ ਮੂਲ ਮੰਤਰ 'ਓਅੰ' ਅਤੇ 'ਸੋਹੰ' (ਮੈਂ ਹੀ ਬ੍ਰਹਮ ਹਾਂ) ਹੈ । ਹੋਰ ਬ੍ਰਹਮ ਨੂੰ ਮੰਨਣ ਤੋਂ ਇਨਕਾਰੀ ਸਨ । ਧਾਰਮਿਕ ਖੁਲ੍ਹ ਵੀ ਬਹੁਤ ਹੈ । ਇਸ ਮਤ ਦੇ ਅਨੁਯਾਈ ਆਪਣੇ ਆਪ ਨੂੰ ਹਰ ਪ੍ਰਕਾਰ ਦੇ ਧਾਰਮਿਕ ਕਰਮ-ਕਾਂਡਾਂ ਤੋਂ ਮੁਕਤ ਸਮਝਦੇ ਹਨ । ਗੁਰੂ ਗੁਲਾਬ ਦਾਸ ਤੇ ਹੋਰ ਗੁਲਾਬਦਾਸੀਆਂ ਦੀਆਂ ਕਿਰਤਾਂ ਵਿਚ ਸਰੀਰ ਦੀ ਤੁੱਛਤਾ, ਕੁਨਬਾ-ਪਰਵਰੀ ਦਾ ਵਿਰੋਧ, ਮੌਤ ਦੀ ਅਟੱਲਤਾ, ਸੰਸਾਰਿਕ ਪਦਾਰਥਾਂ ਦਾ ਨਿਰਮੋਹ, ਪਾਖੰਡਾਂ ਦਾ ਵਿਰੋਧ, ਸੰਸਾਰ ਦੀ ਨਾਸ਼ਮਾਨਤਾ, ਨਾਮ ਦੀ ਸਥਿਰਤਾ, ਨਿੰਦਕ ਦਾ ਵਿਰੋਧ, ਊਚ-ਨੀਚ ਦਾ ਖੰਡਨ ਫ਼ਕੀਰੀ ਪ੍ਰਾਪਤੀ ਦੀਆਂ ਮੁਸ਼ਕਿਲਾਂ, ਗੁਰੂ ਦੀ ਸ਼ਰਨ, ਭੇਖਧਾਰੀਆਂ ਦਾ ਵਿਰੋਧ, ਗਿਆਨਵਾਨ ਦੀ ਮਹਾਨਤਾ, ਸੰਸਾਰ ਤੋਂ ਨਿਰਲੇਪਤਾ, ਪ੍ਰਭੂ ਤੇ ਸ੍ਰਿਸ਼ਟੀ ਦੀ ਏਕਤਾ, ਸਤਸੰਗ ਦਾ ਜਸ, ਸੰਤ ਲੀਲਾ ਤੇ ਸਤਸੰਗ ਦਾ ਸੁਖ ਆਦਿ ਵਿਸ਼ਿਆਂ ਉਤੇ ਵਿਚਾਰ ਪ੍ਰਗਟ ਕੀਤੇ ਗਏ ਹਨ ।

(6) ਸਿੰਘ ਸਭਾ ਲਹਿਰ : 1873 ਈ. ਵਿਚ ਸਿੱਖੀ ਦੇ ਪ੍ਰਚਾਰ ਤੇ ਈਸਾਈ ਮਤ ਦੇ ਪ੍ਰਭਾਵ ਤੋਂ ਬਚਣ ਲਈ ਸਿੰਘ ਸਭਾ ਦੀ ਸਥਾਪਨਾ ਅੰਮ੍ਰਿਤਸਰ ਵਿਖੇ ਕੀਤੀ ਗਈ, ਜਿਸ ਦੇ ਪ੍ਰਧਾਨ ਸ. ਠਾਕੁਰ ਸਿੰਘ ਸੰਧਾਵਾਲੀਏ ਸਨ । 1879 ਈ. ਵਿਚ ਸਿੰਘ ਸਭਾ ਲਹਿਰ, ਲਾਹੌਰ ਕਾਇਮ ਹੋਈ । ਦੋਹਾਂ ਵਿਚ ਵਿਰੋਧ ਪੈਦਾ ਹੋਣ ਉਤੇ 1888 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਲਾਹੌਰ ਕਾਇਮ ਕੀਤਾ ਗਿਆ । ਹੌਲੀ ਹੌਲੀ ਸਾਰੇ ਪੰਜਾਬ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ। ਇਸ ਲਹਿਰ ਨੇ ਸਿੱਖ ਧਰਮ ਦੇ ਸੁਧਾਰ ਤੇ ਸਿੱਖਾਂ ਨੂੰ ਸਿੱਖੀ ਤੋਂ ਦੂਰ ਲੈ ਜਾਣ ਵਾਲੇ ਪ੍ਰਭਾਵਾਂ ਤੋਂ ਬਚਾਉਣ ਲਈ ਸਫਲ ਯਤਨ ਕੀਤੇ। ਇਸ ਦੇ ਆਗੂਆਂ ਰਾਹੀਂ ਕਈ ਸਕੂਲ ਖੋਲ੍ਹੇ ਗਏ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦਾ ਪ੍ਰਚਾਰ ਕੀਤਾ ਗਿਆ। ਇਸ ਲਹਿਰ ਦੇ ਅਸਰ ਹੇਠ ਬਹੁਤ ਸਾਰਾ ਪੰਜਾਬੀ ਸਾਹਿੱਤ ਪੈਦਾ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਸਾਹਿਤ : ਸਿੰਘ ਸਭਾ ਲਹਿਰ ਦੀ ਦੇਣ

ਆਧੁਨਿਕ ਪੰਜਾਬੀ ਸਾਹਿਤ ਨੂੰ ਜਨਮ ਦੇਣ ਵਾਲੀਆਂ ਅਸਲ ਵਿਚ ਦੋ ਹੀ ਲਹਿਰਾਂ ਹਨ—ਇਕ ਇਸਾਈ ਮਿਸ਼ਨਰੀ ਲਹਿਰ ਅਤੇ ਦੂਸਰੀ ਸਿੰਘ ਸਭਾ ਲਹਿਰ। ਅੰਗਰੇਜ਼ਾਂ ਨੇ ਭਾਰਤ ਵਿਚ ਆਪਣੇ ਧਰਮ ਦੇ ਪ੍ਰਚਾਰ ਲਈ ਕਈ ਪ੍ਰਚਾਰ ਕੇਂਦਰ ਖੋਲ੍ਹੇ। ਉਨ੍ਹਾਂ ਨੇ ਭਾਰਤ ਦੀਆਂ ਵੱਖ ਵੱਖ ਬੋਲੀਆਂ ਵਿਚ ਬਾਈਬਲ ਦਾ ਉਲੱਥਾ ਕਰਵਾਇਆ। ਈਸਾਈ ਮੱਤ ਦੇ ਪੰਜਾਬੀ ਵਿਚ ਪ੍ਰਚਾਰ ਲਈ ਉਨ੍ਹਾਂ ਨੇ ਲੁਧਿਆਣੇ ਨੂੰ ਕੇਂਦਰ ਬਣਾਇਆ। ਇਥੇ 1846 ਈ. ਵਿਚ ਪੰਜਾਬੀ ਟਾਈਪ ਤਿਆਰ ਕਰਵਾ ਕੇ ਬਾਈਬਲ ਦਾ ਖੁਲ੍ਹਾ ਅਨੁਵਾਦ ਕਰਵਾਇਆ ਅਤੇ ਇਹ ਧਾਰਮਿਕ ਗ੍ਰੰਥ ਲੋਕਾਂ ਵਿਚ ਵੱਡੀ ਪੱਧਰ ਤੇ ਵੰਡਿਆ। 1858 ਵਿਚ ਸਮੁੱਚਾ ਭਾਰਤ ਸਿੱਧਾ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ। 1857 ਦੇ ਗ਼ਦਰ ਨੇ ਅੰਗਰੇਜ਼ਾਂ ਨੂੰ ਇਸ ਗੱਲੋਂ ਸਾਵਧਾਨ ਕਰ ਦਿੱਤਾ ਕਿ ਲੋਕਾਂ ਦੀ ਮੱਦਦ ਬਗੈਰ ਵਧੇਰੇ ਚਿਰ ਰਾਜ ਕਾਇਮ ਰੱਖ ਸਕਣਾ ਮੁਸ਼ਕਿਲ ਹੈ। ਇਸ ਲਈ ਉਨ੍ਹਾਂ ਨੇ ਭਾਰਤੀ ਲੋਕਾਂ ਦੇ ਦਿਲਾਂ ਨੂੰ ਜਿੱਤਣ ਲਈ ਵੱਡੀ ਪੱਧਰ ਉੱਤੇ ਆਪਣੇ ਜਾਲ ਵਿਛਾਉਣੇ ਸ਼ੁਰੂ ਕਰ ਦਿੱਤੇ। ਭਾਰਤ ਵਿਚ ਆਵਾਜਾਈ ਦੀਆਂ ਸਹੂਲਤਾਂ ਵਧਾ ਦਿੱਤੀਆਂ ਗਈਆਂ। ਪੱਛਮੀ ਵਿਦਿਆ ਦੇ ਕੇ ਲੋਕਾਂ ਵਿਚ ਪੱਛਮੀ ਸਭਿਅਤਾ ਪ੍ਰਤੀ ਪਿਆਰ ਪਾਉਣ ਅਤੇ ਉਸ ਦਾ ਆਮ ਜਨਤਾ ਵਿਚ ਵੱਡੀ ਪੱਧਰ ਉੱਤੇ ਪ੍ਰਸਾਰ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਅੰਗਰੇਜ਼ਾਂ ਨੇ ਮੁੱਢਲੇ ਰੂਪ ਵਿਚ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਈਸਾਈ ਧਰਮ ਦੇ ਪ੍ਰਚਾਰ ਦਾ ਸਾਧਨ ਬਣਾਇਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸਿੱਖ ਜਨਤਾ ਵਿਚ ਆਪਸੀ ਫੁੱਟ ਵੈਰ-ਵਿਰੋਧ ਤੇ ਖ਼ੁਦਗਰਜ਼ੀ ਵਰਗੀਆਂ ਕਈ ਬੀਮਾਰੀਆਂ ਪੈਦਾ ਹੋ ਗਈਆਂ ਸਨ। ਇਹੋ ਹੀ ਕੁਝ ਕਾਰਨ ਸਨ ਜਿਨ੍ਹਾਂ ਸਦਕਾ ਛੇਤੀ ਹੀ ਪੰਜਾਬ ਦਾ ਰਾਜ ਅੰਗਰੇਜ਼ਾਂ ਦੇ ਅਧੀਨ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ। ਰਾਜ ਦੇ ਖੁਸ ਜਾਣ ਪਿੱਛੋਂ ਸਿਖ ਵਰਗ ਵਿਚ ਅਸਤੁਸ਼ਟਤਾ ਵਧਣ ਲਗ ਪਈ। ਆਜ਼ਾਦੀ ਦੀ ਪਹਿਲੀ ਲੜਾਈ ਸਮੇਂ ਉਨ੍ਹਾਂ ਦੇ ਦਿਲਾਂ ਵਿਚ ਆਸ ਦੀ ਕਿਰਣ ਚਮਕਣ ਲੱਗੀ ਸੀ। ਪਰ ਇਸ ਕਰਾਂਤੀ ਦੇ ਦਬਾਏ ਜਾਣ ਉੱਤੇ ਫੇਰ ਉਹੋ ਪਹਿਲਾਂ ਵਰਗੀ ਉਦਾਸੀਨਤਾ ਵਰਤ ਗਈ। ਸਿੱਖ ਵਰਗ ਨੂੰ ਆਪਣੇ ਸਿਧਾਂਤਾਂ, ਆਸ਼ਿਆਂ, ਨਿਸ਼ਾਨਿਆਂ, ਤੇ ਆਦਰਸ਼ਾਂ ਤੋਂ ਡਿੱਗਦਿਆਂ ਵੇਖ ਕੇ ਈਸਾਈਆਂ, ਦੇਵ ਸਮਾਜੀਆਂ ਆਰੀਆ ਸਮਾਜੀਆਂ ਤੇ ਮੁਸਲਮਾਨਾਂ ਨੇ ਸਿੱਖ ਧਰਮ ਨੂੰ ਖਤਮ ਕਰਨ ਲਈ ਅਤੇ ਆਪੋ ਆਪਣੇ ਧਰਮਾਂ ਦੇ ਪ੍ਰਚਾਰ ਲਈ ਯਤਨ ਸ਼ੁਰੂ ਕਰ ਦਿੱਤੇ। ਉਸ ਵੇਲੇ ਸਿੱਖ ਧਰਮ ਦਾ ਪ੍ਰਚਾਰ ਲਗਭਗ ਨਾ ਮਾਤਰ ਸੀ। ਇਸ ਕਾਰਨ ਸਿੱਖ ਕੌਮ ਦਿਨੋਂ ਦਿਨ ਢਹਿੰਦੀਆਂ ਕਲਾਂ ਵਲ ਜਾਣ ਲੱਗ ਪਈ ਸੀ। ਸਿੱਖਾਂ ਵਿਚ ਰਾਜਸੀ ਗਿਰਾਵਟ ਦੇ ਨਾਲ ਨਾਲ ਧਾਰਮਿਕ ਗਿਰਾਵਟ ਵੀ ਜ਼ੋਰ ਪਕੜ ਰਹੀ ਸੀ। ਇਸ ਤੋਂ ਪਹਿਲਾਂ ਸਿੱਖ ਮਿਸਲਾਂ ਦੇ ਰਾਜ ਸਮੇਂ ਕੇਵਲ ਯੋਧੇ, ਸੂਰਬੀਰਾਂ ਤੇ ਧਾਰਮਿਕ ਵਿਚਾਰਾਂ ਵਾਲੇ ਲੋਕਾਂ ਨੂੰ ਹੀ ਰਾਜ ਵਿਚ ਉੱਚੇ ਉੱਚੇ ਅਹੁਦੇ ਦਿੱਤੇ ਜਾਂਦੇ ਸਨ ਪਰੰਤੂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਰਕਾਰੀ ਨੌਕਰੀ ਦੇਣ ਸਮੇਂ ਇਹੋ ਜਿਹੀ ਕਿਸੇ ਸ਼ਰਤ ਦਾ ਖ਼ਿਆਲ ਨਹੀਂ ਸੀ ਰੱਖਿਆ ਜਾਂਦਾ। ਇਸ ਸਦਕਾ ਬਹੁਤ ਸਾਰੇ ਸਿੱਖ, ਆਪਣੇ ਧਰਮ ਦੇ ਸਿਧਾਂਤਾਂ ਦੀ ਪ੍ਰਵਾਹ ਕਰਨੋਂ ਹਟ ਗਏ। ਉਨ੍ਹਾਂ ਦੇ ਆਪਣੇ ਧਰਮ ਤੋਂ ਅਵੇਸਲੇ ਹੋਣ ਦੇ ਨਾਲ ਨਾਲ ਉਨ੍ਹਾਂ ਵਿਚ ਪੁਰਾਤਨ ਹਿੰਦੂ ਸਮਾਜ ਵਾਲੇ ਵਹਿਮ, ਭਰਮ, ਪੂਜਾ ਪਾਠ ਤੇ ਰਸਮੋ ਰਿਵਾਜ਼ ਪ੍ਰਚਲਤ ਹੋ ਗਏ। ਉਨ੍ਹਾਂ ਲਈ ਹੁਣ ਨਾ ਤਾਂ ਕਿਸੇ ਉੱਚ ਨੌਕਰੀ ਦੀ ਪ੍ਰਾਪਤੀ ਲਈ ਸਿੱਖ ਧਰਮ ਦੇ ਸਿਧਾਂਤਾਂ ਦੀ ਪਾਲਣਾ ਕਰਨੀ ਜ਼ਰੂਰੀ ਸੀ ਅਤੇ ਨਾ ਹੀ ਕਿਸੇ ਅਜਿਹੇ ਵਿਅਕਤੀ ਨੂੰ ਜਿਹੜਾ ਧਾਰਮਿਕ ਅਸੂਲਾਂ ਜਾਂ ਸਿਧਾਂਤਾਂ ਤੋਂ ਗਿਰ ਕੇ ਕੋਈ ਧਰਮ ਵਿਰੋਧੀ ਕੰਮ ਕਰਦਾ ਹੋਵੇ, ਤਾੜਨਾ ਦੇਣ ਵਾਲੀ ਕਿਸੇ ਸੰਸਥਾ ਦਾ ਡਰ ਸੀ। ਇਸ ਤਰ੍ਹਾਂ ਸਿੱਖ ਕੌਮ ਵਿਚ ਵਧੇਰੇ ਗਿਰਾਵਟ ਆਉਣੀ ਸ਼ੁਰੂ ਹੋ ਗਈ ਤੇ ਸਮੁੱਚੇ ਸਿੱਖ ਸਮਾਜ ਵਿਚ ਇਕ ਤਰ੍ਹਾਂ ਮੁਰਦੇਹਾਣ ਜੇਹੀ ਵਰਤ ਗਈ ਸੀ।

ਉਸ ਵੇਲੇ ਸਿੱਖ ਧਰਮ ਦੇ ਬਚਾਉ ਅਤੇ ਉਸ ਨੂੰ ਫੇਰ ਪਹਿਲੀ ਹਾਲਤ ਵਿਚ ਲਿਆਉਣ ਲਈ "ਨਿਰੰਕਾਰੀ ਲਹਿਰ", "ਨਾਮਧਾਰੀ ਲਹਿਰ" ਤੇ "ਸਿੰਘ ਸਭਾ ਲਹਿਰ" ਤਿੰਨ ਪ੍ਰਸਿੱਧ ਸਿੱਖ ਸੁਧਾਰਕ ਲਹਿਰਾਂ ਹੋਂਦ ਵਿਚ ਆਈਆਂ। 'ਨਿਰੰਕਾਰੀ ਲਹਿਰ" ਦੇ ਮੋਢੀ ਬਾਬਾ ਦਿਆਲ ਜੀ ਸਨ ਪਰ ਇਸ ਦੇ ਪ੍ਰਚਾਰ ਦਾ ਕੰਮ ਵਿਸ਼ੇਸ਼ ਰੂਪ ਵਿਚ ਬਾਬਾ ਦਰਬਾਰਾ ਸਿੰਘ ਤੇ ਬਾਬਾ ਰੱਤਾ ਜੀ ਨੇ ਕੀਤਾ। ਬਾਬਾ ਦਰਬਾਰਾ ਸਿੰਘ ਨੇ 'ਨਿਰੰਕਾਰੀ ਚਲਣ' ਨਾਂ ਦੀ ਪੁਸਤਕ ਲਿਖ ਕੇ ਬਹੁਤ ਸੁਧਾਰ ਕੀਤਾ। ਇਸ ਲਹਿਰ ਦੇ ਪ੍ਰਚਾਰ ਦਾ ਕੇਂਦਰ ਪ੍ਰਮੁੱਖ ਰੂਪ ਵਿਚ ਪੋਠੋਹਾਰ ਤਕ ਹੀ ਸੀਮਿਤ ਰਿਹਾ। ਇਹ ਇਕ ਨਿਰੋਲ ਧਾਰਮਿਕ ਲਹਿਰ ਸੀ। "ਨਾਮਧਾਰੀ ਲਹਿਰ" ਦੇ ਮੋਢੀ ਬਾਬਾ ਬਾਲਕ ਸਿੰਘ ਸਨ ਤੇ ਪਿੱਛੋਂ ਵੱਡੇ ਪ੍ਰਚਾਰਕ ਬਾਬਾ ਰਾਮ ਸਿੰਘ ਜੀ ਹੋਏ ਹਨ। ਉਨ੍ਹਾਂ ਨੇ ਆਪਣੇ ਮਿਸ਼ਨ ਦੇ ਪ੍ਰਚਾਰ ਲਈ ਸਿਰ ਚੋਟੀ ਦਾ ਜ਼ੋਰ ਲਾਇਆ। ਬਾਬਾ ਰਾਮ ਸਿੰਘ ਜੀ ਧਾਰਮਿਕ ਪ੍ਰਚਾਰ ਕਰਦੇ ਕਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਨੀਤਕ ਵਧੇਰੇ ਹੋ ਗਏ ਸਨ। ਅੰਗਰੇਜ਼ੀ ਰਾਜ ਦੇ ਵਿਰੁੱਧ ਪ੍ਰਚਾਰ ਦੇ ਕਿਸੇ ਦੋਸ਼ ਵਿਚ ਉਨ੍ਹਾਂ ਨੂੰ ਅੰਗਰੇਜ਼ੀ ਸਰਕਾਰ ਵਲੋਂ 1872 ਈ. ਵਿਚ ਜਲਾਵਤਨ ਕੀਤਾ ਗਿਆ। ਉਨ੍ਹਾਂ ਤੋਂ ਪਿੱਛੋਂ ਇਸ ਲਹਿਰ ਦਾ ਪ੍ਰਭਾਵ ਘਟ ਗਿਆ। ਇਸ ਲਹਿਰ ਨੇ ਸਿੱਖ ਕੌਮ ਨੂੰ ਇਕ ਵਾਰ ਤਕੜਾ ਹਲੂਣਿਆ। "ਨਾਮਧਾਰੀ ਲਹਿਰ" ਨੇ ਪੱਛਮੀ ਸਭਿਅਤਾ, ਪੱਛਮੀ ਦੇਸ਼ਾਂ ਦੀਆਂ ਪੈਦਾ ਕੀਤੀਆਂ ਹੋਈਆਂ ਵਸਤਾਂ ਅਤੇ ਉਨ੍ਹਾਂ ਦੇਸ਼ਾਂ ਦੇ ਵਿਚਾਰਾਂ ਦਾ ਬਿਲਕੁਲ ਬਾਈਕਾਟ ਕਰ ਦਿੱਤਾ ਸੀ। ਨਾਮਧਾਰੀਏ ਪੱਛਮੀ ਵਿਦਿਆ ਤੇ ਉਨ੍ਹਾਂ ਵਲੋਂ ਪ੍ਰਚਲਤ ਕੀਤੀਆਂ ਗਈਆਂ ਆਧੁਨਿਕ ਸਹੂਲਤਾਂ ਦੇ ਵਿਰੋਧੀ ਸਨ।

ਉਸ ਸਮੇਂ ਅੰਗਰੇਜ਼ਾਂ ਨੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਪੱਛਮੀ ਵਿਦਿਆ ਦੇ ਪ੍ਰਚਾਰ ਦੇ ਨਾਲ ਨਾਲ ਈਸਾਈ ਮੱਤ ਦਾ ਪ੍ਰਚਾਰ ਵੀ ਜ਼ੋਰਾਂ ਉੱਤੇ ਆਰੰਭ ਕਰ ਦਿੱਤਾ ਸੀ। ਉਨ੍ਹਾਂ ਨੇ ਲੋਕਾਂ ਨੂੰ ਸਹੂਲਤਾਂ ਦੇ ਦੇ ਕੇ ਅਤੇ ਆਪਣੇ ਪ੍ਰਚਾਰ ਦੇ ਜ਼ੋਰ ਨਾਲ ਈਸਾਈ ਬਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸੇ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਥਾਂ ਥਾਂ ਸਕੂਲ ਤੇ ਕਾਲਜ ਖੋਲ੍ਹ ਦਿੱਤੇ। ਬਰਤਾਨਵੀ ਸਰਕਾਰ ਦੇ ਅਜੇਹੇ ਪ੍ਰਚਾਰ ਨੇ ਸਾਡੇ ਧਰਮ ਤੇ ਦੇਸ਼ ਨਾਲ ਪਿਆਰ ਰੱਖਣ ਵਾਲੇ ਬੌਧਿਕ ਵਰਗ ਵਿਚ, ਜਿਹੜਾ ਪੱਛਮੀ ਵਿਦਿਆ ਲੈ ਰਿਹਾ ਸੀ, ਇਕ ਤਰ੍ਹਾਂ ਦੀ ਹਲਚਲ ਮਚਾ ਦਿੱਤੀ। ਅੰਗਰੇਜ਼ਾਂ ਦੇ ਅਜਿਹੇ ਪ੍ਰਚਾਰ ਨੂੰ ਰੋਕਣ ਲਈ ਸਾਡੀਆਂ ਪਹਿਲੀਆਂ ਦੋਵੇਂ ਸਿੱਖ ਸੁਧਾਰਕ ਲਹਿਰਾਂ ਨੇ ਕੁਝ ਵੀ ਨਹੀਂ ਸੀ ਕੀਤਾ। ਈਸਾਈਆਂ ਦੇ ਇਸ ਪ੍ਰਚਾਰ ਨੂੰ ਰੋਕਣ ਅਤੇ ਸਿੱਖ ਧਰਮ ਨੂੰ ਮੁੜ ਪਹਿਲੀ ਹਾਲਤ ਵਿਚ ਸੁਰਜੀਤ ਕਰਨ ਲਈ 1873 ਈ. ਵਿਚ ਅੰਮ੍ਰਿਤਸਰ ਵਿਚ 'ਸਿੰਘ ਸਭਾ' ਦੀ ਸਥਾਪਨਾ ਹੋਈ। ਇਸ ਲਹਿਰ ਨੇ ਸਿੱਖਾਂ ਦੇ ਸੁਧਾਰ ਤੇ ਉਨ੍ਹਾਂ ਦੇ ਵਕਾਰ ਨੂੰ ਬੁਲੰਦ ਕਰਨ ਲਈ ਮਹੱਤਵਪੂਰਨ ਜਤਨ ਆਰੰਭ ਕਰ ਦਿੱਤੇ। ਲਗਪਗ ਇਸੇ ਸਮੇਂ 1878 ਈਸਵੀ ਵਿਚ ਈਸਾਈ ਪ੍ਰਚਾਰਕਾਂ ਦੇ ਪ੍ਰਤੀ-ਕਰਮ ਵਜੋਂ ਹੀ ਆਰੀਆ ਸਮਾਜ ਦੀ ਸਥਾਪਨਾ ਹੋਈ।

ਜਿਥੋਂ ਤਕ ਪੰਜਾਬੀ ਬੋਲੀ ਦਾ ਸੰਬੰਧ ਹੈ, 1860 ਈ. ਵਿਚ ਪੰਜਾਬ ਸਰਕਾਰ ਦਾ ਸਿਖਿਆ ਵਿਭਾਗ ਲਾਹੌਰ ਵਿਚ ਖੋਲ੍ਹਿਆ ਗਿਆ ਅਤੇ ਓਰੀਐਂਅਲ ਕਾਲਜ ਲਾਹੌਰ ਦੀ ਸਥਾਪਨਾ 1864-65 ਵਿਚ ਕੀਤੀ ਗਈ। 1877 ਈ. ਵਿਚ ਪਹਿਲੀ ਵਾਰ ਭਾਈ ਗੁਰਮੁਖ ਸਿੰਘ, (ਜੋ ਪ੍ਰੋਫੈਸਰ ਗੁਰਮੁਖ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ) ਤੇ ਸਿੱਖ ਸਭਾ ਦੇ ਬਾਕੀ ਮੋਢੀਆਂ ਦੇ ਜਤਨਾਂ ਨਾਲ ਪੰਜਾਬੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਭਾਈ ਗੁਰਮੁਖ ਸਿੰਘ ਜੀ ਪੰਜਾਬੀ ਦੇ ਪਹਿਲੇ ਲੈਕਚਰਾਰ ਨਿਯੁਕਤ ਕੀਤੇ ਗਏ। ਸਿੰਘ ਸਭਾਵਾਂ ਦੀ ਵਿਸ਼ੇਸ਼ ਮੰਗ ਤੇ 1882 ਈ. ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਕੀਤੀ ਗਈ ਸੀ ਤੇ ਪੰਜਾਬੀ ਇਮਤਿਹਾਨਾਂ ਦਾ ਯੋਗ ਪ੍ਰਬੰਧ ਕੀਤਾ ਗਿਆ ਸੀ। ਇਸ ਤੋਂ ਥੋੜ੍ਹਾ ਚਿਰ ਪਿੱਛੋਂ ਹੀ 1886 ਈ. ਵਿਚ ਆਰੀਆ ਸਮਾਜੀਆਂ ਦੇ ਯਤਨਾਂ ਨਾਲ ਡੀ. ਏ. ਵੀ ਕਾਲਜ, ਲਾਹੌਰ ਦੀ ਸਥਾਪਨਾ ਕੀਤੀ ਗਈ। 1888 ਈਸਵੀ ਵਿਚ 'ਖਾਲਸਾ ਦੀਵਾਨ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਹੌਰ ਕਾਇਮ ਹੋਇਆ। ਇਸ ਦੀਵਾਨ ਦਾ ਮਨੋਰਥ ਸਿੱਖਾਂ ਵਿਚੋਂ ਛੂਤ-ਛਾਤ ਤੇ ਜਾਤ-ਪਾਤ ਦੇ ਭਰਮ ਭੇਦ ਦੂਰ ਕਰਨਾ ਅਤੇ ਉਨ੍ਹਾਂ ਨੂੰ ਇਨ੍ਹਾਂ ਵਹਿਮਾਂ ਭਰਮਾਂ ਦੀ ਜਿੱਲ੍ਹਣ ਵਿਚੋਂ ਕੱਢ ਕੇ ਸ਼ੁਧ ਖਾਲਸਾ ਬਣਾਉਣਾ ਸੀ। 'ਖਾਲਸਾ ਦੀਵਾਨ' ਦੇ ਜਤਨਾਂ ਨਾਲ ਲਗ ਭਗ ਹਰ ਸ਼ਹਿਰ ਵਿਚ ਸਿੰਘ ਸਭਾਵਾਂ ਖੋਲ੍ਹੀਆਂ ਗਈਆਂ। ਸਿੱਖਾਂ ਨੇ ਅੰਗਰੇਜ਼ੀ ਤੇ ਪੰਜਾਬੀ ਦੇ ਆਪਣੇ ਅਖ਼ਬਾਰ ਜਾਰੀ ਕੀਤੇ। ਖਾਲਸਾ ਦੀਵਾਨ ਦੇ ਮੋਢੀਆਂ ਵਿਚੋਂ ਗਿਆਨੀ ਦਿੱਤ ਸਿੰਘ, ਜਵਾਹਰ ਸਿੰਘ, ਡਾ. ਚਰਨ ਸਿੰਘ ਤੇ ਗੁਰਮੁਖ ਸਿੰਘ ਆਦਿ ਪ੍ਰਸਿੱਧ ਹੋਏ ਵਿਅਕਤੀ ਹਨ ਅਤੇ ਇਹੋ ਹੀ ਸਿੰਘ ਸਭਾ ਲਹਿਰ ਦੇ ਮੁਖੀਏ ਸਨ। ਖਾਲਸਾ ਦੀਵਾਨ ਨੇ 1892 ਈ. ਵਿਚ ਖਾਲਸਾ ਕਾਲਜ ਅੰਮ੍ਰਿਤਸਰ ਜਾਰੀ ਕੀਤਾ ਤੇ ਜਵਾਹਰ ਸਿੰਘ ਇਸ ਦੇ ਸੈਕਟਰੀ ਬਣਾਏ ਗਏ।

ਉਪਰੰਤ ਸਿੰਘ ਸਭਾ ਲਹਿਰ ਦੇ ਜਤਨਾਂ ਨਾਲ ਹੀ ਖਾਲਸਾ ਸਕੂਲਾਂ ਤੇ ਕਾਲਜਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਕਰਕੇ ਇਸ ਉਤੇ ਜ਼ੋਰ ਦਿੱਤਾ ਜਾਣ ਲੱਗ ਪਿਆ। ਇਸ ਤੋਂ ਬਿਨਾਂ ਇਨ੍ਹਾਂ ਵਿਦਿਅਕ ਸੰਸਥਾਵਾਂ ਵਿਚ ਪੱਛਮੀ ਸਾਹਿਤ ਤੇ ਵਿਗਿਆਨ ਦੀ ਪੜ੍ਹਾਈ ਵੀ ਨਾਲ ਨਾਲ ਜਾਰੀ ਕੀਤੀ ਗਈ। ਇਸ ਤਰ੍ਹਾਂ ਪੱਛਮੀ ਸਾਹਿਤ ਦਾ ਅਧਿਐਨ ਕਰਦੇ ਸਮੇਂ ਸਾਡੇ ਵਿਦਿਆਰਥੀਆਂ ਨੂੰ ਆਪਣੇ ਸਾਹਿਤ ਦੀਆਂ ਘਾਟਾਂ ਤੇ ਥੋੜਾਂ ਦਾ ਵੀ ਪਤਾ ਲੱਗਣ ਲੱਗ ਪਿਆ। ਉਹ ਆਪਣੀ ਮਾਤ ਬੋਲੀ ਦੇ ਸਾਹਿਤ ਦੇ ਮਹੱਤਵ ਨੂੰ ਜਾਣਦੇ ਹੋਏ ਇਸ ਨਾਲ ਵਧੇਰੇ ਪਿਆਰ ਕਰਨ ਲੱਗ ਪਏ। ਇਸ ਤਰ੍ਹਾਂ ਸਾਡਾ ਨੌਜੁਆਨ ਵਰਗ ਪੰਜਾਬੀ ਬੋਲੀ ਦੇ ਸਾਹਿਤ ਪ੍ਰਤੀ ਚੇਤੰਨ ਹੋ ਗਿਆ। ਇਸ ਦੇ ਨਾਲ ਹੀ ਸਿੰਘ ਸਭਾ ਲਹਿਰ ਨੇ ਗੁਰਮਤਿ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ ਉਸ ਨੇ ਈਸਾਈ ਪ੍ਰਚਾਰਕਾਂ ਦੇ ਪ੍ਰਤਿ-ਕਰਮ ਵਜੋਂ ਆਪਣੇ ਧਰਮ ਦੀ ਉਚਤਮਤਾ ਪ੍ਰਗਟ ਕਰਨ ਦੇ ਹਿਤ ਕਈ ਤਰ੍ਹਾਂ ਦੇ ਟ੍ਰੈਕਟ ਤੇ ਪੈਂਫਲਟ ਪੰਜਾਬੀ ਵਿਚ ਛਪਵਾ ਕੇ ਜਾਰੀ ਕਰ ਦਿੱਤੇ। ਇਸ ਤਰ੍ਹਾਂ ਇਕ ਪਾਸੇ ਧਰਮ, ਬੋਲੀ ਅਤੇ ਦੇਸ਼ ਪਿਆਰ ਦੇ ਪ੍ਰਚਾਰ ਕਰਨ ਨਾਲ ਲੋਕਾਂ ਨੂੰ ਆਪਣੇ ਧਰਮ ਅਤੇ ਸਾਹਿਤ ਦੀ ਮਹਾਨਤਾ ਦਾ ਪਤਾ ਲੱਗਣ ਲੱਗਾ ਅਤੇ ਦੂਜੇ ਪਾਸੇ ਈਸਾਈ ਮੱਤ ਦੇ ਪ੍ਰਚਾਰ ਨੂੰ ਸਿੱਖ ਵਰਗ ਵਿਚ ਫੈਲਣੋਂ ਰੋਕਿਆ ਜਾਣ ਲੱਗ ਪਿਆ। ਇਹ ਉਹ ਸਮਾਂ ਸੀ, ਜਿਸ ਬਾਰੇ ਅਸੀਂ ਉਪਰ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਉਸ ਸਮੇਂ ਸਿੱਖ ਕੌਮ ਤੇ ਧਰਮ ਢਹਿੰਦੀਆਂ ਕਲਾਂ ਵਲ ਜਾ ਰਹੇ ਸਨ। ਸਿੱਖਾਂ ਦਾ ਹਰਮਨ ਪਿਆਰਾ ਸਿਧਾਂਤ 'ਰਾਜ ਕਰੇਗਾ ਖਾਲਸਾ' ਦਿਨੋਂ ਦਿਨ ਝੂਠਾ ਪੈ ਰਿਹਾ ਸੀ। ਉਸ ਵੇਲੇ ਹਰ ਪੰਜਾਬੀ, ਹਰ ਸਿੱਖ, ਹਰ ਬਹਾਦਰ ਤੇ ਮਨੁੱਖਤਾ ਦਾ ਪਿਆਰਾ ਸਿੱਖ ਕੌਮ ਦੀ ਅਧੋਗਤੀ ਸਦਕਾ ਪੀਸਿਆ ਜਾ ਰਿਹਾ ਸੀ। ਇਸ ਲਈ ਉਸ ਮੌਕੇ ਨੂੰ ਸੰਭਾਲਦਿਆਂ ਹੋਇਆਂ ਸਿੰਘ ਸਭਾਵਾਂ ਦੀ ਸਥਾਪਨਾ ਹੋਈ ਅਤੇ ਸਿੱਖੀ ਸ਼ਾਨ ਤੇ ਵਕਾਰ ਨੂੰ ਮੁੜ ਬਹਾਲ ਕਰਨ ਲਈ ਉਪਰਾਲੇ ਹੋਣੇ ਆਰੰਭ ਹੋਏ। ਸਿੰਘ ਸਭਾ ਲਹਿਰ ਨੇ ਸਿੱਖਾਂ ਵਿਚ ਇਕ ਤਕੜੀ ਤੇ ਅਸਰ ਭਰਪੂਰ ਵਿਦਿਅਕ, ਸਭਿਆਚਾਰਕ ਤੇ ਸਾਹਿਤਕ ਲਹਿਰ ਜਾਰੀ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਖਾਲਸਾ ਦੀਵਾਨ' ਲਾਹੌਰ ਦੇ ਪਹਿਲੇ ਸੇਵਕਾਂ ਦੇ ਚਲਾਣੇ ਉਪਰੰਤ ਉਹ ਖਤਮ ਹੋ ਗਿਆ ਅਤੇ ਫੇਰ ਉਸਦੀ ਥਾਂ ਵੀਹਵੀਂ ਸਦੀ ਦੇ ਆਰੰਭ ਵਿਚ 'ਚੀਫ ਖਾਲਸਾ ਦੀਵਾਨ' ਅੰਮ੍ਰਿਤਸਰ ਨੇ ਜਨਮ ਲਿਆ। ਇਸ ਨਵੇਂ ਦੀਵਾਨ ਨੇ ਖਾਲਸਾ ਕਾਲਜ ਦੇ ਡਿੱਗਦੇ ਹੋਏ ਪ੍ਰਬੰਧ ਨੂੰ ਸੰਭਾਲਿਆ ਤੇ ਕਾਲਜ ਵਿਚ ਕਈ ਤਰ੍ਹਾਂ ਦੇ ਸੁਧਾਰ ਕੀਤੇ। 1908 ਈ. ਵਿਚ 'ਸਿੱਖ ਐਜੂਕੇਸ਼ਨਲ ਕਮੇਟੀ' ਬਣਾਈ ਗਈ ਜਿਸ ਨੇ ਧਾਰਮਿਕ ਤੇ ਵਿਦਿਅਕ ਪ੍ਰਚਾਰ ਵਿਚ ਬਹੁਤ ਮਹੱਤਵਪੂਰਨ ਹਿੱਸਾ ਲਿਆ। ਇਸ ਕਮੇਟੀ ਨੇ 1908 ਤੋਂ ਲੈ ਕੇ ਹੁਣ ਤੱਕ ਸਿੱਖਾਂ ਵਿਚ ਵਿਦਿਆ ਦੇ ਪ੍ਰਸਾਰ ਲਈ ਬਹੁਤ ਹੀ ਸ਼ਲਾਘਾ ਯੋਗ ਕੰਮ ਕੀਤੇ ਹਨ। ਕਈ ਸ਼ਹਿਰਾਂ ਵਿਖੇ ਖਾਲਸਾ ਸਕੂਲ ਖੋਲ੍ਹੇ ਗਏ ਹਨ। 1917-18 ਈ. ਤੋਂ ਮਗਰੋਂ ਹਰ ਸਾਲ ਸਾਲਾਨਾ ਕਾਨਫ਼ਰੰਸਾਂ ਸਮੇਂ ਪੰਜਾਬੀ ਵਿਚ ਕਵੀ ਦਰਬਾਰ ਕਰਨ ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ ਕਵੀ ਦਰਬਾਰਾਂ ਵਿਚ ਕਵੀਆਂ ਨੂੰ ਲੰਬੇ ਕਿੱਸਿਆਂ ਦੀ ਥਾਂ ਛੋਟੀ ਕਵਿਤਾ ਲਿਖਣ ਦੀ ਪ੍ਰੇਰਣਾ ਦਿੱਤੀ ਜਾਣ ਲੱਗ ਪਈ। ਚੰਗੀਆਂ ਕਵਿਤਾਵਾਂ ਪੜ੍ਹਨ ਵਾਲੇ ਕਵੀਆਂ ਨੂੰ ਨਕਦ ਇਨਾਮ ਦੇਣ ਦੀ ਪਿਰਤ ਤੌਰ ਤੇ ਕਵਿਤਾ ਪੜ੍ਹਨ ਤੇ ਸੁਣਨ ਦਾ ਸ਼ੌਕ ਲੋਕਾਂ ਵਿਚ ਪੈਦਾ ਕੀਤਾ ਗਿਆ। ਪੰਜਾਬੀ ਸਾਹਿਤਕ ਰਚਨਾਵਾਂ ਖਰੀਦ ਕੇ ਅਤੇ ਪਾਠਕਾਂ ਵਿਚ ਵੰਡ ਕੇ ਉਨ੍ਹਾਂ ਦੇ ਹੌਂਸਲੇ ਵਧਾਏ ਗਏ। ਪੰਜਾਬੀ ਸਾਹਿਤਕਾਰਾਂ ਦੀਆਂ ਪੁਸਤਕਾਂ ਨੂੰ ਸਕੂਲਾ ਕਾਲਜਾਂ ਤੇ ਹੋਰ ਪੁਸਤਕਾਲਿਆਂ ਵਿਚ ਰੱਖਣ ਲਈ ਖਰੀਦਣ ਦਾ ਪ੍ਰਬੰਧ ਕੀਤਾ ਗਿਆ। ਸਾਹਿਤ-ਕਾਰਾਂ ਦੀਆਂ ਕਿਰਤਾਂ ਨੂੰ ਸਨਮਾਨ ਦੇ ਕੇ ਉਨ੍ਹਾਂ ਵਿਚ ਵਧੇਰੇ ਚੰਗੇਰਾ ਸਾਹਿਤ ਪੈਦਾ ਕਰਨ ਲਈ ਰੁਚੀ ਪੈਦਾ ਕੀਤੀ ਗਈ। ਉਸ ਸਮੇਂ ਸਰਦਾਰ ਧਰਮ ਸਿੰਘ ਨੇ "ਗੁਰੂ ਨਾਨਕ ਵਿਦਿਆ ਭੰਡਾਰ ਟਰਸਟ" ਕਾਇਮ ਕਰਕੇ ਪੰਜਾਬੀ ਵਿਚ ਵਿਦਿਆ ਦਾ ਪ੍ਰਚਾਰ ਜਾਰੀ ਕੀਤਾ, ਇਸ ਟਰਸਟ ਨੇ ਵਿਦਿਆ ਦੇ ਪ੍ਰਚਾਰ ਦੇ ਨਾਲ ਨਾਲ ਪੰਜਾਬੀ ਬੋਲੀ ਦੀ ਵੀ ਚੰਗੀ ਸੇਵਾ ਕੀਤੀ।

ਵੱਖ ਵੱਖ ਸ਼ਹਿਰਾਂ ਦੀਆਂ ਸਿੰਘ ਸਭਾਵਾਂ ਨੇ ਆਪੋ ਆਪਣੇ ਗੁਰਦਵਾਰਿਆਂ ਦੇ ਨਾਲ ਵਿਦਿਆਲੇ ਖੋਲ੍ਹ ਦਿੱਤੇ। ਇਨ੍ਹਾਂ ਵਿਦਿਆਲਿਆਂ ਵਿਚ ਗੁਰਪੁਰਬਾਂ ਸਮੇਂ ਪੰਜਾਬੀ ਵਿਚ ਟ੍ਰੈਕਟ ਵੰਡ ਕੇ ਅਤੇ ਉਪਦੇਸ਼ ਦੇ ਕੇ ਮਾਂ ਬੋਲੀ ਦੇ ਪ੍ਰਚਾਰ ਲਈ ਸ਼ਲਾਘਾਯੋਗ ਕਦਮ ਪੁੱਟੇ ਗਏ। ਇਨ੍ਹਾਂ ਗੁਰਪੁਰਬਾਂ ਦੇ ਸਮੇਂ ਹੀ ਕਈ ਪਿੰਡਾਂ ਤੇ ਸ਼ਹਿਰਾਂ ਵਿਚ ਪ੍ਰਾਇਮਰੀ ਤੇ ਮਿਡਲ ਸਕੂਲ ਖੋਲ੍ਹਣ ਦੇ ਐਲਾਨ ਵੀ ਕੀਤੇ ਜਾਂਦੇ ਸਨ। ਸਿੰਘ ਸਭਾ ਲਹਿਰ ਨੇ ਪੰਜਾਬੀ ਵਿਚ ਵਿਖਿਆਨ ਦੇਣ ਤੇ ਚਿੱਠੀ ਪੱਤਰ ਕਰਨ ਉੱਤੇ ਸਮੇਂ ਸਮੇਂ ਬਹੁਤ ਜ਼ੋਰ ਦਿੱਤਾ। ਸਿੰਘ ਸਭਾਵਾਂ ਦੇ ਜਤਨਾਂ ਨਾਲ ਗੁਰਪੁਰਬਾਂ ਤੋਂ ਬਿਨਾਂ ਪੰਜਾਬ ਵਿਚ ਹੋਰ ਵੀ ਬਹੁਤ ਸਾਰੇ ਕਵੀ ਦਰਬਾਰ ਕਰਨ ਦਾ ਰਿਵਾਜ ਪ੍ਰਚਲਤ ਹੋਇਆ। ਇਨ੍ਹਾਂ ਖੁਲ੍ਹੇ ਕਵੀ ਦਰਬਾਰਾਂ ਤੋਂ ਇਕ ਤਾਂ ਪੰਜਾਬੀ ਕਵੀ ਨੂੰ ਕਵਿਤਾ ਲਿਖਣ ਦੀ ਪ੍ਰੇਰਨਾ ਮਿਲੀ ਤੇ ਦੂਸਰਾ ਲੋਕਾਂ ਨਾਲ ਪੰਜਾਬੀ ਕਵਿਤਾ ਦੇ ਗੂੜ੍ਹੇ ਸੰਬੰਧ ਬਣ ਗਏ। ਇਸ ਤਰ੍ਹਾਂ ਲੋਕਾਂ ਦੇ ਦਿਲਾਂ ਵਿਚ ਸਾਹਿਤਕ ਲਗਨ ਦੀ ਜੋਤ ਜਗ ਪਈ। ਇਸ ਲਹਿਰ ਨੇ ਸੈਂਕੜੇ ਵਕਤੇ, ਰਾਗੀ, ਢਾਡੀ ਤੇ ਪ੍ਰਚਾਰਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਦਾ ਕੀਤੇ। ਇਸੇ ਰਾਜਨੀਤਕ, ਸਭਿਆਚਾਰਕ ਤੇ ਸਾਹਿਤਕ ਉੱਦਮ ਨੇ ਆਧੁਨਿਕ ਪੰਜਾਬੀ ਸਾਹਿਤ ਦੇ ਜਨਮਦਾਤਾ ਅਤੇ ਮਹਾਨ ਸਾਹਿਤਕਾਰ ਭਾਈ ਵੀਰ ਸਿੰਘ ਨੂੰ ਜਨਮ ਦਿੱਤਾ।

1846 ਤੋਂ ਲੁਧਿਆਣੇ ਵਿਚ ਬਾਈਬਲ ਦੇ ਅਨੁਵਾਦ ਲਈ ਈਸਾਈਆਂ ਵਲੋਂ ਗੁਰਮੁਖੀ ਟਾਈਪ ਤਿਆਰ ਕੀਤੀ ਗਈ ਸੀ। ਉਸ ਵੇਲੇ ਥੋੜ੍ਹੇ ਸਮੇਂ ਵਿਚ ਹੀ ਪੰਜਾਬੀ ਦੇ ਛਾਪੇਖਾਨੇ ਵੀ ਬਣ ਗਏ ਸਨ, ਜਿਨ੍ਹਾਂ ਸਦਕਾ ਪੰਜਾਬੀ ਦੇ ਪ੍ਰਚਾਰ ਲਈ ਅਖਬਾਰ ਤੇ ਟ੍ਰੈਕਟਾਂ ਦੀ ਵਰਤੋਂ ਹੋਣ ਲੱਗ ਪਈ ਸੀ। ਪੰਜਾਬੀ ਵਿਚ ਸਭ ਤੋਂ ਪਹਿਲਾਂ ਇਸਾਈਆਂ ਨੇ ਹੀ 1860 ਈ. ਵਿਚ ਇਕ ਸਮਾਚਾਰ ਪੱਤਰ ਚਿੱਠੀਆਂ ਦੇ ਰੂਪ ਵਿਚ ਜਾਰੀ ਕੀਤਾ। ਉਪਰੰਤ ਪੰਜਾਬੀ ਦਾ ਅਖਬਾਰ 'ਸ੍ਰੀ ਦਰਬਾਰ ਸਾਹਿਬ' 1867 ਈ. ਵਿਚ ਅੰਮ੍ਰਿਤਸਰ ਤੋਂ ਕੱਢਿਆ ਗਿਆ ਤੇ 1880 ਵਿਚ 'ਗੁਰਮੁਖੀ' ਨਾਂ ਦਾ ਇਕ ਹੋਰ ਅਖਬਾਰ ਪ੍ਰਕਾਸ਼ਤ ਹੋਣ ਲੱਗ ਪਿਆ। ਇਨ੍ਹਾਂ ਅਖਬਾਰਾਂ ਦੇ ਜਾਰੀ ਹੋਣ ਵਿਚ ਸਿੰਘ ਸਭਾ ਲਹਿਰ ਦੇ ਮੋਢੀਆਂ ਦਾ ਤਕੜਾ ਹੱਥ ਹੈ। ਸਿੰਘ ਸਭਾ ਲਹਿਰ ਦੇ ਪ੍ਰਸਿੱਧ ਆਗੂ ਭਾਈ ਦਿੱਤ ਸਿੰਘ ਦੀ ਸੰਪਾਦਨਾ ਹੇਠ ਲਾਹੌਰ ਤੋਂ 'ਖਾਲਸਾ' ਨਾਂ ਦਾ ਅਖਬਾਰ ਚਾਲੂ ਹੋਇਆ। ਇਸ ਅਖਬਾਰ ਦਾ ਮੁੱਖ ਮਨੋਰਥ ਪੰਥ ਵਿਰੋਧੀ ਅਨੁਮਤੀਆਂ ਦੇ ਪਰਚਾਰ ਦਾ ਖੰਡਨ ਕਰਨਾ ਸੀ। ਆਪਣੇ ਉਪਦੇਸ਼ ਦੀ ਪੂਰਤੀ ਲਈ ਇਸ ਅਖਬਾਰ ਨੇ ਬਹੁਤ ਮਹੱਤਵਪੂਰਨ ਕੰਮ ਕੀਤੇ। 6 ਸਤੰਬਰ, 1901 ਨੂੰ ਭਾਈ ਦਿੱਤ ਸਿੰਘ ਕਾਲਵਾਸ ਹੋ ਗਏ ਤੇ ਇਹ ਅਖਬਾਰ ਵੀ ਬੰਦ ਹੋ ਗਿਆ। ਭਾਈ ਦਿੱਤ ਸਿੰਘ ਦੀ ਅਸਰ ਭਰਪੂਰ ਲੇਖਣੀ ਨੇ ਸਿੱਖਾਂ ਨੂੰ ਇਕ ਵਾਰ ਚੰਗੀ ਤਰ੍ਹਾਂ ਹਲੂਣਿਆ। 'ਨਕਲੀ ਸਿੱਖ ਪ੍ਰਬੋਧ' ਉਨ੍ਹਾਂ ਦਾ ਇਕ ਉੱਘਾ ਗ੍ਰੰਥ ਹੈ। ਇਸ ਤੋਂ ਬਿਨਾਂ ਉਨ੍ਹਾਂ ਦੇ ਦੋ ਕਾਵਿ ਨਾਟਕ 'ਸੁਪਨ ਨਾਟਕ' ਅਤੇ 'ਰਾਜ ਪ੍ਰਬੋਧ ਨਾਟਕ' ਬਹੁਤ ਪ੍ਰਸਿੱਧ ਹਨ।

ਸਿੰਘ ਸਭਾ ਲਾਹੌਰ ਤੇ ਅੰਮ੍ਰਿਤਸਰ ਦੇ ਸਿੱਖਾਂ ਨੇ 1883 ਵਿਚ ਪੁਰਾਤਨ ਜਨਮ ਸਾਖੀ ਨੂੰ ਵਲਾਇਤੋਂ ਵਾਪਸ ਮੰਗਵਾਇਆ। ਇਸ ਜਨਮ ਸਾਖੀ ਦੇ ਫੋਟੋ ਖਿੱਚ ਕੇ ਸੰਗਤਾਂ ਵਿਚ ਵੰਡੇ ਗਏ ਅਤੇ ਫੇਰ ਪਹਿਲੀ ਵਾਰ ਸਿੰਘ ਸਭਾ ਲਾਹੌਰ ਦੇ ਜਤਨਾਂ ਨਾਲ ਇਸ ਨੂੰ ਪੱਥਰ ਦੇ ਛਾਪੇ ਵਿਚ ਛਪਵਾਇਆ ਗਿਆ। ਆਪਣੀ ਵੀਹ ਵਰ੍ਹਿਆਂ ਦੀ ਉਮਰ ਵਿਚ ਭਾਈ ਵੀਰ ਸਿੰਘ ਨੇ ਸਿੰਘ ਸਭਾ ਲਹਿਰ ਦੀ ਵਾਂਗ ਡੋਰ 1892 ਈ. ਵਿਚ ਸੰਭਾਲ ਲਈ। ਉਹ ਉਸ ਦਿਨ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ ਤੇ ਪੰਜਾਬੀ ਸਾਹਿਤ ਦੇ ਵਿਕਾਸ ਲਈ ਕਮਰ-ਕੱਸੇ ਕਰ ਕੇ ਜੁੱਟ ਪਏ। ਭਾਈ ਵੀਰ ਸਿੰਘ ਦੇ ਜਤਨਾਂ ਨਾਲ 1894 ਈ. ਵਿਚ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਗਈ। ਇਸ ਸੁਸਾਇਟੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਵਿਦਵਾਨਾਂ ਤੋਂ ਵੱਡਮੁੱਲੇ ਲੇਖ ਤੇ ਟ੍ਰੈਕਟ ਲਿਖਵਾ ਕੇ ਛਪਵਾਉਣੇ ਸ਼ੁਰੂ ਕਰ ਦਿੱਤੇ। ਇਹ ਟ੍ਰੈਕਟ ਸੰਗਤਾਂ ਵਿਚ ਮੁਫ਼ਤ ਵੰਡੇ ਜਾਂਦੇ ਸਨ। ਭਾਈ ਵੀਰ ਸਿੰਘ ਦੀ ਸੰਪਾਦਨਾ ਹੇਠ 1899 ਈ. ਵਿਚ 'ਖਾਲਸਾ ਸਮਾਚਾਰ' ਅੰਮ੍ਰਿਤਸਰ ਤੋਂ ਜਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਗਿਆ, ਜਿਹੜਾ ਹੁਣ ਤਕ ਬਕਾਇਦਾ ਚਲ ਰਿਹਾ ਹੈ। ਇਸ ਅਖਬਾਰ ਦੇ ਸੰਪਾਦਕ ਭਾਈ ਵੀਰ ਸਿੰਘ, ਭਾਈ ਸੰਤ ਰਾਮ, ਭਾਈ ਸੋਹਣ ਸਿੰਘ, ਬਾਬਾ ਗੰਗਾ ਸਿੰਘ ਬੇਦੀ, ਭਾਈ ਸੇਵਾ ਸਿੰਘ, ਭਾਈ ਮਹਾਂ ਸਿੰਘ ਗਿਆਨੀ, ਐਸ. ਐਸ. ਅਮੋਲ ਆਦਿ ਸਮੇਂ ਸਮੇਂ ਰਹੇ ਹਨ। 'ਖਾਲਸਾ ਸਮਾਚਾਰ' ਦਾ ਉਦੇਸ਼ ਮੁੱਢ ਤੋਂ ਹੀ ਕੌਮੀ ਜਥੇਬੰਦੀ, ਕੌਮੀ ਵਿਕਾਸ, ਪੰਜਾਬੀ ਦੀ ਤਰੱਕੀ, ਵਿਦਿਆ ਦਾ ਪ੍ਰਚਾਰ ਅਤੇ ਗੁਰਸਿੱਖ ਆਦਰਸ਼ ਦੀ ਉੱਚਤਾ ਨੂੰ ਦਰਸਾਉਣ ਦਾ ਰਿਹਾ ਹੈ। ਇਸ ਅਖਬਾਰ ਦਾ ਇਕ ਹੋਰ ਮਨੋਰਥ ਕਥਾ ਵਾਰਤਾ ਰਾਹੀਂ ਗੁਰਬਾਣੀ ਦਾ ਪ੍ਰਚਾਰ ਕਰਨਾ ਅਤੇ ਈਸਾਈਆਂ, ਮੁਸਲਮਾਨਾਂ ਤੇ ਆਰੀਆ ਸਮਾਜੀਆਂ ਦੇ ਪ੍ਰਚਾਰ ਦਾ ਖੰਡਨ-ਮੰਡਨ ਕਰਨਾ ਸੀ। ਇਸ ਤਰ੍ਹਾਂ ਸਿੱਖ ਕੌਮ ਨੂੰ ਇਸ ਸਮਾਚਾਰ ਪੱਤਰ ਰਾਹੀਂ ਆਪਣੇ ਧਰਮ ਦੀ ਉੱਚਤਾ, ਪਵਿੱਤਰਤਾ ਅਤੇ ਅਸਲੀਅਤ ਦਾ ਪਤਾ ਲੱਗਾ। ਇਸ ਨਾਲ ਸਮੁੱਚਾ ਸਿੱਖ ਜਗਤ ਦੂਸਰੇ ਧਰਮਾਂ ਦੇ ਦਿਖਾਵੇ ਦੇ ਪ੍ਰਚਾਰ ਤੋਂ ਚੇਕਸ ਹੋ ਗਿਆ ਅਤੇ ਆਪਣੇ ਧਰਮ ਦੇ ਸਿੱਧੇ ਸਾਦੇ ਅਸੂਲਾਂ ਵਿਚ ਵਿਸ਼ਵਾਸ ਰੱਖਣ ਲੱਗ ਪਿਆ। ਉਸ ਸਮੇਂ ਪੱਛਮੀ ਵਿਦਿਆ ਨੇ ਸਾਡੇ ਰਹਿਣ ਸਹਿਣ ਤੇ ਸਭਿਆਚਾਰ ਤੇ ਬਹੁਤ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਛਾਪੇਖਾਨੇ ਦੇ ਵਜੂਦ ਵਿਚ ਆਉਣ ਨਾਲ ਪੁਸਤਕਾਂ ਦੀਆਂ ਪ੍ਰਕਾਸ਼ਨਾਂ ਅਤੇ ਵਿਚਾਰਾਂ ਦੇ ਪ੍ਰਸਾਰ ਦਾ ਕੰਮ ਬਹੁਤ ਸੌਖਾ ਹੋ ਗਿਆ ਸੀ। ਇਸ ਸਮੇਂ 'ਖਾਲਸਾ ਸਮਾਚਾਰ' ਹੀ ਇਕ ਅਜਿਹਾ ਅਖਬਾਰ ਸੀ ਜੋ ਸਿੱਖ ਕੌਮ ਦੀ ਅਗਵਾਈ ਲਈ ਹਰ ਸੰਭਵ ਜਤਨ ਕਰ ਰਿਹਾ ਸੀ। ਇਸ ਅਖਬਾਰ ਰਾਹੀਂ ਇਸ ਤਰ੍ਹਾਂ ਧਰਮ ਪ੍ਰਚਾਰ ਦੇ ਨਾਲ ਨਾਲ ਪੰਜਾਬੀ ਸਾਹਿਤ ਦਾ ਵਿਕਾਸ ਵੀ ਆਪਣੇ ਆਪ ਹੋਣ ਲੱਗ ਪਿਆ ਸੀ।

ਉਸ ਸਮੇਂ ਦੇ ਉਰਦੂ ਤੇ ਹਿੰਦੀ ਪ੍ਰਚਾਰਕਾਂ ਨੇ ਪੰਜਾਬੀ ਨੂੰ ਇਕ ਪੇਂਡੂ ਤੇ ਨੀਵੇਂ ਦਰਜੇ ਦੀ ਗੰਵਾਰ ਬੋਲੀ ਦਸ ਕੇ ਭੰਡਣ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਪੰਜਾਬੀ ਮੁਸਲਮਾਨਾਂ ਨੂੰ ਉਰਦੂ ਵਲ ਤੇ ਪੰਜਾਬੀ ਹਿੰਦੂਆਂ ਨੂੰ ਹਿੰਦੀ ਵਲ ਮੋੜਨ ਦੇ ਜਤਨ ਕੀਤੇ ਜਾ ਰਹੇ ਸਨ। ਉਹ ਲੋਕ ਆਪਣੇ ਇਸ ਪ੍ਰਚਾਰ ਵਿਚ ਕਾਫੀ ਹੱਦ ਤਕ ਸਫਲ ਵੀ ਹੋ ਗਏ ਸਨ। ਇਸ ਤਰ੍ਹਾਂ ਬੋਲੀ ਦੇ ਆਧਾਰ ਉੱਤੇ ਹੋ ਰਹੀ ਵੰਡ ਦੇ ਨਾਲ ਨਾਲ ਧਰਮ ਨੂੰ ਵੀ ਖਿਚਿਆ ਜਾਣ ਲੱਗ ਪਿਆ। ਹਿੰਦੂਆਂ ਦਾ ਸਾਰਾ ਧਾਰਮਿਕ ਸਾਹਿਤ ਹਿੰਦੀ ਵਿਚ ਹੋਣ ਕਰਕੇ ਆਰੀਆ ਸਮਾਜੀਆਂ ਨੇ ਕੇਵਲ ਹਿੰਦੀ ਦਾ ਹੀ ਪ੍ਰਚਾਰ ਕੀਤਾ ਅਤੇ ਮੁਸਲਮਾਨਾਂ ਦੇ ਧਾਰਮਿਕ ਗਰੰਥ ਉਰਦੂ ਫ਼ਾਰਸੀ ਵਿਚ ਹੋਣ ਕਰਕੇ ਉਹ ਉਰਦੂ ਨੂੰ ਆਪਣੀ ਬੋਲੀ ਮੰਨਣ ਲੱਗ ਪਏ। ਸਿੱਖ ਧਰਮ ਦਾ ਸਾਰਾ ਸਾਹਿਤ ਪੰਜਾਬੀ ਵਿਚ ਸੀ। ਇਸ ਲਈ ਲੈ ਦੇ ਕੇ ਅੰਤ ਵਿਚ ਪੰਜਾਬੀ ਕੇਵਲ ਸਿੱਖਾਂ ਗੋਚਰੀ ਹੀ ਰਹਿ ਗਈ। ਅੰਗਰੇਜ਼ਾਂ ਨੇ ਆਪਣੇ ਦਫ਼ਤਰਾਂ ਦਾ ਪ੍ਰਬੰਧਕੀ ਕੰਮ ਚਲਾਉਣ ਲਈ ਬੰਗਾਲ ਅਤੇ ਉੱਤਰ ਪ੍ਰਦੇਸ਼ ਵਿਚੋਂ ਆਪਣੇ ਨਾਲ ਅੰਗਰੇਜ਼ੀ ਤੇ ਉਰਦੂ ਪੜ੍ਹੇ ਕਲਰਕ ਲੈ ਆਂਦੇ ਸਨ। ਇਸ ਤਰ੍ਹਾਂ ਦਫ਼ਤਰਾਂ ਤੇ ਕਚਹਿਰੀਆ ਵਿਚ ਅੰਗਰੇਜ਼ੀ ਤੇ ਉਰਦੂ ਨੇ ਚੌਧਰ ਸੰਭਾਲ ਲਈ। ਅੰਗਰੇਜ਼ੀ ਤੇ ਉਰਦੂ ਪੜ੍ਹੇ ਲਿਖੇ ਬਾਬੂਆਂ ਵਲੋਂ ਵੀ ਪੰਜਾਬੀ ਦਾ ਵਿਰੋਧ ਹੋਇਆ ਤੇ ਇਸ ਬੋਲੀ ਨੂੰ ਕਦੇ ਵੀ ਰਾਜ ਬੋਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਨ ਦਾ ਮੌਕਾ ਹੀ ਨਾ ਮਿਲਿਆ। ਉਰਦੂ ਤੇ ਅੰਗਰੇਜ਼ੀ ਦੀ ਸਰਕਾਰੇ ਦਰਬਾਰੇ ਕਦਰ ਹੋਣ ਕਰਕੇ ਉਨ੍ਹਾਂ ਬੋਲੀਆਂ ਦੇ ਸਾਹਿਤ ਦਾ ਪ੍ਰਚਾਰ ਸੁਭਾਵਕ ਹੀ ਵਧ ਗਿਆ।

ਇਸ ਸਮੇਂ ਸਿੱਖ ਕੌਮ ਨੂੰ ਕੇਵਲ ਸਿੱਖਾਂ ਦੀਆਂ ਧਾਰਮਿਕ ਲਹਿਰਾਂ ਅਤੇ ਇਨ੍ਹਾਂ ਵਿਚੋਂ ਖਾਸ ਕਰਕੇ ਸਿੰਘ ਸਭਾ ਲਹਿਰ ਨੇ ਹੀ ਪੰਜਾਬੀ ਬੋਲੀ ਤੇ ਆਪਣੇ ਧਰਮ ਪ੍ਰਤੀ ਸੁਚੇਤ ਕੀਤਾ। ਇਸ ਨਾਲ ਸਿੱਖਾਂ ਦਾ ਰੁਝਾਨ ਧਾਰਮਿਕ ਸੰਸਥਾਵਾਂ ਤੇ ਧਾਰਮਿਕ ਪੁਸਤਕਾਂ ਵਲ ਵਧਣ ਲੱਗ ਪਿਆ। ਭਾਈ ਵੀਰ ਸਿੰਘ ਦੇ ਪਹਿਲੇ ਤੇ ਪ੍ਰਸਿੱਧ ਨਾਵਲ 'ਸੁੰਦਰੀ' ਨੇ ਉਸ ਸਮੇਂ ਸਿੱਖਾਂ ਦੀ ਇਸ ਸਾਹਿਤਕ ਭੁੱਖ ਨੂੰ ਵੱਡੀ ਪੱਧਰ ਉੱਤੇ ਤ੍ਰਿਪਤ ਕੀਤਾ। 'ਸੁੰਦਰੀ' ਨਾਵਲ ਹਜ਼ਾਰਾਂ ਦੀ ਗਿਣਤੀ ਵਿਚ ਵਿਕਣ ਲੱਗ ਪਿਆ। ਇਸ ਤੋਂ ਪ੍ਰਭਾਵਿਤ ਹੋ ਕੇ ਹੋਰ ਸਮਕਾਲੀ ਲਿਖਾਰੀਆਂ ਨੇ ਵੀ ਧਾਰਮਿਕ ਪੁਸਤਕਾਂ ਰਚਣ ਵਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਸ ਭਾਵਨਾ ਅਧੀਨ ਤਿਆਰ ਹੋਈਆਂ ਪੁਸਤਕਾਂ ਸਿੱਖ ਕੌਮ ਨੂੰ ਜਗਾਉਣ ਵਿਚ ਵਿਸ਼ੇਸ਼ ਤੌਰ ਉੱਤੇ ਸਹਾਇਕ ਸਿੱਧ ਹੋਈਆਂ।

ਉਸ ਵੇਲੇ ਦੇ ਸਿੱਖ ਵਿਦਵਾਨਾਂ ਅਤੇ ਇਨ੍ਹਾਂ ਵਿਚੋਂ ਵਿਸ਼ੇਸ਼ ਕਰਕੇ ਨਿਰਮਲੇ ਸਾਧੂਆਂ ਦਾ ਵਧੇਰੇ ਝੁਕਾ ਬ੍ਰਿਜ ਭਾਸ਼ਾ ਵਲ ਹੀ ਰਿਹਾ ਹੈ। ਇਸ ਦਾ ਮੂਲ ਕਾਰਨ ਇਹ ਸੀ ਕਿ ਉਨ੍ਹਾਂ ਦੀ ਪੜ੍ਹਾਈ ਦਾ ਕੇਂਦਰ ਕਾਂਸ਼ੀ ਅਤੇ ਆਧਾਰ ਸੰਸਕ੍ਰਿਤ ਸਾਹਿਤ ਸੀ। ਇਸੇ ਪ੍ਰਭਾਵ ਅਧੀਨ ਪ੍ਰਸਿੱਧ ਕਵੀ ਸੰਤੋਖ ਸਿੰਘ ਨੇ ਰਲੀ ਮਿਲੀ ਪੰਜਾਬੀ ਤੇ ਬ੍ਰਿਜ ਭਾਸ਼ਾ ਵਿਚ 'ਨਾਨਕ ਪ੍ਰਕਾਸ਼' 'ਸੂਰਜ ਪ੍ਰਕਾਸ਼' ਦੋ ਵੱਡੇ ਗ੍ਰੰਥ ਰਚੇ। ਪੰਜਾਬੀ ਸਾਹਿਤ ਦੀ ਇਹ ਬਦਕਿਸਮਤੀ ਸਮਝੋ ਕਿ ਇਹ ਗ੍ਰੰਥ ਨਿਰੋਲ ਪੰਜਾਬੀ ਵਿਚ ਨਹੀਂ ਹਨ। ਜੇ ਇਹ ਗ੍ਰੰਥ ਪੰਜਾਬੀ ਵਿਚ ਹੁੰਦੇ ਤਾਂ ਸੰਤੋਖ ਸਿੰਘ ਦੀ ਰਚਨਾ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ ਹੁੰਦੀ। ਸੁੱਖਾ ਸਿੰਘ ਦਾ 'ਗੁਰਬਿਲਾਸ' ਵੀ ਇਸ ਸਮੇਂ ਹੀ ਰਚਿਆ ਗਿਆ। ਇਨ੍ਹਾਂ ਕਵੀਆਂ ਦੀਆਂ ਕਿਰਤਾਂ ਖਿਆਲ ਉਡਾਰੀ ਤੇ ਕਾਵਿ ਪੱਖੋਂ ਬਹੁਤ ਮਹੱਤਵਪੂਰਣ ਹਨ। ਭੰਗੂ ਰਤਨ ਸਿੰਘ ਦਾ 'ਪ੍ਰਾਚੀਨ ਗ੍ਰੰਥ ਪ੍ਰਕਾਸ਼' ਨਵੀਨ ਪੰਜਾਬੀ ਵਿਚ ਇਕ ਇਤਿਹਾਸਕ ਪੁਸਤਕ ਲਿਖਣ ਦਾ ਮੁੱਢਲਾ ਜਤਨ ਕਿਹਾ ਜਾ ਸਕਦਾ ਹੈ। ਡਾਕਟਰ ਚਰਨ ਸਿੰਘ ਦਾ 'ਕੇਸਰੀ ਚਰਖਾ' ਫੁਟਕਲ ਛਇਆਵਾਦੀ ਕਵਿਤਾਵਾਂ ਦਾ ਸੰਗ੍ਰਹਿ ਹੈ। ਡਾਕਟਰ ਚਰਨ ਸਿੰਘ ਪਹਿਲਾਂ ਬ੍ਰਿਜ ਭਾਸ਼ਾ ਵਿਚ ਲਿਖਿਆ ਕਰਦੇ ਸਨ ਪਿੱਛੋਂ ਆਪਣੇ ਸਪੁੱਤਰ ਭਾਈ ਵੀਰ ਸਿੰਘ ਤੋਂ ਪ੍ਰੇਰਤ ਹੋ ਕੇ ਪੰਜਾਬੀ ਵਿਚ ਲਿਖਣ ਲੱਗ ਪਏ। ਉਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਪਹਿਲੀ ਵਾਰ ਸਾਹਿਤਕ ਪੱਧਰ ਉੱਤੇ ਲਿਆਂਦਾ। ਉਨ੍ਹਾਂ ਦੀ ਵਾਰਤਕ ਵਿਚ ਵਿਸ਼ੇਸ ਤੌਰ ਤੇ ਧਾਰਮਿਕ ਤੇ ਸਦਾਚਾਰਕ ਪ੍ਰਚਾਰ ਕੀਤਾ ਗਿਆ ਮਿਲਦਾ ਹੈ। ਇਸ ਸਬੰਧ ਵਿਚ 'ਮਹਾਰਾਣੀ ਸ਼ਰਾਬ ਕੌਰ' ਡਾਕਟਰ ਹੋਰਾਂ ਦੀ ਪ੍ਰਸਿੱਧ ਕਿਰਤ ਹੈ। ਉਨ੍ਹਾਂ ਦੀਆਂ ਰਚਨਾਵਾਂ 'ਖਾਲਸਾ ਟ੍ਰੈਕਟ ਸੁਸਾਇਟੀ' ਦੇ ਟ੍ਰੈਕਟਾਂ ਵਿਚ ਛਪਦੀਆਂ ਰਹੀਆਂ ਹਨ। 'ਗੜਗਜ ਬੋਲੇ', 'ਹੋਲੀ', 'ਜੈ ਜੈ ਸੀਤਾ ਰਾਮ', ਆਦਿ ਉਨ੍ਹਾਂ ਦੇ ਕੁਝ ਹੋਰ ਪ੍ਰਸਿੱਧ ਟ੍ਰੈਕਟ ਹਨ। ਡਾਕਟਰ ਚਰਨ ਸਿੰਘ ਨੇ ਕਾਲੀਦਾਸ ਦੇ 'ਸ਼ਕੁੰਤਲਾ' ਨਾਟਕ ਦਾ ਪਹਿਲੀ ਵਾਰ ਪੰਜਾਬੀ ਵਿਚ ਅਨੁਵਾਦ ਕੀਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਬਾਣੀ ਬਿਉਰਾ' ਉਨ੍ਹਾਂ ਦੀ ਇਕ ਹੋਰ ਬਲਵਾਨ ਕਿਰਤ ਹੈ।

'ਪੰਜਾਬੀ ਟੈਕਸਟ ਬੁੱਕ ਕਮੇਟੀ' ਦੀ ਸਥਾਪਨਾ ਨਾਲ ਦੂਜੀਆਂ ਬੋਲੀਆਂ ਤੋਂ ਪੰਜਾਬੀ ਵਿਚ ਅਨੁਵਾਦ ਕਰਵਾਉਣ ਤੇ ਮੌਲਿਕ ਰਚਨਾਵਾਂ ਨੂੰ ਇਨਾਮ ਦੇਣ ਦਾ ਕੰਮ ਜਾਰੀ ਹੋਇਆ। ਇਸ ਦੇ ਫਲਸਰੂਪ ਪੰਜਾਬੀ ਸਾਹਿਤਕਾਰਾਂ ਦੇ ਹੌਂਸਲੇ ਵਧਣ ਲਗੇ ਅਤੇ ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਲਿਖਿਆ ਜਾਣ ਲੱਗ ਪਿਆ।.

ਅੰਗਰੇਜ਼ਾਂ ਨੂੰ ਜਦ ਪੰਜਾਬੀ ਬੋਲੀ, ਸਭਿਆਚਾਰਕ ਤੇ ਇਤਿਹਾਸ ਤੋਂ ਜਾਣੂ ਹੋਣ ਦੀ ਲੋੜ ਪਈ ਤਾਂ ਉਨ੍ਹਾਂ ਨੇ ਪੰਜਾਬੀ ਲਿਖਾਰੀਆਂ ਤੋਂ ਇਨ੍ਹਾਂ ਵਿਸ਼ਿਆਂ ਉੱਤੇ ਪੁਸਤਕਾਂ ਲਿਖਵਾਉਣੀਆਂ ਸ਼ੁਰੂ ਕਰ ਦਿੱਤੀਆਂ। ਪੰਡਿਤ ਸ਼ਰਧਾ ਰਾਮ ਫਲੌਰੀ ਦੀਆਂ 'ਸਿੱਖ ਰਾਜ ਦੀ ਵਿਥਿਆ' ਤੇ 'ਪੰਜਾਬੀ ਬਾਤ-ਚੀਤ' ਇਸ ਖੇਤਰ ਵਿਚ ਦੋ ਪ੍ਰਸਿੱਧ ਵਾਰਤਕ ਰਚਨਾਵਾਂ ਹਨ। ਇਨ੍ਹਾਂ ਦੋਹਾਂ ਕਿਰਤਾਂ ਉਤੇ ਉਸ ਨੂੰ ਇਨਾਮ ਮਿਲੇ। ਪਹਿਲੀ 1869 ਈ. ਵਿਚ ਸਰ ਡਾਨਲਡ ਮੈਕਲੀਅਰਡ ਦੇ ਕਹਿਣ ਅਤੇ ਦੂਜੀ 1875 ਈ. ਵਿਚ ਇਕ ਅੰਗਰੇਜ਼ ਪਾਦਰੀ ਜਾਨ ਟਿਊਟਨ ਦੇ ਕਹਿਣ ਉੱਤੇ ਲਿਖੀ ਗਈ। ਇਨ੍ਹਾਂ ਦੋਹਾਂ ਰਚਨਾਵਾਂ ਨੂੰ ਆਧੁਨਿਕ ਪੰਜਾਬੀ ਵਾਰਤਕ ਦੇ ਮੁੱਢਲੇ ਜਤਨ ਕਿਹਾ ਜਾ ਸਕਦਾ ਹੈ। ਇਨ੍ਹਾਂ ਵਿਚਲੀ ਵਾਰਤਕ ਸਪੱਸ਼ਟ ਭਾਂਤ ਆਧੁਨਿਕ ਤੇ ਪੁਰਾਤਨ ਪੰਜਾਬੀ ਵਾਰਤਕ ਵਿਚ ਪਹਿਲੀ ਵਾਰ ਨਖੇੜਾ ਕਰਦੀ ਹੈ। ਪੰਡਤ ਸ਼ਰਧਾ ਰਾਮ ਫਲੌਰੀ ਦੀ ਵਾਰਤਕ ਵਿਚ ਨਵੀਂ ਤੇ ਪੁਰਾਣੀ ਦੋਹਾਂ ਕਿਸਮਾਂ, ਦੀ ਵਾਰਤਕ ਤੇ ਅੰਸ਼ ਪਾਏ ਜਾਂਦੇ ਹਨ। ਉਸ ਸਮੇਂ ਹੀ ਲੜਕੀਆਂ ਦੀ ਮਿਡਲ ਤਕ ਦੀ ਪਰੀਖਿਆ ਨੂੰ ਮੁੱਖ ਰੱਖ ਕੇ ਬਿਹਾਰੀ ਲਾਲ ਪੂਰੀ ਨੇ 'ਪੰਜਾਬੀ ਵਿਆਕਰਣ' ਨਾਂ ਦੀ ਪੁਸਤਕ ਲਿਖੀ। ਉਸ ਦੀਆਂ ਹੋਰ ਪ੍ਰਸਿੱਧ ਪੰਜਾਬੀ ਕਿਰਤਾਂ ਹਨ, 'ਵਿਦਿਆ ਰਤਨਾਕਾਰ', 'ਚਰਿਤਾਵਲੀ', 'ਅਨੇਕ ਦਰਸ਼ਨ', 'ਪਿੰਗਲ ਮੰਜਰੀ', ਆਦਿ। ਉਸ ਦੀ ਵਾਰਤਕ ਵਿਚ ਵੀ ਨਵੀਂ ਤੇ ਪੁਰਾਣੀ ਵਾਰਤਕ ਦਾ ਮਿਲਗੋਭਾ ਮਿਲਦਾ ਹੈ। ਉਸ ਨੇ ਪਹਿਲੀ ਵਾਰ 'ਲੇਖ' ਲਿਖ ਕੇ ਪੰਜਾਬੀ ਸਾਹਿਤ ਵਿਚ ਇਕ ਨਵੀਂ ਸਾਹਿਤ ਵਿਧਾ ਦਾ ਆਰੰਭ ਕੀਤਾ। ਪੰਜਾਬੀ ਬੋਲੀ ਤੋਂ ਜਾਣੂ ਹੋਣ ਲਈ ਅੰਗਰੇਜ਼ਾਂ ਨੇ ਕੁਝ ਪੰਜਾਬੀ ਅੰਗਰੇਜ਼ੀ ਕੋਸ਼ ਵੀ ਤਿਆਰ ਕਰਵਾਏ। ਇਸ ਸੰਬੰਧ ਵਿਚ ਮਈਆ ਸਿੰਘ ਦਾ ਪੰਜਾਬੀ ਕੋਸ਼ ਜੋ 1894 ਈ. ਵਿਚ ਛਪਿਆ, ਇਕ ਵਰਣਨ ਯੋਗ ਉੱਦਮ ਹੈ। ਇਕ ਹੋਰ ਕੋਸ਼ ਬਿਹਾਰੀ ਲਾਲ ਪੂਰੀ ਦੇ ਪੁੱਤਰ ਬਿਸ਼ਨ ਦਾਸ ਪੂਰੀ ਨੇ ਵੀ ਤਿਆਰ ਕੀਤਾ।

ਉਸ ਵੇਲੇ ਤਕ ਪੰਜਾਬੀ ਦੇ ਕਈ ਦੈਨਿਕ, ਸਪਤਾਹਿਕ ਤੇ ਮਾਸਿਕ ਪੱਤਰ ਜਾਰੀ ਹੋ ਗਏ ਸਨ। ਇਨ੍ਹਾਂ ਪੱਤਰਾਂ ਦੇ ਆਰੰਭ ਕਰਨ ਵਿਚ ਸਮਕਾਲੀ ਸਿੰਘ ਸਭਾਵਾਂ ਦਾ ਵਿਸ਼ੇਸ਼ ਹੱਥ ਸੀ। ਇਨ੍ਹਾਂ ਅਖਬਾਰਾਂ ਰਸਾਲਿਆਂ ਵਿਚੋਂ ਕੁਝ ਪੱਤਰਕਾਵਾਂ ਤਾਂ ਥੋੜ੍ਹਾ ਸਮਾਂ ਚਲ ਕੇ ਹੀ ਬੰਦ ਹੋ ਗਈਆਂ ਸਨ, ਪਰੰਤੂ ਦੂਜੀਆਂ ਨੇ ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਨਿੱਗਰ ਹਿੱਸਾ ਪਾਇਆ। ਉਨ੍ਹਾਂ ਵਿਚੋਂ ਪ੍ਰਮੁੱਖ ਹਨ : 'ਖਾਲਸਾ ਸਮਾਚਾਰ', 'ਖਾਲਸਾ', 'ਫੁਲਵਾੜੀ', 'ਪ੍ਰੀਤਮ', 'ਰਣਜੀਤ ਨਗਾਰਾ' ਆਦਿ। ਉਰਦੂ ਅੱਖਰਾਂ ਵਿਚ 'ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਬਾਰ' ਤੇ 'ਸਾਰੰਗ' ਜਿਹੇ ਅਖਬਾਰ ਨਿਕਲੇ ਜਿਨ੍ਹਾਂ ਦਾ ਨਿਸ਼ਾਨਾ ਵੀ ਪੰਜਾਬੀ ਦਾ ਪ੍ਰਚਾਰ ਹੀ ਸੀ।

ਭਾਈ ਮੋਹਨ ਸਿੰਘ ਵੈਦ ਸਿੰਘ ਸਭਾ ਲਹਿਰ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਹ ਭਾਈ ਵੀਰ ਸਿੰਘ ਦੇ ਪੂਰਨਿਆਂ ਤੇ ਤੁਰਿਆ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਉਸ ਨੇ ਕਈ ਨਾਵਲ ਲਿਖੇ। ਵੈਦ ਨੇ ਆਪਣੇ ਨਾਵਲਾਂ ਵਿਚ ਵਧੇਰੇ ਸਮਾਜਕ ਸਮੱਸਿਆਵਾਂ ਨੂੰ ਹੀ ਲਿਆ ਹੈ। ਸੁਧਾਰਕ ਰੰਗ ਉਸ ਦੇ ਨਾਵਲਾਂ ਦਾ ਇਕ ਹੋਰ ਅਨਿੱਖੜਵਾਂ ਅੰਗ ਹੈ। ਭਾਈ ਮੋਹਨ ਸਿੰਘ ਵੈਦ ਨੇ ਸੌ ਤੋਂ ਵੱਧ ਕਿਤਾਬਾਂ ਲਿਖੀਆਂ ਹਨ। 'ਇਕ ਸਿੱਖ ਘਰਾਣਾ', 'ਨਾਸਤਕ', 'ਸੁਭਾਗ ਨੂੰਹ', 'ਸੁਖਦੇਵ ਕੌਰ', 'ਵਕੀਲ ਦੀ ਕਿਸਮਤ', 'ਸੁਸ਼ੀਲ ਵਿਧਵਾ', ਆਦਿ ਉਸ ਦੀਆਂ ਕੁਝ ਕੁ ਪ੍ਰਸਿੱਧ ਰਚਨਾਵਾਂ ਹਨ। ਮੋਹਨ ਸਿੰਘ ਵੈਦ ਦੇ ਸਮਕਾਲੀ ਅਤੇ ਸਿੰਘ ਸਭਾ ਲਹਿਰ ਦੇ ਇਕ ਹੋਰ ਖ਼ੈਰਖਵਾ ਚਰਨ ਸਿੰਘ ਸ਼ਹੀਦ ਨੇ 'ਸ਼ਾਮ ਸੁੰਦਰ', 'ਦਲੇਰ ਕੌਰ', 'ਰਣਜੀਤ ਕੌਰ', 'ਚੰਚਲ ਮੂਰਤੀ', 'ਦੋ ਵਹੁਟੀਆਂ' ਆਦਿ ਕਿਰਤਾਂ ਨਾਲ ਪੰਜਾਬੀ ਗਲਪ ਸਾਹਿਤ ਨੂੰ ਭਰਪੂਰ ਕਰਨ ਵਿਚ ਵਰਣਨ ਯੋਗ ਹਿੱਸਾ ਪਾਇਆ ਹੈ। ਉਸ ਦੀਆਂ ਰਚਨਾਵਾਂ ਵਧੇਰੇ ਸਮਾਜਕ, ਧਾਰਮਿਕ ਤੇ ਇਤਿਹਾਸਕ ਹਨ ਜਿਨ੍ਹਾਂ ਵਿਚ ਕੇਵਲ ਸਿੱਖ ਧਰਮ ਦੇ ਪ੍ਰਚਾਰ ਤੇ ਸਮਾਜਕ, ਸੁਧਾਰ ਨੂੰ ਲਿਆ ਗਿਆ ਹੈ। ਡਾ. ਬਲਬੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼', ਇਸ ਸਮੇਂ ਦੀ ਇਕ ਹੋਰ ਮਹੱਤਵਪੂਰਨ ਰਚਨਾ ਹੈ। ਪ੍ਰੋ. ਪੂਰਨ ਸਿੰਘ ਵੀ ਭਾਈ ਵੀਰ ਸਿੰਘ ਤੋਂ ਕਾਫੀ ਪ੍ਰਭਾਵਿਤ ਹੋਇਆ। ਉਸ ਦਾ ਇਕੋ ਇਕ ਲੇਖ ਸੰਗ੍ਰਹਿ 'ਖੁਲ੍ਹੇ ਲੇਖ' ਪੰਜਾਬੀ ਵਾਰਤਕ ਖੇਤਰ ਵਿਚ ਉੱਘਾ ਸਥਾਨ ਰੱਖਦਾ ਹੈ। ਇਸ ਸੰਗ੍ਰਹਿ ਵਿਚ ਉਸ ਨੇ ਵੱਖ ਵੱਖ ਵਿਸ਼ਿਆਂ ਉੱਤੇ ਨਿਬੰਧ ਲਿਖ ਕੇ ਸ਼ਾਮਲ ਕੀਤੇ ਹਨ। ਵਾਰਤਕ ਤੋਂ ਬਿਨਾਂ ਪੰਜਾਬੀ ਕਾਵਿ ਖੇਤਰ ਵਿਚ ਉਸ ਦੀ ਦੇਣ ਅਸਲੋਂ ਵਿਲੱਖਣ ਅਤੇ ਇਕ ਨਵੀਂ ਪਰੰਪਰਾ ਨੂੰ ਜਨਮ ਦੇਣ ਵਾਲੀ ਹੈ। ਧਨੀ ਰਾਮ ਚਾਤ੍ਰਿਕ ਆਪਣੇ ਪਿੰਡੋਂ ਸਤਾਰਾਂ ਸਾਲ ਦੀ ਉਮਰ ਵਿਚ ਅੰਮ੍ਰਿਤਸਰ ਆ ਗਿਆ ਸੀ ਅਤੇ ਉਸ ਨੂੰ 'ਵਜ਼ੀਰ ਹਿੰਦ ਪ੍ਰੈਸ' ਰਾਹੀਂ ਭਾਈ ਵੀਰ ਸਿੰਘ ਦੀ ਨੇੜਤਾ ਪ੍ਰਾਪਤ ਹੋਈ। ਭਾਈ ਸਾਹਿਬ ਦੀ ਪਰੇਰਨਾ ਨਾਲ ਉਸ ਵਿਚਲਾ ਕਵੀ ਦਾ ਹਿਰਦਾ ਜਾਗ ਪਿਆ ਅਤੇ ਉਹ 'ਖਾਲਸਾ ਸਮਾਚਾਰ' ਵਿਚ 'ਹਰੀਧਨ' ਨਾਂ ਹੇਠ ਕਵਿਤਾਵਾਂ ਛਪਵਾਉਣ ਲੱਗ ਪਿਆ। ਉਸ ਦੀਆਂ ਕਵਿਤਾਵਾਂ ਵਿਚ ਵਧੇਰੇ ਧਾਰਮਿਕ ਰੰਗ ਤੇ ਗੀਤ ਰਸ ਭਰਿਆ ਹੋਇਆ ਮਿਲਦਾ ਹੈ।

ਉਸ ਵੇਲੇ ਦੀਆਂ ਹੋਰ ਪ੍ਰਮੁੱਖ ਲਹਿਰਾਂ, ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਰਾਧਾ ਸਵਾਮੀ ਲਹਿਰ, ਬ੍ਰਹਮੋ ਸਮਾਜ, ਆਰੀਆ ਸਮਾਜ, ਈਸਾਈ ਮਿਸ਼ਨਰੀ ਆਦਿ ਨੇ ਪੰਜਾਬੀ ਸਾਹਿਤ ਤੇ ਸਿੱਧਾ ਅਸਰ ਤਾਂ ਨਹੀਂ ਪਾਇਆ ਪਰੰਤੂ ਇਨ੍ਹਾਂ ਲਹਿਰਾਂ ਸਕਦਾ ਲੋਕਾਂ ਦੇ ਵਿਚਾਰਾਂ ਤੇ ਸਾਹਿਤਕ ਝੁਕਾਵਾਂ ਉੱਤੇ ਢੇਰ ਪ੍ਰਭਾਵ ਪਿਆ। ਇਨ੍ਹਾਂ ਲਹਿਰਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵ ਦੇ ਨਾਲ ਅਸਲ ਰੂਪ ਵਿਚ ਆਧੁਨਿਕ ਪੰਜਾਬੀ ਸਾਹਿਤ ਨੂੰ ਜਨਮ ਦੇਣ ਵਾਲੀ ਸਿੰਘ ਸਭਾ ਲਹਿਰ ਹੀ ਕਹੀ ਜਾ ਸਕਦੀ ਹੈ। ਇਸ ਲਹਿਰ ਨੇ ਪੰਜਾਬੀ ਸਾਹਿਤ ਨੂੰ ਪੱਛਮ ਦੇ ਆਧੁਨਿਕਤਾ ਸਾਹਿਤ ਦੀ ਪਿਉਂਦ ਲਾ ਕੇ ਨਵੀਨ ਪੰਜਾਬੀ ਸਾਹਿਤ ਦਾ ਮੁੱਢ ਬੰਨ੍ਹਿਆ। ਨਵੀਨ ਪੰਜਾਬੀ ਸਾਹਿਤਕਾਰਾਂ ਵਿਚੋਂ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ, ਸ. ਚਰਨ ਸਿੰਘ ਸ਼ਹੀਦ, ਡਾ. ਬਲਬੀਰ ਸਿੰਘ ਆਦਿ ਉੱਤੇ ਇਸ ਲਹਿਰ ਦਾ ਅਸਰ ਪ੍ਰਤੱਖ ਦਿਸਦਾ ਹੈ।

ਭਾਈ ਵੀਰ ਸਿੰਘ ਇਸ ਲਹਿਰ ਦੀ ਸਭ ਤੋਂ ਮਹੱਤਵਪੂਰਨ ਦੇਣ ਹੈ। ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਆਪਣਾ ਸਾਰਾ ਜੀਵਨ ਲਾਇਆ, ਧਾਰਮਿਕ ਪ੍ਰਚਾਰ ਲਈ ਪੰਜਾਬੀ ਸਾਹਿਤ ਦੇ ਨਵੀਨ ਰੂਪਾਂ ਨੂੰ ਵਰਤੋਂ ਵਿਚ ਲਿਆਂਦਾ। ਉਹ ਧਾਰਮਿਕ ਪ੍ਰਚਾਰਕ ਹੋਣ ਦੇ ਨਾਲ ਨਾਲ ਆਧੁਨਿਕ ਪੰਜਾਬੀ ਸਾਹਿਤ ਰੂਪਾਂ ਦੇ ਜਨਮਦਾਤਾ ਵੀ ਹਨ। ਉਨ੍ਹਾਂ ਦੀ ਪਰੇਰਨਾ ਦਾ ਸੋਮਾ ਇਹ ਦਸਿਆ ਜਾਂਦਾ ਹੈ ਕਿ ਸਕੂਲ ਵਿਚ ਪੜ੍ਹਦੇ ਸਮੇਂ ਉਨ੍ਹਾਂ ਨੇ ਇਕ ਵਾਰ ਕਿਸੇ ਕਿਤਾਬ ਵਿਚੋਂ ਕਿਸੇ ਬਦੇਸ਼ੀ ਲੇਖਕ ਦੀ ਇਹ ਰਾਇ "The Sikhs are fast dis-appearing" ਪੜ੍ਹੀ। ਉਸ ਦਿਨ ਤੋਂ ਹੀ ਉਨ੍ਹਾਂ ਨੇ ਸਿੱਖ ਧਰਮ ਨੂੰ ਵੱਧ ਰਹੀ ਗਿਰਾਵਟ ਤੋਂ ਬਚਾਉਣ ਦਾ ਨਿਸ਼ਚਾ ਕਰ ਲਿਆ ਸੀ। ਉਹ ਕੇਵਲ ਸਾਹਿਤ ਨਿਰਮਾਤਾ ਹੀ ਨਹੀਂ ਸਨ ਸਗੋਂ ਹੋਰ ਸਾਹਿਤਕਾਰਾਂ ਨੂੰ ਪਰੇਰਨਾ ਦੇ ਕੇ ਉਨ੍ਹਾਂ ਦੀ ਸਾਹਿਤ ਨਿਰਮਾਣ ਵਿਚ ਸਹਾਇਤਾ ਵੀ ਕਰਦੇ ਸਨ। ਭਾਈ ਵੀਰ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਵਧੇਰੇ ਆਦਰਸ਼ ਸਿੱਖੀ-ਜੀਵਨ, ਭਗਤੀ ਦਾ ਜਜ਼ਬਾ, ਆਦਰਸ਼ਾਂ ਲਈ ਤਾਂਘ, ਕੁਦਰਤ ਦੇ ਪਿਆਰ ਤੇ ਸੁਹਜ ਨੂੰ ਪ੍ਰਗਟਾਇਆ ਹੈ। ਉਨ੍ਹਾਂ ਨੇ ਚਾਰ ਨਾਵਲ—'ਸੁੰਦਰੀ', 'ਸਤਵੰਤ ਕੌਰ', 'ਬਿਜੈ ਸਿੰਘ', 'ਬਾਬਾ ਨੌਧ ਸਿੰਘ', ਤਿੰਨ ਗੁਰੂ ਸਾਹਿਬਾਨਾਂ ਦੀਆਂ ਜੀਵਨੀਆਂ ਸੰਬੰਧੀ ਧਾਰਮਿਕ ਗਰੰਥ—'ਸ੍ਰੀ ਗੁਰੂ ਨਾਨਕ ਚਮਤਕਾਰ', 'ਸ੍ਰੀ ਅਸ਼ਟ ਗੁਰੂ ਚਮਤਕਾਰ', 'ਸ੍ਰੀ ਕਲਗੀਧਰ ਚਮਤਕਾਰ', ਇਕ ਮਹਾਂ ਕਾਵਿ, 'ਰਾਣਾ ਸੂਰਤ ਸਿੰਘ', ਇਕ ਕਾਵਿ ਨਾਟਕ 'ਰਾਜਾ ਲਖਦਾਤਾ ਸਿੰਘ' ਅਤੇ ਨਿੱਕੀਆਂ ਕਵਿਤਾਵਾਂ ਦੇ ਕੁਝ ਸੰਗ੍ਰਹਿ 'ਲਹਿਰਾਂ ਦੇ ਹਾਰ', 'ਬਿਜਲੀ ਦੇ ਹਾਰ', 'ਮਟਕ ਹੁਲਾਰੇ', 'ਮੇਰੇ ਸਾਈਆਂ ਜੀਓ' ਆਦਿ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਇਸ ਤੋਂ ਬਿਨਾਂ ਉਨ੍ਹਾਂ ਨੇ 'ਪੁਰਾਤਨ ਜਨਮ ਸਾਖੀ' ਨੂੰ ਕਈ ਹੋਰ ਦੁਰਲੱਭ ਨੁਸਖਿਆਂ ਨਾਲ ਮੇਲ ਕੇ ਅਤੇ ਸੰਪਾਦਿਕ ਕਰਕੇ ਅਗਸਤ 1926 ਵਿਚ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ਹੈ। 'ਸੰਤ ਗਾਥਾ' ਉਨ੍ਹਾਂ ਦੀ ਇਕ ਹੋਰ ਦੁਰਲੱਭ ਰਚਨਾ ਹੈ। ਸਿੱਖ ਧਰਮ ਲਈ ਪ੍ਰੇਮ ਤੇ ਉਤਸ਼ਾਹ ਪੈਦਾ ਕਰਨ ਵਿਚ ਭਾਈ ਵੀਰ ਸਿੰਘ ਨੇ ਸਾਹਿਤ ਰਾਹੀਂ ਉਹ ਅਸਰ ਪਾਇਆ ਜਿਹੜਾ ਹੋਰ ਕੋਈ ਵੀ ਪੰਜਾਬੀ ਲਿਖਾਰੀ ਜਾਂ ਕਵੀ ਨਹੀਂ ਪਾ ਸਕਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਦੀ ਵਾਰਤਕ ਦਾ ਉਦੇਸ਼

(ਚਮਤਕਾਰਾਂ ਦੇ ਆਧਾਰ ਤੇ)

ਭਾਈ ਵੀਰ ਸਿੰਘ ਦੀ ਵਾਰਤਕ ਦਾ ਮੂਲ ਉਦੇਸ਼ ਸਿੱਖੀ ਜੀਵਨ, ਸਿੱਖ ਸਮਾਜ ਤੇ ਸਿੱਖ ਫ਼ਲਸਫ਼ੇ ਦੀ ਵਿਆਖਿਆ ਕਰਨਾ ਹੈ, ਇਸੇ ਉਦੇਸ਼ ਦੀ ਪੂਰਤੀ ਲਈ ਹੀ ਉਹ ਮੁੱਢ ਤੋਂ ਲੈ ਕੇ ਅੰਤ ਤਕ ਆਪਣੀ ਸਾਰੀ ਵਾਰਤਕ ਵਿਚ ਸਿਰਤੋੜ ਯਤਨ ਕਰਦਾ ਜਾਪਦਾ ਹੈ। ਭਾਵੇਂ ਉਸ ਨੇ ਕੋਈ ਗੁਰੂ ਵਿਅਕਤੀ ਦੀ ਜੀਵਨੀ (ਚਮਤਕਾਰ) ਲਿਖੀ ਹੈ, ਭਾਵੇਂ ਕੋਈ ਅਰਧ ਇਤਿਹਾਸਕ ਨਾਵਲ ਤੇ ਭਾਵੇਂ ਕੋਈ ਲੇਖ, ਹਰ ਥਾਂ ਉਸ ਦੀ ਰਚਨਾ ਦਾ ਇਹ ਮਨੋਰਥ ਪ੍ਰਤੱਖ ਉੱਘੜਦਾ ਹੈ। 'ਸਤਵੰਤ ਕੌਰ' ਤੇ 'ਬਿਜੈ ਸਿੰਘ' ਦੀ ਭੂਮਿਕਾ ਵਿਚ ਉਸ ਨੇ ਖ਼ੁਦ ਲਿਖਿਆ ਹੈ ਕਿ ਮੇਰਾ ਮਨੋਰਥ ਵਿੱਦਿਆ ਦਾ ਪ੍ਰਚਾਰ ਜਾਂ ਸਾਹਿਤਕ ਪ੍ਰਗਟਾਵਾ ਕਰਨਾ ਨਹੀਂ, ਸਗੋਂ ਪਾਠਕਾਂ ਸਾਹਮਣੇ ਆਦਰਸ਼ ਰੂਪ ਵਿਚ ਸਿੱਖਾਂ ਦੇ ਜੀਵਨ ਤੇ ਘਟਨਾਵਾਂ ਪੇਸ਼ ਕਰਨ ਦਾ ਹੈ, 'ਗੁਰੂ ਨਾਨਕ ਚਮਤਕਾਰ' ਦੀ "ਭੂਮਿਕਾ" ਵਿਚ ਵੀ ਭਾਈ ਸਾਹਿਬ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਉਹ ਲਿਖਦੇ ਹਨ, "ਇਹ ਪੁਸਤਕ ਨਿਰਾ ਇਤਿਹਾਸ ਨਹੀਂ, ਪਰ ਇਤਿਹਾਸ ਦੀ ਬੋਲੀ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਟੀਕਾ ਹੈ। ਜੋ ਭਾਵ, ਉਪਦੇਸ਼ ਉਚ ਜੀਵਨ ਦੇ ਆਦਰਸ਼ ਉਸ ਇਲਾਹੀ ਇਲਹਾਮ ਵਿਚ ਹੈਨ, ਉਹ ਇਸ ਪੁਸਤਕ ਵਿਚ ਇਉਂ ਆਏ ਹਨ ਕਿ ਉਹਨਾਂ ਦੇ ਅਮਲ ਕਰਨ ਦੀਆਂ ਮਾਨੋ ਤਸਵੀਰਾਂ ਹਨ, ਅਮਲੀ ਜੀਵਨ ਬਸਰ ਕਰਨ ਲਈ ਪੂਰਨੇ ਹਨ, ਜਿਸ ਤੋਂ ਸਮਝ ਪੈਣ ਵਿਚ ਹੋਰ ਸੁਖੈਨਤਾ ਹੋ ਗਈ ਹੈ।[1]

ਭਾਈ ਸਾਹਿਬ ਕਿਉਂਕਿ ਸਿੰਘ ਸਭਾ ਲਹਿਰ ਦੇ ਸੰਚਾਲਕ ਸਨ। ਇਸ ਲਈ ਉਨ੍ਹਾਂ ਨੇ ਸਮੇਂ ਦੀ ਲੋੜ ਤੇ ਵਾਤਾਵਰਣ ਦੇ ਝੁਕਾ ਮੁਤਾਬਕ ਅਜਿਹੀ ਵਾਰਤਕ ਰਚੀ, ਜਿਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਕਰਨਾ, ਪੁਰਾਤਨ ਸਿੱਖ ਇਤਿਹਾਸ ਵਿਚੋਂ ਆਦੱਰਸ਼ਕ ਸਿੱਖ ਆਚਰਣ ਦੀਆਂ ਮਿਸਾਲਾਂ ਦੇਣਾ, ਸਿੱਖ ਧਰਮ ਦੀ ਹੋਰ ਧਰਮਾਂ ਨਾਲ ਤੁਲਨਾ ਕਰਕੇ ਵਡੱਤਣ ਸਿੱਧ ਕਰਨੀ, ਗੁਰਬਾਣੀ ਦੀ ਵਿਆਖਿਆ ਕਰਨੀ ਤੇ ਸਿੱਖੀ ਸਿਧਾਂਤਾਂ ਜਾਂ ਅਸੂਲਾਂ ਬਾਰੇ ਪਏ ਹੋਏ ਭੁਲੇਖਿਆਂ ਨੂੰ ਦੂਰ ਕਰਨਾ ਸੀ। ਇਸ ਤਰ੍ਹਾਂ ਭਾਈ ਸਾਹਿਬ ਨੇ ਸਾਹਿਤ ਜਾਂ ਕਲਾ ਨੂੰ ਚਿੰਤਨ ਨਾਲ ਜੋੜਿਆ ਹੈ। ਅਜਿਹਾ ਕੋਈ ਵਿਸ਼ੇਸ਼ ਪ੍ਰਤਿਭਾ ਵਾਲਾ ਕਲਾਕਾਰ ਹੀ ਕਰ ਸਕਦਾ ਹੈ। ਪੰਜਾਬੀ ਵਿਚ ਅਜਿਹੇ ਲੇਖਕਾਂ ਦੀ ਬਹੁਤ ਘਾਟ ਹੈ। ਸਾਡੇ ਬਹੁਤੇ ਲੇਖਕ ਅਕਸਰ ਦੁਬਿਧਾ ਜਾਂ ਦੁਚਿਤੀ ਵਿਚ ਹੀ ਗ੍ਰੱਸੇ ਹੋਏ ਹਨ।

8121

ਸਪਸ਼ਟ ਹੈ ਕਿ ਭਾਈ ਵੀਰ ਸਿੰਘ ਨੇ ਆਪਣੀ ਅਦੁੱਤੀ ਰਚਨਾ ਰਾਹੀਂ ਸੁੱਤੀ ਹੋਈ ਕੌਮ ਨੂੰ ਹਲੂਣਿਆਂ ਤੇ ਪੰਥ ਵਿਚ ਜਾਗਰਿਤੀ ਲਿਆਂਦੀ। ਉਹਨਾਂ ਨੇ ਵੇਖ ਲਿਆ ਸੀ ਕਿ ਇਕ ਪਾਸੇ ਈਸਾਈ ਮਿਸ਼ਨਰੀ ਆਪਣੇ ਧਰਮ ਦੇ ਪ੍ਰਚਾਰ ਲਈ ਸਿਰਤੋੜ ਯਤਨ ਕਰ ਰਹੇ ਹਨ ਅਤੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਆਪਣੇ ਪੈਰੋਕਾਰ ਬਣਾ ਰਹੇ ਹਨ ਅਤੇ ਦੂਸਰੇ ਪਾਸੇ ਆਰੀਆ ਸਮਾਜੀ ਤੇ ਹੋਰ ਵੱਖ ਵੱਖ ਧਰਮਾਂ ਨੇ ਆਪਣੇ ਧਰਮਾਂ ਨੂੰ ਬਚਾਉਣ ਲਈ ਵੱਡੇ ਕਦਮ ਚੁੱਕੇ ਹੋਏ ਹਨ ਤੇ ਉਹਨਾਂ ਦਾ ਪ੍ਰਚਾਰ ਜ਼ੋਰਾਂ ਤੇ ਹੈ। ਸਮੇਂ ਦੀ ਲੋੜ ਨੂੰ ਮਹਿਸੂਸ ਕਰਦਿਆਂ ਸਿੱਖ ਧਰਮ ਨੂੰ ਬਚਾਉਣ ਲਈ, ਭਾਈ ਸਾਹਿਬ ਨੇ ਆਪਣੀ ਲਿਖਤ ਦਾ ਉਦੇਸ਼ ਸਿੱਖ ਅਸੂਲਾਂ ਦਾ ਪ੍ਰਚਾਰ ਤੇ ਸਿੱਖ ਭਾਈਚਾਰੇ ਦਾ ਹਰ ਪਾਸਿਉਂ ਸੁਧਾਰ ਕਰਨਾ ਨੀਯਤ ਕੀਤਾ। ਇਸ ਮਨੋਰਥ ਦਾ ਇਕ ਹੋਰ ਕਾਰਣ ਘਰੋਗੀ ਵਾਤਾਵਰਣ ਸੀ। ਘਰ ਵਿਚ ਗੁਰਮੁਖੀ ਦਾ ਪਠਣ-ਪਾਠਣ ਨਿੱਤ ਹੁੰਦਾ ਰਹਿੰਦਾ ਸੀ। ਭਾਈ ਸਾਹਿਬ ਦੇ ਪਿਤਾ ਡਾ. ਚਰਨ ਸਿੰਘ ਨੇ ਸਾਲਾਂ ਬੱਧੀ ਇਹ ਕੰਮ ਜਾਰੀ ਰੱਖ ਕੇ 'ਬਾਣੀ ਬਿਉਰਾ' ਲਿਖਿਆ ਹੈ। ਇਸ ਤਰ੍ਹਾਂ ਭਾਈ ਸਾਹਿਬ ਨੇ ਚੌਗਿਰਦੇ ਤੋਂ ਅਸਰ ਲੈ ਕੇ 'ਗੁਰੂ ਗ੍ਰੰਥ ਸਾਹਿਬ' ਦੇ ਉਪਦੇਸ਼ ਨੂੰ ਗ੍ਰਹਿਣ ਕੀਤਾ। ਉਸ ਦੇ ਅਧਿਆਤਮਕ ਪ੍ਰਭਾਵ ਨੂੰ ਨੂੰ ਆਪਣੇ ਅੰਦਰ ਜਜ਼ਬ ਕੀਤਾ ਤੇ ਉਸ ਰੰਗ ਨੂੰ ਆਪਣੀ ਰੂਹਾਨੀਅਤ ਵਿਚ ਢਾਲ ਕੇ ਇਕ ਮਿਕ ਕੀਤਾ ਤੇ ਫਿਰ ਇਸ ਅੰਦਰਲੇ ਪਿਘਲੇ ਹੋਏ ਜੀਵਨ ਨੂੰ ਆਪਣੀ ਲੇਖਣੀ ਤੇ ਕਰਨੀ ਰਾਹੀਂ ਪ੍ਰਗਟ ਕੀਤਾ। ਇਸ ਆਸ਼ੇ ਨੂੰ ਉਹਨਾਂ ਕਿਸੇ ਪ੍ਰਚਾਰਕ, ਸੁਧਾਰਕ ਤੇ ਰਸਮੀ ਢੰਗ ਵਿਚ ਨਹੀਂ ਸਗੋਂ ਇਕ ਸੁੱਘੜ ਸਾਹਿਤਕਾਰ ਵਾਂਗ ਕਲਾ-ਪੂਰਨ ਸ਼ੈਲੀ ਰਾਹੀਂ ਪ੍ਰਗਟ ਕੀਤਾ। ਫਲਸਰੂਪ ਭਾਈ ਸਾਹਿਬ ਛੇਤੀ ਹੀ ਸਿੱਖ ਸੰਸਾਰ ਤੇ ਸਾਹਿਤ ਮੰਡਲ ਵਿਚ ਇਕ ਸੰਸਥਾ ਬਣ ਕੇ ਚਮਕੇ।

ਤਿੰਨਾਂ ਚਮਤਕਾਰਾਂ ਵਿਚ ਭਾਈ ਵੀਰ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤਾਂ, ਇਤਿਹਾਸਕ ਘਟਨਾਵਾਂ ਤੇ ਸਾਖੀਆਂ ਨੂੰ ਅਜਿਹੇ ਢੰਗ ਨਾਲ ਪੇਸ਼ ਕੀਤਾ ਹੈ ਕਿ ਉਹ ਇਕ ਖਾਸ ਰੂਪ ਧਾਰ ਕੇ ਬੁੱਧੀ ਨੂੰ ਸੰਤੁਸ਼ਟੀ ਦੇਣ ਵਾਲੀਆਂ ਰਚਨਾਵਾਂ ਤਿਆਰ ਹੋ ਗਈਆਂ ਹਨ। ਇਹਨਾਂ ਰਚਨਾਵਾਂ ਵਿਚ ਜਿਹੜੀਆਂ ਸਾਖੀਆਂ ਵਿਸ਼ੇ ਪਖੋਂ ਸਾਧਾਰਣ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨਾਂ ਵਿਚ ਸ਼ਿੰਗਾਰ, ਬਿਆਨ ਤੇ ਪ੍ਰਗਟਾ ਢੰਗ ਨਾਲ ਭਾਈ ਸਾਹਿਬ ਨੇ ਇਕ ਵਿਸ਼ੇਸ਼ ਆਨੰਦ ਭਰ ਦਿੱਤਾ ਹੈ। ਇਹ ਚਮਤਕਾਰ ਕੇਵਲ ਸੰਬੰਧਤ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਹੀ ਨਹੀਂ, ਸਗੋਂ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਕਲਾ ਪੂਰਤ ਵਿਆਖਿਆ ਵੀ ਹਨ। ਇਹ ਆਪਣੇ ਆਪ ਵਿਚ ਪਹਿਲੀ ਵਿਆਖਿਆ ਹੈ ਜਿਸ ਵਿਚ ਆਮ ਲੋਕਾ ਦੀ ਬੋਲੀ ਦੁਆਰਾ ਬੜੀ ਕਾਵਿ-ਮਈ ਵਾਰਤਕ ਵਿਚ ਗੁਰੂ ਸਾਹਿਬਾਨ ਦੇ ਦ੍ਰਿਸ਼ਟੀਕੋਣ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤਰ੍ਹਾਂ ਚਮਤਕਾਰਾਂ ਵਿਚ ਭਾਈ ਸਾਹਿਬ ਦਾ ਮਨੋਰਥ ਨਿਰਾ ਗੁਰੂ ਵਿਅਕਤੀਆਂ ਦੇ ਜੀਵਨ ਨੂੰ ਪੇਸ਼ ਕਰਨਾ ਹੀ ਨਹੀਂ ਸਗੋਂ ਇਨ੍ਹਾਂ ਰਾਹੀਂ ਗੁਰੂ ਸਾਹਿਬਾਨ ਦੀ ਅਸਲੀ ਸਿਖਿਆ ਤੇ ਉਨ੍ਹਾਂ ਦੇ ਅਨੋਖੇ ਵਿਅਕਤੀਤਵ ਦੀ ਪੇਸ਼ਕਾਰੀ ਵੀ ਹੈ ਇਹ ਪ੍ਰਗਟਾਵਾ ਉਨ੍ਹਾਂ ਵਿਅਕਤੀਆਂ ਦੇ ਜੀਵਨ ਨੂੰ ਪੇਸ਼ ਕਰਨ ਤੋਂ ਵੀ ਹੋ ਸਕਦਾ ਹੈ ਜੋ ਗੁਰੂ ਜੀ ਦੇ ਚਰਨਾਂ ਨੂੰ ਪ੍ਰਾਪਤ ਹੋਏ ਹੋਣ ਤੇ ਇਸੇ ਢੰਗ ਨਾਲ ਹੀ ਭਾਈ ਸਾਹਿਬ ਨੇ ਇਹ ਵਿਅਕਤੀਤਵ ਪੇਸ਼ ਕੀਤੇ ਹਨ। ਚਮਤਕਾਰਾਂ ਦੇ ਪੂਰੇ ਸਿਰਲੇਖ ਪੜ੍ਹਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਜੋ ਇਸ ਤਰ੍ਹਾਂ ਹਨ :

ਸ੍ਰੀ ਗੁਰੂ ਨਾਨਕ ਚਮਤਕਾਰ

ਅਰਥਾਤ

ਜੀਵਨ ਚਰਿਤ੍ਰ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

ਉਨ੍ਹਾਂ ਦੇ ਚਰਨਾਂ ਨੂੰ ਪ੍ਰਾਪਤ ਪੁਰਖਾਂ ਦੇ ਪ੍ਰਸੰਗਾਂ ਤੋਂ ਵਿਦਿਤ

ਬਾਕੀ ਚਮਤਕਾਰਾਂ ਦੇ ਸਿਰਲੇਖ ਵੀ ਬਿਲਕੁਲ ਏਸੇ ਢੰਗ ਨਾਲ ਹੀ ਲਿਖੇ ਹਨ। ਪਿਆਰ ਸਿੰਘ ਅਨੁਸਾਰ, "ਇਸ ਤਰ੍ਹਾਂ ਭਾਈ ਸਾਹਿਬ ਲਈ ਗੁਰੂ ਵਿਅਕਤੀਆਂ ਇਕ ਇਸ਼ਟ ਹਨ, ਰੱਬ ਦਾ ਸਰੂਪ ਹਨ ਜਿੰਨ੍ਹਾਂ ਨੂੰ ਲਖਣਾ ਮਨੁੱਖ ਦੀ ਤੁਛ ਬੁੱਧੀ ਲਈ ਸੰਭਵ ਨਹੀਂ ਹੈ। ਇਸ ਕਾਰਨ ਉਹ ਉਨ੍ਹਾਂ ਨੂੰ ਲੱਖਣ ਦਾ ਦਾਅਵਾ ਨਹੀਂ ਕਰਦੇ। ਉਂਜ ਇਹ ਹੈ ਵੀ ਭਾਰਤੀ ਸੁਭਾ ਦੇ ਅਨੁਕੂਲ, ਸੌਂਦਰਯ ਦਾ ਵਰਨਣ ਭਾਰਤੀ ਲੇਖਕ ਪਰੋਖ ਰੂਪ ਵਿਚ ਹੀ ਕਰਦੇ ਰਹੇ ਹਨ, ਉਸ ਦਾ ਪ੍ਰਭਾਵ ਅੰਕੁਤ ਕਰਕੇ, ਨਾ ਕਿ ਸਿਧਾ ਸੁੰਦਰਮ ਦਾ ਵਰਨਣ ਦੇ ਕੇ।"[2]

ਇਹਨਾਂ ਚਮਤਕਾਰਾਂ ਦੇ ਉਪਰੋਕਤ ਸਿਰਲੇਖ ਦੀ ਅੰਦਰਲੀ ਸਤਰ ਤੇ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਨੂੰ ਹੋਰ ਸਪਸ਼ਟ ਕਰਨ ਲਈ ਭਾਈ ਸਾਹਿਬ ਨੇ 'ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਕਲਗੀਧਰ ਚਮਤਕਾਰ' ਦੀ "ਭੂਮਿਕਾ" ਵਿਚ ਲਿਖਿਆ ਹੈ, "ਗੁਰਸਿਖੀ ਦੀ ਰਹੁ ਰੀਤ ਤੇ ਉੱਚੀ ਹਿੰਮਤ, ਉੱਚੇ ਆਸ਼ੇ, ਉੱਚੇ ਦਿਲ ਟਿਕਾਣੇ, ਸਾਈਆਂ ਜੀ ਨਾਲ ਮੇਲ ਤੇ ਇਨ੍ਹਾਂ ਦੇ ਸਾਧਨ, ਬਾਣੀ ਦਾ ਪਾਠ ਤੇ ਕੀਰਤਨ, ਨਾਮ ਦਾ ਅਭਿਆਸ, ਵਾਹਿਗੁਰੂ ਵਜੂਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਪ੍ਰੇਮ, ਸਤਿਸੰਗ, ਸਿਦਕ ਤੇ ਭਰੋਸਾ, ਅੰਮ੍ਰਿਤ, ਰਹਿਣੀ, ਕਹਿਣੀ, ਬਹਿਣੀ ਦੀ ਸੁਛਤਾ, ਆਚਰਣ ਦੀ ਸ਼ੁੱਧੀ, ਇਹ ਉੱਚ ਜੀਵਨ ਹੈ ਜੋ ਦਸਾਂ ਸਤਿਗੁਰਾਂ ਸਾਹਿਬਾਂ ਨੇ ਜਗਤ ਨੂੰ ਦਿੱਤਾ...। ਨਿਰਾ ਸਿਖਾਇਆ ਨਹੀਂ, ਇਹ ਆਪ ਕਰਕੇ ਵਰਤ ਕੇ ਦਸਿਆ ਤੇ ਦੂਜਿਆਂ ਨੂੰ ਇਸ ਵਿਚ ਪਲਟਾ ਦੇ ਕੇ ਉਹੋ ਜਿਹਾ ਬਣਾ ਕੇ ਦਿਖਾਇਆ। ਇਸ ਤੋਂ ਵਧ ਕੇ ਜਿੰਨ੍ਹਾਂ ਦੇ ਜੀਵਨ ਐਸੇ ਬਣਾਏ, ਉਨ੍ਹਾਂ[3] ਵਿਚ ਅਗੋਂ ਐਸੇ ਜੀਵਨ ਬਣਾ ਲੈਣ ਦੀ ਸਮਰੱਥਾ ਤੇ ਪ੍ਰਬੀਨਤਾ ਪਾਈ। ਇਸੇ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਵਿਚ ਇਲਾਹੀ ਇਲਹਾਮ ਨੂੰ ਸਰੀਰ ਧਾਰੀ ਕਰ ਦਿੱਤਾ ਤੇ ਸ੍ਰੀ ਦਰਬਾਰ ਸਾਹਿਬ ਹਰਿ ਜਪਣ ਤੇ ਹਰਿ ਕੀਰਤਨ ਲਈ ਸਾਜ ਦਿੱਤਾ।"[4]

ਭਾਈ ਸਾਹਿਬ ਦਾ ਇਨ੍ਹਾਂ ਚਮਤਕਾਰਾਂ ਨੂੰ ਲਿਖਣ ਦਾ ਮਨੋਰਥ ਸਿੱਖ ਧਰਮ ਵਿਚ ਆ ਰਹੀ ਗਿਰਾਵਟ ਨੂੰ ਖਤਮ ਕਰਨ ਦੀ ਕਲਪਨਾ ਪਿਛੇ ਹੈ ਕਿਉਂਕਿ ਰਾਜਸੀ ਅਧੋਗਤੀ ਦੇ ਸਦਕਾ ਸਿੱਖ ਸਮਾਜ ਵਿਚ ਨਿਰਾਸ਼ਾ ਛਾ ਗਈ ਸੀ ਤੇ ਗੁਰੂ ਸਾਹਿਬਾਨ ਵਲੋਂ ਦਰਸਾਏ ਗਏ ਉੱਚ ਆਦਰਸ਼ਾਂ ਤੋਂ ਉਹ ਹੇਠਾਂ ਡਿੱਗਣ ਲੱਗ ਪਏ ਸਨ। ਭਾਈ ਸਾਹਿਬ ਜਿਹੇ ਪੰਥ ਹਿਤੈਸ਼ੀ ਤੋਂ ਇਹ ਹਾਲਤ ਸਹਿਨ ਨਾ ਕੀਤੀ ਗਈ ਜਿਸ ਦਾ ਜ਼ਿਕਰ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਚਮਤਕਾਰ ਦੀ "ਭੂਮਿਕ੍ਰਾ" ਵਿਚ ਇੰਜ ਕੀਤਾ ਹੈ, "ਸਮੇਂ ਦੇ ਫੇਰਾਂ, ਰਾਜਸੀ ਮੁਸ਼ਕਲਾਂ ਵਿਚ ਮਿਹਨਤਾਂ ਤੇ ਤਸੀਹਿਆਂ ਦੇ ਸਾਹਮਣੇ ਫੇਰ ਰਾਜਮਦ ਤੇ ਉਸ ਵਿਚ ਕੁਸੰਗ ਦੇ ਪ੍ਰਵੇਸ਼ ਨੇ, ਤੇ ਫੇਰ ਐਸ਼ਵਰਜ ਵਿਨਾਸ਼ ਨੇ ਐਸੀ ਨੀਂਦਰੇ ਸੁਆਲਿਆ ਕਿ ਅੱਜ ਤੋਂ ਤ੍ਰੀਹ ਚਾਲੀ ਵਰ੍ਹੇ ਪਹਿਲੇ ਮੇਲਿਆਂ ਪਤ ਗੁਰਧਾਮਾਂ ਤੇ ਗਿਆਂ ਸਿੱਖੀ ਦੇ ਗਿਰਾਉ ਦੀ ਤਸਵੀਰ ਅੱਖਾਂ ਅਗੇ ਆਪੇ ਆ ਜਾਂਦੀ ਹੁੰਦੀ ਸੀ। ਉੱਚ ਜੀਵਨ ਘਟ ਗਏ ਸਨ ਤੇ ਪ੍ਰਚਾਰ ਉੱਕਾ ਬੰਦ ਹੋ ਗਿਆ ਸੀ।"[5] ਇਸ ਸਮੱਸਿਆ ਦਾ ਹੱਲ ਅੱਗੇ ਜਾ ਕੇ ਉਹ ਇਸ ਤਰ੍ਹਾਂ ਪ੍ਰਗਟ ਕਰਦੇ ਹਨ, "ਉੱਚ ਜੀਵਨ ਦਾ ਪ੍ਰਚਾਰ ਤਾਂ ਹੁੰਦਾ ਹੈ ਜੇ ਧਰਮ ਅਸਥਾਨਾਂ ਤੇ ਟਿਕਾਣਿਆਂ ਦੇ ਉੱਚ ਜੀਵਨ ਵਾਲੇ ਗੁਰਮੁਖ ਬੈਠੇ ਹੋਣ ਤੇ ਪ੍ਰਚਾਰ ਕਰਨ, ਉਨ੍ਹਾਂ ਦੇ ਉਪਦੇਸ਼ ਤੇ ਅਮਲ ਤੇ ਉੱਚ ਜੀਵਨ ਦੇ ਨਕਸ਼ੇ ਅੱਖਾਂ ਅੱਗੇ ਆਉਣ ਤੇ ਕਣੀ ਵਾਲੇ ਗੁਰਸਿੱਖਾਂ ਦਾ ਸੰਗ ਸਹਿਲ ਪ੍ਰਾਪਤ ਹੋਵੇ।"[6] ਜਦ ਭਾਈ ਸਾਹਿਬ ਨੇ ਵੇਖਿਆ ਕਿ ਉਸ ਵਕਤ ਧਾਰਮਕ ਅਸਥਾਨਾਂ ਤੇ ਟਿਕਾਣਿਆਂ ਵਿਚ ਉੱਚੇ ਜੀਵਨ ਵਾਲੇ ਗੁਰਮੁਖ ਨਾ ਰਹੇ ਤੇ ਸਾਧਾਰਨ ਸੰਗਤਾਂ ਨੂੰ ਕਣੀ ਵਾਲੇ ਗੁਰਸਿੱਖਾਂ ਦਾ ਸੰਗ ਪ੍ਰਾਪਤ ਹੋਣਾ ਸੌਖਾ ਨਾ ਰਿਹਾ ਤਾਂ ਉਹਨਾਂ ਸੋਚਿਆ ਉਂਜ ਭਾਵੇਂ 'ਉੱਚੇ ਜੀਵਨ ਲਈ ਉੱਚੇ ਜੀਵਨ ਹੀ ਅੱਖਾਂ ਅਗੇ ਆਉਣ ਤਾਂ ਲਾਭ ਹੁੰਦਾ ਹੈ' ਪਰੰਤੂ ਜੇ ਇਹ ਸੰਭਵ ਨਾ ਹੋ ਸਕੇ ਤਾਂ ਫਿਰ ਉੱਚੇ ਜੀਵਨ ਜੀਕੂੰ ਬਸਰ ਹੋਏ ਹੂ-ਬ-ਹੂ ਉਨ੍ਹਾਂ ਦੀਆਂ ਮਾਨੋ ਜੀਉਂਦੀਆਂ ਤਸਵੀਰਾਂ ਅੱਖਾਂ ਅੱਗੇ ਆ ਜਾਣ, ਤਾਂ ਵੀ ਲਾਭ ਹੁੰਦਾ ਹੈ। ਭਾਈ ਸਾਹਿਬ ਲਿਖਦੇ ਹਨ ਕਿ ਕੋਰੇ ਇਤਿਹਾਸ ਨਾਲ ਇਹ ਪ੍ਰਾਪਤੀ ਨਹੀਂ ਹੋ ਸਕਦੀ। ਉਨ੍ਹਾਂ ਦੇ ਸ਼ਬਦਾਂ ਵਿਚ, "ਨਿਰੇ ਸੰਮਤ, ਤ੍ਰੀਕਾਂ ਤੇ ਵਾਕਿਆਤ ਦੀਆਂ ਸੂਚੀ ਪੱਤਰਾਂ ਨਾਲ ਲੇਖਾ ਪੱਤਾ ਤਾਂ ਲੱਭਦਾ ਹੈ, ਹੋਰ ਲਾਭ ਵੀ ਹੁੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ, ਪਰ ਜੀਵਨ ਗੁਮ ਕੇ ਰੌਂਆਂ ਨਹੀਂ ਮਾਰ ਉੱਠਦੇ। ਹਾਂ 'ਜੀਵਨ ਲਹਿਰ' ਤਾਂ ਵਲਵਲੇ ਵਿਚ ਆਉਂਦਾ ਹੈ ਜੋ ਜ਼ਿੰਦਗੀਆਂ ਜੀਕੂੰ ਬਸਰ ਹੋਈਆਂ ਤਿਵੇਂ ਹੂ-ਬ-ਹੂ ਹਿਲਦੀਆਂ, ਜੁਲਦੀਆਂ ਕੰਮ ਕਰਦੀਆਂ, ਸੁਖੀ-ਦੁਖੀ ਹੁੰਦੀਆਂ, ਚੜ੍ਹਦੀਆਂ, ਫਿਸਲਦੀਆਂ, ਉੱਠਦੀਆਂ, ਹੰਭਲੇ ਮਾਰਲੀਆਂ, ਕਾਮਯਾਬ ਹੁੰਦੀਆਂ, ਉੱਚੇ ਭਾਵਾਂ ਨਾਲ ਕੰਬਦੀਆਂ, ਥਰਥਰਾਉਂਦੀਆਂ ਰਸਲੀਨ ਹੁੰਦੀਆਂ ਅੱਖਾਂ ਅਗੇ ਆਉਣ, ਉਨ੍ਹਾਂ ਉੱਤੇ ਵਸਦੇ ਮਿਹਰ ਦੇ ਚੋਜ ਨੈਣਾਂ ਦੇ ਸਾਹਮਣੇ ਫਿਰ ਜਾਣ, ਜਿਨ੍ਹਾਂ ਤੋਂ ਆਦਮੀ ਮੁਅੱਸਰ ਹੋਵੇ, ਆਪਣੇ ਦਿਲ ਦੇ ਛੋੜ ਕੱਟੇ ਜਾਣ, ਮਨ ਕੁਝ ਵਿਰਾਗ ਵਿਚ ਆਵੇ, ਆਪਣਾ ਆਪ ਉਸ ਚਾਨਣ-ਉਸ ਨਿਰਮਲਤਾ-ਵਿਚ ਦਿਸੇ ਜੋ ਐਉਂ ਆਉਂਦੀ ਹੈ, ਤੇ ਆਪੇ ਵਿਚ ਉੱਚੇ ਹੋਣ ਦਾ ਪ੍ਰੇਮ ਉਠੇ।"[7]

ਭਾਈ ਸਾਹਿਬ ਦਾ ਮਨੋਰਥ ਸਪਸ਼ਟ ਹੈ ਕਿ ਅਜਿਹੀ ਜੀਵਨੀ ਹੀ ਉੱਚ ਜੀਵਨ ਦਾ ਰਸਤਾ ਦਸ ਸਕਦੀ ਹੈ ਜਾਂ ਸਿਖਿਆ ਦੇ ਸਕਦੀ ਹੈ ਜਿਸ ਵਿਚ ਉਪਰੋਕਤ ਦਸੇ ਸਾਰੇ ਗੁਣ ਹੋਣ। ਅਜਿਹੀ ਜੀਵਨੀ ਰਾਹੀਂ ਹੀ ਮਨੁੱਖ ਵਿਚ ਭਲਿਆਈ, ਉੱਦਮ, ਬਾਣੀ, ਕੀਰਤਨ ਤੇ ਉਪਕਾਰ ਦੀ ਲਗਨ ਪੈਦਾ ਹੋ ਸਕਦੀ ਹੈ। ਤੇ ਉਸ ਵਿਚ ਨਾਮ ਤੇ ਰੰਗ ਰਸ ਲਈ ਗੁਰਸਿੱਖ, ਗੁਰਮੁਖ ਦਾ ਤੇ ਕਹਿਣੀ ਰਹਿਣੀ ਵਾਲੇ ਉੱਚੇ ਸੁੱਚੇ ਸਤਿਸੰਗ ਦਾ ਚਾਉ ਉਪਜ ਸਕਦਾ ਹੈ। ਸੋ ਭਾਈ ਵੀਰ ਸਿੰਘ ਨੇ ਤਿੰਨਾਂ ਚਮਤਕਾਰਾਂ ਵਿਚ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਸਮਕਾਲੀ ਗੁਰਸਿੱਖਾਂ, ਭਗਤਾਂ ਜਾਂ ਹੋਰ ਪੁਰਖਾਂ ਦੇ ਜੀਵਨ ਪ੍ਰਸੰਗਾਂ ਨੂੰ ਪ੍ਰਗਟ ਕਰਕੇ, ਉਨ੍ਹਾਂ ਉੱਤੇ ਗੁਰੂ ਸਾਹਿਬਾਨ ਦੇ ਜੀਵਨ ਤੇ ਸ਼ਖ਼ਸੀਅਤਾਂ ਦੇ ਪਏ ਡੂੰਘੇ ਪ੍ਰਭਾਵਾਂ ਦਾ ਵਰਣਨ ਕੀਤਾ ਹੈ, ਇਸ ਤਰ੍ਹਾਂ ਇਹ ਪ੍ਰਭਾਵ ਅਸਿਧੇ ਤੌਰ ਤੇ ਗੁਰੂ ਸਾਹਿਬਾਨ ਦੇ ਜੀਵਨ ਤੇ ਸ਼ਖ਼ਸੀਅਤਾਂ ਦਾ ਹੀ ਪ੍ਰਗਟਾਵਾ ਹਨ। 'ਸ੍ਰੀ ਅਸ਼ਟ ਗੁਰ ਚਮਤਕਾਰ' (ਭਾਗ 2) ਵਿਚ "ਭਾਈ ਕਲਯਾਣਾ", "ਭਾਈ ਮੰਞ" "ਭਾਈ ਬਹੋੜਾ" "ਭਾਈ ਬਹਿਲੋ", "ਭਾਈ ਬੁੱਧੂ", "ਭਾਈ ਅਜਬ ਅਜਾਇਬ", "ਗੰਗਾ ਰਾਮ ਬ੍ਰਾਹਮਣ", "ਭਾਈ ਹੇਮਾ", ਆਦਿ ਗੁਰਸਿੱਖਾਂ ਦੀਆਂ ਸਾਖੀਆਂ ਕਿਸੇ ਨਾ ਕਿਸੇ ਰੂਪ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਅਕਤੀਤਵ ਨੂੰ ਜ਼ਾਹਰ ਕਰਦੀਆਂ ਹਨ। ਇਹ ਸਾਰੇ ਗੁਰਸਿੱਖ ਜੋ ਕੁਝ ਬਣੇ ਜਾਂ ਉਨ੍ਹਾਂ ਵਿਚ ਗੁਣ ਸਨ ਉਹ ਸਭ ਗੁਰੂ ਜੀ ਦੀ ਅਪਾਰ ਸ਼ਖ਼ਸੀਅਤ ਦੇ ਪ੍ਰਭਾਵ ਸਦਕਾ ਹੀ ਪੈਦਾ ਹੋਏ ਸਨ। ਫਲ ਸਰੂਪ ਕਿਸੇ ਇਕ ਚਮਤਕਾਰ ਦੇ ਸਮੁੱਚੇ ਅਧਿਐਨ ਰਾਹੀਂ ਜਿਥੇ ਉਸ ਨਾਲ ਸਬੰਧਤ ਗੁਰੂ ਸਾਹਿਬ ਦੇ ਜੀਵਨ ਦਾ ਪਤਾ ਲੱਗਦਾ ਹੈ ਉਥੇ ਉਨ੍ਹਾਂ ਦੀ ਨੂਰੀ ਤੇ ਮਹਾਨ ਸ਼ਖ਼ਸੀਅਤ ਦਾ ਵੀ ਸਪਸ਼ਟ ਭਾਂਤ ਪ੍ਰਗਟਾਵਾ ਹੋ ਜਾਂਦਾ ਹੈ।

ਭਾਈ ਵੀਰ ਸਿੰਘ ਦਾ ਆਰੰਭ ਵਿਚ ਇਹ ਚਮਤਕਾਰ ਇਸ ਤਰ੍ਹਾਂ ਸੰਚਿਤ ਕਰਨ ਦਾ ਕੋਈ ਵਿਚਾਰ ਨਹੀਂ ਸੀ ਤੇ ਨਾ ਹੀ ਇਨ੍ਹਾਂ ਚਮਤਕਾਰਾਂ ('ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਕਲਗੀਧਰ ਚਮਤਕਾਰ') ਦਾ ਮੈਟਰ ਇਸ ਮਨੋਰਥ ਨਾਲ ਲਿਖਿਆ ਗਿਆ ਸੀ। ਭਾਈ ਸਾਹਿਬ ਇਨ੍ਹਾਂ ਗ੍ਰੰਥਾਂ ਦੇ ਹੋਂਦ ਵਿਚ ਆਉਣ ਦਾ ਇਤਿਹਾਸ ਇਨ੍ਹਾਂ ਦੀਆਂ ਭੂਮਿਕਾਵਾਂ ਵਿਚ ਇਸ ਤਰ੍ਹਾਂ ਲਿਖਦੇ ਹਨ, "ਪਿਛਲੇ ਪੰਝੀ ਤ੍ਰੀਹ ਵਰ੍ਹੇ ਗੁਰਪੁਰਬਾਂ ਤੇ ਹੋਰ ਮੌਕਿਆਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸੇ ਪ੍ਰਸੰਗ ਤੋਂ ਜੀਵਨ ਲਿਖੇ ਜਾਣ ਦਾ ਅਵਸਰ ਬਣਦਾ ਰਿਹਾ ਹੈ, ਜਿਨ੍ਹਾਂ ਵਿਚ ਇਹ ਕਾਰਜ ਹੁੰਦਾ ਰਿਹਾ ਹੈ। ਇਹ ਜੀਵਨ ਸਮਾਚਾਰ ਸਮੇਂ ਸਮੇਂ ਸਿਰ ਲਿਖੀਂਦੇ ਤੇ ਸੰਗਤਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚਦੇ ਰਹੇ ਹਨ। ਨਿੱਕੇ ਨਿੱਕੇ ਹੋਣ ਕਰਕੇ ਇਹ ਸਾਂਭੇ ਘੱਟ ਗਏ ਤੇ ਅੱਗੋਂ ਇਹ ਮਿਲਨੋਂ ਘਟਦੇ ਗਏ ਤੇ ਉਹ ਹਿੱਸਾ ਜੋ ਖਾਲਸਾ ਟ੍ਰੈਕਟ ਸੁਸਾਇਟੀ ਨੇ ਛਾਪਿਆ ਸੀ, ਉਹ ਭੀ ਛੇਤੀ ਨਾ ਛਪਣ ਕਰਕੇ ਗੁੰਮ ਹੁੰਦਾ ਗਿਆ। ਆਖਰ ਇਹ ਮੰਗ ਪੈਦਾ ਹੋਈ ਕਿ ਇਹ ਸਹਿਤਯ, ਜੋ ਹੁਣ ਗੁੰਮ ਹੋ ਚਲਿਆ ਹੈ, ਸੰਭਾਲਿਆ ਜਾਵੇ, ਤੇ ਇਕ ਸੰਚੇ ਵਿਚ ਕੱਠਿਆਂ ਕਰ ਦਿੱਤਾ ਜਾਵੇ, ਜੋ ਇਹ ਸਾਹਿਤ ਗੁੰਮ ਨਾ ਹੋ ਜਾਵੇ। ਸੋ ਪਿਛਲੇ ਪੰਝੀ ਤ੍ਰੀਹ ਸਾਲਾਂ ਦੇ ਲਿਖੇ ਲੇਖ ਜੋ ਟ੍ਰੈਕਟ, ਅਖਬਾਰ ਵਿਚ ਯਾ ਹੋਰਵੇਂ ਛਪੇ ਸਨ, ਲਗ ਪਗ ਸਾਰਿਆਂ ਨੂੰ ਇਸ ਸੰਚਯ ਵਿਚ ਇਕੱਠਾ ਕੀਤਾ ਗਿਆ ਹੈ ਤੇ ਕਈ ਪ੍ਰਸੰਗ ਜੋ ਅਗੇ ਨਹੀਂ ਛਪੇ ਸਨ, ਨਵੇਂ ਲਿਖ ਕੇ ਪਾਏ ਗਏ ਹਨ।"[8]

ਭਾਵੇਂ ਵੱਖ ਵੱਖ ਸਮੇਂ ਲਿਖੇ ਲੇਖ ਟ੍ਰੈਕਟ, ਜੀਵਨ ਤੇ ਪ੍ਰਸੰਗ ਇਕੱਠੇ ਕਰਕੇ ਇਹ ਗ੍ਰੰਥ ਤਿਆਰ ਕੀਤੇ ਗਏ ਸਨ ਪਰੰਤੂ ਫਿਰ ਵੀ ਭਾਈ ਸਾਹਿਬ ਨੇ ਇਨ੍ਹਾਂ ਨੂੰ ਇਕੱਠੇ ਕਰਨ ਸਮੇਂ ਸੰਬੰਧਤ ਗੁਰੂ ਜੀ ਦੇ ਜੀਵਨ ਸਿਲਸਲੇ ਅਨੁਸਾਰ ਕਰਮਵਾਰ ਜੋੜਿਆ ਹੈ ਜਿਸ ਸਦਕਾ ਇਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਦੀ ਪ੍ਰਸੰਗਲੀ ਵਿਚ ਪਰੋ ਦਿੱਤਾ ਗਿਆ ਹੈ। ਲੇਖਕ ਨੇ ਇਸ ਪ੍ਰਸੰਗਲੀ ਨੂੰ ਕਾਇਮ ਰੱਖਣ ਲਈ, ਇਸ ਲੜੀ ਵਿਚ ਜਿਥੇ ਪ੍ਰਸੰਗ ਨਹੀਂ ਹਨ, ਉਥੇ ਸੰਖੇਪ ਸੂਚਨਾ ਪਾ ਦਿੱਤੀਆਂ ਹਨ। ਇਸ ਤਰ੍ਹਾਂ ਇਹ ਸਮੁੱਚਾ ਪਾਠ ਉਨ੍ਹਾਂ ਦੇ ਜੀਵਨ ਚਰਿਤ੍ਰ ਦਾ ਪਾਠ ਬਣ ਗਿਆ ਹੈ। ਭਾਵੇਂ ਇਹ ਉਨ੍ਹਾਂ ਦਾ ਸਿਧਾ ਜੀਵਨ ਚਰਿੱਤਰ ਨਹੀਂ ਹੈ ਪਰ ਪ੍ਰਸੰਗ ਉਨ੍ਹਾਂ ਦੇ ਹੀ ਸਿੱਖਾਂ ਦੇ ਹਨ ਤੇ ਕ੍ਰਮ ਗੁਰੂ ਸਾਹਿਬ ਜੀ ਦੇ ਜੀਵਨ ਦਾ ਹੈ, ਇਸ ਨੁਕਤੇ ਤੋਂ ਇਹ ਉਨ੍ਹਾਂ ਦਾ ਜੀਵਨ ਚਰਿਤਰ ਵੀ ਬਣ ਗਿਆ ਹੈ। ਜੋ ਭਲੀਭਾਂਤ ਪਾਠਕਾਂ ਦੇ ਮਨ ਉਤੇ ਡੂੰਘਾ ਪ੍ਰਭਾਵ ਪ੍ਰਗਟ ਕਰਦਾ ਹੈ।

'ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਕਲਗੀਧਰ ਚਮਤਕਾਰ' ਜਿੰਨ੍ਹਾਂ ਵਿਚ ਕਰਮਵਾਰ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਰਨਾਮੇ ਹਨ। ਇਨ੍ਹਾਂ ਚਮਤਕਾਰਾਂ ਦੇ ਸੰਚਿਤ ਕਰਨ ਉਪਰੰਤ ਭਾਈ ਸਾਹਿਬ ਨੇ ਇਹ ਲੋੜ ਮਹਿਸੂਸ ਕੀਤੀ ਕਿ ਬਾਕੀ ਅੱਠ ਗੁਰੂ ਸਾਹਿਬਾਂ ਦੇ ਜੀਵਨ ਚਰਿਤਰ ਵੀ ਰਚੇ ਜਾਣ। ਇਸ ਮਨੋਰਥ ਨੂੰ ਲੈ ਕੇ ਉਨ੍ਹਾਂ ਨੇ ਅਗਲਾ ਯਤਨ 'ਅਸ਼ਟ ਗੁਰੂ ਚਮਤਕਾਰ' (ਭਾਗ 1) ਨਾਂ ਦਾ ਗ੍ਰੰਥ 1952 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ, ਜਿਸ ਵਿਚ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਦੇ ਜੀਵਨ ਬਿਰਤਾਂਤ ਹਨ। ਇਸ ਤੋਂ ਬਾਅਦ ਭਾਈ ਸਾਹਿਬ ਦਾ ਆਸ਼ਾ ਇਹ ਸੀ ਕਿ ਪੰਜਵੀ ਤੋਂ ਲੈ ਕੇ ਨੌਵੀਂ ਪਾਤਸ਼ਾਹੀ ਤੱਕ ਇਸ ਸਿਲਸਲੇ ਦੀ ਲੜੀ ਨੂੰ ਪਹੁੰਚਾਇਆ ਜਾਵੇ ਪਰੰਤੂ ਪ੍ਰਭੂ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 10 ਜੂਨ 1957 ਨੂੰ ਭਾਈ ਸਾਹਿਬ ਨੂੰ ਪਰਮਾਤਮਾ ਵਲੋਂ ਸੱਦਾ ਆ ਗਿਆ ਜਿਸ ਕਰਕੇ ਇਹ ਕੰਮ ਵਿਚਾਲੇ ਹੀ ਪਿਆ ਰਿਹਾ। ਇਸ ਸਮੇਂ ਤੱਕ ਜੋ ਭਾਈ ਸਾਹਿਬ ਲਿਖ ਚੁੱਕੇ ਸਨ, ਉਹ ਸੰਪੂਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਸੀ। ਕੇਵਲ ਪੰਜਵੀਂ ਪਾਤਸ਼ਾਹੀ ਦੇ ਜੀਵਨ ਸਬੰਧੀ ਕਿਸ ਹੱਦ ਤਕ ਕੰਮ ਮੁਕੰਮਲ ਹੋਇਆ ਸੀ, ਤੇ ਛੇਵੀਂ ਪਾਤਸ਼ਾਹੀ ਦੇ ਪ੍ਰਸੰਗ ਨੂੰ ਹਾਲੇ ਆਰੰਭਕ ਪੜਅ ਉੱਤੇ ਹੀ ਛੋਹਿਆ ਸੀ, ਜੋ ਉਥੇ ਹੀ ਠੱਪ ਹੋ ਗਿਆ। ਭਾਈ ਵੀਰ ਸਿੰਘ ਦੇ ਛੋਟੇ ਵੀਰ ਡਾ. ਬਲਬੀਰ ਸਿੰਘ ਨੇ ਭਾਈ ਸਾਹਿਬ ਦੇ ਪੰਜਵੀਂ ਪਾਤਸ਼ਾਹੀ ਬਾਰੇ ਰਚੇ ਜੀਵਨ ਪ੍ਰਸੰਗ ਨੂੰ ਉਨ੍ਹਾਂ ਦੀ ਮ੍ਰਿਤੂ ਪਿੱਛੋਂ ਸੰਪਾਦਿਤ ਕਰਕੇ 1968 ਵਿਚ ਪਾਠਕਾਂ ਤਕ ਪਹੁੰਚਾਇਆ ਤੇ ਇਸ ਦਾ ਨਾਂ ਰਖਿਆ, 'ਸ੍ਰੀ ਅਸ਼ਟ ਗੁਰੂ ਚਮਤਕਾਰ' (ਭਾਗ 2) ਜੋ ਗੁਰੂ ਅਰਜਨ ਦੇਵ ਜੀ ਦੇ ਜੀਵਨ ਪ੍ਰਸੰਗ ਸਬੰਧੀ ਇਕ ਸੰਪੂਰਨ ਗ੍ਰੰਥ ਹੈ।

'ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਕਲਗੀਧਰ ਚਮਤਕਾਰ' ਤਾਂ ਸਮੇਂ ਸਮੇਂ ਸਿਰ ਲਿਖੇ ਗੁਰ ਸਿੱਖਾਂ ਦੀਆਂ ਸਾਖੀਆਂ-ਪ੍ਰਸੰਗਾਂ ਨੂੰ ਤਾਰੀਖਵਾਰ ਰੱਖ ਕੇ ਬਣਿਆ, ਇਸ ਪ੍ਰਕਾਰ ਇਹ ਦੋਹਾਂ ਸਤਿਗੁਰਾਂ ਦਾ ਜੀਵਨ ਹੈ ਪਰੰਤੂ 'ਅਸ਼ਟ ਗੁਰੂ ਚਮਤਕਾਰ' ਉਨ੍ਹਾਂ ਵਾਂਗ ਕਦੇ ਕਦੇ ਲਿਖੇ ਗਏ ਪ੍ਰਸੰਗਾਂ ਦਾ ਸੰਚਯ ਨਹੀਂ ਹੈ, ਇਸ ਦੇ ਲਗ ਪਗ ਸਾਰੇ ਪ੍ਰਸੰਗ ਇਸੇ ਪੋਥੀ ਲਈ ਹੀ ਲਿਖੇ ਗਏ ਹਨ ਤੇ ਉਹਨਾਂ ਵਾਂਗ ਹੀ ਪ੍ਰਸੰਗਾਂ ਦਾ ਮਸਾਲਾ ਵੀ ਇਤਿਹਾਸਾਂ, ਰਵਾਇਤਾਂ, ਗੁਰਸ਼ਬਦਾਂ ਦੀ ਉਥਾਨਕਾ ਆਦਿ ਤੋਂ ਖੋਜ ਖੋਜ ਕੇ ਲਿਆ ਗਿਆ ਹੈ, "ਪਰ ਇਹ ਤ੍ਰੀਕਾਂ, ਸੰਮਤਾਂ ਤੇ ਵਾਕਿਆਤ ਦਾ ਸੂਚੀ ਪੱਤਰ ਮਾਤਰ ਛਾਣਿਆ, ਪੁਣਿਆਂ ਇਤਿਹਾਸ ਨਹੀਂ, ਇਹ ਸਿੱਖੀ ਜੀਵਨ ਦਾ ਇਤਿਹਾਸ ਹੈ ਜੋ ਜੀਵਨ ਦੀਆਂ ਤਸਵੀਰਾਂ ਅੱਖਾਂ ਅੱਗੇ ਲਿਆ ਕੇ ਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਕਰਦਾ ਤੇ ਜਾਚ ਸਿਖਾਲਦਾ ਹੈ।"[9] ਭਾਈ ਸਾਹਿਬ ਅਗੇ ਜਾ ਕੇ ਹੋਰ ਲਿਖਦੇ ਹਨ, "ਫਿਰ ਇਹ ਗੁਰਬਾਣੀ ਦਾ ਟੀਕਾ ਹੈ ਪਰ ਅਰਥ ਤੇ ਪਦ ਪਦਾਰਥਾਂ ਦੇ ਪ੍ਰਯਾਵਾਂ ਮਾਤਰ ਦੇ ਬੋਧਾਂ ਦਾ ਗ੍ਰੰਥ ਨਹੀਂ। ਇਹ ਗੁਰਬਾਣੀ ਦੇ ਭਾਵਾਂ ਦੀ ਚਿਤ੍ਰਸ਼ਾਲਾ ਹੈ। ਸੋ ਇਤਿਹਾਸ ਤੇ ਗੁਰਬਾਣੀ ਦੁਇ ਮਿਲ ਕੇ ਇਸ ਇਤਿਹਾਸ ਦੇ ਸ਼ੀਸ਼ੇ ਵਿਚ ਗੁਰਬਾਣੀ ਦੀ ਜੜੀ ਹੋਈ ਮੂਰਤੀ ਮੂਰਤੀਮਾਨ ਹੋ ਦਿਸਦੀ ਹੈ।"[10] ਇਸ ਗੱਲ ਨੂੰ ਸਪਸ਼ਟ ਕਰਨ ਲਈ ਭਾਈ ਸਾਹਿਬ ਕਹਿੰਦੇ ਹਨ, "ਜੋ ਤਾਲੀਮ ਗੁਰੂ ਸਾਹਿਬ ਨੇ ਦਿੱਤੀ ਤੇ ਜਿਸ ਮੁਤਾਬਕ ਉਨ੍ਹਾਂ ਦੇ ਸਮੇਂ ਗੁਰਸਿੱਖਾਂ ਨੇ ਜੀਵਨ ਬਸਰ ਕੀਤੇ, ਦੁੱਖ ਸੁੱਖ ਝਲੇ, ਮੁਸ਼ਕਲਾਂ ਦੇ ਸਾਹਮਣੇ ਕੀਤੇ ਤੇ ਉੱਚੇ ਜੀਵਨਾਂ ਵਿਚ ਜਗਤ ਯਾਤਰਾ ਕਰ ਗਏ, ਇਥੋਂ ਦਾ ਵਾਸਾ ਸਫਲਾ ਗਏ ਤੇ ਅਗਲੇ ਜੀਵਨ ਦੀ ਸਫਲਤਾ ਨਾਲ ਲੈ ਗਏ, ਅਤੇ ਜਿਵੇਂ ਸਤਿਗੁਰਾਂ ਤੋਂ ਉਨ੍ਹਾਂ ਨੂੰ ਅਗਵਾਨੀ ਸਿਖਿਆ ਤੇ ਰੂਹਾਨੀ ਆਧਾਰ ਮਿਲਦਾ ਰਿਹਾ ਉਹ ਸਭੋ ਕੁਛ ਹੂ-ਬ-ਹੂ ਅੱਖਾਂ ਅੱਗੇ ਲਿਆ ਦੇਣ ਦਾ ਪ੍ਰਯਤਨ ਹੈ।"[11] 'ਅਸ਼ਟ ਗੁਰੂ ਚਮਤਕਾਰ' ਦੇ ਲਗ ਪਗ ਸਾਰੇ ਪ੍ਰਸੰਗਾਂ ਵਿਚੋਂ ਭਾਈ ਸਾਹਿਬ ਦੇ ਉਪਰੋਕਤ ਨਿਸ਼ਾਨੇ ਦਾ ਕੋਈ ਨਾ ਕੋਈ ਪੱਖ ਮੂਰਤੀਮਾਨ ਹੁੰਦਾ ਹੈ।

'ਅਸ਼ਟ ਗੁਰੂ ਚਮਤਕਾਰ' ਲਿਖਣ ਵੇਲੇ ਕਿਉਂਕਿ ਭਾਈ ਸਾਹਿਬ ਆਪਣੇ ਮਨੋਰਥਾਂ ਤੋਂ ਸੁਚੇਤ ਹਨ। ਇਸ ਲਈ ਇਸ ਰਚਨਾ ਵਿਚ ਤੀਰ ਸਿਧੇ ਨਿਸ਼ਾਨੇ ਉੱਤੇ ਮਾਰਨ ਦਾ ਭਾਈ ਵੀਰ ਸਿੰਘ ਨੇ ਸਫ਼ਲ ਯਤਨ ਕੀਤਾ ਹੈ। ਜੇ ਪਹਿਲੀਆਂ ਰਚਨਾਵਾਂ ਵਿਚ ਥਾਂ ਥਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਹਰਾਈਆਂ ਦੀਆਂ ਤਰੁੱਟੀਆਂ ਹੋਣ ਕਰਕੇ ਗ੍ਰੰਥ ਆਮ ਤੌਰ ਤੇ ਨੀਰਸ ਤੇ ਆਕਾਰ ਵਿਚ ਲੰਬੇ ਹੋ ਗਏ ਹਨ ਤਾਂ ਇਸ ਰਚਨਾ ਵਿਚ ਸੰਖੇਪਤਾ ਦੇ ਨਾਲ ਨਾਲ ਰੌਚਕਤਾ ਵੀ ਵਧੇਰੇ ਹੈ। ਲੇਖਕ ਨੇ ਇਸ ਰਚਨਾ ਵਿਚ ਜੀਵਨ ਦੀਆਂ ਤਸਵੀਰਾਂ ਅੱਖਾਂ ਅੱਗੇ ਲਿਆ ਕੇ ਸਿੱਖੀ ਜੀਵਨ ਦਾ ਇਤਿਹਾਸ ਪੇਸ਼ ਕਰਨ ਤੇ ਸਿੱਖੀ ਜੀਵਨ ਨੂੰ ਧਾਰਨ ਕਰਨ ਦੀ ਪ੍ਰੇਰਨਾ ਦੇਣ ਤੇ ਜਾਚ ਸਿਖਾਲਣ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਮਨੋਰਥ ਨੂੰ ਹੋਰ ਖੋਲ੍ਹਦੇ ਹੋਏ ਭਾਈ ਸਾਹਿਬ ਭੂਮਿਕਾ ਵਿਚ ਲਿਖਦੇ ਹਨ "ਪ੍ਰਯੋਜਨ ਕੇਵਲ ਇਹ ਨਹੀਂ ਕਿ ਉਨ੍ਹਾਂ ਸੋਹਣੇ ਹਾਲਾਂ ਨੂੰ ਵਾਚ ਕੇ ਨਿਰਾ ਘੜੀ ਦਾ ਪ੍ਰਚਾਵਾ ਮਾਤਰ ਹੋ ਜਾਵੇ, ਸਗੋਂ ਵਿਸ਼ੇਸ਼ ਇਹ ਹੈ ਕਿ ਜੋ ਉਸ ਪ੍ਰਕਾਰ ਦਾ ਜੀਵਨ ਬਸਰ ਕਰਨਾ ਚਾਹੇ ਉਸ ਨੂੰ ਆਪਣੇ ਜੀਵਨ ਨੂੰ ਉਸ ਸੱਚੇ ਵਿਚ ਢਾਲ ਲੈਣ ਲਈ ਰਾਹਨੁਮਾਈ ਮਿਲ ਜਾਵੇ।"[12] ਭਾਈ ਸਾਹਿਬ ਦਾ ਦੂਜਾ ਇਹ ਵੀ ਪ੍ਰਯਤਨ ਰਿਹਾ ਹੈ ਕਿ ਗੁਰਬਾਣੀ ਦੇ ਭਾਵ ਜੋ ਗੁਰਬਾਣੀ ਵਿਚ ਸੁੱਤੇ ਹੀ ਜਗ੍ਹਾ ਜਗ੍ਹਾ ਖੁਲ੍ਹ ਰਹੇ ਹਨ ਤੇ ਜੋ ਗੁਰੂ ਜੀ ਦੇ ਨਿਰੋਲ ਆਸ਼ੱਯ ਸਹੀ ਹੁੰਦੇ ਹਨ, ਗੁਰਬਾਣੀ ਦੇ ਉਹ ਆਪਣੇ ਆਸ਼ੇ, ਬਾਹਰਲੀ ਮਿਲਾਵਟ ਮਿਲਾਏ ਬਿਨਾਂ, ਜਿਵੇਂ ਕਿ ਪ੍ਰਦੀਪਤ ਹੁੰਦੇ ਹਨ, ਉਹ ਠੀਕ ਆਪਣੀ ਨਿਰੋਲਤਾ ਵਿਚ ਨਿਰੂਪਣ ਹੋਣ। ਉਹ ਗੁਰਸਿੱਖਾਂ ਦੇ ਪ੍ਰਸੰਗਾਂ ਵਿਚ ਜਿਵੇਂ ਸੱਚ ਮੁੱਚ ਵਰਤੀਂਦੇ ਰਹੇ ਤਿਵੇਂ ਇਤਿਹਾਸਕ ਕ੍ਰਮ ਤੇ ਕੀਮਤ ਕੂਤ ਵਿਚ ਲਿਖੇ ਗਏ ਹਨ ਤਾਂ ਜੋ ਗੁਰਸਿੱਖ, ਗੁਰਮੁਖ, ਗੁਰਸੰਤ ਅਤੇ ਪ੍ਰਵਾਣ ਗ੍ਰਿਹਸਤ ਉਦਾਸ ਦੇ ਮਾਰਗ ਉੱਤੇ ਤੁਰਨ ਵਾਲੇ ਸੱਚੇ ਸੁੱਚੇ ਸੂਰਬੀਰ ਖਾਲਸਾ, ਧਰਮਾਤਮਾ, ਪਰੋਪਕਾਰੀ ਤੇ ਪਯਾਰ ਪੁੰਜ ਆਦਰਸ਼ਕ ਇਨਸਾਨ ਪੈਦਾ ਹੁੰਦੇ ਰਹਿਣ ਤੇ ਉਹਨਾ ਦੀ ਪ੍ਰਫੁਲਤਾਈ ਜਗਤ ਪੀੜਾ ਹਰਨੇ ਵਿਚ ਸਹਾਈ ਰਹੇ।"[13]

'ਸ੍ਰੀ ਅਸ਼ਟ ਗੁਰੂ ਚਮਤਕਾਰ' (ਭਾਗ-2) ਦੀ "ਭੂਮਿਕਾ" ਵਿਚ ਡਾ. ਬਲਬੀਰ ਸਿੰਘ ਪ੍ਰਸ਼ਨ ਉਠਾਉਂਦੇ ਹਨ "ਇਨ੍ਹਾਂ ਪੁਸਤਕਾਂ ਦੇ ਰਚਣ ਵਿਚ ਭਾਈ ਸਾਹਿਬ ਦਾ ਕੀ ਆਸ਼ਾ ਸੀ? ਕੀ ਉਹ ਨਿਰੀ ਇਤਿਹਾਸਕ ਰੁਚੀ ਤੋਂ ਪ੍ਰੇਰਣਾ ਲੈ ਕੇ ਕਿਸੇ ਤ੍ਵਾਰੀਖੀ ਘਾਟੇ ਨੂੰ ਪੂਰਾ ਕਰਨਾ ਚਾਹੁੰਦੇ ਸਨ? ਜਾਂ, ਕੀ ਉਹ ਕੇਵਲ ਪੰਜਾਬੀ ਦੀ ਉੱਨਤੀ ਦੀ ਸੇਵਾ ਦੇ ਚਾਉ ਵਿਚ ਰੁਝੇ ਰਹੇ ਸਨ? ਜਾਂ ਕੀ ਸਿਰਫ ਇਤਨੀ ਹੀ ਗੱਲ ਸੀ ਕਿ ਉਹ ਆਪਣੇ ਇਸ਼ਟ ਦੀ ਵਡਿਆਈ ਲੋਚਦੇ ਸਨ?"[14]

ਇਸੇ ਪ੍ਰਸੰਗ ਵਿਚ ਵੱਖ ਵੱਖ ਲੇਖਕਾਂ ਨੇ ਆਪੋ ਆਪਣੇ ਖਿਆਲ ਪ੍ਰਗਟ ਕੀਤੇ ਹਨ। ਉਹਨਾਂ ਵਿਚੋਂ ਬਹੁਤੇ ਲੇਖਕਾਂ ਨੇ ਤਾਂ ਪ੍ਰਸੰਸਾ ਹੀ ਕੀਤੀ ਹੈ, ਪਰੰਤੂ ਅਜਿਹੇ ਵੀ ਹਨ ਜਿੰਨ੍ਹਾਂ ਨੇ ਬੇਝਿਜਕ ਹੋ ਕੇ ਸੰਦੇਹ ਪ੍ਰਗਟ ਕੀਤਾ ਹੈ। ਡਾ. ਬਲਬੀਰ ਸਿੰਘ ਦੇ ਸ਼ਬਦਾਂ ਵਿਚ "ਪਰ ਭਾਈ ਸਾਹਿਬ ਜੀ ਦੀ ਲਿਖਤ ਵਿਚ ਇਕ ਨਿਰਾਲਾਪਨ ਹੈ ਜੋ ਸਹਿਜੇ ਹੀ ਅੱਖੋਂ ਉਹਲੇ ਹੋ ਜਾਂਦਾ ਹੈ। ਇਸ ਅਨੋਖੇਪਨ ਦੀ ਜੜ੍ਹ ਨਾ ਇਤਿਹਾਸ ਵਿਚ ਹੈ, ਨਾ ਸਾਹਿਤ ਵਿਚ, ਨਾ ਕਿਸੇ ਇਸ਼ਟ ਉਪਾਸਨਾ ਦੀ ਵਡਿਆਈ ਮਾਤ੍ਰ ਵਿਚ ਹੈ। ਉਹਨਾਂ ਦੀ ਲੇਖਣੀ ਦਾ ਮੂਲ ਕਿਸੇ ਐਸੀ ਨਿਰਮਲਤਾ ਵਿਚ ਹੈ ਜੋ ਅਨੁਭਵ ਦੇ ਪ੍ਰਕਾਸ਼ ਨੂੰ ਗ੍ਰਹਿਣ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪ੍ਰਯਤਨਸ਼ੀਲ ਹੈ, ਉਹਨਾਂ ਦੀ ਕਲਮ ਆਦਰਸ਼ ਦਾ ਅਕਸ ਲੈਂਦੀ ਹੈ, ਜਿਸ ਦੇ ਪ੍ਰਭਾਵ ਨੂੰ ਉਹ ਲਫ਼ਜ਼ਾਂ ਦੀ ਤਾਸੀਰ ਵਿਚ ਜਗਮਗਾ ਦੇਂਦੀ ਹੈ। ਉਹਨਾਂ ਦੀ ਰਚਨਾ ਵਿਚ ਨਿੱਜੀ ਅਨੁਭਵ ਦਾ ਪ੍ਰਤੱਖ ਗੁਣ ਹੈ ਜੋ ਪਾਠਕ ਦੇ ਮਨ ਉਪਰ ਡੂੰਘੀ ਛਾਪ ਪੈਂਦਾ ਕਰਦਾ ਹੈ। ਅੱਜ ਐਸੇ ਬੇਸ਼ੁਮਾਰ ਮਨੁੱਖ ਹਨ, ਜਿਹਨਾਂ ਨੇ ਇਸ ਅਸਰ ਨੂੰ ਕਬੂਲਿਆ ਹੈ, ਤੇ ਫੇਰ ਉਹ ਕਿਤਨੇ ਲੋਕ ਹਨ ਜਿਹਨਾਂ ਨੇ ਆਪਣੇ ਜੀਵਨ ਨੂੰ ਏਸ ਪ੍ਰਭਾਵ ਹੇਠ ਐਸਾ ਪਲਟਾ ਦਿੱਤਾ. ਜਿਸ ਨਾਲ ਉਹਨਾਂ ਦੀ ਆਪਣੀ ਬਾਕੀ ਜ਼ਿੰਦਗੀ ਦਾ ਸਥਾਈ ਭਾਵ ਹੀ ਬਦਲ ਗਿਆ।"[15]

ਭਾਈ ਵੀਰ ਸਿੰਘ ਦੀ ਲੇਖਣੀ ਦਾ ਮੂਲ ਆਧਾਰ ਪ੍ਰਗਟ ਕਰਦੇ ਹੋਏ ਡਾ. ਬਲਬੀਰ ਸਿੰਘ 'ਅਸ਼ਟ ਗੁਰੂ ਚਮਤਕਾਰ' (ਭਾਗ-2) ਦੀ "ਭੂਮਿਕਾ" ਵਿਚ ਲਿਖਦੇ ਹਨ, "ਭਾਈ ਸਾਹਿਬ ਦਾ ਆਪਣਾ ਜੀਵਨ ਇਕ ਸ਼ਬਦ ਦੀ ਟਕਸਾਲ ਵਿਚ ਨਿਰਮਲ ਹੁੰਦਾ ਰਿਹਾ, ਤੇ ਇਸੇ ਨਿਮਲਤਾ ਵਿਚੋਂ ਹੀ ਉਹ ਜੜ੍ਹ ਫੁੱਟਦੀ ਹੈ ਜੋ ਉਹਨਾਂ ਦੀ ਲੇਖਣੀ ਦਾ ਆਧਾਰ ਹੈ, ਜਿਸ ਦੇ ਘੇਰੇ ਵਿਚ ਉਹ ਸਾਰੀਆਂ ਚੀਜ਼ਾਂ ਆ ਜਾਂਦੀਆਂ ਹਨ, ਜਿੰਨ੍ਹਾਂ ਨੂੰ ਅਸੀਂ ਵੱਖੋ ਵੱਖ ਨਾਮ ਦੇਂਦੇ ਹਾਂ, ਯਥਾ :—ਇਤਿਹਾਸ, ਸਾਹਿਤ, ਧਰਮ ਆਦਿਕ। ਉਨ੍ਹਾਂ ਲਈ ਇਹ ਚੀਜ਼ਾਂ ਅੱਡਰੀਆਂ ਨਹੀਂ ਸਨ। ਸਾਰੀਆਂ ਦੀਆਂ ਸਾਰੀਆਂ ਇਕ ਸਾਂਝੀ ਕਲਾ ਦਾ ਪ੍ਰਯਾਸ ਸਨ, ਜੋ ਆਪਣੇ ਮਿਲਵੇਂ ਸਰੂਪ ਵਿਚੋਂ ਉਮੁਲ ਕੇ ਵਿਗਾਸ ਵਿਚ ਆਉਂਦੀਆਂ ਹਨ। ਏਸ ਵਿਕਸਤ ਰੂਪ ਨੂੰ ਹੀ ਉਹ 'ਖੇੜੇ' ਦਾ ਨਾਉਂ ਦਿੰਦੇ ਸਨ। ਇਹ 'ਖੇੜਾ' ਮਨ ਦੀ ਚੀਜ਼ ਹੈ। ਇਹ ਪੈਸੇ ਧੇਲੇ ਦੀ ਖ਼ੁਸ਼ੀ ਨਹੀਂ, ਜਿਸ ਦੇ ਲਹਾ-ਚੜ੍ਹਾ ਵਿਚ ਇਕ ਸੰਸਾਰੀ ਜੀਵ ਗ੍ਰਸਿਆ ਰਹਿੰਦਾ ਹੈ। ਇਸ ਖੇੜੇ ਦੀ ਕਸਵੱਟੀ ਹੋਰ ਹੈ। ਇਸ ਕਸਵੱਟੀ ਦੀ ਪਰਖ ਹੋਰ ਹੈ। ਇਹੋ ਗਲ ਸਸ਼ਪਟ ਹੋ ਕੇ ਭਾਈ ਸਾਹਿਬ ਦੀ ਰਚਨਾ ਵਿਚੋਂ ਪ੍ਰਗਟ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਜੀਵਨ ਇਸੇ ਗੱਲ ਦਾ ਪ੍ਰਮਾਣ ਹੈ। ਇਤਿਹਾਸ ਸਾਖੀ ਹੈ ਕਿ ਗੁਰੂ ਜੀ ਨੂੰ ਕੀ ਕੀ ਕਸ਼ਟ ਸਹਾਰਨੇ ਪਏ। ਭਾਈ ਗੁਰਦਾਸ ਜੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਹਨਾਂ ਤਸੀਹਿਆ ਦੇ ਬਾਵਜੂਦ ਕਿਸ ਤਰ੍ਹਾਂ ਗੁਰੂ ਜੀ ਦੀ ਅੰਤਮ ਅਵਸਥਾ ਅਡੋਲ ਰਸ ਵਿਚ ਨਿਮਗਨ ਰਹੀ।"[16]

ਅਸਲ ਗਲ ਇਹ ਹੈ ਕਿ ਭਾਈ ਵੀਰ ਸਿੰਘ ਦੀ ਸਾਰੀ ਸਾਹਿਤਕ ਰਚਨਾ ਇਸੇ ਪ੍ਰਾਪਤੀ ਲਈ ਖਾਹਸ਼ਵੰਦ ਹੈ। ਉਹ ਇਹੋ ਮੰਗ ਹੀ ਆਪਣੇ ਲਈ ਕਰਦੀ ਹੈ ਤੇ ਆਪਣੇ ਪਾਠਕਾਂ ਦੇ ਮਨ ਸਥਲ ਉਪਰ ਵੀ ਇਸੇ ਹੀ ਅਸਰ ਦਾ ਪ੍ਰਭਾਵ ਛੱਡਦੀ ਹੈ। ਇੰਜ ਭਾਈ ਸਾਹਿਬ ਦਾ ਮਨੋਰਥ ਇਹ ਹੋ ਨਿਬੜਦਾ ਹੈ ਕਿ ਜਿਉਂ ਜਿਉਂ ਪਾਠਕ ਇਸ ਰਚਨਾ ਨੂੰ ਪੜ੍ਹਨ, ਉਸ ਦੇ ਨਾਲ ਨਾਲ ਹੀ ਉਹ ਇਸ ਦਾ ਪ੍ਰਭਾਵ ਮਹਿਸੂਸ ਕਰ ਲੈਣ। ਫਲ ਸਰੂਪ ਪਾਠਕਾਂ ਨੂੰ ਅਸਲੀਅਤ ਦਾ ਝਲਕਾ ਵੱਜਣ ਲਗੇਗਾ "ਜੋ ਰੂਹ ਦੀ ਜ਼ਿੰਦਗੀ ਹੈ, ਤੇ ਜੋ ਹੱਡ ਚੰਮ ਦੇ ਸੁੱਖਾਂ ਤੋਂ ਉਪਰ ਉੱਠ ਸਕਦੀ ਹੈ, ਜੋ ਅਸੂਲ ਨੂੰ ਹਥੋਂ ਗਵਾਉਣ ਲਈ ਤਿਆਰ ਨਹੀਂ ਹੁੰਦੀ ਅਤੇ ਜਿਸ ਵਿਚ ਇਹ ਸ਼ਕਤੀ ਹੈ ਕਿ ਉਹ ਸੰਕਟ ਵੇਲੇ ਵੀ ਕਿਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰਲੇ ਆਧਾਰ ਉੱਤੇ ਨਿਰਭਉ ਟਿਕ ਸਕੇ।"[17] 'ਅਸ਼ਟ ਗੁਰੂ ਚਮਤਕਾਰ' (ਭਾਗ 2) ਵਿਚ ਭਾਈ ਸਾਹਿਬ ਦਾ ਇਹ ਆਸ਼ਾ ਸਪਸ਼ਟ ਭਾਂਤ ਉਜਾਗਰ ਹੁੰਦਾ ਹੈ। ਕਿਉਂਕਿ ਗੁਰੂ ਅਰਜਨ ਦੇਵ ਇਕ ਪਰਮ ਸੁੱਚ 'ਰਸਿਕ ਬੈਰਾਗੀ' ਸਨ। ਉਨ੍ਹਾਂ ਦਾ ਅਮਲੀ ਜੀਵਨ ਇਸ ਗੱਲ ਦੀ ਸਾਖ ਹੈ। ਇਹ ਪੁਸਤਕ ਪੜ੍ਹਨ ਉਪਰੰਤ ਪਾਠਕ ਨੂੰ ਸਪਸ਼ਟ ਹੋ ਜਾਂਦਾ ਹੈ ਕਿ ਨਵੀਨ ਆਦਰਸ਼ ਵਿਵਹਾਰਕ ਦੁਨੀਆਂ ਵਿਚ ਕੀ ਅਰਥ ਰੱਖਦਾ ਹੈ? ਇਹ ਰਸ ਰੂਪ ਖੇੜਾ ਕਿਸ ਤਰ੍ਹਾਂ ਅਤੇ ਕਿਸ ਹੱਦ ਤਕ ਮਾਇਕ ਸੁੱਖਾਂ ਤੋਂ ਆਜ਼ਾਦ ਹੈ, ਤੇ ਇਸ ਨੂੰ ਕਾਇਮ ਰੱਖਣ ਲਈ ਕੀ ਕੀਮਤ ਚੁਕਾਉਣੀ ਪੈਂਦੀ ਹੈ? ਇਸ ਤਰ੍ਹਾਂ ਪਾਠਕ ਸਹਿਜੇ ਹੀ ਸੁਚੇਤ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਸੰਗੀਤ ਤੇ ਕਾਵਿ ਆਦਿ ਕੋਮਲ ਹੁਨਰਾਂ ਦੇ ਪਰਮ ਗਿਆਤਾ ਸਨ। ਰਸਿਕ ਬੈਰਾਗੀ ਹੋਣ ਦੇ ਨਾਲ ਨਾਲ ਉਹ ਪਰਮ ਉੱਚ ਰਸੀਏ, ਫ਼ਲਸਫ਼ੇ ਤੇ ਦਾਰਸ਼ਨਿਕ ਵਿਦਿਆ ਤੇ ਸਿਰ-ਮੌਰ ਤੇ ਵਾਹਿਗੁਰੂ ਜੀ ਦੇ ਦਰੋਂ ਪੈਗੰਬਰ ਤੇ ਅਵਤਾਰ ਸਨ। ਉਹਨਾਂ ਨੂੰ 'ਪੰਥ ਸਾਜਨ' ਦਾ ਹੁਕਮ ਪਹਿਲੇ ਹੋ ਚੁੱਕੇ ਗੁਰੂ ਸਾਹਿਬਾਨ ਰਾਹੀਂ ਹੋਇਆ ਸੀ। ਜਿਸ ਪੰਥ ਸਾਜਨ ਦੀਆਂ ਲੀਹਾਂ, ਸੱਚ ਦੀਆਂ, ਨਾਮ ਦੀਆਂ, ਉਪਕਾਰ ਦੀਆਂ, ਨਾਮ ਦੁਆਰਾ ਆਪਣੇ ਹਉਮੈ ਨੂੰ ਜਿੱਤਣ ਤੇ ਘਟ ਘਟ ਵਿਚ ਵਿਆਪਕ ਵਾਹਿਗੁਰੂ ਨੂੰ ਲੱਖ ਲੈਣ ਦੇ ਵਿਚੇ ਰਹਿ ਕੇ ਭਲਾ ਕਰਦੀਆਂ ਸਨ। ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਰਚਨਾ ਆਰੰਭ ਕੇ ਸੰਪੂਰਨ ਕਰਕੇ ਗੁਰੂ ਸਾਹਿਬਾਨ ਦੇ ਹੁਕਮ 'ਪੰਥ ਸਾਜਣ' ਨੂੰ ਹੋਰ ਪੱਕੇ ਪੈਰਾਂ ਤੇ ਕਰਨ ਲਈ ਹਰਿਮੰਦਰ ਦੀ ਪੱਕੀ ਇਮਾਰਤ ਵਿਚ ਸੱਦਾ ਦਿੱਤਾ ਤੇ ਅੰਮ੍ਰਿਤ ਸਰੋਵਰ ਦੀ ਪੱਕੀ ਉਸਾਰੀ ਸਾਜ ਕੇ ਉਹ ਪਵਿੱਤਰਤਾ ਕਾਇਮ ਕੀਤੀ ਜਿਥੇ ਅੱਠੇ ਪਹਿਰ ਕੀਰਤਨ ਹੁੰਦਾ ਰਹੇ ਤੇ ਅੰਮ੍ਰਿਤ ਵਰਸਦਾ ਰਹੇ। ਇਹ ਮੰਦਰ ਪੰਥ ਦੀ ਪਰਪੱਕਤਾ ਲਈ ਪਰਮ ਜ਼ਰੂਰੀ ਸੀ ਤਾਂ ਕਿ ਇਕ ਕੇਂਦਰੀ ਅਸਥਾਨ ਬਣ ਜਾਵੇ ਜਿਸ ਦੁਆਲੇ ਸਾਰਾ ਪੰਥ ਖਿਚੀਂਦਾ ਘੁੰਮਦਾ ਰਹੇ ਅਤੇ ਉਥੋਂ ਹਰਿ ਕੀਰਤਨ ਦੀ ਗੁੰਜਾਰ ਹਰਿ ਪ੍ਰੇਮ ਵਿਚ ਮਗਨ ਕਰਦੀ ਹੈ।

ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਭਾਈ ਵੀਰ ਸਿੰਘ ਨੇ ਗੁਰੂ ਅਰਜਨ ਦੇਵ ਦਾ ਜੀਵਨ ਪ੍ਰਸੰਗ ਲਿਖਣ ਵਿਚ ਪੂਰੀ ਨਿਪੁੰਨਤਾ ਵਿਖਾਈ ਹੈ। ਸਾਰੀ ਪੁਸਤਕ ਵਿਚ ਆਪਣੇ ਪ੍ਰਸੰਗਾਂ ਦੀ ਪੁਸ਼ਟੀ ਲਈ ਥਾਂ ਥਾਂ ਇਤਿਹਾਸਕ ਹਵਾਲੇ ਦਿੱਤੇ ਹਨ। ਇਸ ਤਰ੍ਹਾਂ ਇਹ ਪੁਸਤਕ ਇਤਿਹਾਸਕ ਖੋਜ ਦੇ ਪੱਖ ਤੋਂ ਵੀ ਊਣੀ ਨਹੀਂ ਹੈ। ਸਾਹਿਤਕ ਪੱਖ ਤੋਂ ਵੀ ਇਹ ਕਲਾ ਕੁਸ਼ਲ ਹੈ। ਕਮਾਲ ਇਸ ਗੱਲ ਵਿਚ ਹੈ ਕਿ ਸਾਰੀ ਪੁਸਤਕ ਵਿਚ ਸ਼ਰਧਾ ਤੇ ਸਿਦਕ, ਸੰਜਮ ਤੇ ਵੇਗ ਵਿਚ ਚਲਦੇ ਹਨ। ਭਾਈ ਵੀਰ ਸਿੰਘ ਕੋਲ ਇਤਿਹਾਸਕ ਸਚਾਈ ਉੱਤੇ ਪੂਰਾ ਕਾਬੂ ਹੋਣ ਤੇ ਸਾਹਿਤਕ ਕਲਾ ਵਿਚ ਪ੍ਰਬੀਨਤਾ ਹਾਸਲ ਹੋਣ ਸਦਕਾ ਐਸੇ ਪੱਧਰੇ ਵੇਗ ਵਿਚ ਚਲ ਰਹੀ ਇਹ ਸਰਲ ਰਚਨਾ ਯਕੀਨੀ ਤੌਰ ਤੇ ਬੰਜਰ ਹਿਰਦਿਆਂ ਵਿਚ ਚਾਓ ਤੇ ਵੈਰਾਗ ਦੀ ਉਚਿਤ ਸਿੰਚਾਈ ਕਰਕੇ ਇਕ ਉਪਜਾਊ ਲਾਲਸਾ ਪੈਦਾ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਕੰਮ ਕਰਦੀ ਹੈ। ਇਸੇ ਸਮੁੱਚੇ ਪ੍ਰਭਾਵ ਦਾ ਕਾਰਨ ਪੂਰਣ ਭਾਂਤ ਭਾਈ ਵੀਰ ਸਿੰਘ ਦੀ ਕਲਾ ਕੌਸ਼ਲਤਾ ਦਾ ਹੀ ਸਿੱਟਾ ਹੈ।

ਹਵਾਲੇ ਤੇ ਟਿੱਪਣੀਆਂ

1. (ਸੰਸਕਰਣ 1963), ਪੰਨਾ ਅ
2. 'ਆਲੋਚਨਾ', ਅਪਰੈਲ 1958
3. ਉਦਾਹਰਣ ਲਈ ਵੇਖੋ : 'ਸ੍ਰੀ ਅਸ਼ਟ ਗੁਰੂ ਚਮਤਕਾਰ' (ਭਾਗ–2) ਵਿਚੋਂ "ਭਾਈ ਕਲਿਆਣਾ", "ਭਾਈ ਮੰਞ", "ਭਾਈ ਬਹੋੜਾ"; ਆਦਿ ਗੁਰਸਿੱਖਾਂ ਦੀਆਂ ਸਾਖੀਆਂ।
4. 'ਸ੍ਰੀ ਗੁਰੂ ਨਾਨਕ ਚਮਤਕਾਰ' (ਸੰਸਕਰਣ 1968), ਪੰਨਾ ੳ
5. ਉਹੀ
6. ਉਹੀ
7. ਉਹੀ
8. ਉਹੀ, ਪੰਨਾ ਅ
9. "ਭੂਮਿਕਾ", 'ਸ੍ਰੀ ਅਸ਼ਟ ਗੁਰੂ ਚਮਤਕਾਰ', ਭਾਗ 1, ਪੰਨਾ ੳ
10. ਉਹੀ
11. ਉਹੀ
12. ਉਹੀ
13. ਉਹੀ
14. ਉਹੀ
15. ਉਹੀ, ਪੰਨੇ ੳ–ਅ
16. ਉਹੀ
17. ਉਹੀ, ਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਦੀ ਵਾਰਤਕ ਦੀਆਂ ਵਿਸ਼ੇਸ਼ਤਾਵਾਂ

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾਮਾ ਕਿਹਾ ਜਾਂਦਾ ਹੈ। ਉਨ੍ਹਾਂ ਦੀ ਚੰਗੀ ਤੇ ਨਿੱਖਰੀ ਹੋਈ ਵਾਰਤਕ ਟ੍ਰੈਕਟਾਂ, ਲੇਖਾਂ, ਭੂਮਿਕਾਵਾਂ ਤੇ ਚਮਤਕਾਰਾਂ ਵਿਚ ਮਿਲਦੀ ਹੈ। ਇਸ ਤੋਂ ਛੁੱਟ ਭਾਈ ਸਾਹਿਬ ਦੀਆਂ ਗਲਪ ਰਚਨਾਵਾਂ ਵਿਚ ਵੀ ਆਧੁਨਿਕ ਪੰਜਾਬੀ ਵਾਰਤਕ ਦੇ ਕਈ ਸੁੰਦਰ ਨਮੂਨੇ ਵਿਦਮਾਨ ਹਨ। ਉਨ੍ਹਾਂ ਰਚਨਾਵਾਂ ਨੇ ਸਹਿਜੇ ਹੀ ਨਵੀਨ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਹੱਥਲੇ ਲੇਖ ਵਿਚ ਅਸੀਂ ਭਾਈ ਸਾਹਿਬ ਦੀ ਦੋਹਾਂ ਤਰ੍ਹਾਂ ਦੀ ਵਾਰਤਕ ਦੀਆਂ ਵਿਸ਼ੇਸ਼ਤਾਵਾਂ ਉੱਤੇ ਚਰਚਾ ਕਰਾਂਗੇ।

1

ਭਾਈ ਸਾਹਿਬ ਨੇ ਚਮਤਕਾਰਾਂ ਨਾਂ ਦੀਆਂ ਤਿੰਨ ਵਾਰਤਕ ਰਚਨਾਵਾਂ ਵਿਚ ਸਿੱਖ ਗੁਰੂ ਸਾਹਿਬਾਨ ਉੱਤੇ ਜਨਮ ਸਾਖੀਕਾਰਾਂ ਤੇ ਲੋਕ ਕਲਪਣਾ ਰਾਹੀਂ ਪਏ ਪਰਾਸਰੀਰਕ ਸ਼ਕਤੀਆਂ ਤੇ ਕਰਾਮਾਤਾਂ ਦੇ ਪਰਛਾਵੇਂ ਹਟਾ ਕੇ ਉਨ੍ਹਾਂ ਦੇ ਅਸਲ ਵਿਅਕਤਿਤਵਾਂ ਨੂੰ ਅਜਿਹੇ ਭਾਵਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਉਨ੍ਹਾਂ ਨਾਲ ਇਕ ਭਾਵੁਕ ਸਾਂਝ ਜਿਹੀ ਪ੍ਰਤੀਤ ਹੋਣ ਲੱਗ ਜਾਂਦੀ ਹੈ। ਭਾਈ ਸਾਹਿਬ ਨੇ ਪਰਾਸਰੀਰਕ ਸ਼ਕਤੀਆਂ ਦੀ ਥਾਂ ਗੁਰੂ ਸਾਹਿਬਾਨ ਦੀ ਪ੍ਰਭੂ ਵਿਸ਼ਵਾਸ਼, ਉਸ ਦੀ ਟੇਕ ਵਿਚ ਅਟੱਲ ਰਹਿਣਾ, ਸ਼ਾਂਤ ਹਿਰਦੇ, ਅਡੋਲਤਾ ਤੇ ਗੰਭੀਰਤਾ ਰਾਹੀਂ ਜਿੱਤ ਹੁੰਦੀ ਵਿਖਾਈ ਹੈ। ਲੇਖਕ ਨੇ 'ਅਸ਼ਟ ਗੁਰ ਚਮਤਕਾਰ' ਭਾਗ ਦੂਜਾ, ਵਿਚ ਇਸ ਮੱਤ ਨੂੰ ਥਾਂ ਥਾਂ ਪ੍ਰਗਟ ਕੀਤਾ ਹੈ, ਉਥੇ ਜੋ ਵੀ ਵਿਰੋਧੀ ਗੁਰੂ ਘਰ ਜਾਂ ਗੁਰੂ ਜੀ ਉੱਤੇ ਹੱਲਾ ਕਰਨ ਜਾਂ ਮਾੜੇ ਇਰਾਦੇ ਨਾਲ ਆਇਆ, ਉਹ ਨਾ ਕੇਵਲ ਆਪਣੇ ਉਦੇਸ਼ ਵਿਚ ਹੀ ਅਸਫਲ ਰਿਹਾ ਸਗੋਂ ਉਸ ਨੇ ਆਪ ਖ਼ੁਦ ਵੀ ਨੁਕਸਾਨ ਉਠਾਇਆ। ਜਿਵੇਂ ਸੁਲਬੀ ਖਾਂ ਨੂੰ ਉਸ ਦੀ ਹੋਣੀ ਰਸਤੇ ਵਿਚ ਹੀ ਘੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈਂਦੀ ਹੈ ਤੇ ਆਪਣੇ ਇਕ ਪੁਰਾਣੇ ਨੌਕਰ ਹਥੋਂ ਮਾਰਿਆ ਜਾਂਦਾ ਹੈ। ਸੁਲਹੀ ਖਾਂ ਵੀ ਆਪਣੇ ਹੀ ਕਰਮਾਂ ਸਦਕਾ ਰਸਤੇ ਵਿਚ ਸ਼ਿਕਾਰ ਖੇਡਣ ਗਿਆ। ਇੱਟਾਂ ਦੇ ਪੱਕਦੇ ਆਵੇ ਵਿਚ ਘੋੜੇ ਸਮੇਤ ਭੁੱਜ ਜਾਂਦਾ ਹੈ। ਸਾਹਿਬਜ਼ਾਦੇ ਦੇ ਅਵਤਾਰ ਸਮੇਂ, ਨਵ-ਜਨਮੇ ਸਾਹਿਬ-ਜ਼ਾਦੇ ਹਥੋਂ ਦਾਈ ਦਾ ਮਾਰਿਆ ਜਾਣਾ। ਕਰ ਨਾ ਦੇਣ ਬਦਲੇ ਸ਼ਹਿਰ ਲੁੱਟਣ ਦੀ ਧਮਕੀ ਦੇਣ ਵਾਲੇ ਬੀਰਬਲ ਨੂੰ ਮਹਾਰਾਜੇ ਦੇ ਫ਼ੌਜੀ ਹੁਕਮ ਰਾਹੀਂ ਅੱਗੇ ਤੋਰਿਆ ਜਾਣਾ ਤੇ ਉਸ ਦਾ ਮਾਰਿਆ ਜਾਣਾ, ਆਦਿ ਪ੍ਰਸੰਗ ਇਸੇ ਸਿਧਾਂਤ ਦੀ ਹੀ ਪੁਸ਼ਟੀ ਕਰਦੇ ਹਨ।

ਅਵਤ ਸਿੰਘ ਅਨੁਸਾਰ "ਜਿਵੇਂ ਬਾਲਮੀਕੀ ਦੀ ਰਾਮਾਇਣ ਨੇ ਰਾਮ ਜੀ ਤੇ ਮਹਾਂ ਭਾਰਤ ਦੇ ਲੇਖਕ ਨੇ ਕ੍ਰਿਸ਼ਨ ਜੀ ਨੂੰ ਲੌਕਿਕ ਜੀਵਨ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ ਹੈ। ਇਹ ਕੁਝ ਭਾਈ ਸਾਹਿਬ ਨੇ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਦੀ ਰਸਗੁਧੀ ਪੇਸ਼ਕਾਰੀ ਰਾਹੀਂ ਕੀਤਾ ਹੈ।[1] ਯਕੀਨਣ ਹੀ ਗੁਰੂ ਸਾਹਿਬਾਨ ਦੇ ਜੀਵਨ ਚਰਿਤਰ ਲੇਖਕ ਨੇ ਬੜੀ ਸ਼ਰਧਾ ਅਤੇ ਪਿਆਰ ਨਾਲ ਚਿਤਰੇ ਹਨ।

ਭਾਈ ਸਾਹਿਬ ਨੇ ਗੁਰਮਤਿ ਪ੍ਰਚਾਰ ਲਈ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਨਵੀਨ ਢੰਗ ਅਤੇ ਰੋਮਾਂਚਿਕ ਰੂਪ ਵਿਚ ਲਿਖ ਕੇ ਇਹ ਵਾਧਾ ਕੀਤਾ ਹੈ ਕਿ ਉਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਵਿਚਾਰ-ਸ਼ੀਲ ਤੇ ਨਿਆਇ-ਸ਼ੀਲ ਢੰਗ ਨਾਲ ਦਸਿਆ ਹੈ। ਇਸ ਤਰ੍ਹਾਂ ਭਾਈ ਸਾਹਿਬਾਨ ਨੇ ਬੜੇ ਧੀਰਜ, ਲਗਨ ਤੇ ਮਿਹਨਤ ਨਾਲ ਸਿੱਖ ਇਤਿਹਾਸ ਦੀ ਕੁਝ ਖੋਜ ਵੀ ਕੀਤੀ ਹੈ ਤੇ ਕਈ ਥਾਵਾਂ ਉੱਤੇ ਟੁੱਟੀਆਂ ਹੋਈਆਂ ਕੜੀਆਂ ਨੂੰ ਵੀ ਜੋੜਿਆ ਵੀ ਹੈ। ਉਨ੍ਹਾਂ ਨੇ ਸਾਖੀਆਂ ਦੇ ਕਰਮ ਨੂੰ ਠੀਕ ਕਰ ਕੇ ਇਨ੍ਹਾਂ ਵਿਚ ਮਿਲਦੇ ਗਿਆਨ ਨੂੰ ਆਪਣੇ ਸਮੇਂ ਤਕ ਲਿਆਂਦਾ ਹੈ। ਇਸ ਜਾਣਕਾਰੀ ਨੂੰ ਸਪੱਸ਼ਟ ਕਰਨ ਤੇ ਵਧੇਰੇ ਸਮਝ-ਗੋਚਰਾ ਬਣਾਉਣ ਲਈ ਜਿਥੇ ਲੋੜ ਸਮਝੀ ਉਥੇ ਪੁਸਤਕ ਵਿਚ ਫੁੱਟ ਨੋਟਾਂ ਰਾਹੀਂ ਨਾਵਾਂ ਤੇ ਥਾਵਾਂ ਦੀ ਬਦਲੀ ਹੋਈ ਵਰਤਮਾਨ ਸਥਿਤੀ ਨੂੰ ਵੀ ਪੇਸ਼ ਕੀਤਾ ਹੈ। ਜਿਵੇਂ 'ਭਾਈ ਮੰਞ' ਦੀ ਸਾਖੀ ਵਿਚ ਭਾਈ ਮੰਞ ਦੇ ਖੂਹ ਦੀ ਸਥਿਤੀ ਤੇ ਕੰਗਮਾਈ ਪਿੰਡ ਦੀ ਸਥਿਤੀ ਬਾਰੇ, 'ਮਾਝੇ ਦੀ ਫੇਰੀ' ਵਿਚ 'ਚੋਹਲਾ ਸਾਹਿਬ' ਪਿੰਡ ਦੀ ਸਥਿਤੀ ਬਾਰੇ ਆਦਿ। ਚਮਤਕਾਰਾਂ ਵਿਚ ਜਿਹੜੀਆਂ ਗੱਲਾਂ ਸੁਭਾਵਕ ਮੰਨਣ ਵਿਚ ਨਹੀਂ ਆਉਂਦੀਆਂ ਉਨ੍ਹਾਂ ਲਈ ਭਾਈ ਸਾਹਿਬਾ ਨੇ ਸਬੂਤ ਤੇ ਦਲੀਲਾਂ ਦੀ ਵਰਤੋਂ ਕੀਤੀ ਹੈ, ਜਿਵੇਂ 'ਅਸ਼ਟ ਗੁਰ ਚਮਤਕਾਰ' ਵਿਚ 'ਸੰਤੋਖ ਸਰ' ਨਾਂ ਦੀ ਸਾਖੀ ਵਿਚ ਲਿਖਿਆ ਹੈ ਕਿ ਇਸ ਤਲਾ ਦੀ ਜਦ ਹੋਰ ਖੁਦਵਾਈ ਕੀਤੀ ਤਾਂ ਹੇਠੋਂ ਇਕ ਮਠ ਨਿਕਲਿਆ। ਉਸ ਮਠ ਵਿਚੋਂ ਇਕ ਜੋਗੀ ਨਿਕਲਿਆ, ਜਿਸ ਦੇ ਪ੍ਰਾਣ ਚੜ੍ਹ ਰਹੇ ਸਨ। ਇਸ ਗੱਲ ਨੂੰ ਮੰਨਣ ਯੋਗ ਬਣਾਉਣ ਲਈ ਕਥਾ ਵਿਚ ਮਾਲਸ਼ਾਂ ਆਦਿ ਦੇ ਜ਼ਿਕਰ ਤੋਂ ਸਿਵਾ ਇਕ ਫੁੱਟ ਨੋਟ ਵੀ ਦਿੱਤਾ ਹੈ ਜਿਸ ਵਿਚ ਲਿਖਿਆ ਹੈ "ਪ੍ਰਾਣ ਚੜ੍ਹਾ ਕੇ ਸਮਾਧੀ ਲਾ ਕੇ ਬੈਠੇ ਰਹਿਣ ਦੇ ਵਾਕਿਆਤ ਹੁਣ ਵੀ ਹੁੰਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਾਹਮਣੇ ਇਕ ਜੋਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ 40 ਦਿਨ ਭੁਇੰ ਤੱਲੇ ਰੱਖਿਆ ਜੀਉਂਦਾ ਨਿਕਲਿਆ ਸੀ। ਪਿਛੇ ਜਿਹੇ ਬੰਬਈ ਵਿਚ ਇਕ ਜੋਗੀ ਇਸ ਤਰ੍ਹਾਂ ਦੋ ਤ੍ਰੈ ਦਿਨ ਪ੍ਰਾਣ ਚੜ੍ਹਾ ਇਕ ਚੁਬੱਚੇ ਵਿਚ ਹੇਠਾਂ ਉੱਤੇ ਮਿੱਟੀ ਨਾਲ ਲਿੰਬਿਆ ਦਬਿਆ ਜੀਉਂਦਾ ਨਿਕਲਿਆ ਸੀ।"[2] ਗੁਰੂ ਸਾਹਿਬ ਦੀ ਜੀਵਨ ਸ਼ਖਸੀਅਤ ਨੂੰ ਇਨ੍ਹਾਂ ਚਮਤਕਾਰਾਂ ਵਿਚ ਭਲੀ ਭਾਂਤ ਉਜਾਗਰ ਕੀਤਾ ਹੈ। ਉਨ੍ਹਾਂ ਦੇ ਵਿਅਕਤਿਤਵ ਨੂੰ ਵਧੇਰੇ ਸਪਸ਼ਟ ਕਰਨ ਲਈ ਭਾਈ ਸਾਹਿਬਾਨ ਨੇ ਉਨ੍ਹਾਂ ਦੇ ਜੀਵਨ ਦੀਆਂ ਵੱਖ ਵੱਖ ਘਟਨਾਵਾਂ ਨੂੰ ਲੈ ਕੇ ਅਜਿਹੇ ਢੰਗ ਨਾਲ ਪੇਸ਼ ਕੀਤਾ ਹੈ ਕਿ ਪਾਠ ਵਧੇਰੇ ਭਾਵ-ਪੂਰਤ ਤੇ ਮੰਨਣ ਯੋਗ ਬਣ ਜਾਏ। ਜਿਸ ਤਰ੍ਹਾਂ 'ਅਸ਼ਟ ਗੁਰ ਚਮਤਕਾਰ' ਭਾਗ ਦੂਜਾ ਦੀਆਂ ਵੱਖ ਵੱਖ ਸਾਖੀਆਂ ਇਹ ਸਪੱਸ਼ਟ ਕਰਦੀਆਂ ਹਨ ਕਿ ਗੁਰੂ ਅਰਜਨ ਦੇਵ ਜੀ ਵਾਹਿਗੁਰੂ ਦਾ ਭਾਣਾ ਮਿੱਠਾ ਕਰ ਕੇ ਮੰਨਣ ਵਿਚ ਵਿਸ਼ਵਾਸ਼ ਰੱਖਦੇ ਸਨ। ਉਨ੍ਹਾਂ ਸਾਰੀ ਉਮਰ ਨਿੱਡਰ, ਅਡੋਲ ਤੇ ਸ਼ਾਂਤ ਹਿਰਦੇ ਨਾਲ ਸਤਿ ਦੀ ਓਟ ਲਈ ਰੱਖੀ। ਉਨ੍ਹਾਂ ਦੇ ਜੀਵਨ ਦੇ ਅੰਤਲੇ ਸਮੇਂ ਤਸੀਹੇ ਵਧਦੇ ਗਏ ਪਰੰਤੂ ਉਹ ਅਸੂਲ ਉੱਤੇ ਪੱਕੇ ਰਹੇ ਤੇ ਉਨ੍ਹਾਂ ਸਤਿ ਦਾ ਪੱਲੂ ਨਾ ਛਡਿਆ। ਉਹ ਮੰਨਦੇ ਸਨ ਕਿ ਵਾਹਿਗੁਰੂ ਦੇ ਭਾਣੇ ਵਿਚ ਫਰਕ ਨਾ ਪਾਵੋ ਤੇ ਜ਼ਾਲਮ ਦਾ ਜ਼ੁਲਮ ਸਹਾਰੋ। ਇਸ ਤਰ੍ਹਾਂ ਨਿੱਡਰਤਾ ਨਾਲ ਸਤਿ ਦੀ ਪਾਲਣਾ ਕਰਦੇ ਹੋਏ ਉਹ ਸੰਸਾਰ ਨੂੰ ਇਹ ਦਸ ਗਏ ਕਿ ਜੇ ਸਤਿ ਬਦਲੇ ਜਿੰਦ ਵੀ ਚੁਕਾਉਣੀ ਪਵੇ ਤਾ ਚੁਕਾ ਦੇਣੀ ਚਾਹੀਦੀ ਹੈ।

ਭਾਈ ਸਾਹਿਬ ਦੀ ਵਾਰਤਕ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਵਿਚ ਗੁਰਮਤਿ ਦਾ ਹੋਰਨਾਂ ਧਰਮਾਂ, ਫਿਰਕਿਆਂ ਜਾਂ ਮਤ-ਮਤਾਂਤਰਾਂ ਨਾਲ ਤੁਲਨਾਤਮਿਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਤੁਨਨਾਤਮਿਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਤੁਲਨਾਤਮਕ ਅਧਿਐਨ ਪੇਸ਼ ਕਰ ਕੇ ਭਾਈ ਸਾਹਿਬ ਆਪਣੇ ਮੱਤ ਦੀ ਪੁਸ਼ਟੀ ਵਧੇਰੇ ਸਫਲਤਾ ਨਾਲ ਕਰ ਸਕੇ ਹਨ। ਉਦਾਹਰਣ ਲਈ 'ਅਸ਼ਟ ਗੁਰ ਚਮਤਕਾਰ' ਭਾਗ ਦੂਜਾ ਵਿਚ "ਭਾਈ ਕਲਯਾਣਾ" ਨਾਂ ਦੀ ਸਾਖੀ ਵਿਚ ਭਾਈ ਕਲਯਾਣਾ ਤੇ ਰਾਜਾ ਮੰਡੀ ਦੀ ਵਾਰਤਾਲਾਪ ਤੇ "ਭਾਈ ਮੰਞ' ਵਿਚ ਭਾਈ ਮੰਞ ਦੇ ਬੋਲ ਵੀ ਕਿਸੇ ਹੱਦ ਤਕ ਭਾਈ ਸਾਹਿਬ ਦੀ ਇਸੇ ਬਿਰਤੀ ਨੂੰ ਹੀ ਸਪੱਸ਼ਟ ਕਰਦੇ ਹਨ। 'ਗੁਰੂ ਨਾਨਕ ਚਮਤਕਾਰ' ਵਿਚ "ਸਭ ਤੋਂ ਵੱਡਾ ਸਤਿਗੁਰ ਨਾਨਕ" ਤੇ "ਸਰਬ ਕਾਲੀ ਸਤਿਗੁਰ ਨਾਨਕ ਦੇਵ" ਨਾਂ ਦੀਆਂ ਸਾਖੀਆਂ ਵਿਚ ਭਾਈ ਸਾਹਿਬ ਨੇ ਦਲੀਲ ਸਹਿਤ ਤੇ ਨਿਆਇ ਪੂਰਨ ਢੰਗ ਨਾਲ ਆਪਣੇ ਇਸੇ ਪੱਖ ਨੂੰ ਸਪੱਸ਼ਟ ਕੀਤਾ ਹੈ। ਚਮਤਕਾਰਾਂ ਤੋਂ ਛੁਟ ਲੇਖਕ ਨੇ ਆਪਣੇ ਪ੍ਰਸਿੱਧ ਨਾਵਲ 'ਬਾਬਾ ਨੌਧ ਸਿੰਘ' ਵਿਚ ਵੀ ਗੁਰਮਤਿ ਦਾ ਹੋਰਨਾਂ ਮਤ-ਮਤਾਂਤਰਾਂ ਨਾਲ ਬਹੁਤ ਸੁਚੱਜਾ ਤੁਲਨਾਤਮਿਕ ਅਧਿਐਨ ਪੇਸ਼ ਕੀਤਾ ਹੈ।

ਭਾਈ ਸਾਹਿਬ ਨੇ 'ਗੁਰੂ ਨਾਨਕ ਚਮਤਕਾਰ' ਵਿਚ ਕਿਸੇ ਹੱਦ ਤਕ ਗੁਰੂ ਨਾਨਕ ਸਾਹਿਬ ਦੀ ਯਾਤਰਾ ਦੇ ਸਥਾਨਾਂ ਦੀ ਭੂਗੋਲਿਕ ਸਥਿਤੀ ਨੂੰ ਕਾਇਮ ਕਰਨ ਦੀ ਵੀ ਕੋਸ਼ਿਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ ਹੈ। 'ਅਸ਼ਟ ਗੁਰ ਚਮਤਕਾਰ' ਭਾਗ ਦੂਜਾ ਵਿਚ ਵੀ ਯੋਗ ਥਾਵਾਂ ਉੱਤੇ ਭਾਈ ਸਾਹਿਬ ਦੀ ਇਹੋ ਸੂਝ ਕੰਮ ਕਰਦੀ ਦਿਸਦੀ ਹੈ। ਫਲਸਰੂਪ ਇਸ ਰਚਨਾ ਨੂੰ ਪੜ੍ਹਦੇ ਸਮੇਂ ਪ੍ਰਸੰਗ ਲਈ ਰਸ ਵਧਣ ਦੇ ਨਾਲ ਨਾਲ ਉਨ੍ਹਾਂ ਇਤਿਹਾਸਕ ਥਾਵਾਂ ਨਾਲ ਵੀ ਇਕ ਗੂੜ੍ਹਾ ਨਾਤਾ ਬੱਝ ਜਾਂਦਾ ਹੈ। ਇਸ ਤਰ੍ਹਾਂ ਇਨ੍ਹਾਂ ਰਚਨਾਵਾਂ ਦਾ ਅਧਿਐਨ ਕਰਦੇ ਸਮੇਂ, ਅਸਥਾਨਾਂ ਦੀ ਭੂਗੋਲਿਕ ਜਾਣਕਾਰੀ ਰੱਖਣ ਵਾਲਾ ਪਾਠਕ ਦੂਜਿਆਂ ਤੋਂ ਵਧੇਰੇ ਆਨੰਦ ਮਾਣ ਸਕਦਾ ਹੈ। ਇਨ੍ਹਾਂ ਚਮਤਕਾਰਾਂ ਦੀ ਇਥੇ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਰਚਨਾਵਾਂ ਜੋ ਅੱਜ ਤੋਂ ਤਿੰਨ ਚਾਰ ਸਦੀਆਂ ਪਹਿਲਾਂ ਦੇ ਨਾਵਾਂ ਤੇ ਥਾਵਾਂ ਦੇ ਵੇਰਵੇ ਦਿੰਦੀਆਂ ਹਨ, ਭਾਈ ਸਾਹਿਬ ਨੇ ਉਨ੍ਹਾਂ ਨਾਵਾਂ ਤੇ ਥਾਵਾਂ ਦੇ ਬਦਲੇ ਹੋਏ ਵਰਤਮਾਨ ਨਾਵਾਂ ਥਾਵਾਂ ਨਾਲ ਫੁੱਟ ਨੋਟਾਂ ਰਾਹੀਂ, ਸਬੰਧ ਜੋੜ ਕੇ ਤੇ ਸਥਿਤੀ ਦਸ ਕੇ, ਪਾਠ ਨੂੰ ਜਿਥੇ ਇਕ ਪਾਸੇ ਵਧੇਰੇ ਵਾਸਤਵਿਕ ਬਣਾਇਆ ਹੈ, ਉਥੇ ਪਾਠਕਾਂ ਲਈ ਇਹ ਬਹੁਤ ਦਿਲਚਸਪ ਵੀ ਬਣ ਗਿਆ ਹੈ। ਜਿਵੇਂ 'ਅਸ਼ਟ ਗੁਰ ਚਮਤਕਾਰ' ਭਾਗ ਦੂਜਾ ਦਾ ਪ੍ਰਸੰਗ ਨੰ 3 (ਗੁਰਦੁਆਰਾ ਪਿਪਲੀ ਸਾਹਿਬ ਬਾਰੇ), 4 ਗੁਰਦੁਆਰਾ ਸੰਤੋਖ ਸਰ ਬਾਰੇ), 10 (ਭਾਈ ਮੰਵ ਦੇ ਖੂਹ ਬਾਰੇ), 20 (ਗੁਰਦੁਆਰਾ ਚੋਹਲਾ ਸਾਹਿਬ ਬਾਰੇ), 22 (ਖਾਰਾ ਪਿੰਡ ਬਾਰੇ), ਆਦਿ।

ਭਾਈ ਵੀਰ ਸਿੰਘ ਨੇ ਚਮਤਕਾਰਾਂ ਵਿਚ ਵਰਤਮਾਨ ਵਿਗਿਆਨਕ ਖੋਜ[3] ਤੋਂ ਵੀ ਲਾਭ ਉਠਾਇਆ ਹੈ ਜਿਵੇਂ ਉਨ੍ਹਾਂ ਨੇ "ਸੱਚ ਖੰਡ ਯਾਤਰਾ" ਨਾਂ ਦੇ ਪ੍ਰਸੰਗ ਵਿਚ ਸੰਸਾਰ ਦੀ ਉਤਪਤੀ ਸੰਬੰਧੀ ਅਧਿਆਤਮਿਕ ਵਿਚਾਰਾਂ ਦੀ ਅਜੋਕੀ ਵਿਗਿਆਨਕ ਖੋਜ ਨਾਲ ਸੰਬੰਧ ਜੋੜ ਕੇ ਪ੍ਰਭਾਵਸ਼ਾਲੀ ਤੇ ਰਸਮਈ ਬਣਾ ਦਿੱਤਾ ਹੈ। ਇਸੇ ਤਰ੍ਹਾਂ ਲੇਖਕ ਨੇ ਪੁਰਾਤਨ ਜਨਮ ਸਾਖੀ ਦੀਆਂ ਕਈ ਖਾਮੀਆਂ ਨੂੰ ਅਨੁਭਵ ਕੀਤਾ ਹੈ। ਉਹ ਇਸ ਗੱਲ ਤੋਂ ਸੁਚੇਤ ਹੈ ਕਿ ਪੁਰਾਤਨ ਜਨਮ ਸਾਖੀ ਵਿਚ ਅੰਕਿਤ "ਨੂਰ ਸ਼ਾਹ ਨਿਸਤਾਰਾ" ਦੀ ਸਾਖੀ ਦੇ ਵਿਚਾਰਾਂ ਨੂੰ ਸਮਕਾਲੀ ਵਿਗਿਆਨਕ ਯੁੱਗ ਦੀ ਬੁੱਧੀ ਸਵੀਕਾਰ ਨਹੀਂ ਕਰਦੀ। ਇਸੇ ਤਰ੍ਹਾਂ ਕਈ ਹੋਰ ਸਾਖੀਆਂ ਨੂੰ ਵੀ ਭਾਈ ਸਾਹਿਬ ਨੇ ਯੁਕਤੀ-ਯੁਕਤ ਕਰਨ ਦਾ ਸਫਲ ਯਤਨ ਕੀਤਾ ਹੈ। ਭਾਈ ਸਾਹਿਬ ਨੇ ਯੁਕਤੀ-ਯੁਕਤ ਕਰਨ ਲਈ ਵਾਰਤਾਲਾਪ ਦੀ ਤਕਨੀਕ ਤੋਂ ਬਹੁਤ ਹੀ ਲਾਭ ਉਠਾਇਆ ਹੈ। ਉਨ੍ਹਾਂ ਨੂੰ ਜਦੋਂ ਵੀ ਕੋਈ ਸਿਧਾਂਤ ਸਪਸ਼ਟ ਕਰਨ ਦੀ ਲੋੜ ਪਈ, ਉਨ੍ਹਾਂ ਝੱਟ ਇਹ ਢੰਗ ਅਪਣਾ ਲਿਆ ਤੇ ਸਫਲਤਾ ਪ੍ਰਾਪਤ ਕਰ ਲਈ। "ਭਾਈ ਕਲਯਾਣਾ" ਵਿਚ ਭਾਈ ਕਲਯਾਣਾ ਤੇ ਰਾਜਾ ਮੰਡੀ ਦੀ ਵਾਰਤਾਲਾਪ, "ਹਰਿ ਮੰਦਰ ਰਾਜਾ ਮੰਡੀ ਤੇ ਕਰਮ ਰੇਖਾ" ਵਿਚ ਗੁਰੂ ਜੀ ਤੇ ਰਾਜਾ ਦੀ ਵਾਰਤਾਲਾਪ ਨੂੰ ਲੇਖਕ ਨੇ ਆਪਣੇ ਸਿਧਾਂਤ ਦੀ ਵਿਆਖਿਆ ਦੇ ਰੂਪ ਵਿਚ ਹੀ ਵਰਤਿਆ ਹੈ। ਭਾਈ ਕਲਯਾਣਾ ਵਿਚ ਰਾਜੇ ਦਾ ਵਧੇਰੇ ਕ੍ਰੋਧਤ ਹੋ ਕੇ ਬੇਹੋਸ਼ ਹੋਣਾ ਤੇ ਫੇਰ ਹੋਸ਼ ਵਿਚ ਆਉਣਾ ਆਦਿ ਗੱਲਾਂ ਵਿਚ ਭਾਈ ਸਾਹਿਬ ਦੀ ਮਨੋਵਿਗਿਆਨਕ ਸੂਝ ਕੰਮ ਕਰ ਰਹੀ ਦਿਸਦੀ ਹੈ।

ਇਨ੍ਹਾਂ ਚਮਤਕਾਰਾਂ ਦੀਆਂ ਸਾਖੀਆਂ ਵਿਚ ਕਈ ਗੋਸ਼ਟੀਆਂ ਵੀ ਸ਼ਾਮਲ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਗੋਸ਼ਟੀਆਂ ਨੂੰ ਭਾਈ ਸਾਹਿਬ ਨੇ ਆਪਣੀ ਯੋਗਤਾ ਅਤੇ ਸਿਧਾਂਤ ਅਨੁਸਾਰ ਵੱਧ ਤੋਂ ਵੱਧ ਸਰਲ ਤੇ ਠੇਠ ਭਾਸ਼ਾ ਰਾਹੀਂ ਸੌਖਾ ਬਣਾ ਕੇ ਮੰਨਣਯੋਗ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਭਾਈ ਸਾਹਿਬ ਨੇ ਇਨ੍ਹਾਂ ਗੋਸ਼ਟੀਆਂ ਰਾਹੀਂ ਗੁਰਮਤਿ ਸੰਬੰਧੀ ਪਏ ਹੋਏ ਕਈ ਭੁਲੇਖਿਆਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਹੈ। ਲੇਖਕ ਨੇ ਗੁਰਮਤਿ, ਗੁਰਬਾਣੀ, ਆਤਮਾ, ਪਰਮਾਤਮਾ, ਤੱਪ ਧਰਮ ਖੰਡ, ਸਰਮ ਖੰਡ, ਗਿਆਨ ਖੰਡ, ਆਦਿ ਅਨੇਕਾਂ ਧਾਰਮਕ ਵਿਸ਼ਿਆਂ ਉੱਤੇ ਆਪਣੇ ਚਮਤਕਾਰਾਂ ਵਿਚ ਅਥਾਹ ਗਿਆਨ ਦਿੱਤਾ ਹੈ। 'ਗੁਰੂ ਨਾਨਕ ਚਮਤਕਾਰ' ਵਿਚ ਇਨ੍ਹਾਂ ਵਿਸ਼ਿਆਂ ਉਤੇ ਵਧੇਰੇ ਵਿਸਥਾਰ ਨਾਲ ਚਰਚਾ ਹੋਈ ਹੈ।

'ਸ੍ਰੀ ਅਸ਼ਟ ਗੁਰ ਚਮਤਕਾਰ' ਭਾਗ ਦੋ, ਵਿਚ ਆਏ ਗੁਰਸਿੱਖਾਂ ਤੇ ਗੁਰੂ ਘਰ ਦੇ ਪ੍ਰੇਮੀਆਂ ਦੇ ਪ੍ਰਸੰਗ ਜਿਥੇ ਇਕ ਪਾਸੇ ਸਬੰਧਿਤ ਗੁਰਸਿੱਖਾਂ ਦੇ ਜੀਵਨ ਚਰਿਤਰਾਂ ਰਾਹੀਂ ਗੁਰੂ ਜੀ ਦੇ ਜੀਵਨ ਚਰਿਤਰ ਬਾਰੇ ਵਾਕਫੀਅਤ ਦਿੰਦੇ ਹਨ ਉਥੇ ਉਹ ਪ੍ਰਸੰਗ ਕਿਸੇ ਨਾ ਕਿਸੇ ਸਿੱਖੀ ਸਿਧਾਂਤ ਜਾਂ ਗੁਰਮਤਿ ਦੇ ਅਸੂਲ ਦੀ ਵਿਆਖਿਆ ਵੀ ਕਰ ਰਹੇ ਹੁੰਦੇ ਹਨ। ਉਦਾਹਰਣ ਲਈ ਵੇਖੋ "ਭਾਈ ਬਹੋੜੇ" ਦਾ ਪ੍ਰਸੰਗ। ਇਸ ਪ੍ਰਸੰਗ ਵਿਚ ਭਾਈ ਸਾਹਿਬ ਨੇ ਭਾਈ ਬਹੋੜੇ ਤੇ ਗੁਰੂ ਜੀ ਦੇ ਵਾਰਤਾਲਾਪ ਰਾਹੀਂ ਸੁੱਚੀ ਕਿਰਤ ਕਰਨ, ਪ੍ਰਭੂ ਦਾ ਸਿਮਰਨ ਕਰਨ, ਸਤਿ ਸੰਗਤ ਕਰਨ, ਕੀਰਤਨ ਕਰਨ, ਗੁਰਬਾਣੀ ਪੜ੍ਹਨ ਤੇ ਵਿਚਾਰਨ, ਆਦਿ ਕਈ ਗੁਰਮਤਿ ਦੇ ਸਿਧਾਂਤਾਂ ਦੀ ਸੁਚੱਜੇ ਢੰਗ ਨਾਲ ਮਹੱਤਾ ਪ੍ਰਗਟਾਈ ਹੈ। ਇਸੇ ਤਰ੍ਹਾਂ ਇਸ ਰਚਨਾ ਵਿਚ ਗੁਰਮੁਖ, ਮਨਮੁਖ, ਸਨਮੁਖ, ਬੇਮੁਖ, ਦਾਨ, ਨਾਮ, ਇਸ਼ਨਾਨ, ਸਤਿ, ਸੰਤੋਖ, ਵਿਚਾਰ ਆਦਿ ਗੁਰਮਤਿ ਦੇ ਮਹੱਤਵਪੂਰਨ ਸ਼ਬਦਾਂ ਉੱਤੇ ਸੁਵਿਸਤਾਰ ਵਿਚਾਰ ਕਰਨ ਤੋਂ ਛੁੱਟ, ਈਰਖਾ, ਸਾੜਾਂ, ਨਫ਼ਰਤ, ਵੈਰ, ਗ੍ਰਹਿ ਪੂਜਾ, ਆਦਿ ਦੇ ਨੁਕਸਾਨ ਵੀ ਖੋਲ੍ਹ ਕੇ ਪ੍ਰਗਟਾਏ ਹਨ।

'ਸ੍ਰੀ ਕਲਗੀਧਰ ਚਮਤਕਾਰ' ਵਿਚ ਜਿਥੇ ਇਹ ਸਿੱਧ ਕੀਤਾ ਗਿਆ ਹੈ ਕਿ ਗੁਰੂ ਜੀ ਨੇ ਪਹਿਲੇ ਹੋ ਚੁੱਕੇ ਗੁਰੂ ਸਾਹਿਬਾਨ ਦੇ ਯਤਨਾਂ ਨੂੰ ਭਲੀ ਭਾਂਤ ਸਿਰੇ ਚੜ੍ਹਾਇਆ ਹੈ, ਉਥੇ ਗੁਰੂ ਜੀ ਅਤੇ ਪਹਾੜੀ ਰਾਜਿਆਂ ਦੇ ਵਿਚਕਾਰ ਹੋਏ ਯੁੱਧ ਦਾ ਜ਼ਿਕਰ ਦਰਜ ਹੈ। ਇਸ ਤਰ੍ਹਾਂ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੀ ਇਸ ਰਚਨਾ ਦੀ ਮਹੱਤਾ ਵਧ ਜਾਂਦੀ ਹੈ। ਇਸ ਰਚਨਾ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਕਈ ਲੋਕ ਕਥਾਵਾਂ ਰਾਹੀਂ ਲੇਖਕ ਨੇ ਸਿੱਖੀ ਸਿਧਾਂਤਾਂ ਉੱਤੇ ਸਫਲਤਾ ਨਾਲ ਚਾਨਣ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਸਬੰਧ ਵਿਚ ਗੁਲਾਬੋ, ਦੀਪ ਕੌਰ, ਰਾਇ, ਪ੍ਰੀਤਮ ਜੀ, ਨਾਤੋੜ, ਬੀਬੀ ਤਲੋਕ ਬਾਈ ਤੇ ਘਲੂ ਸ਼ਾਹ, ਬੀਬੀ ਸੁਘੜ ਬਾਈ, ਬਖਸ਼ਿੰਦ ਮਹਿਰਮ, ਪ੍ਰਸੰਗ ਇਕ ਮਾਈ, ਆਦਿ ਉਦਾਹਰਣਾਂ ਵਰਨਣਯੋਗ ਹਨ।

ਪਹਿਲੀ ਤੇ ਦਸਵੀਂ ਪਾਤਸ਼ਾਹੀ ਦੇ ਸਬੰਧ ਵਿਚ ਸੰਚਿਤ ਕੀਤੇ ਗਏ ਚਮਤਕਾਰਾਂ ਵਿਚ ਇਕ ਵੱਡੀ ਖਾਮੀ ਇਹ ਹੈ ਕਿ ਇਨ੍ਹਾਂ ਚਮਤਕਾਰਾਂ ਵਿਚਲੇ ਪ੍ਰਸੰਗਾਂ ਨੂੰ ਭਾਈ ਸਾਹਿਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਪਹਿਲਾਂ 'ਟ੍ਰੈਕਟਾਂ' ਦੇ ਰੂਪ ਵਿਚ ਅਤੇ 'ਖਾਲਸਾ ਸਮਾਚਾਰ' ਵਿਚ ਛਪੇ ਲੇਖਾਂ ਨੂੰ ਕਿਸੇ ਪ੍ਰਕਾਰ ਦੇ ਘਟਨਾਤਮਕ ਜਾਂ ਇਤਿਹਾਸਕ ਸਮੇਂ ਦੇ ਨਿਰਣੇ ਦੇ ਦ੍ਰਿਸ਼ਟੀਕੋਣ ਤੋਂ ਸੰਪਾਦਿਤ ਨਹੀਂ ਕੀਤਾ। ਇਸ ਕਾਰਨ ਆਪਣੇ ਵੱਡੇ ਆਕਾਰ ਦੇ ਬਾਵਜੂਦ ਵੀ ਇਨ੍ਹਾਂ ਦਾ ਆਪਣਾ 'ਕਿਤਾਬੜੀ ਰੂਪ' ਕਾਇਮ ਹੈ ਤੇ ਇਸ ਤੋਂ ਛੁਟ ਇਨ੍ਹਾਂ ਰਚਨਾਵਾਂ ਵਿਚ ਕਿਤੇ ਕਿਤੇ ਦੁਹਰਾਉ ਵੀ ਆ ਗਿਆ, ਜੋ ਪਾਠਕ ਲਈ ਸਹਿਜੇ ਹੀ ਅਕੇਵੇਂ ਦਾ ਰੂਪ ਧਾਰਨ ਕਰ ਲੈਂਦਾ ਹੈ। ਜਗਜੀਤ ਸਿੰਘ ਅਨੁਸਾਰ, "ਜੇਕਰ 'ਗੁਰੂ ਨਾਨਕ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਦੇ ਉਨ੍ਹਾਂ ਪ੍ਰਸੰਗਾਂ ਦੀਆਂ ਜਿਹੜੇ ਪਹਿਲਾਂ ਟ੍ਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਏ ਸਨ, ਭੂਮਿਕਾਵਾਂ ਨੂੰ ਇਨ੍ਹਾਂ ਪੁਸਤਕਾਂ ਵਿਚੋਂ ਕੱਢ ਦਿੱਤਾ ਜਾਵੇ ਅਤੇ ਇਨ੍ਹਾਂ ਪੁਸਤਕਾਂ ਵਿਚ ਦਰਜ ਕਵਿਤਾਵਾਂ ਦੀ ਥਾਂ ਗੱਦਮਈ ਪ੍ਰਸੰਗ ਰਲਾ ਦਿਤੇ ਜਾਣ ਤਾਂ ਇਨ੍ਹਾਂ ਦਾ ਸਾਹਿਤਕ ਮੁੱਲ ਅੱਜ ਤੋਂ ਕਿਤੇ ਅਧਿਕ ਵੱਧ ਪੈ ਸਕਦਾ ਹੈ"।[4]

ਭਾਈ ਵੀਰ ਸਿੰਘ 'ਅਸ਼ਟ ਗੁਰ ਚਮਤਕਾਰ' ਭਾਗ ਦੂਜਾ ਦੇ ਪੰਨਾ 34 ਉੱਤੇ ਸੂਚਨਾ ਵਿਚ ਲਿਖਦੇ ਹਨ "ਚਿਤ ਨਹੀਂ ਕਰਦਾ ਕਿ ਸ੍ਰੀ ਪ੍ਰਿਥਵੀ ਚੰਦ ਜੀ ਦੇ ਵਰਤਾਉ, ਜੋ ਬੜੇ ਮਾੜੇ ਹਨ, ਲਿਖੀਏ। ਉਨ੍ਹਾਂ ਦੇ ਅਵਗੁਣਾਂ ਦੀ ਗੰਢ ਨਾ ਬੰਨ੍ਹੀਏ ਤੇ ਆਪਣੇ ਦੈਵੀ ਗੁਰੂ ਅਰਜਨ ਦੇਵ ਜੀ ਦੇ ਗੁਣਾ ਨੂੰ ਵਿਹਾਝੀਏ। "ਅਗੇ ਭਾਈ ਸਾਹਿਬ ਇਨ੍ਹਾਂ ਨੂੰ ਅੰਕਿਤ ਕਰਨ ਦਾ ਮਨੋਰਥ ਦਸਦੇ ਹੋਏ ਲਿਖਦੇ ਹਨ, "ਪਰ ਇਤਿਹਾਸ ਜੁ ਹੋਇਆ ਤੇ ਉਸ ਦਾ ਲੁਕੋ ਨਹੀਂ ਬਣਦਾ ਤੇ ਉਨ੍ਹਾਂ ਮਾੜੇ ਵਰਤਾਵਾਂ ਵਿਚੋਂ ਗੁਰੂ ਅਰਜਨ ਦੇਵ ਜੀ ਦੀ ਗੁਰਤੱਵ ਤੇ ਆਤਮ ਉੱਚਤਾ ਦੇ ਦਰਸ਼ਨ ਹੁੰਦੇ ਹਨ ਤੇ ਭੁੱਲਾਂ ਵਿਚ ਫਸੇ, ਗ਼ਾਫਲ ਜਗਤ ਨੂੰ ਕੁਝ ਸਿਖਿਆ ਮਿਲਦੀ ਹੈ।" ਸਪੱਸ਼ਟ ਹੈ ਕਿ ਭਾਈ ਸਾਹਿਬ ਨੇ ਉਸ ਸਮੇਂ ਦੇ ਹਾਲਾਤ ਦਾ ਪੂਰਨ ਭਾਂਤ ਚਿਤਰ ਖਿੱਚ ਕੇ ਗੁਰੂ ਜੀ ਦੀ ਸ਼ਖ਼ਸੀਅਤ ਬਾਰੇ ਵਧੇਰੇ ਚੰਗੀ ਤਰ੍ਹਾਂ ਚਾਨਣਾ ਪਾਇਆ ਹੈ। ਗੁਰੂ ਜੀ ਅਨੁਸਾਰ ਦੱਸੇ ਹੋਏ ਅਸੂਲਾਂ ਅਨੁਸਾਰ ਯਕੀਨਣ ਹੀ ਭੁਲੀ ਭਟਕੀ ਦੁਨੀਆਂ ਨੂੰ ਜੀਵਨ ਸੇਧ ਮਿਲਦੀ ਹੈ।

'ਅਸ਼ਟ ਗੁਰ ਚਮਤਕਾਰ' ਭਾਗ ਦੂਜਾ ਵਿਚ ਗੁਰੂ ਅਰਜਨ ਦੇਵ ਜੀ ਦੀ ਜੀਵਨੀ ਤੇ ਸਮਕਾਲੀ ਸਿੱਖਾਂ ਦੇ ਜੀਵਨਾਂ ਤੋਂ ਛੁਟ 'ਆਦਿ ਗ੍ਰੰਥ' ਦੀ ਰਚਨਾ, ਪੋਥੀਆਂ ਤੇ ਬਾਣੀਆਂ ਇਕੱਤਰ ਕਰਨ ਬਾਰੇ ਤੇ ਪਾਵਨ ਬੀੜ ਦੀ ਤਿਆਰੀ ਬਾਰੇ ਸੁਵਿਸਥਾਰ ਦੱਸਿਆ ਗਿਆ ਹੈ। 'ਆਦਿ ਗ੍ਰੰਥ' ਵਿਚ ਭਗਤ ਬਾਣੀ ਚਾੜ੍ਹਨ ਦਾ ਕਾਰਨ ਸਪੱਸ਼ਟ ਕਰਦੇ ਹੋਏ ਭਾਈ ਸਾਹਿਬ ਨੇ ਦੱਸਿਆ ਹੈ ਕਿ ਗੁਰੂ ਜੀ ਨੇ ਇਸ ਤਰ੍ਹਾਂ ਕਰਕੇ ਜਗਤ ਨੂੰ ਇਹ ਸੁਮੱਤ ਦਿੱਤੀ ਹੈ ਕਿ ਅੱਡ ਅੱਡ ਮੱਤਾਂ ਤੇ ਧਰਮਾਂ ਦੇ ਬੰਦੇ ਪਰਸਪਰ ਵਿਰੋਧ ਨਾ ਕਰਨ; ਧਰਮ ਕੀਹ ਤੇ ਦਵੈਸ਼ ਕੀਹ। ਗੁਰੂ ਜੀ ਨੇ ਇਹ ਸਿਖਾਇਆ ਹੈ ਕਿ ਹਰ ਮੱਤ ਵਿਚੋਂ ਸੱਚ ਗ੍ਰਹਿਣ ਕਰੋ ਤੇ ਕਿਸੇ ਮੱਤ ਦੇ ਬਜ਼ੁਰਗ ਨੂੰ ਬੁਰਾ ਨਾ ਕਹੋ। ਆਪਣੇ ਧਰਮ ਵਿਚ ਪੱਕੇ ਰਹੋ, ਆਪਣੇ ਇਸ਼ਟ ਦੇਵ ਦੇ ਪ੍ਰੇਮ ਵਿਚ ਰਹੋ ਤੇ ਉਸ ਦੀ ਸਿਖਿਆ, ਉਪਦੇਸ਼, ਬਾਣੀ ਦੇ ਧਿਆਨ ਪ੍ਰੀਤ ਆਸਰੇ ਆਪਣੇ ਮਨ ਨੂੰ ਇਕਾਗਰ ਕਰੋ ਤੇ ਵਾਹਿਗੁਰੂ ਜੀ ਦੀ ਲੱਖਤਾ ਤੱਕ ਅੱਪੜ ਪਵੋ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸੇ ਲਈ ਹੀ ਉਨ੍ਹਾਂ ਨੇ ਹੋਰਨਾਂ ਮਜ਼੍ਹਬਾਂ ਤੇ ਜ਼ਾਤੀਆਂ, ਖਿਆਲਾਂ ਦੇ ਵਡਿੱਕਿਆਂ ਦੀ ਬਾਣੀ ਦਰਜ ਕੀਤੀ ਗਈ ਹੈ। ਮੁਸਲਮਾਨ, ਹਿੰਦੂ, ਸ਼ੈਵੀ, ਵੈਸ਼ਨਵ, ਸੂਫ਼ੀ ਹਰ ਭਲੇ ਪੁਰਖ ਦੀ ਬਾਣੀ ਗੁਰੂ ਜੀ ਨੇ ਆਦਿ ਗ੍ਰੰਥ ਵਿਚ ਅੰਕਿਤ ਕੀਤੀ ਹੈ। ਇਸ ਤੋਂ ਛੁਟ 'ਅਸ਼ਟ ਗੁਰ ਚਮਤਕਾਰ' ਵਿਚ ਭਾਈ ਸਾਹਿਬ ਨੇ ਆਦਿ ਗ੍ਰੰਥ ਸੰਬੰਧੀ ਤੇ ਇਸ ਵਿਚ ਆਈਆਂ ਹੋਰ ਪ੍ਰਸਿੱਧ ਰਚਨਾਵਾਂ ਬਾਵਨ ਅੱਖਰੀ, ਸੁਖਮਨੀ ਸਾਹਿਬ, ਟਿਕੇ ਦੀ ਵਾਰ, ਸਵੱਈਏ ਭੱਟਾਂ ਦੇ, ਰਾਗਮਾਲਾ, ਮੁੰਦਾਵਣੀ ਤੇ ਭਾਈ ਬੰਨੋ ਦੀ ਬੀੜ ਬਾਰੇ ਵੀ ਲਾਹੇਵੰਦੀ ਚਰਚਾ ਕੀਤੀ ਹੈ। ਇਸ ਤਰ੍ਹਾਂ ਇਹ ਰਚਨਾ ਸਿੱਖੀ ਜੀਵਨ ਤੇ ਗੁਰਮਤਿ ਦਾ ਇਤਿਹਾਸ ਹੋ ਨਿਬੜਦੀ ਹੈ।

ਭਾਈ ਸਾਹਿਬ ਦੇ ਇਸ ਜੀਵਨੀ ਸਾਹਿਤ ਸਬੰਧੀ ਇਹ ਸਪਸ਼ਟ ਹੈ ਕਿ ਉਨ੍ਹਾਂ ਨੇ ਜੀਵਨੀ ਨੂੰ ਆਪਣੇ ਧਾਰਮਿਕ ਤੇ ਰਹੱਸਤਾਮਕ ਵਿਚਾਰਾਂ ਦੇ ਫੈਲਾਉਣ ਲਈ ਇਕ ਲਾਭਦਾਇਕ ਹਥਿਆਰ ਵਜੋਂ ਵਰਤਿਆ ਹੈ। ਉਨ੍ਹਾਂ ਨੇ ਆਪਣੇ ਇਸ ਅਰਧ ਇਤਿਹਾਸਕ ਵਿਸ਼ੇ ਵਿਚ ਬਹੁਤ ਸਾਰਾ ਰਚਨਾਤਮਕ ਤੇ ਗਲਪਾਤਮਕ ਤੱਤ ਪਾ ਕੇ ਕਰਕੇ ਇਸ ਨੂੰ ਇਤਿਹਾਸ, ਜੀਵਨੀ, ਵਿਆਖਿਆ, ਧਾਰਮਿਕ ਸਪੱਸ਼ਟੀਕਰਨ, ਅਧਿਆਤਮਕ ਓਹੜ-ਪੋਹੜ, ਇਤਿਹਾਸਕ ਗਲਪ ਆਦਿ ਕਿੰਨੇ ਕੁਝ ਦਾ ਮਿਲਗੋਭਾ ਜਿਹਾ ਬਣਾ ਦਿੱਤਾ ਹੈ। ਇਸ ਤਰ੍ਹਾਂ ਇਹ ਜੀਵਨਕਾਰੀ ਰਚਨਾਵਾਂ ਜਨਮ ਸਾਖੀ ਪਰੰਪਰਾ ਦੀਆਂ ਧਾਰਨੀ ਹੋ ਨਿੱਬੜੀਆਂ ਹਨ। ਭਾਈ ਸਾਹਿਬ ਨੇ ਇਸ ਸਬੰਧ ਵਿਚ ਪਹਿਲਾਂ ਮਿਲਦੇ ਸਾਹਿਤ ਨੂੰ ਆਪਣੀ ਰਚਨਾ ਵਿਚ ਖੁੱਲ੍ਹਾ ਡੁੱਲ੍ਹਾ ਵਰਤਿਆ ਹੈ। ਅਸਲ ਗੱਲ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਗੁਰੂ ਸਾਹਿਬਾਨ ਦੇ ਜੀਵਨ ਲਿਖਣ ਦੀ ਪਰਿਪਾਟੀ ਕੋਈ ਤਿੰਨ ਸੌ ਸਾਲ ਪਹਿਲਾਂ ਸਤਾਰ੍ਹਵੀਂ ਸਦੀ ਦੇ ਆਰੰਭ ਤੋਂ ਗੁਰੂ ਨਾਨਕ ਸਾਹਿਬ ਦੀਆਂ ਜਨਮ ਸਾਖੀਆਂ ਲਿਖਣ ਨਾਲ ਚਲ ਪਈ ਸੀ। ਇਸ ਸਮੇਂ ਦੇ ਦੌਰਾਨ ਜੋ ਗੁਰੂ ਵਿਅਕਤੀਆਂ ਦੇ ਜੀਵਨ ਸਬੰਧੀ ਰਚਨਾਵਾਂ ਤਿਆਰ ਤਿਆਰ ਹੋਈਆਂ, ਉਨ੍ਹਾਂ ਦਾ ਪ੍ਰਭਾਵ ਭਾਈ ਸਾਹਿਬ ਦੀਆਂ ਇਨ੍ਹਾਂ ਜੀਵਨੀਕਾਰੀ ਰਚਨਾਵਾਂ ਉੱਤੇ ਪੈਣਾ ਸੁਭਾਵਿਕ ਹੀ ਸੀ। ਇਹੋ ਕਾਰਨ ਹੈ ਕਿ ਚਮਤਕਾਰਾਂ ਦੇ ਲੇਖਕ ਨੇ ਇਸ ਪ੍ਰਭਾਵ ਨੂੰ ਭਲੀਭਾਂਤ ਗ੍ਰਹਿਣ ਕੀਤਾ ਹੈ।

ਭਾਈ ਵੀਰ ਸਿੰਘ ਦੇ ਇਸ ਜੀਵਨੀ ਸਾਹਿਤ ਨੂੰ ਪੱਛਮੀ ਜੀਵਨੀ ਕਲਾ ਦੇ ਆਧਾਰ ਤੇ ਠੀਕ ਜੀਵਨੀਆਂ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਭਾਈ ਸਾਹਿਬ ਦੀਆਂ ਇਨ੍ਹਾਂ ਰਚਨਾਵਾਂ ਵਿਚ ਤੱਥ ਗਲਪ ਵਿਚ ਇੰਜ ਰਲ-ਗੱਡ ਹੋਏ ਪਏ ਹਨ ਕਿ ਇਕ ਨੂੰ ਦੂਜੇ ਤੋਂ ਨਿਖੇੜਨਾ ਅਸੰਭਵ ਹੈ। ਅਜਿਹੀ ਜੀਵਨੀ ਨੂੰ ਤੱਥਮਈ ਜੀਵਨੀ ਦੇ ਟਾਕਰੇ ਤੇ ਵਿਆਖਿਆ-ਮਈ[6] ਜੀਵਨੀ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਲੇਖਕ ਇਨ੍ਹਾਂ ਲਿਖਤਾਂ ਦੀ ਰਚਨਾ ਕਰਨ ਸਮੇਂ ਸੰਮਤਾਂ ਤੇ ਤ੍ਰੀਕਾਂ ਦੇ ਖਲਜਖਣ ਵਿਚ ਨਹੀਂ ਪਿਆ। ਉਸ ਦਾ ਜ਼ੋਰ ਤਾਂ ਆਪਣੇ ਸਿਧਾਂਤ ਦੀ ਵਿਆਖਿਆ ਉੱਤੇ ਰਿਹਾ ਹੈ। ਭਾਈ ਸਾਹਿਬ ਨੇ ਜਿਵੇਂ ਕਿ ਸਿਰਲੇਖਾਂ ਤੋਂ ਵੀ ਸਪੱਸ਼ਟ ਹੈ, ਇਨ੍ਹਾਂ ਚਮਤਕਾਰਾਂ ਵਿਚ ਗੁਰੂ ਸਾਹਿਬਾਨ ਨੂੰ ਚਮਤਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਤਰ੍ਹਾਂ ਭਾਵੇਂ ਇਹ ਜੀਵਨੀਆਂ ਤ੍ਰੀਕਾਂ ਤੇ ਸੰਮਤਾਂ ਦਾ ਵੇਰਵਾ ਨਹੀਂ, ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਰਚਨਾਵਾਂ ਵਿਚ ਕਿਤੇ ਵੀ ਸਮਾਂ ਜਾਂ ਸੰਮਤ ਨਹੀਂ ਦਿੱਤਾ ਗਿਆ । ਭਾਈ ਸਾਹਿਬ ਨੇ ਜਿਥੇ ਵਧੇਰੇ ਲੋੜ ਮਹਿਸੂਸ ਕੀਤੀ ਹੈ, ਉਥੇ ਇਤਿਹਾਸ ਪੜਤਾਲ ਕੇ ਤ੍ਰੀਕਾਂ ਜਾਂ ਸੰਮਤਾਂ ਵੀ ਦਿੱਤੀਆਂ ਹਨ, ਜਿਵੇਂ 'ਅਸ਼ਟ ਗੁਰ ਚਮਤਕਾਰ' ਭਾਗ ਦੂਜਾ ਦੇ ਪ੍ਰਸੰਗ ਨੰ. 6 (ਗੁਰੂ ਜੀ ਦੇ ਗੱਦੀ ਉੱਤੇ ਬਰਾਜਮਾਨ ਹੋਣ ਦਾ ਸਮਾਂ ਤੇ ਬੀਰਬਲ ਵਲੋਂ ਗੁਰੂ ਜੀ ਤੋਂ ਕਰ ਮੰਗਣਾਂ), 10 (ਕੰਗ ਮਾਈ ਜਾਣ ਦਾ ਸਮਾਂ), 19 (ਦੂਸਰਾ ਵਿਆਹ ਦਾ ਸਮਾਂ), 20 (ਮਾਝੇ ਦੀ ਫੇਰੀ ਦਾ ਸਮਾਂ), 25 (ਕਰਤਾਰਪੁਰ ਦੁਆਬੇ ਵਾਲਾ ਦੀ ਨੀਂਹ ਬਾਰੇ), 45 (ਸ਼ਾਹਜ਼ਾਦਾ ਖ਼ੁਸਰੋ ਬਾਰੇ) ਆਦਿ ਘਟਨਾਵਾਂ ਦਾ ਕਾਲ ਲਿਖਿਆ ਗਿਆ ਹੈ ।

ਲੇਖਕ ਦੀ ਜੀਵਨੀ ਕਲਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਮਨੁੱਖਾਂ ਦੇ ਆਚਰਣਾਂ ਨੂੰ ਇਤਿਹਾਸਕ ਪ੍ਰਸੰਗ ਦੀ ਬਜਾਏ ਅਧਿਆਤਮਕ[6] ਖੇਤਰ ਵਿਚ ਰੱਖ ਕੇ ਗੁਰਬਾਣੀ ਤੇ ਇਸ ਦੀ ਵਿਆਖਿਆ ਦੇ ਰਸਤੇ ਨੂੰ ਅਪਣਾਇਆ ਹੈ ਤੇ ਅਜਿਹੀ ਲੋੜ ਦੀ ਸਫਲਤਾ ਵਾਸਤੇ ਉਸ ਨੇ ਨਿਪੁੰਨਤਾ ਨਾਲ ਵਾਰਤਾਲਾਪੀ ਢੰਗ ਦੀ ਵਰਤੋਂ ਕੀਤੀ ਹੈ । ਇਸ ਦੀ ਇਕ ਹੋਰ ਵਿਸ਼ੇਸ਼ਤਾ ਲੇਖਕ ਦੀ ਵਿਦਵਤਾਮਈ ਵਿਆਖਿਆ ਤੇ ਬਹੁਤ ਹੀ ਤਿਖੀ ਧਾਰਮਕ ਸਿਖਿਆ ਦੇਣ ਦਾ ਉਦੇਸ਼ ਹੈ । ਇਸ ਕੰਮ ਵਿਚ ਸਫਲਤਾ ਲਈ ਲੇਖਕ ਨੇ ਆਪਣੀਆਂ ਰਚਨਾਵਾਂ ਵਿਚ ਥਾਂ ਥਾਂ ਪੁਰਾਤਨ ਲਿਖਤਾਂ ਤੇ ਗੁਰਬਾਣੀ ਦੇ ਹਵਾਲੇ ਦਿੱਤੇ ਹਨ । ਫਲਸਰੂਪ ਉਹ ਆਪਣੇ ਉਦੇਸ਼ ਵਿਚ ਚੰਗੀ ਤਰ੍ਹਾਂ ਸਫਲ ਹੋਇਆ ਹੈ ।

ਭਾਈ ਸਾਹਿਬ ਨੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਸਿੱਧੇ ਤੌਰ ਤੇ ਉਨ੍ਹਾਂ ਦੇ ਸ਼ਰਧਾਲੂਆਂ ਦੇ ਜੀਵਨਾਂ ਰਾਹੀਂ ਦੱਸੀਆਂ ਹਨ ਕਿਉਂਕਿ ਜਿਹੜਾ ਕੁਝ ਉਹ ਸਨ ਜਾਂ ਜੋ ਕੁਝ ਉਹ ਕਰਦੇ ਸਨ ਉਹ ਸਭ ਗੁਰੂ ਸਾਹਿਬਾਨ ਦੀ ਅਪਾਰ ਸ਼ਖ਼ਸੀਅਤ ਦੇ ਉਨ੍ਹਾਂ ਉੱਤੇ, ਪਏ ਕ੍ਰਿਪਾਲੂ ਤੇ ਚਮਤਕਾਰੀ ਪ੍ਰਭਾਵਾਂ ਦਾ ਹੀ ਸਿੱਟਾ ਸੀ । ਇਸੇ ਤਰ੍ਹਾਂ ਉਨ੍ਹਾਂ ਸਿੱਖਾਂ ਦੀਆਂ ਜੀਵਨੀਆਂ ਜਦੋਂ ਇਕੱਠੀਆਂ ਕੀਤੀਆਂ ਗਈਆਂ ਤਾਂ ਉਹ ਗੁਰੂ ਸਾਹਿਬਾਨ ਦੇ ਜੀਵਨ ਪ੍ਰਸੰਗ ਬਣ ਗਏ । ਲੇਖਕ ਭੂਮਿਕਾ ਵਿਚ ਮੰਨਦਾ ਹੈ ਕਿ 'ਨਿਰੇ ਸੰਮਤਾਂ, ਤ੍ਰੀਕਾਂ ਤੇ ਵਾਕਿਆਤ ਦੀਆਂ ਸੂਚੀ ਪੱਤਰਾਂ ਨਾਲ ਲੇਖਾ ਪੱਤਾ ਤਾਂ ਲੱਭਦਾ ਹੈ, ਹੋਰ ਲਾਭ ਵੀ ਹੁੰਦੇ ਹਨ, ਪਰ ਜੀਵਨ ਰੁਮਕੇ ਰੌਆਂ ਨਹੀਂ ਮਾਰ ਉਠਦੇ ।"[7] ਸਪੱਸ਼ਟ ਹੈ ਕਿ ਅਜਿਹਾ ਵਰਣਨ ਦੂਜਿਆਂ ਦੇ ਜੀਵਨ ਵਿਚ ਪ੍ਰੇਰਨਾਮਈ ਮੋੜ ਨਹੀਂ ਲਿਆ ਸਕਦਾ । ਇਸ ਲਈ ਲੇਖਕ ਕਹਿੰਦਾ ਹੈ, ਉੱਚੇ ਜੀਵਨ ਲਈ ਉੱਚੇ ਜੀਵਨ ਹੀ ਅੱਖਾਂ ਅੱਗੇ ਆਉਣ ਤਾਂ ਲਾਭ ਹੁੰਦਾ ਹੈ, ਪਰ ਜੇ ਇਹ ਕੁਝ ਘਟੇ ਤਾਂ ਫੇਰ ਉੱਚੇ ਜੀਵਨ ਜੀਕੂੰ ਬਸਰ ਹੋਏ ਹੂ-ਬ-ਹੂ ਉਹਨਾਂ ਦੀਆਂ ਮਾਨੋਂ ਜਿਉਂਦੀਆਂ ਤਸਵੀਰਾਂ ਅੱਖਾਂ ਅੱਗੇ ਆ ਜਾਣ, ਤਾਂ ਬੀ ਲਾਭ ਹੁੰਦਾ ਹੈ ।"[8] ਸਪਸ਼ਟ ਹੈ ਕਿ ਲੇਖਕ ਦਾ ਨਿਸ਼ਾਨਾ ਤ੍ਰੀਕਾਂ ਤੇ ਤੱਥਾਂ ਭਰੀ "ਇਤਿਹਾਸਕ ਜੀਵਨੀ"[9]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਣ ਦਾ ਨਹੀਂ ਸੀ, ਉਸ ਦਾ ਨਿਸ਼ਾਨਾ ਤਾਂ ਸਗੋਂ ਮਹਾਨ ਸਿੱਖਾਂ ਦੀਆਂ ਜੀਵਨੀਆਂ ਰਾਹੀਂ ਮੁੱਢਲੇ ਧਾਰਮਿਕ ਸਿਧਾਂਤਾਂ ਨੂੰ ਵਿਆਖਿਆਉਣਾ ਤੇ ਹਰਮਨ ਪਿਆਰਾ ਕਰਨਾ ਹੀ ਹੈ ।

—2—

ਇਸ ਜੀਵਨੀ ਸਾਹਿਤ ਤੋਂ ਛੁੱਟ ਭਾਈ ਵੀਰ ਸਿੰਘ ਦੇ ਲਿਖੇ ਹੋਏ 'ਸੁੰਦਰੀ', 'ਬਿਜੈ ਸਿੰਘ', 'ਸਤਵੰਤ ਕੌਰ' ਤੇ 'ਬਾਬਾ ਨੌਧ ਸਿੰਘ' ਨਾਂ ਦੇ ਨਾਵਲਾਂ ਦਾ ਬਹੁਤ ਸਾਰਾ ਭਾਗ ਵੀ ਆਧੁਨਿਕ ਪੰਜਾਬੀ ਵਾਰਤਿਕ ਦਾ ਉੱਤਮ ਭਾਗ ਹੈ। ਪਹਿਲੇ ਤਿੰਨ ਨਾਵਲਾਂ ਦਾ ਆਧਾਰ ਵੀ ਚਮਤਕਾਰਾਂ ਵਾਂਗ ਪੁਰਾਤਨ ਸਿੱਖ ਇਤਿਹਾਸ ਤੇ ਸਾਹਿਤ ਹੈ। ਭਾਈ ਸਾਹਿਬ 'ਸੁੰਦਰੀ' ਬਾਰੇ ਲਿਖਦੇ ਹਨ, "ਸੁੰਦਰੀ ਦੇ ਸਮਾਚਾਰ ਅਰ ਖਾਲਸੇ ਦੇ ਹੋਰ ਹਾਲਾਤ ਜੋ ਇਸ ਪੁਸਤਕ ਵਿਚ ਲਿਖੇ ਹਨ ਅਸਾਂ 'ਪੰਥ ਪ੍ਰਕਾਸ਼', 'ਤਵਾਰੀਖ਼ ਖ਼ਾਲਸਾ' ਤੇ ਹੋਰ ਕਈ ਇਤਿਹਾਸਾਂ ਅਰ ਬ੍ਰਿਧ ਤੀਵੀਆਂ ਪੁਰਖਾਂ ਤੋਂ ਸੁਣ ਕੇ 'ਕੱਠੇ ਕਰਕੇ ਇਕ ਸ਼੍ਰੇਣੀ ਵਿਚ ਗੁੰਦ ਕੇ ਅਰ ਟੁੱਟੇ ਸਿਲਸਲਿਆਂ ਨੂੰ ਮਿਲਾ ਕੇ ਲਿਖੇ ਹਨ।"[10]

ਇਨ੍ਹਾਂ ਨਾਵਲਾਂ ਦਾ ਵਿਸ਼ਾ ਵੀ ਸਿੱਖੀ ਆਦਰਸ਼ ਤੇ ਸਿੱਖੀ ਜੀਵਨ ਹੀ ਹੈ। ਇਸ ਤਰ੍ਹਾਂ ਇਹ ਨਾਵਲ ਪੰਜਾਬ ਦੀ ਜਨਤਾ ਦਾ ਸਿੱਖੀ ਲਹਿਰ ਦੀ ਅਗਵਾਈ ਵਿਚ ਮੁਗ਼ਲ ਸਾਮਰਾਜ ਦੇ ਵਿਰੁੱਧ ਸੁਤੰਤਰਤਾ ਦਾ ਸੰਘਰਸ਼ ਹੈ। ਪਹਿਲੇ ਤੇ ਪ੍ਰਸਿੱਧ ਨਾਵਲ 'ਸੁੰਦਰੀ' ਬਾਰੇ ਭਾਈ ਸਾਹਿਬ ਲਿਖਦੇ ਹਨ "ਇਹ ਪੁਸਤਕ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਬਾਹੁਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉੱਤਮ ਅਸੂਲ ਪਿਆਰੇ ਲਗਣ, ਆਪਣੇ ਵਿਚ ਜਥੇਬੰਦ ਹੋ ਕੇ ਸਿੰਘ ਦੂਜੀਆਂ ਕੌਮਾਂ ਨੂੰ ਇਕ-ਰਸ ਜਾਣ ਕੇ ਕਿਸੇ ਨਾਲ ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ ਸਗੋਂ 'ਮਾਨਸ ਕੀ ਜਾਤਿ ਸਬੈ ਏਕੇ ਪਹਿਚਾਨਬੋ' ਵਾਲੀ ਗੁਰ ਸਿਖਿਆ ਪੁਰ ਟੁਰ ਕੇ ਅਟੱਲ ਰਹਿਣ।"[11]

ਮਾਨ ਸਿੰਘ ਅਨੁਸਾਰ "ਮਾਲੂਮ ਹੁੰਦਾ ਹੈ ਕਿ ਸੁੰਦਰੀ ਲਿਖਣ ਦਾ ਪ੍ਰਯੋਜਨ ਕੋਈ ਸਾਹਿਤਕ ਨੁਕਤੇ ਤੋਂ ਨਿਰੀ ਦਿਲਚਸਪੀ ਲਈ ਇਕ ਨਾਵਲ ਲਿਖਣ ਦਾ ਨਹੀਂ ਸੀ ਜੋ ਪਾਠਕਾਂ ਨੂੰ ਘੜੀ ਦੋ ਘੜੀ ਬਹਿਲਾਵੇ ਦਾ ਕੰਮ ਦੇਵੇ ਤੇ ਨਾ ਛਾਣ-ਪੁਣ ਕੇ ਨਿਰਾ ਇਤਿਹਾਸ ਲਿਖਣ ਦਾ ਸੀ। ਇਤਿਹਾਸਕ ਨੁਕਤੇ ਤੋਂ ਇਤਿਸਾਸ ਦਾ ਖਾਕਾ ਜਿਹਾ ਖਿੱਚ ਕੇ......ਇਕ (ਅਜਿਹੀ) ਸ਼ੈ ਬਣੇ ਜਿਸ ਨਾਲ ਜਿਸ ਸਮੇਂ ਸਿੱਖਾਂ ਨੇ ਦਿਲ ਹਿਲਾ ਦੇਣ ਵਾਲੀਆਂ ਕੁਰਬਾਨੀਆਂ ਕੀਤੀਆਂ ਹਨ ਉਹ ਸਮੇਂ ਅੱਖਾਂ ਅੱਗੇ ਆ ਜਾਣਾ, ਉਦੋਂ ਤੋਂ ਹਾਕਮਾਂ ਦੇ ਜ਼ੁਲਮ ਪਰਜਾ ਦੀ ਦੁਖੀ ਦਸ਼ਾ ਸਿਖਾ ਦੇਣਾ, ਕਾਰਨਾਮੇ ਤੇ ਸਿੱਖਾਂ ਦੀਆਂ ਆਪਾ ਵਾਰ ਕੁਰਬਾਨੀਆਂ ਦਿਸ ਪੈਣ ਤੇ ਉਦੋਂ ਦੇ ਸਿੱਖ ਕੈਰੈਕਟਰ ਤੇ ਖਾਲਸੇ ਦੇ ਪੰਥਕ ਜੀਵਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਫੋਟੋ ਸਾਹਮਣੇ ਖਿਚਿਆ ਜਾਵੇ ਤੇ ਇਸ ਦੇ ਅਸਰ ਨਾਲ ਸਿੱਖ ਮਰਦ ਇਸਤਰੀਆਂ ਵਿਚ ਕੰਮ ਦੇ ਜੀਵਨ ਦੀ ਮੱਧਮ ਪੈ ਗਈ ਰੌਂ ਮੁੜ ਰੁਮਕ ਉਠੇ।"[12]

'ਸੁੰਦਰੀ' ਨਾਵਲ ਦੀ "ਅੰਤਿਕਾ-1" ਵਿਚ ਮਾਨ ਸਿੰਘ ਅੱਗੇ ਲਿਖਦੇ ਹਨ "ਇਤਿਹਾਸਕ ਵਿਚਾਰ ਤੋਂ ਵੱਖਰੇ ਜੇ ਆਰਟ (ਹੁਨਰ) ਦੇ ਨੁਕਤੇ ਤੋਂ ਇਸ ਪੋਥੀ ਬਾਬਤ ਵਿਚਾਰੀਏ ਤਾਂ ਇਹ Realistic (ਅਸਲ ਸਮਾਚਾਰ ਦਸਣ ਵਾਲੀ) ਤੇ Idealistic (ਆਦਰਸ਼ ਦਸਣ ਵਾਲੀ) ਚੀਜ਼ ਹੈ, ਜਿਸ ਵਿਚ ਉਸ ਵੇਲੇ ਦੇ ਅਮਲੀ ਪੰਥਕ ਜੀਵਨ ਦਾ ਅਤੇ ਇਤਿਹਾਸਕ ਨੁਕਤੇ ਤੋਂ ਉਸ ਵੇਲੇ ਦੇ ਸਮਿਆਂ ਦਾ ਦਰੁਸਤ ਅਸਲੀ ਨਕਸ਼ਾ ਅੰਕਿਤ ਹੈ। ਫਿਰ ਸਿੱਖ ਆਦਰਸ਼ ਇਸ ਵਿਚ ਠੀਕ ਤਰ੍ਹਾਂ ਵਰਣਨ ਕੀਤਾ ਹੈ। ਦਰ-ਅਸਲ ਉਸ ਸਮੇਂ ਦਾ ਪੰਥਕ ਜੀਵਨ ਹੀ ਸੀ ਆਦਰਸ਼ਕ ਤੇ ਕਲਗੀਧਰ ਜੀ ਨੇ ਜੋ ਆਦਰਸ਼ ਦਸਿਆ ਸੀ ਉਹ ਅਸਲੀਅਤ ਹੋ ਕੇ ਪੰਥ ਵਿਚ ਵਰਤਣ ਵਿਚ ਆ ਰਿਹਾ ਸੀ। ਇਨ੍ਹਾਂ ਸਾਰੇ ਸਮਾਚਾਰਾਂ ਤੋਂ ਪਤਾ ਲਗਦਾ ਹੈ ਕਿ ਕਰਤਾ ਜੀ ਨੇ ਸੁੰਦਰੀ ਵਿਚ ਕਿਸ ਤਰ੍ਹਾਂ ਪੁਰਾਤਨ ਸਿੱਖੀ ਜੀਵਨ ਉਸ ਸਮੇਂ ਦੇ ਰਾਜ ਪ੍ਰਬੰਧ ਦੇ ਅਤਿਆਚਾਰ ਸਿੱਖਾਂ ਤੇ ਹੋਏ ਅਕਹਿ ਅਤੇ ਕਰੜੇ ਜ਼ੁਲਮ ਤੇ ਸਿੱਖਾਂ ਦੀ ਸੂਰਬੀਰਤਾ ਦਾ ਹੂ-ਬ-ਹੂ ਤੇ ਬਿਲਕੁਲ ਦਰੁਸਤ ਨਕਸ਼ਾ ਖਿੱਚਿਆ ਹੈ। 'ਸੁੰਦਰੀ' ਇਤਿਹਾਸਕ ਵਾਰਤਾ ਦੇ ਕੈਮਰੇ ਦੁਆਰਾ ਉਸ ਸਮੇਂ ਦੇ ਦੇਸ਼ ਵਿਚ ਵਰਤ ਰਹੇ ਸਮਾਚਾਰ ਤੇ ਸਿੱਖ ਜੀਵਨ ਦਾ ਇਕ ਫੋਟੋ ਹੈ ਤੇ ਲੇਖਕ ਜੀ ਨੇ ਇਸ ਵਿਚ ਉਸ ਸਮੇਂ ਦੇ ਸਿੱਖ ਕੈਰੈਕਟਰ ਤੇ ਖਾਲਸਾ ਕੌਮ ਦੀ ਸਮੁੱਚੇ ਤੌਰ ਤੇ ਮਾਨੋਂ ਇਕ ਜਿਉਂਦੀ ਜਾਗਦੀ ਮੂਰਤ ਚਿੱਤ੍ਰਿਤ ਕਰ ਦਿੱਤੀ ਹੈ।"[13] ਸੁੰਦਰੀ ਬਿਜੈ ਸਿੰਘ ਤੇ ਸਤਵੰਤ ਕੌਰ ਵਿਸ਼ੇ ਪੱਖ ਤੋਂ ਲਗਪਗ ਇਕੋ ਜਿਹੀਆਂ ਰਚਨਾਵਾਂ ਹਨ। ਤਿੰਨਾਂ ਨਾਵਲਾਂ ਵਿਚ ਹੀ ਭਾਈ ਸਾਹਿਬ ਦਾ ਉਪਰ ਅੰਕਿਤ ਇਕੋ ਮਨੋਰਥ ਸਾਕਾਰ ਹੁੰਦਾ ਹੈ।

ਬਾਬਾ ਨੌਧ ਸਿੰਘ ਵਿਚ ਗੁਰਬਾਣੀ ਤੇ ਸਿੱਖੀ ਸਿਧਾਂਤਾਂ ਦੀ ਵਿਆਖਿਆ ਤੋਂ ਬਿਨਾਂ ਸ਼ਹਿਰ ਪ੍ਰਬੰਧ, ਪਿੰਡ ਸੁਧਾਰ, ਪੁਲਸ ਦੇ ਦੁਰਾਚਾਰ, ਵਿਦਿਅਕ ਪ੍ਰਣਾਲੀ ਦੀਆਂ ਊਣਤਾਈਆਂ, ਕਚਹਿਰੀ ਦੇ ਭੈੜ, ਪੱਛਮੀ ਵਿਦਿਆ ਤੇ ਸਭਿਅਤਾ ਦੁਆਰਾ ਸਮਾਜ ਵਿਚ ਫੈਲ ਰਹੀਆਂ ਕੁਰੀਤੀਆਂ ਤੇ ਹੋਰ ਸਮਾਜ ਵਿਚ ਮੌਜੂਦਾ ਊਣਤਾਈਆਂ ਉੱਤੇ ਡੂੰਘੇ ਵਿਚਾਰ ਵਿਅਕਤ ਕੀਤੇ ਗਏ ਹਨ। ਭਾਈ ਸਾਹਿਬ ਨੇ ਭਾਵੇਂ ਇਨ੍ਹਾਂ ਮਹਾਨ ਵਿਸ਼ਿਆਂ ਉੱਤੇ ਵਿਸਥਾਰ ਸਹਿਤ ਵਿਚਾਰ ਪ੍ਰਗਟ ਕੀਤੇ ਹਨ ਪਰੰਤੂ ਉਨ੍ਹਾਂ ਦੇ ਇਸ ਗਲਪ ਸਾਹਿਤ ਦੀ ਇਕ ਤਰੁਟੀ ਇਹ ਹੈ ਕਿ ਉਨ੍ਹਾਂ ਨੇ ਇਨ੍ਹਾਂ ਰਚਨਾਵਾਂ ਵਿਚ ਕੇਵਲ ਸਿੱਖਾਂ ਨੂੰ ਹੀ ਚੰਗੇ ਭਲੇ ਤੇ ਸ਼ਹਿਨਸ਼ੀਲ ਦੱਸਿਆ ਹੈ ਤੇ ਇਸ ਦੇ ਵਿਪਰੀਤ ਬਾਕੀ ਸਭ ਕੌਮਾਂ ਨੂੰ ਨੀਚ, ਕੁਕਰਮੀ ਜਾਂ ਭੈੜੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਸਹਿਜੇ ਹੀ ਇਨ੍ਹਾਂ ਰਚਨਾਵਾਂ ਦੀ ਮਹਾਨਤਾ ਘੱਟ ਜਾਂਦੀ ਹੈ। ਪਰੰਤੂ ਆਧੁਨਿਕ ਪੰਜਾਬੀ ਵਾਰਤਕ ਦੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਰਚਨਾਵਾਂ ਦੀ ਵਾਰਤਕ ਸੁਲਝੀ ਮਾਂਜੀ ਤੇ ਨਿੱਖਰੀ ਹੋਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਸਾਹਿਬ ਨੇ ਇਕ ਮੁੱਖ ਵਿਹੋ ਗੁਰਮਤਿ ਦੇ ਫ਼ਲਸਫ਼ੇ ਦੁਆਰਾ ਇਤਿਹਾਸ ਤੇ ਕਲਪਨਾ ਦਾ ਪਸਾਰਾ ਕੀਤਾ ਹੈ। ਇਨ੍ਹਾਂ ਰਚਨਾਵਾਂ ਵਿਚ ਵੀ ਉਹ ਥਾਂ ਥਾਂ ਗੁਰਮਤਿ ਦੇ ਫ਼ਲਸਫੇ ਨੂੰ ਪ੍ਰਗਟਾਣ ਵਿਚ ਰੁਝਿਆ ਹੋਇਆ ਦਿਸਦਾ ਹੈ ਭਾਵੇਂ ਨਿਰੋਲ ਫ਼ਲਸਫ਼ੇ ਦਾ ਰੂਪਮਾਨ ਉਸਦੀ ਵਾਰਤਕ ਵਿਚ ਕਿਤੇ ਨਹੀਂ ਹੋਇਆ ਮਿਲਦਾ। ਤੀਖਣ ਵਲਵਲਾ ਧਾਰਮਕ ਜੋਸ਼ ਤੇ ਸ਼ਰਧਾ ਭਾਵ ਨੇ ਉਸ ਦੀ ਵਾਰਤਕ ਵਿਚ ਮਿੱਠਤ ਬਖਸ਼ੀ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ ਭਾਈ ਸਾਹਿਬ ਦੇ ਨਾਵਲਾਂ ਦਾ ਵਿਸ਼ਾ ਵੀ ਸਿੱਖ ਧਰਮ ਤੇ ਸਿੱਖ ਇਤਿਹਾਸ ਹੀ ਹੈ। ਉਨ੍ਹਾਂ ਨੇ ਸਿੱਖ ਇਤਿਹਾਸ ਤੇ ਸਿੱਖ ਫ਼ਲਸਫ਼ੇ ਨੂੰ ਬੜੇ ਆਦਰਸ਼ਕ ਤੇ ਸ਼ਰਧਾਲੂ ਰੂਪ ਵਿਚ ਪ੍ਰਗਟਾਇਆ ਹੈ। ਇਸ ਤਰ੍ਹਾਂ ਉਸ ਨੇ ਗੁਰਬਾਣੀ ਦੇ ਸਿਧਾਂਤਾਂ ਦੀ ਵਿਆਖਿਆ ਕਰਕੇ ਕਈ ਗੁੰਝਲਾਂ ਨੂੰ ਖੋਹਲਿਆ ਤੇ ਸ਼ੰਕਿਆਂ ਨੂੰ ਨਵਿਰਤ ਕੀਤਾ ਹੈ। ਇਹੋ ਗੱਲ ਹੈ ਕਿ ਉਹ ਸਾਹਿਤਕਾਰ ਪਿੱਛੋਂ ਤੇ ਆਪਣੇ ਦ੍ਰਿਸ਼ਟੀਕੋਣ ਦੇ ਵਿਆਖਿਆਕਾਰ ਪਹਿਲਾਂ ਹਨ। ਉਨ੍ਹਾਂ ਨੇ ਲਗਨ ਤੇ ਸੁਹਿਰਦਤਾ ਨਾਲ ਉਸ ਨਿਸ਼ਚਿਤ ਭਾਂਤ ਦੇ ਦ੍ਰਿਸ਼ਟੀ-ਕੋਣ ਵਿਚ ਰਹਿਣ ਦਾ ਯਤਨ ਕੀਤਾ ਹੈ, ਜਿਸ ਵਿਚ ਉਹ ਸਫਲ ਹੋਏ ਹਨ।

ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਅਨੁਭਵ ਦੇ ਸਮੂਹਿਕ ਅੰਸ਼ ਮੌਜੂਦ ਹਨ ਜੋ ਉਨ੍ਹਾਂ ਨੇ ਤਜ਼ਰਬੇ ਰਾਹੀਂ ਪ੍ਰਾਪਤ ਕੀਤੇ ਹਨ। ਉਹ ਪਰੰਪਰਾ ਕਿਉਂਕਿ ਸਿੱਖ ਇਤਿਹਾਸ, ਦਰਸ਼ਨ ਤੇ ਗੁਰਬਾਣੀ ਦੀ ਸੀ। ਇਸ ਲਈ ਅਨੁਭਵ ਦਾ ਵਿਸਤਾਰ ਕਰਮ ਉਸ ਅਨੁਸਾਰ ਹੀ ਵਿਆਪਕ ਹੋ ਨਿਬੜਿਆ ਹੈ। ਪਰੰਤੂ, ਦੂਸਰੇ ਬੰਨੇ ਕਵਿਤਾ ਤੇ 'ਬਾਬਾ ਨੌਧ ਸਿੰਘ' ਨਾਂ ਦੇ ਨਾਵਲਾਂ ਵਿਚ ਭਾਈ ਸਾਹਿਬ ਅਖਾਉਤੀ ਆਦਰਸ਼ਵਾਦੀ ਹੋ ਜਾਂਦੇ ਹਨ ਜਿਸ ਕਰਕੇ ਉਨ੍ਹਾਂ ਦਾ ਅਨੁਭਵ ਸੀਮਤ ਹੋ ਜਾਂਦਾ ਹੈ।

ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਇਕ ਸਿੱਖ ਪ੍ਰਚਾਰਕ ਦੇ ਪੱਖ ਤੋਂ ਉਨ੍ਹਾਂ ਦੇ ਤੁੱਲ ਦਾ ਕੋਈ ਹੋਰ ਪੰਜਾਬੀ ਸਾਹਿਤਕਾਰ ਨਹੀਂ ਹੋਇਆ। ਤੇਜਾ ਸਿੰਘ ਅਨੁਸਾਰ "ਭਾਈ ਵੀਰ ਸਿੰਘ ਨੇ ਇਕੱਲਿਆਂ ਹੀ ਆਪ ਕਲਮ ਨਾਲ ਜਿੰਨਾਂ ਗੁਰਮਤਿ ਦਾ ਪ੍ਰਚਾਰ ਕੀਤਾ ਹੈ ਏਨਾ ਦੋ ਸੌ ਪ੍ਰਚਾਰਕ ਰਲ ਕੇ ਦੋ ਸੌ ਸਾਲਾਂ ਵਿਚ ਨਹੀਂ ਕਰ ਸਕਦੇ।" ਭਾਈ ਸਾਹਿਬ ਦੀ ਵਾਰਤਕ ਉੱਤੇ ਗੁਰਬਾਣੀ ਦੀ ਪਾਣ ਚੜ੍ਹੀ ਹੋਣ ਕਰਕੇ ਇਸ ਨੂੰ ਕਾਵਿਕ ਰਸ ਤੇ ਅਧਿਆਤਮਕ ਆਨੰਦ ਦਾ ਭੰਡਾਰ ਵੀ ਆਖਿਆ ਜਾਂਦਾ ਹੈ।

ਉਪਰੋਕਤ ਵਿਚਾਰਧਾਰਾ ਤੋਂ ਸਪਸ਼ਟ ਹੈ ਕਿ ਭਾਈ ਸਾਹਿਬ ਦੇ ਵਿਸ਼ੇ ਉਹੀ ਹਨ ਜੋ ਬਹੁਤ ਸਮੇਂ ਤੋਂ ਪੰਜਾਬੀ ਸਾਹਿਤ ਵਿਚ ਪ੍ਰਚੱਲਤ ਸਨ। ਇਨ੍ਹਾਂ ਵਿਸ਼ਿਆਂ ਉੱਤੇ ਕਾਫੀ ਸਮੇਂ ਤੋਂ ਸਾਹਿਤ ਰਚਨਾ ਹੁੰਦੀ ਰਹੀ ਹੈ। ਇਸ ਲਈ ਇਸ ਸਬੰਧ ਵਿਚ ਭਾਈ ਸਾਹਿਬ ਦੀ ਕੋਈ ਵਿਸ਼ੇਸ਼ ਦੇਣ ਨਹੀਂ ਹੈ। ਪਿਆਰ ਸਿੰਘ ਦੇ ਸ਼ਬਦਾਂ ਵਿਚ "ਇਹ (ਵਿਸ਼ੇ) ਉਹੀ ਹਨ ਜੋ ਚਿਰਕਾਲ ਤੋਂ ਪੰਜਾਬੀ ਗੱਦ ਸਾਹਿਤ ਵਿਚ ਬੱਝੀਂਦੇ ਚਲੇ ਆਏ ਹਨ। ਇਹਨਾਂ ਵਿਚ ਕੋਈ ਮੌਲਿਕਤਾ ਨਹੀਂ। ਸਿੱਖ ਫ਼ਲਸਫ਼ਾ ਤੇ ਸਿੱਖੀ ਜੀਵਨ ਆਦਰਸ਼ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੇ ਲੇਖਕਾਂ ਦਾ ਮਨ ਭਾਉਂਦਾ ਵਿਸ਼ਾ ਰਿਹਾ ਹੈ ਭਾਈ ਸਾਹਿਬ ਦੀ ਮਹਾਨਤਾ ਕੋਈ ਨਵਾਂ ਵਿਸ਼ਾ ਖੇਤਰ ਲੱਭਣ ਵਿਚ ਨਹੀਂ ਸਗੋਂ ਇਸ ਹੰਢੇ ਤੇ ਘਸੇ ਹੋਏ ਵਿਸ਼ੇ ਨੂੰ ਨਵੀਂ ਜਿੰਦ ਜਾਨ ਦੇ ਕੇ ਪੇਸ਼ ਕਰਨ ਵਿਚ ਹੈ। ਉਹਨਾਂ ਦੀ ਲਿਖਤ ਦੀ ਮਹਾਨਤਾ ਉਸ ਦੇ ਵਸਤੂ ਨਾਲੋਂ ਰੂਪ ਵਿਚ ਵਧੇਰੇ ਹੈ। ਭਾਈ ਸਾਹਿਬ ਪਹਿਲੇ ਗ਼ੱਦਕਾਰ ਹਨ, ਜਿਨ੍ਹਾਂ ਪੰਜਾਬੀ ਨੂੰ ਨਵੇਕਲੀ ਸ਼ੈਲੀ ਪ੍ਰਦਾਨ ਕੀਤੀ ਹੈ ਤੇ ਇਸ ਦੇ ਲਈ ਇਕ ਯੋਗ ਭਾਸ਼ਾ ਘੜੀ ਹੈ।''[14] ਨਿਰਸੰਦੇਹ ਭਾਈ ਸਾਹਿਬ ਨੇ ਪੁਰਾਣੇ ਵਿਸ਼ੇ ਵਰਤੇ ਹਨ ਪਰ ਉਨ੍ਹਾਂ ਵਿਸ਼ਿਆਂ ਨੂੰ ਜਿਸ ਢੰਗ ਨਾਲ ਉਹਨਾਂ ਨੇ ਪੇਸ਼ ਕੀਤਾ ਹੈ ਉਹ ਪਾਠਕਾਂ ਲਈ ਯਕੀਨਣ ਹੀ ਇਕ ਵਿਸ਼ੇਸ਼ ਸੁਗਾਤ ਬਣ ਗਏ ਹਨ ਤੇ ਇਸ ਤਰ੍ਹਾਂ ਇਹ ਵਿਸ਼ੇ ਪੁਰਾਣੇ ਹੁੰਦੇ ਹੋਏ ਵੀ ਮੌਲਿਕਤਾ ਰੱਖਦੇ ਹਨ।

ਹਵਾਲੇ ਤੇ ਟਿੱਪਣੀਆਂ

1. 'ਆਲੋਚਨਾ' (ਭਾਈ ਵੀਰ ਸਿੰਘ ਗੋਸ਼ਟੀ ਅੰਕ), ਅਪ੍ਰੈਲ, 1958, ਪੰਨੇ 76-77
2. 'ਸ੍ਰੀ ਅਸ਼ਟ ਗੁਰ ਚਮਤਕਾਰ', ਭਾਗ ਦੂਜਾ, 1968, ਪੰਨਾ 9
3. ਪਿਆਰ ਸਿੰਘ, 'ਆਲੋਚਨਾ' (ਭਾਈ ਵੀਰ ਸਿੰਘ ਗਸ਼ਟੀ ਅੰਕ), ਅਪ੍ਰੈਲ 1958, ਪੰਨਾ 69
4. 'ਪੰਜਾਬੀ ਦੁਨੀਆਂ' (ਭਾਈ ਵੀਰ ਸਿੰਘ ਅੰਕ), ਨਵੰਬਰ-ਦਸੰਬਰ 1972, ਪੰਨਾ 117
5. ਦੀਵਾਨ ਸਿੰਘ, ''ਭਾਈ ਵੀਰ ਸਿੰਘ-ਇਕ ਸਿਰਜਨਾਤਮਕ ਜੀਵਨੀਕਾਰ''।
6. ਉਹੀ
7. ''ਭੂਮਿਕਾ'', 'ਸ੍ਰੀ ਗੁਰੂ ਨਾਨਕ ਚਮਤਕਾਰ', ਪੰਨੇ ੳ-ਅ
8. ਉਹੀ
9. ਦੀਵਾਨ ਸਿੰਘ, ''ਭਾਈ ਵੀਰ ਸਿੰਘ-ਇਕ ਸਿਰਜਨਾਤਮਕ ਜੀਵਨੀਕਾਰ''
10. ਭਾਈ ਵੀਰ ਸਿੰਘ, 'ਸੁੰਦਰੀ', 1966, ਪੰਨਾ 131
11. ਉਹੀ, ਪੰਨੇ 131-132
12. ਉਹੀ, ਪੰਨੇ 134-135
13. ਉਹੀ, ਪੰਨੇ 145-146
14. 'ਆਲੋਚਨਾ' (ਭਾਈ ਵੀਰ ਸਿੰਘ ਗੋਸ਼ਟੀ ਅੰਕ), ਅਪ੍ਰੈਲ 1958, ਪੰਨਾ 70

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ

ਭਾਈ ਵੀਰ ਸਿੰਘ ਦੀਆਂ 'ਚਮਤਕਾਰਾਂ' ਸਿਰਲੇਖ ਹੇਠ ਛਪੀਆਂ ਤਿੰਨ ਵਾਰਤਕ ਰਚਨਾਵਾਂ (ਗੁਰੂ ਨਾਨਕ ਚਮਤਕਾਰ, ਸ੍ਰੀ ਕਲਗੀਧਰ ਚਮਤਕਾਰ, ਅਸ਼ਟ ਗੁਰ ਚਮਤਕਾਰ) ਸਿੱਖ ਸਮਾਜ ਵਿਚ ਆਈ ਹੋਈ ਗਿਰਾਵਟ ਦੂਰ ਕਰਨ ਅਤੇ ਉਨ੍ਹਾਂ ਨੂੰ ਦੁਬਾਰਾ ਗੁਰੂ ਸਾਹਿਬਾਨ ਦੇ ਜੀਵਨ ਕਰਮ ਦੁਆਰਾ ਦਰਸਾਏ ਉੱਚ ਆਦਰਸ਼ਾਂ ਵੱਲ ਪਰੇਰਤ ਕਰਨ ਲਈ ਮਹੱਤਵ ਪੂਰਣ ਯਤਨ ਹਨ। ਇੰਜ ਭਾਈ ਸਾਹਿਬ ਦੀਆਂ ਇਨ੍ਹਾਂ ਗਦ ਰਚਨਾਵਾਂ ਦਾ ਵਿਸ਼ਾ ਧਾਰਮਿਕ ਤੇ ਸ਼ੈਲੀ ਵਿਆਖਿਆਮਈ ਹੈ। ਇਹ ਸ਼ੈਲੀ ਭਾਈ ਸਾਹਿਬ ਦੇ ਹੱਥਾਂ ਵਿਚ ਇਨ੍ਹੀ ਪਰਪੱਕ ਹੋ ਗਈ ਕਿ ਪਿੱਛੋਂ ਪ੍ਰੋਫੈਸਰ ਪੂਰਨ ਸਿੰਘ ਜੇਹੇ ਪ੍ਰਸਿੱਧ ਗਦ-ਲੇਖਕਾਂ ਨੇ ਆਪਣੇ ਆਤਮਿਕ ਅਨੁਭਵਾਂ ਨੂੰ ਪ੍ਰਗਟਾਉਣ ਲਈ ਇਸੇ ਪ੍ਰਚਲਿਤ ਸ਼ੈਲੀ ਦਾ ਹੀ ਸਹਾਰਾ ਲਿਆ। ਭਾਈ ਸਾਹਿਬ ਦੀ ਇਹ ਸ਼ੈਲੀ ਜਨਮ ਸਾਖੀਆਂ ਦੀ ਸ਼ੈਲੀ ਉੱਤੇ ਵਧੇਰੇ ਅਧਾਰਿਤ ਹੈ ਅਤੇ ਜਿਹੜੀ ਤਬਦੀਲੀ ਇਸ ਵਿਚ ਲਿਆਂਦੀ ਗਈ ਹੈ, ਉਹ ਭਾਈ ਸਾਹਿਬ ਦੀ ਪ੍ਰਤਿਭਾ ਦਾ ਆਪਣਾ ਚਮਤਕਾਰ ਹੈ। ਜਗਜੀਤ ਸਿੰਘ ਭਾਈ ਸਾਹਿਬ ਵਲੋਂ ਇਸ ਸ਼ੈਲੀ ਨੂੰ ਅਪਨਾਉਣ ਦਾ ਕਾਰਣ ਦਸਦੇ ਹੋਏ ਕਹਿੰਦੇ ਹਨ, "ਭਾਈ ਵੀਰ ਸਿੰਘ ਨੂੰ ਇਹ ਗੱਲ ਅਨੁਭਵ ਹੋਣੀ ਪ੍ਰਤੀਤ ਹੁੰਦੀ ਹੈ ਕਿ ਜਿਵੇਂ ਜਨਮ ਸਾਖੀਆਂ ਨੂੰ ਪੜ੍ਹ ਕੇ ਅਠਾਰ੍ਹਵੀਂ ਸਦੀ ਦੇ ਵਿਚ ਵਿਚਰਨ ਵਾਲੇ ਸਿੱਖਾਂ ਨੇ ਅਦੁੱਤੀ ਕੁਰਬਾਨੀਆਂ ਕੀਤੀਆਂ ਤੇ ਸਿੱਖੀ ਜੀਵਨ ਦੇ ਉੱਚੇ ਆਦਰਸ਼ ਪੇਸ਼ ਕੀਤੇ। ਉਸੇ ਪ੍ਰਕਾਰ ਜੇਕਰ ਗੁਰੂ ਸਾਹਿਬਾਨ ਦੇ ਜੀਵਨ ਨੂੰ ਆਧੁਨਿਕ ਪੰਜਾਬੀ ਭਾਸ਼ਾ ਵਿਚ ਨਵੇਂ ਸਿਰ ਤੋਂ ਪ੍ਰਕਾਸ਼ਮਾਨ ਕੀਤਾ ਜਾਵੇ ਤਾਂ ਸਿੱਖ ਜਗਤ ਵਿਚ ਨਵੀਂ ਜਾਗ੍ਰਿਤੀ ਆ ਸਕਦੀ ਹੈ ਤੇ ਸਿੱਖ ਦੁਬਾਰਾ ਆਪਣੇ ਬੀਤ ਚੁੱਕੇ ਗੌਰਵ ਅਤੇ ਸਨਮਾਨ ਨੂੰ ਹਾਸਿਲ ਕਰਨ ਵਿਚ ਕਾਮਯਾਬ ਹੋ ਸਕਦੇ ਹਨ। ਇਸੇ ਕਰਕੇ ਭਾਈ ਸਾਹਿਬ ਨੇ (ਗੁਰੂ ਵਿਅਕਤੀਆਂ ਸੰਬੰਧੀ ਪਹਿਲਾਂ ਲਿਖੀਆਂ ਗਈਆਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕਾਂ ਦੇ ਪ੍ਰਸੰਗ ਅਤੇ ਉਨ੍ਹਾਂ ਨੂੰ ਬਿਆਨ ਕਰਨ ਲਈ ਜਿਹੜੀ ਸ਼ੈਲੀ ਅਪਣਾਈ ਉਸ ਪਿਛੋਕੜ ਵਿਚ ਇਹ ਸਾਰੀ ਭਾਵਨਾ ਕੰਮ ਕਰ ਰਹੀ ਜਾਪਦੀ ਹੈ।"[1] ਸਪੱਸ਼ਟ ਹੈ ਕਿ ਭਾਈ ਸਾਹਿਬ ਨੇ ਜਨਮਸਾਖੀ ਪਰੰਪਰਾ ਨੂੰ ਵਿਸ਼ੇ ਤੇ ਰੂਪਕ ਦੋਹਾਂ ਪੱਖਾਂ ਤੋਂ ਹੀ ਧਾਰਨ ਕੀਤਾ ਹੈ।

ਭਾਈ ਸਾਹਿਬ ਦੀ ਇਸ ਸ਼ੈਲੀ ਵਿਚੋਂ ਉਨ੍ਹਾਂ ਦੀ ਆਪਣੀ ਸ਼ਖ਼ਸੀਅਤ ਭਲੀ ਭਾਂਤ ਉਜਾਗਰ ਹੁੰਦੀ ਹੈ। ਇਸ ਸ਼ੈਲੀ ਦੇ ਮੂਲ ਰੂਪ ਵਿਚ ਕਲਪਣਾ ਤੇ ਭਾਵਾਂ ਦੀ ਤੀਬਰਤਾ ਦੋ ਵਿਸ਼ੇਸ਼ ਗੁਣ ਹਨ। 'ਚਮਤਕਾਰਾਂ' ਨਾਂ ਦੀਆਂ ਰਚਨਾਵਾਂ ਵਿਚ ਭਾਈ ਸਾਹਿਬ ਨੇ ਗੁਰੂ ਵਿਅਕਤੀਆਂ ਦਾ ਵਰਣਨ ਬੜੇ ਹੀ ਪਿਆਰ ਵੱਸ ਸ਼ਰਧਾ ਨਾਲ ਕੀਤਾ ਹੈ। ਜਿਸ ਦੇ ਫਲਸਰੂਪ ਉਨ੍ਹਾਂ ਦੀਆਂ ਰਚਨਾਵਾਂ ਦਾ ਇਕ ਇਕ ਵਾਕ ਸ਼ਰਧਾ ਵੱਸ ਹੋਇਆ ਦਿਸ ਰਿਹਾ ਹੈ :

> ਇਸ ਦੇ ਅੱਗੇ ਵਧਦੇ ਛੱਪਰ ਹੇਠ ਖੜੇ ਹਨ ਬਾਣੀ ਦੇ ਬੋਹਿਥ ਦੋਹਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ। ਹਾਂ; ਖੜੇ ਹੋਏ ਅਸ਼ਾਂਤਿ ਪਾਣੀਆਂ ਦੇ ਵੇਗ ਨੂੰ ਵੇਖ ਰਹੇ ਹਨ। ਚਾਹੋ ਵਹਿ ਰਹੇ ਪਾਣੀ ਅਸ਼ਾਂਤਿ ਵਗ ਰਹੇ ਹਨ, ਪਰ ਉਨ੍ਹਾਂ ਨੂੰ ਵੇਖ ਰਿਹਾ ਹੈ ਸ਼ਾਂਤਿ ਸਰੋਵਰ ਹ੍ਰਿਦਾ-ਨਿਰਮਲ, ਅਡੋਲ ਤੇ ਗੰਭੀਰ।
>
> —'ਸ੍ਰੀ ਅਸ਼ਟ ਗੁਰ ਚਮਤਕਾਰ', ਭਾਗ ਦੂਜਾ।

ਭਾਈ ਸਾਹਿਬ ਦੀ ਵਾਰਤਕ ਵਿਚ ਸੰਜਮ, ਠਰੰਮਾਂ ਤੇ ਸੰਜੀਦਗੀ ਲੋਹੜੇ ਦੀ ਹੈ। ਸਾਰੀ ਰਚਨਾ ਵਿਚ ਭਾਵੇਂ ਵਾਦ-ਵਿਵਾਦ, ਖੰਡਨ-ਮੰਡਨ ਮੌਜੂਦ ਹੈ ਪਰ ਤਿਖੇ ਡੰਗ ਜਾਂ ਚੋਭ ਕਿਤੇ ਨਹੀਂ ਹੈ। ਇਹ ਗੱਲ ਵੱਡੀ ਖੁਸ਼ੀ ਦੀ ਹੈ ਕਿ ਜਿਥੇ ਕਿਤੇ ਵੀ ਸਿੱਖੀ ਸਿਧਾਂਤਾਂ ਜਾਂ ਗੁਰੂ ਆਦਰਸ਼ਾਂ ਦੀ ਦੂਸਰੇ ਧਰਮਾਂ ਜਾਂ ਫਿਰਕਿਆਂ ਨਾਲ ਤੁਲਨਾ ਕੀਤੀ ਹੈ, ਉਥੇ ਉਨ੍ਹਾਂ ਪ੍ਰਤਿ ਇਕ ਵੀ ਕੋੜੇ ਸ਼ਬਦ ਦੀ ਵਰਤੋਂ ਨਹੀਂ ਕੀਤੀ। ਦੂਜਿਆਂ ਧਰਮਾਂ ਦੇ ਨੁਕਸ ਕੱਢਣ ਦੀ ਥਾਂ ਭਾਈ ਸਾਹਿਬ ਨੇ ਕੇਵਲ ਆਪਣੇ ਧਰਮ ਦਾ ਹੀ ਪ੍ਰਚਾਰ ਕੀਤਾ ਹੈ। ਮਜ਼ਬੀ ਵਾਦ ਵਿਵਾਦ ਵਿਚ ਪੈ ਕੇ ਆਪਣੀ ਵਾਰਤਕ ਨੂੰ ਅਸਭਿਅ ਨਹੀਂ ਹੋਣ ਦਿੱਤਾ ਅਤੇ ਸਾਊਪੁਣਾ ਹਰ ਥਾਂ ਕਾਇਮ ਰੱਖਿਆ ਹੈ। ਆਪ ਨੇ ਵਿਰੋਧੀ ਧਰਮ ਦਾ ਵੀ ਸਤਿਕਾਰ ਕੀਤਾ ਹੈ। ਆਪ ਦੇ ਵਿਅੰਗ ਬੜੀ ਸੁਖਾਵੀਂ, ਮਿਠੀ ਤੇ ਰਸਦਾਇਕ ਚੋਟ ਤਾਂ ਭਾਵੇਂ ਹਨ ਪਰ ਡੰਗ ਉੱਕਾ ਨਹੀਂ। ਉਦਾਹਰਣ ਲਈ ਵੇਖੋ; "ਭਾਈ ਕਲਿਆਣਾ" (ਸ੍ਰੀ ਅਸ਼ਟ ਗੁਰੂ ਚਮਤਕਾਰ—2), 'ਸਭ ਤੋਂ ਵੱਡਾ ਸਤਿਗੁਰ ਨਾਨਕ" (ਸ੍ਰੀ ਗੁਰੂ ਨਾਨਕ ਚਮਤਕਾਰ) ਆਦਿ ਪ੍ਰਸੰਗ।

ਭਾਈ ਸਾਹਿਬ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਨ ਲੱਗਿਆਂ ਜਦ ਕਈ ਥਾਵਾਂ ਉੱਤੇ ਰਹੱਸਵਾਦੀ ਹੋ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਗੰਭੀਰਤਾ ਛਾ ਜਾਂਦੀ ਹੈ। ਅਜੇਹੀਆਂ ਸਥਿਤੀਆਂ ਵਿਚ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣਾ ਸਾਧਾਰਨ ਪਾਠਕ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਈ ਵਾਰ ਮੁਸ਼ਕਿਲ ਹੋ ਜਾਂਦਾ ਹੈ। ਜਿਵੇਂ; "ਹਰਿਮੰਦਰ-ਰਾਜਾਮੰਡੀ ਤੇ ਕਰਮ ਰੇਖਾ" (ਸ੍ਰੀ ਅਸ਼ਟ ਗੁਰ ਚਮਤਕਾਰ–2), "ਉੱਚੇ ਖੰਡਾਂ ਦਾ ਕੌਤਕ" (ਸ੍ਰੀ ਗੁਰੂ ਨਾਨਕ ਚਮਤਕਾਰ), ਆਦਿ ਪ੍ਰਸੰਗ।

ਉਨ੍ਹਾਂ ਦੁਆਰਾ ਰਚੇ ਗਏ ਪ੍ਰਸੰਗਾਂ ਵਿਚ ਕਹਾਣੀ ਰਸ ਹਰ ਥਾਂ ਕਾਇਮ ਰਹਿੰਦਾ ਹੈ। ਉਹ ਕੁਦਰਤੀ ਦ੍ਰਿਸ਼ਾਂ ਦੇ ਵਰਣਨ, ਸਥਾਨਕ ਰੰਗਣ, ਆਲੇ ਦੁਆਲੇ ਦੀਆਂ ਵਸਤਾਂ ਦਾ ਬਿਆਨ, ਮਨੁੱਖੀ ਪਾਤਰਾਂ ਦਾ ਬਾਹਰਲਾ ਤੇ ਮਨੋਵਿਗਿਆਨਕ ਚਿਤ੍ਰਣ, ਨਾਟਕੀ ਢੰਗ ਦੀ ਸੁਭਾਵਿਕ ਵਾਰਤਾਲਾਪ, ਯਥਾਰਥਕ ਬੋਲੀ, ਕਾਰਜ ਦਾ ਨਿਰੂਪਣ ਆਦਿ ਕਹਾਣੀ ਕਰਨ ਦੇ ਯੋਗ ਢੰਗ ਵਰਤਨ ਵਿਚ ਕਾਮਯਾਬ ਲੇਖਕ ਹਨ। 'ਸ੍ਰੀ ਗੁਰੂ ਨਾਨਕ ਚਮਤਕਾਰ', 'ਸ੍ਰੀ ਕਲਗੀਧਰ ਚਮਤਕਾਰ' ਤੇ 'ਸ੍ਰੀ ਅਸ਼ਟ ਗੁਰ ਚਮਤਕਾਰ' ਜੋ ਸਪਸ਼ਟ ਭਾਂਤ ਸਿੱਖ ਧਰਮ ਤੇ ਗੁਰੂ ਸਾਹਿਬਾਨ ਦੇ ਜੀਵਨ ਚਮਤਕਾਰ ਹਨ, ਇਸ ਤਰ੍ਹਾਂ ਦੀ ਵਾਰਤਕ ਦੇ ਸੁੰਦਰ ਨਮੂਨੇ ਹਨ। ਇਨ੍ਹਾਂ ਰਚਨਾਵਾਂ ਵਿਚ ਵਾਤਾਵਰਨ ਤੇ ਕੁਦਰਤ ਚਿਤ੍ਰਣ ਦੇ ਕਈ ਅਜੇਹੇ ਟੁਕੜੇ ਮਿਲਦੇ ਹਨ ਜੋ ਸਮੁੱਚੀ ਪੰਜਾਬੀ ਵਾਰਤਕ ਰਚਨਾ ਵਿਚ ਆਪਣੀ ਨਿਵੇਕਲੀ ਥਾਂ ਰੱਖਦੇ ਹਨ। ਭਾਈ ਸਾਹਿਬ ਆਪਣੇ ਪ੍ਰਸੰਗ ਦਾ ਪਿਛੋਕੜ ਬੰਨ੍ਹਣ ਲਈ ਦ੍ਰਿਸ਼ ਚਿਤ੍ਰਣ ਤੋਂ ਵਧੇਰੇ ਕੰਮ ਲੈਂਦੇ ਹਨ। ਉਨ੍ਹਾਂ ਦੇ ਦ੍ਰਿਸ਼ ਵਰਣਨ ਦੀਆਂ ਕੁਝ ਉਦਾਹਰਣਾ ਵੇਖੋ:

> ਚੌਦਵੀਂ ਰਾਤ ਦਾ ਚੰਦ, ਚੌਧਵੀਂ ਵੀ ਕੱਤੇ ਦੀ। ਕੱਤੇ ਦੀ ਮਿਠੜੀ ਰੁੱਤ ਗੁਲਾਬੀ ਬਹਾਰ ਦਾ ਸਰਦਾਰ ਕੱਤੇਂ। ਸੁਹਣੀ ਸੁਹਣੀ ਸਰਦੀ, ਭਿੰਨੀ ਭਿੰਨੀ ਰਾਤ, ਚਿੱਟੀ ਚਿੱਟੀ ਚਾਦਨੀ...ਕਿਹੇ ਸੁਹਣੇ ਤਾਰੇ ਅੱਖਾਂ ਮਾਰਦੇ ਹਨ, ਆਕਾਸ਼ ਦਾ ਨੀਲ ਰਿਹਾ ਡੁਲ੍ਹਕਦਾ ਹੈ, ਕੀਕੂ ਮਨ ਨੂੰ ਖਿੱਚਦਾ ਹੈ।
>
> —'ਸ੍ਰੀ ਗੁਰੂ ਨਾਨਕ ਚਮਤਕਾਰ', ਉਤਰਾਰਧ

> ਪੰਜਾਬ ਦੇ ਦਰਿਯਾ ਵੀਰਾਂ ਦੀ ਨਿੱਕੀ ਭੈਣ ਵਗ ਰਹੀ ਹੈ ਬਿਆਸਾ। ਪਰ ਅੱਜ ਉਛਾਲਿਆਂ ਵਿਚ ਹੈ। ਇਸ ਦੇ ਪਾਣੀਆਂ ਦਾ ਰੰਗ ਬੀ ਬਰਸਾਤੀ ਹੈ, ਜੋ ਚੜ੍ਹ ਚੜ੍ਹ ਕੇ ਵਗ ਰਹੇ ਹਨ ਤੇ ਕਰਾਰੇ ਕੱਪਰ ਬੀ ਪੈ ਰਹੇ ਹਨ। ਇਸ ਦੇ ਕਾਂਗੀ ਵੇਗ ਵਿਚ ਕੱਖ ਕੂੜਾ ਕਰਕਟ ਰੁੜ੍ਹੇ ਚਲੇ ਆ ਰਹੇ ਹਨ ਤੇ ਉਲਟ ਬਾਜ਼ੀਆਂ ਲੈਂਦੇ ਤ੍ਰਿਖੇ ਵੇਗੀਂ ਭੱਜੇ ਚਲੇ ਜਾ ਰਹੇ ਹਨ ਹਾਂ, ਅਸ਼ਾਂਤ ਹੈਨ ਅੱਜ ਬਿਆਸਾ ਦੇ ਪਾਣੀ ਮਾਨੋ 'ਲਉ ਲਈ ਅਤ੍ਰਿਪਤ ਮਾਇਆ' ਦੇ ਮਨੋਵੇਗ ਵਿਚ, ਹੋਰ ਹੋਰ ਲੈਣ ਦੀ ਲਾਲਸਾ ਵਿਚ, ਹੋਰ ਹੋਰ ਅਸ਼ਾਂਤਿ ਹੋ ਕੇ ਕੰਢੇ ਕਿਨਾਰੇ ਭੰਨਦੇ ਤੁਰੇ ਜਾ ਰਹੇ ਹਨ। ਦੇਖੋ ਗੋਇੰਦਵਾਲ ਲਾਗੇ ਇਸ ਦੇ ਕਿਨਾਰੇ ਪਾਸ ਇਕ ਨਿੱਕੇ ਜਿਹੇ ਟਿੱਲੇ ਉੱਤੇ ਸ੍ਰੀ ਗੁਰੂ ਅਮਰਦਾਸ ਜੀ ਵਾਲੀ ਛੰਨ ਅਜੇ ਛਾਈ ਖਲੋਤੀ ਹੈ...।
>
> —'ਸ੍ਰੀ ਅਸ਼ਟ ਗੁਰ ਚਮਤਕਾਰ', ਭਾਗ ਦੂਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਸਾਹਿਬ ਨੇ ਆਪਣੇ ਰਹੱਸਮਈ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਕਈ ਵਾਰ ਵਾਰਤਾਲਾਪ ਦਾ ਸਹਾਰਾ ਲਿਆ ਹੈ। ਇਸ ਦੀਆਂ ਉਦਾਹਰਣਾਂ ਉਨ੍ਹਾਂ ਦੀ ਵਾਰਤਕ ਵਿਚ ਥਾਂ ਥਾਂ ਉਪਸਥਿਤ ਹਨ। ਜਿਵੇਂ ਸੁਲਤਾਨਪੁਰ ਦੇ ਕਾਜ਼ੀ ਨਾਲ ਵਿਚਾਰ ਵਿਚ ਭਜਨ ਕਰਨ ਦੇ ਢੰਗ, ਮੀਆਂ ਮਿੱਠਾ ਨਾਲ ਵਿਚਾਰ ਕਰਦਿਆਂ ਬਹਿਸ਼ਤ ਅਤੇ ਦੋਜ਼ਖ ਦਾ ਭੁਲੇਖਾ ਆਦਿ। 'ਬਾਬਾ ਨੌਧ ਸਿੰਘ' ਜੀ ਨਾਂ ਦੇ ਨਾਵਲ ਵਿਚ ਵੀ ਇਹੋ ਜੇਹੇ ਕਈ ਉਦਾਹਰਣ ਮਿਲਦੇ ਹਨ। 'ਸ੍ਰੀ ਅਸ਼ਟ ਗੁਰ ਚਮਤਕਾਰ' (ਭਾਗ ਦੂਜਾ) ਵਿਚੋਂ ਉਨ੍ਹਾਂ ਦੇ ਵਾਰਤਾਲਾਪੀ ਢੰਗ ਦਾ ਇਕ ਸੁੰਦਰ ਨਮੂਨਾ ਵੇਖੋ :

ਕਲਯਾਣੇ ਨੇ ਕਿਹਾ : ਹੇ ਰਾਜਨ। ਕਿਸੇ ਦੇ ਧਰਮ ਵਿਚ ਦਖਲ ਦੇਣਾ ਰਾਜੇ ਦਾ ਕੰਮ ਨਹੀਂ। ਧਰਮ ਵਿਚ ਸਭ ਪਰਜਾ ਸੁਤੰਤ੍ਰ ਲੋੜੀਏ।

ਰਾਜਾ : ਕੀ ਤੂੰ ਨਾਸਤਕ ਹੈਂ ਜੋ ਸੁਤੰਤ੍ਰਤਾ ਮੰਗਦਾ ਹੈਂ ?

ਕਲਯਾਣਾ : ਮੈਂ ਨਾਸਤਕ ਨਹੀਂ, ਠਾਕਰ ਦਾ ਉਪਾਸ਼ਕ ਹਾਂ।

ਰਾਜਾ : ਫੇਰ ਕਿਉਂ ਪੂਜਨ ਨਹੀਂ ਕਰਦਾ ?

ਕਲਯਾਣਾ : ਕਰਦਾ ਹਾਂ ਤੇ ਸਿਦਕ ਦਿਲ ਨਾਲ ਪੂਜਨ ਕਰਦਾ ਹਾਂ।

ਰਾਜਾ : ਫਿਰ ਇਹ ਲੋਕ ਝੂਠ ਆਖਦੇ ਹਨ ?

ਕਲਯਾਣਾ : ਸੱਚ ਆਖਦੇ ਹਨ ਇਹ ਬੀ।

ਰਾਜਾ : ਕੀ ਕੂੰ ? (ਗਹੁ ਨਾਲ ਤੱਕਣ ਲੱਗ ਪਿਆ)

ਕਲਯਾਣਾ : ਜਿਸ ਨਿਰਜਿੰਦ ਸ਼ਿਲਾ ਨੂੰ ਇਹ ਠਾਕਰ ਆਖਦੇ ਹਨ ਮੈਂ ਉਸ ਦਾ ਪੂਜਨ ਨਹੀਂ ਕਰਦਾ। ਜੋ ਠਾਕਰ ਸਦਾ ਹਾਜ਼ਰਾ ਹਜ਼ੂਰ ਹੈ, ਜੋ ਪਰੀ ਪੂਰਣ ਹੈ, ਜੋ ਸਰਬ ਚੇਤਨਤਾ ਦਾ ਮੂਲ ਹੈ, ਜੋ ਸਭ ਨੂੰ ਪ੍ਰਕਾਸ਼ਦਾ ਹੈ ਉਸ ਠਾਕੁਰ ਦਾ ਪੂਜਨ ਮੈਂ ਉਸ ਵਿਚ ਸ਼ਰਧਾ ਧਾਰ ਕੇ ਕਰਦਾ ਹਾਂ। ਹੇ ਰਾਜਨ ਮੇਰਾ ਠਾਕਰ ਪੱਥਰ ਤੇ ਬ੍ਰਿੱਛ ਜੀਵ ਤੇ ਅਜੀਵ ਸਭ ਦਾ ਪ੍ਰਕਾਸ਼ਕ ਹੈ, ਉਹ ਆਪ ਨਿਰਜਿੰਦ ਪੱਥਰ ਮਾਤ੍ਰ ਨਹੀਂ ਹੈ......।''

ਇਸੇ ਪੁਸਤਕ ਦੇ ਇਸ ਤੋਂ ਅਗਲੇ ਪ੍ਰਸੰਗ ''ਹਰਿਮੰਦਰ–ਰਾਜਾ ਮੰਡੀ ਤੇ ਕਰਮ ਰੇਖਾ'' ਵਿਚ ਵੀ ਭਾਈ ਸਾਹਿਬ ਨੇ ਵਾਰਤਾਲਾਪ ਦੇ ਸੁਚੱਜੇ ਢੰਗ ਨਾਲ ਕਰਮ ਰੇਖਾ ਜੇਹੀ ਦਾਰਸ਼ਨਿਕ ਗੱਲ ਨੂੰ ਬੜੀ ਸਫਲਤਾ ਤੇ ਸਰਲਤਾ ਨਾਲ ਪੇਸ਼ ਕੀਤਾ ਹੈ। ਇਸ ਤੋਂ ਬਿਨਾਂ 'ਗੁਰੂ ਨਾਨਕ ਚਮਤਕਾਰ' ਵਿਚ ''ਭਰਥਰਿ ਜੋਗੀ'', ''ਬਾਲ ਗੰਦਾਈ'', ''ਭਾਈ ਝੰਡਾ ਜੀਓ'', ਆਦਿ ਪ੍ਰਸੰਗਾਂ ਵਿਚ ਵੀ ਭਾਈ ਸਾਹਿਬ ਨੇ ਇਸ ਢੰਗ ਦੀ ਬੜੀ ਸਫਲਤਾ ਨਾਲ ਵਰਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ ਹੈ। ਦਾਰਸ਼ਨਿਕ ਵਿਸ਼ਿਆਂ ਨੂੰ ਸਪਸ਼ਟ ਕਰਨ ਲਈ ਕਈ ਥਾਵਾਂ ਉੱਤੇ ਉਹ ਵਿਸ਼ੇ ਨੂੰ ਟੋਟਿਆਂ ਵਿਚ ਵੰਡ ਕੇ, ਬ੍ਰਿਤਾਂਤ ਤੇ ਰਸਮਈ ਵਾਰਤਾਲਾਪ ਦੀ ਵਰਤੋਂ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਵਾਰਤਕ ਸਰਲ਼ ਤੇ ਬੋਝ ਰਹਿਤ ਹੋ ਜਾਂਦੀ ਹੈ। ਜਜ਼ਬੇ ਭਰਪੂਰ ਸ਼ੈਲੀ ਨੇ ਵੀ ਜਾਦੂ ਵਰਗਾ ਅਸਰ ਕੀਤਾ ਹੈ। ਪਰ ਕਈ ਥਾਵਾਂ ਤੇ ਉਨ੍ਹਾਂ ਦੀ ਵਾਰਤਾਲਾਪ ਲੋੜ ਤੋਂ ਲੰਬੇਰੀ ਵੀ ਹੋ ਜਾਂਦੀ ਹੈ ਅਤੇ ਕਿਤੇ ਕਿਤੇ ਇਹ ਲੰਬਾਈ ਇੱਨੀ ਵਧ ਜਾਂਦੀ ਹੈ ਕਿ ਇਕੋ ਪਾਤਰ ਹੀ ਕਈ ਕਈ ਸਫੇ ਗੱਲ ਕਰੀ ਜਾਂਦਾ ਹੈ। ਫਲਸਰੂਪ ਇਨ੍ਹਾਂ ਦੀ ਵਾਰਤਾਲਾਪ ਨ ਰਹਿ ਕੇ ਭਾਸ਼ਨ ਜਾਂ ਨਿਬੰਧ ਦਾ ਰੂਪ ਧਾਰਨ ਕਰ ਲੈਂਦੀ ਹੈ। 'ਬਾਬਾ ਨੌਧ ਸਿੰਘ'' ਵਿਚ ਅਜੇਹੇ ਕਈ ਉਦਾਹਰਣ ਮਿਲਦੇ ਹਨ। ਨਿਰਸੰਦੇਹ ਉਨ੍ਹਾਂ ਦੀ ਵਾਰਤਾਲਾਪ ਵਿਚ ਹਰ ਥਾਂ ਰਸ ਮੌਜੂਦ ਰਹਿੰਦਾ ਹੈ ਤੇ ਅਕੇਵਾਂ ਨਹੀਂ ਪੈਦਾ ਹੁੰਦਾ।

ਭਾਈ ਵੀਰ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਗੁਰੂ ਆਦਰਸ਼ ਨੂੰ ਬੜੇ ਠਰੰਮੇ ਨਾਲ ਚਮਕਾਉਣ ਤੇ ਸਪੱਸ਼ਟ ਕਰਨ ਦਾ ਜਤਨ ਕੀਤਾ ਹੈ। ਭਾਈ ਸਾਹਿਬ ਨੇ ਇਸ ਸਬੰਧ ਵਿਚ ਵਾਰਤਾਲਾਪ, ਮਨੋਵਿਗਿਆਨਕ ਪੇਸ਼ਕਾਰੀ ਤੇ ਗੁਰਸਿੱਖਾਂ ਜਾਂ ਗੁਰਮੁਖਾਂ ਦੇ ਜੀਵਨ ਚਰਿਤ੍ਰਾਂ ਰਾਹੀਂ ਆਪਣੇ ਮਨੋਰਥ ਵਿਚ ਭਲੀ ਭਾਂਤ ਸਫਲਤਾ ਪ੍ਰਾਪਤ ਕੀਤੀ ਹੈ। ਉਦਾਹਰਣ ਲਈ 'ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-2' ਦੇ "ਭਾਈ ਕਲਯਾਣਾ", "ਭਾਈ ਮੰਞ", "ਭਾਈ ਬਹੋੜਾ", "ਭਾਈ ਬੁੱਧੂ", "ਬੀਰਬਲ", "ਹਰਿਮੰਦਰ, ਰਾਜਾ ਮੰਡੀ ਤੇ ਕਰਮ ਰੇਖਾ" ਆਦਿ ਪ੍ਰਸੰਗ ਵਰਣਨਯੋਗ ਹਨ।

ਆਪ ਦੀ ਵਾਰਤਕ ਸ਼ੈਲੀ ਵਿਚੋਂ ਆਪ ਦੀ ਵਿਦਵਤਾ ਦਾ ਇਕ ਪ੍ਰਤੱਖ ਪ੍ਰਮਾਣ ਆਪ ਵਲੋਂ ਵਰਤੀ ਗਈ ਭਾਰਤੀ ਪਰੰਪਰਾਵਾਂ, ਇਤਿਹਾਸ, ਮਿਥਿਹਾਸ ਤੇ ਵੱਖ ਵੱਖ ਪੂਰਬੀ ਮੱਤਾਂ ਦੀ ਜਾਣਕਾਰੀ, ਆਦਿ ਤੋਂ ਵੀ ਮਿਲਦਾ ਹੈ। ਭਾਈ ਸਾਹਿਬ ਨੇ ਆਪਣੀਆਂ ਸਾਰੀਆਂ ਵਾਰਤਕ ਰਚਨਾਵਾਂ ਵਿਚ ਥਾਂ ਥਾਂ ਗੁਰਬਾਣੀ ਦੀਆਂ ਟੂਕਾਂ ਤੋਂ ਬਿਨਾਂ ਪੁਰਾਤਨ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਤਵਾਰੀਖ ਖਾਲਸਾ, ਭਾਈ ਮਨੀ ਸਿੰਘ ਦੀ ਗਿਆਨ ਰਤਨਾਵਲੀ ਤੇ ਭਗਤਾਂ ਦੀ ਮਾਲ, ਭਾਈ ਸੰਤੋਖ ਸਿੰਘ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ, ਆਦਿ ਅਨੇਕਾਂ ਗ੍ਰੰਥਾਂ ਦੇ ਹਵਾਲੇ ਦਿਤੇ ਹਨ, ਜਿਸ ਨਾਲ ਆਪ ਦੀ ਰਚਨਾ ਵਧੇਰੇ ਸਾਰਥਕ ਹੋ ਗਈ ਹੈ।

ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਦੇ ਚਮਤਕਾਰੀ ਗੁਣਾਂ ਨੂੰ ਮੂਰਤੀਮਾਨ ਕਰਨ ਲਈ ਭਾਈ ਸਾਹਿਬ ਨੇ ਸਰਲ ਤੇ ਸਪਸ਼ਟ ਬੋਲੀ ਅਤੇ ਸੁੰਦਰ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਭਾਈ ਸਾਹਿਬ ਦਾ ਥੋੜ੍ਹੇ ਸ਼ਬਦਾਂ ਵਿਚ ਗੁਰੂ ਜੀ ਦੇ ਵਿਅਕਤਿਤਵ ਨੂੰ ਪੇਸ਼ ਕਰਨ ਦਾ ਕਲਾਕਾਰੀ ਗੁਣ ਵਰਣਨਯੋਗ ਹੈ :

> ਖਿਮਾਂ ਨਿਧਾਨ ਗੁਰੂ ਜੀ, ਹਾਂ, ਖਿਮਾਂ ਸੁਭਾਵ, ਖਿਮਾਂ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਚੁੱਪ ਕਰਕੇ ਸਭ ਕੁਝ ਸਹਿੰਦੇ ਰਹੇ। ਆਪਣੇ ਰੰਗ ਰੱਤੇ ਹਰੀ ਪ੍ਰੇਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰੀ ਸਿਮਰਨ ਵਿਚ ਚੁੱਪ ਚਾਪ ਲਗੇ ਰਹਿੰਦੇ । ਗੁਰਿਆਈ ਵਿਦਤਾਉਣ ਤੱਕ ਦਾ ਕੋਈ ਉੱਦਮ ਨਾ ਧਰਦੇ ।

—'ਸ੍ਰੀ ਅਸ਼ਟ ਗੁਰ ਚਮਤਕਾਰ', ਭਾਗ ਦੂਜਾ ।

ਭਾਈ ਸਾਹਿਬ ਲੋੜ ਅਨੁਸਾਰ ਆਪਣੀ ਵਾਰਤਕ ਸ਼ੈਲੀ ਨੂੰ ਵਾਰਤਾਲਾਪੀ, ਬ੍ਰਿਤਾਂਤਕ, ਦਾਰਸ਼ਨਿਕ, ਨਾਟਕੀ, ਭਾਵਾਤਮਿਕ ਤੇ ਸੰਗੀਤਾਤਮਿਕ ਬਣਾ ਦਿੰਦੇ ਹਨ ਇਸੇ ਕਾਰਣ ਹੀ ਉਨ੍ਹਾਂ ਦੀ ਵਾਰਤਕ ਨੂੰ ਦਾਰਸ਼ਨਿਕ, ਬ੍ਰਿਤਾਂਤਕ, ਵਰਣਨੀ ਤੇ ਪੱਤਰਕਾਰੀ ਢੰਗ ਦੀ ਵਾਰਤਕ ਵੀ ਕਿਹਾ ਜਾਂਦਾ ਹੈ । ਨਿਭਾਅ ਜਾਂ ਪ੍ਰਗਟਾਅ ਦੇ ਪੱਖੋਂ ਵੀ ਉਨ੍ਹਾਂ ਦੀ ਵਾਰਤਕ ਸ਼ੈਲੀ ਗੰਭੀਰ, ਨਾਟਕੀ ਕਾਵਿਮਈ, ਭਾਵੁਕ, ਰਹੱਸਮਈ ਆਦਿ ਤਰ੍ਹਾਂ ਦੀ ਹੁੰਦੀ ਹੈ । ਉਨ੍ਹਾਂ ਦੀ ਅਜੇਹੀ ਵਾਰਤਕ ਸ਼ੈਲੀ ਦੇ ਕੁਝ ਸੁੰਦਰ ਨਮੂਨੇ ਧਿਆਨ ਯੋਗ ਹਨ :

ਕਲਯਾਣਾ ਇਸ ਪ੍ਰਕਾਰ ਦੇ ਭਾਵ ਵਿਚ ਪਰਮ ਲੀਨ ਹੋ ਗਿਆ । ਉਧਰ ਰਾਜੇ ਦੇ ਕ੍ਰੋਧ ਦੀ ਹੱਦ ਨਾ ਰਹੀ । ਬੁਲ੍ਹ ਫੜਕਨ੍ਹ ਲੱਗ ਪਏ । ਚਿਹਰਾ ਲਾਲ ਅੰਗਾਰਾ ਹੋ ਗਿਆ, ਸਿਰ ਕੰਬਣ ਲੱਗ ਪਿਆ, 'ਜੱਲਾਦ । ਜੱਲਾਦ ।' ਕਹਿੰਦਾ ਬੇਹੋਸ਼ ਹੋ ਕੇ ਡਿੱਗ ਪਿਆ । ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ, ਦਰਬਾਰੀਆਂ ਤੇ ਹਰਿਆਨੀ ਛਾ ਗਈ; ਇਹ ਕੀ ਹੋ ਗਿਆ ? ਕੋਈ ਪੱਖਾ ਝੱਲੇ, ਕੋਈ ਪੈਰ ਦਬਾਏ, ਕੋਈ ਮੂੰਹ ਵਿਚ ਪਾਣੀ ਚੋਵੇ । ਵੈਦ ਪਾਸ ਸੀ, ਉਹ ਨਾੜੀ ਦੇਖੇ, ਦੰਦਣ ਖੁਹਲੇ । ਠੰਡੇ ਛੱਟੇ ਮਾਰੇ, ਤਾਲੂ ਤੇ ਪਾਣੀ ਦੀ ਲੀਰ ਫੇਰੇ, ਪਰ ਕੋਈ ਉਪਕਾਰ ਕਾਰਗਰ ਨਾ ਹੋਇਆ । ਤਦ ਇਕ ਸਿਆਣੇ ਨੇ ਕਿਹਾ : ਲੋਕੋ ਤੁਸੀਂ ਅਨਯਾਯ ਕੀਤਾ ਹੈ, ਹਾਂ, ਰਾਜੇ ਵੀ ਅਨਯਾਯ ਕੀਤਾ ਹੈ, ਬਦੇਸ਼ੀ ਨੂੰ ਐਡਾ ਕਰੜਾ ਦੰਡ । ਜੋ ਸਰਵ ਵਿਯਾਪੀ ਨੂੰ ਮੰਨਦਾ ਹੈ, ਉਹ ਨਾਸਤਕ ਦੇ ਦੰਡ ਯੋਗ ਕਿਉਂ ਹੈ ? ਉਸ ਤੋਂ ਖਿਮਾਂ ਮੰਗੋ, ਉਸ ਨੂੰ ਪ੍ਰਸੰਨ ਕਰੋ, ਜਲਾਦ ਨੂੰ ਦੂਰ ਕਰੋ, ਆਖੋ : 'ਖਿਮਾ ਕਰੋ, ਤੁਸੀਂ ਸੁਮਤੀਵੰਤ ਭਗਤ ਸਹੀ ਹੁੰਦੇ ਹੋ ।

—'ਸ੍ਰੀ ਅਸ਼ਟ ਗੁਰ ਚਮਤਕਾਰ', ਭਾਗ ਦੂਜਾ ।

2. ਕਾਵਿਮਈ ਵਾਰਤਕ ਦਾ ਇਕ ਸੁੰਦਰ ਨਮੂਨਾ ਵੇਖੋ :

ਹੇ ਸੁਹਣ । ਹੇ ਸੁੰਦਰ । ਹੇ ਸੁੰਦਰਾਂ ਦੇ ਸੁੰਦਰ । ਹੇ ਸੁਹਾਵੇ ਤੇ ਸਦਾ ਸੁਹਾਣ । ਹੇ ਛੱਬੀ ਵਾਲੇ । ਹੇ ਛੱਬੀ ਵਾਲੇ । ਹੇ ਅਦੁੱਤੀ ਦੂਤੀ ਵਾਲੇ । ਹੇ ਮਨ ਮੋਹਣੇ । ਹੇ ਅੱਲਾ । ਹੇ ਲਲਿਤ । ਹੇ ਹੁਸਨ । ਹੇ ਹੁਸਨਾਂ ਦੇ ਸਰਦਾਰ । ਹੇ ਖੂਬ । ਹੇ ਖੂਬਾਂ ਦੇ ਸ਼ਹਿਨਸ਼ਾਹ ।

—'ਸ੍ਰੀ ਗੁਰੂ ਨਾਨਕ ਚਮਤਕਾਰ', ਉਤਰਾਰਧ ।

ਇਥੇ ਭਾਈ ਸਾਹਿਬ ਦੀ ਵਾਰਤਕ ਰਚਨਾ ਵਿਚ ਵਾਕਾਂ ਦੀ ਚੁਸਤ ਤੇ ਤੋਲਵੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਤੋਂ ਕੀਤੀ ਗਈ ਹੈ। ਇਨ੍ਹਾਂ ਵਾਕਾਂ ਵਿਚ ਰਿੰਦ, ਰਸ ਤੇ ਰਵਾਨੀ ਥਾਂ ਥਾਂ ਵਿਦਮਾਨ ਹੈ। ਸੁਚੱਜੀ ਵਾਕ ਰਚਨਾ ਦੀ ਸੂਝ ਤੇ ਪੈਰਾ ਵੰਡ ਦੀ ਸੁਚੇਤ ਵਰਤੋਂ ਭਾਈ ਸਾਹਿਬ ਦੀ ਵਾਰਤਕ ਦੇ ਵਿਸ਼ੇਸ਼ ਗੁਣ ਹਨ। ਪੰਜਾਬੀ ਵਾਰਤਕ ਵਿਚ ਮਿਸ਼ਰਤ ਵਾਕ ਦੀ ਸਫਲ ਵਰਤੋਂ ਪ੍ਰਚਲਤ ਕਰਨ ਵਾਲੇ ਉਹ ਮੁਢਲੇ ਪੰਜਾਬੀ ਵਾਰਤਕ ਲੇਖਕਾਂ ਵਿਚੋਂ ਹਨ। ਉਨ੍ਹਾਂ ਤੋਂ ਪਹਿਲਾਂ ਗੁੰਝਲਦਾਰ ਵਾਕਾਂ ਦੀ ਸ਼ੁਧ ਵਰਤੋਂ ਘਟ ਹੀ ਵੇਖਣ ਵਿਚ ਆਉਂਦੀ ਹੈ। ਉਨ੍ਹਾਂ ਦਾ ਲਿਖਣ ਢੰਗ ਸਰਲ, ਸਪਸ਼ਟ ਤੇ ਸ਼ਿੰਗਾਰਮਈ ਹੈ। ਆਪਣੀ ਵਾਰਤਕ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਪਹਿਲੀ ਵਾਰ ਯੋਗ ਵਰਤੋਂ ਕਰਕੇ ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਨੂੰ ਵਧੇਰੇ ਭਾਵ ਪੂਰਤ ਬਣਾਇਆ ਹੈ।

ਉਨ੍ਹਾਂ ਨੇ ਆਪਣੀ ਸਾਰੀ ਵਾਰਤਕ ਰਚਨਾ ਵਿਚ ਭਾਵੇਂ ਉਹ ਨਾਵਲ ਹਨ ਜਾਂ ਚਮਤਕਾਰ, ਪਾਤਰਾਂ ਦੇ ਅਨੁਕੂਲ, ਯਥਾਰਥਕ ਬੋਲੀ ਵਰਤਨ ਦਾ ਕੋਈ ਵਿਸ਼ੇਸ਼ ਜਤਨ ਨਹੀਂ ਕੀਤਾ ਹੈ। ਉਨ੍ਹਾਂ ਦਾ ਤਾਂ ਵਧੇਰੇ ਧਿਆਨ ਆਪਣੇ ਇਕੋ ਇਕ ਨਿਸ਼ਾਨੇ–ਸਿੱਖ ਆਦਰਸ਼ ਨੂੰ ਖੋਲ੍ਹਣਾ ਅਤੇ ਉਸ ਦੀ ਵਿਆਖਿਆ ਕਰਨਾ ਸੀ। ਉਨ੍ਹਾਂ ਨੇ ਇਹ ਵਿਆਖਿਆ ਅਜੇਹੀ ਬੋਲੀ ਵਿਚ ਕੀਤੀ ਹੈ ਜੋ ਹਰ ਇਕ ਨੂੰ ਅਸਾਨੀ ਨਾਲ ਸਮਝ ਆ ਸਕਦੀ ਸੀ। ਪਰੰਤੂ, ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਭਾਈ ਸਾਹਿਬ ਦੀ ਵਾਰਤਕ ਵਾਸਤਵਿਕ ਰੰਗਣ ਤੋਂ ਕੋਰੀ ਹੈ। ਉਨ੍ਹਾਂ ਦੀ ਵਾਰਤਕ ਵਿਚੋਂ ਅਸਾਨੀ ਨਾਲ ਹੀ ਵਾਸਤਵਿਕ ਤੇ ਸਥਾਨਕ ਰੰਗਣ ਦੇ ਕਈ ਨਮੂਨੇ ਮਿਲ ਜਾਂਦੇ ਹਨ ਜੋ ਸਲਾਹੁਣਯੋਗ ਹਨ। ਉਦਾਹਰਣ ਲਈ "ਪਿਆਰੇ ਦੇ ਬਾਲ ਚੋਜ਼" ਵਾਲੀ ਸਾਖੀ ਵਿਚ ਬਾਰ ਦੇ ਵਸਨੀਕਾਂ ਦਾ ਯਥਾਰਥਕ ਵਾਰਤਾਲਾਪੀ ਚਿਤ੍ਰ, 'ਬਾਬਾ ਨੌਧ ਸਿੰਘ' ਵਿਚ ਪਾਦਰੀ ਦੀ ਬਾਬੇ ਨਾਲ ਗੱਲਬਾਤ ਤੇ 'ਅਸ਼ਟ ਗੁਰ ਚਮਤਕਾਰ–ਭਾਗ ਦੂਜਾ' ਦੇ "ਗੁਰ-ਸਿਖੀ ਦਾ ਕੇਂਦਰ" ਨਾਂ ਦੇ ਪ੍ਰਸੰਗ ਵਿਚ ਪੰਨਾ 32 ਦੇ ਦੂਜੇ ਪੈਰੇ ਵਿਚ ਵੀ ਅਜੇਹਾ ਹੀ ਜਤਨ ਕੀਤਾ ਗਿਆ ਹੈ।

ਆਧੁਨਿਕ ਪੰਜਾਬੀ ਬੋਲੀ ਦੀ ਸੁਚੇਤ ਵਰਤੋਂ ਕਰਨ, ਉਸ ਦਾ ਠੁੱਕ ਬੰਨ੍ਹਣ ਅਤੇ ਉਸ ਦੀ ਉਸਾਰੀ ਤੇ ਵਾਧੇ ਲਈ ਭਾਈ ਸਾਹਿਬ ਦੀਆਂ ਘਾਲਾਂ ਵਰਣਨ ਯੋਗ ਤੇ ਵੱਡ-ਮੁੱਲੀਆਂ ਹਨ। ਭਾਈ ਸਾਹਿਬ ਜਿੱਨੀ ਵਿਸ਼ਾਲ ਤੇ ਭਰਪੂਰ ਸ਼ਬਦਾਵਲੀ ਉਨ੍ਹਾਂ ਤੋਂ ਪਹਿਲਾਂ ਵਰਤੀ ਨਹੀਂ ਮਿਲਦੀ। ਬੋਲੀ ਨੂੰ ਸੁਚੇਤ ਜਤਨ ਨਾਲ ਕੇਂਦਰੀ ਰੂਪ ਵਿਚ ਵਰਤਣ ਦੀ ਉਨ੍ਹਾਂ ਜੇਹੀ ਉਦਾਹਰਣ ਪਹਿਲੇ ਲੇਖਕਾਂ ਵਿਚ ਨਹੀਂ, ਹਾਂ ਅਚੇਤ ਤੌਰ ਤੇ ਭਾਵੇਂ ਕਿਤੇ ਉਨ੍ਹਾਂ ਪਾਸੋਂ ਅਜੇਹਾ ਹੋਇਆ ਹੋਵੇ। ਵਿਆਕਰਣ ਅਨੁਸਾਰ ਸ਼ੁਧਤਾ ਨੇ ਨਿਪੁੰਨਤਾ ਪ੍ਰਾਪਤ ਕਰਨ ਦਾ ਭਾਈ ਸਾਹਿਬ ਨੇ ਚੇਤੰਨ ਹੋ ਕੇ ਜਤਨ ਕੀਤਾ ਹੈ। ਉਨ੍ਹਾਂ ਦੀ ਰਚਨਾ ਵਿਚ ਪਰੰਪਰਾ ਅਨੁਸਾਰ ਬ੍ਰਿਜੀ, ਫ਼ਾਰਸੀ ਤੇ ਗੁਰਬਾਣੀ ਦੀ ਸ਼ਬਦਾਵਲੀ ਦੀ ਵਰਤੋਂ ਹੋਈ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਬ੍ਰਿਜੀ ਤੇ ਫਾਰਸੀ ਦੇ ਉਹ ਵਿਦਵਾਨ ਸਨ ਤੇ ਗੁਰਬਾਣੀ ਦੀ ਸ਼ਬਦਾਵਲੀ ਉਨ੍ਹਾਂ ਦੇ ਵਿਸ਼ੇ ਅਨੁਕੂਲ ਹੈ। ਪਰ ਫਿਰ ਵੀ ਭਾਈ ਸਾਹਿਬ ਨੇ ਵਧੇਰੀ ਮਾਤਰਾ ਵਿਚ ਫ਼ਾਰਸੀ ਤੇ ਬ੍ਰਿਜੀ ਦੇ ਸ਼ਬਦ ਵਰਤਣ ਤੋਂ ਸੰਕੋਚ ਕੀਤਾ ਹੈ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦੀ ਥਾਂ ਠੇਠ ਕੇਂਦਰੀ ਬੋਲੀ ਦੀ ਸ਼ਬਦਾਵਲੀ ਨੂੰ ਪਹਿਲ ਦਿੱਤੀ ਹੈ। ਸ਼ਬਦ ਚੋਣ ਕਿਤੇ ਕਿਤੇ ਵਿਦਵਤਾਂ ਤੇ ਬ੍ਰਿਜ ਭਾਸ਼ਾ ਨਾਲ ਭਾਰੂ ਤਾਂ ਹੈ ਪਰ ਸਮੁੱਚੇ ਤੌਰ ਤੇ ਸ਼ਬਦਾਵਲੀ ਬੜੀ ਅਮੀਰ, ਸ਼ੁਧ, ਪ੍ਰਭਾਵਸ਼ਾਲੀ, ਬਹੁਪੱਖੀ ਤੇ ਰੋਚਿਕ ਹੈ। ਭਾਈ ਸਾਹਿਬ ਨੇ ਲੋੜ ਅਨੁਸਾਰ ਦੇਸੀ, ਬਦੇਸ਼ੀ, ਚਿਤ੍ਰਮਈ, ਪੁਰਾਤਨ ਕਲਾਸੀਕਲ ਸ਼ਬਦਾਂ ਦੀ ਵਰਤੋਂ ਵੀ ਆਪਣੀਆਂ ਰਚਨਾਵਾਂ ਵਿਚ ਕੀਤੀ ਹੈ।

ਭਾਈ ਸਾਹਿਬ ਦੇ ਸ਼ਬਦ ਭੰਡਾਰ ਦਾ ਸੋਮਾਂ ਵਧੇਰੇ ਗੁਰਬਾਣੀ ਹੈ ਜੋ ਬੇਅੰਤ ਹੈ। ਉਨ੍ਹਾਂ ਨੇ ਆਪਣੇ ਇਸ ਪਿਤਰੀ ਧਨ ਨੂੰ ਖੂਬ ਵਰਤਿਆ ਹੈ। ਭਾਈ ਸਾਹਿਬ ਨੇ ਧੂਹ ਪਾਣ ਵਾਲੇ ਮਿੱਠੀਆਂ ਮਿੱਠੀਆਂ ਯਾਦਾਂ ਨਾਲ ਲੱਦੇ, ਜਜ਼ਬੇ ਦੇ ਧਾਰਨੀ ਅਨੇਕਾਂ ਸ਼ਬਦ ਤੇ ਸਮਾਸ ਆਪਣੀ ਰਚਨਾ ਵਿਚ ਵਰਤੇ ਹਨ। ਬਹੁਤ ਸਾਰੇ ਸ਼ਬਦ ਤੇ ਸਮਾਸ ਉਨ੍ਹਾਂ ਨੇ ਆਪ ਘੜੇ ਹਨ। "ਅਵਤਾਰ-ਦਰੋਹੀ", "ਜੀਅਦਾਨ", "ਰਹੋਸ਼ਾ ਨਸ਼ੀਨਾ", "ਦਾਨ ਬ੍ਰਿਤੀ", "ਸਿਖਿਆ ਦਾਤਾ", "ਹਰੀ ਸੇਵਨ", "ਹਰੀ ਪੂਜਨ", 'ਸੰਗਤ ਪੀੜਾ", "ਗੁਰੂ ਜਯੋਤੀ", "ਖਿਮਾਂ ਨਿਧਾਨ", "ਦਿਬ-ਜਯੋਤ", ਆਦਿ ਅਨੇਕਾਂ ਦਿਲ ਨੂੰ ਟੁੰਬਣ ਵਾਲੇ ਸ਼ਬਦ ਉਨ੍ਹਾਂ ਦੀਆਂ ਰਚਨਾਵਾਂ ਵਿਚ ਉਪਸਥਿਤ ਹਨ। ਉਨ੍ਹਾਂ ਸਾਹਮਣੇ ਕਿਤੇ ਵੀ ਸ਼ਬਦਾਂ ਦੀ ਘਾਟ ਮਹਿਸੂਸ ਹੁੰਦੀ ਨਹੀਂ ਦਿਸਦੀ। ਇਕੋ ਵਿਚਾਰ ਨੂੰ ਵੱਖ ਵੱਖ ਸ਼ਬਦਾਂ ਤੇ ਢੰਗਾਂ ਨਾਲ ਪੇਸ਼ ਕਰਨ ਦੀ ਸਮਰੱਥਾ ਵੀ ਭਾਈ ਸਾਹਿਬ ਕੋਲ ਹੈ ਪਰੰਤੂ ਕਿਤੇ ਕਿਤੇ ਉਹ ਹੈਰਾਨ ਦਾ ਵਿਗੜਿਆ ਰੂਪ "ਹਰਯਾਨ" ਵਾਕਫ਼ੀ ਦਾ "ਵਾਕਬੀ", ਅਗਵਾਈ ਦਾ "ਅਗਵਾਨੀ" ਤੜਪ ਦਾ "ਤੜਪਨੀ", ਹੋਏਗਾ ਦਾ "ਹੋਊ", ਆਮਦਨ ਦਾ "ਆਉਂਦਣ", ਸੰਬੰਧ ਦਾ "ਸਨਬੰਧ", ਖ਼ੁਦਵਾਈ ਦਾ 'ਖੁਣਵਾਈ", ਨਿਮਰਤਾ ਦਾ "ਨੰਮ੍ਰਤਾ", ਅਉਭਗਤ ਦਾ "ਆਗਤ ਭਗਤ" ਆਦਿ ਸ਼ਬਦ ਵਰਤਦੇ ਹਨ। ਪਰ ਉਨ੍ਹਾਂ ਸ਼ਬਦਾਂ ਦੀ ਸੁਚੱਜੀ ਗੋਂਦ ਉਨ੍ਹਾਂ ਦੀ ਸੰਗੀਤਕ ਲੈਅ ਤੇ ਮਧੁਰ ਚਾਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਸ਼ਬਦ ਜੋੜਾਂ ਸਮੇਂ ਭਾਈ ਸਾਹਿਬ ਨੇ ਪੁਰਾਤਨ ਵਾਰਤਕ ਦੀ ਪਰੰਪਰਾ ਨੂੰ ਕਾਫ਼ੀ ਹੱਦ ਤਕ ਅਪਣਾਇਆ ਹੈ। ਪਰੰਪਰਾ ਅਨੁਸਾਰ "ਯ" ਦੀ ਵਰਤੋਂ ਉਨ੍ਹਾਂ ਬਹੁਤ ਕੀਤੀ ਹੈ ਜਿਸ ਤਰ੍ਹਾਂ ਕਾਯਮ, ਆਗਯਾ, ਯਾ, ਕਲਯਾਣ, ਅਨਯਾਯ, ਵਯਾਪੀ, ਹਰਯਾਨੀ, ਵਯਾਪਕ, ਵਯਕਤੀ, ਗਯਾਨ, ਆਰਯਾ ਆਦਿ ਸ਼ਬਦਾਂ ਦੀ ਬਣਤਰ ਵਿਚ ਆਧੁਨਿਕ ਪੰਜਾਬੀ ਵਾਰਤਕ ਵਿਚ "ਯ" ਦੀ ਵਰਤੋਂ ਬਹੁਤ ਹੱਦ ਤਕ ਘਟ ਗਈ ਹੈ। ਇਸੇ ਤਰ੍ਹਾਂ ਟਿੱਪੀ (ੰ) ਦੀ ਥਾਂ ਬਿੰਦੀ (ਂ) ਤੇ "ਵੀ" ਦੀ ਥਾਂ "ਬੀ" ਦੀ ਵਰਤੋਂ ਵੀ ਭਾਈ ਸਾਹਿਬ ਨੇ ਵੱਡੀ ਗਿਣਤੀ ਵਿਚ ਕੀਤੀ ਹੈ।

ਭਾਈ ਵੀਰ ਸਿੰਘ ਨੇ ਇਕ ਪਛੜੀ ਹੋਈ ਅਤੇ ਜਿਸ ਨੂੰ ਗ੍ਰਾਮੀਨ ਬੋਲੀ ਕਿਹਾ ਜਾਂਦਾ ਸੀ ਉਸ ਬੋਲੀ ਨੂੰ ਸਾਹਿਤਕ ਬੋਲੀ ਦੀਆਂ ਉੱਚ ਟੀਸੀਆਂ ਉਤੇ ਪਹੁੰਚਾਉਣ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਰਪੂਰ ਹਿੱਸਾ ਪਾਇਆ ਹੈ। ਉਨ੍ਹਾਂ ਦੀ ਕਲਮ ਛੋਹ ਨਾਲ ਇਹ ਬੋਲੀ ਰੰਗੀਨ, ਲਚਕਦਾਰ, ਫੈਲਾਓ ਦੀ ਧਾਰਨੀ, ਸਰਲ, ਸੰਗੀਤਮਈ ਤੇ ਬਲਵਾਨ ਹੋ ਗਈ ਹੈ। ਇਹੋ ਹੀ ਇਕ ਉੱਚ ਕੋਟੀ ਦੀ ਬੋਲੀ ਦੇ ਗੁਣ ਹੁੰਦੇ ਹਨ। ਭਾਈ ਸਾਹਿਬ ਨੇ ਪੰਜਾਬੀ ਨੂੰ ਇਹ ਗੁਣ ਦੇ ਕੇ ਅਮੀਰ ਤੇ ਸਤਿਕਾਰਯੋਗ ਬਣਾਇਆ ਹੈ।

ਸੰਖੇਪ ਵਿਚ ਭਾਈ ਵੀਰ ਸਿੰਘ ਦੀ ਵਾਰਤਕ ਸਾਦੀ, ਠੇਠ ਤੇ ਪ੍ਰਭਾਵਸ਼ਾਲੀ ਹੈ। ਉਨ੍ਹਾਂ ਨੇ ਪੰਜਾਬੀ ਵਾਰਤਕ ਵਿਚੋਂ ਬਹੁਤ ਸਾਰੇ ਹਿੰਦਵੀ (ਬ੍ਰਿਜੀ) ਤੇ ਫ਼ਾਰਸੀ ਦੇ ਅਸਰਾਂ ਨੂੰ ਕੱਢ ਦਿੱਤਾ ਹੈ। ਭਾਈ ਸਾਹਿਬ ਦੀ ਵਾਰਤਕ ਦੀ ਇਕ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਕਈ ਨਵੇਂ ਨਵੇਂ ਅਲੰਕਾਰਕ ਜੜਤ ਵਾਲੇ ਵਿਚਾਰਾਂ ਨਾਲ ਵਾਰਤਕ ਸਾਹਿਤ ਦੀ ਛਾਤੀ ਨਿੱਘੀ ਕੀਤੀ ਹੈ। ਪੰਜਾਬੀ ਵਾਰਤਕ ਵਿਚ ਭਾਵੇਂ ਉਨ੍ਹਾਂ ਨਾਵਲ ਵੀ ਲਿਖੇ ਹਨ ਤੇ ਡਰਾਮਾ ਵੀ ਪਰ ਚੰਗੀ ਤੇ ਚਾਲੂ ਵਾਰਤਕ ਉਨ੍ਹਾਂ ਦੇ ਟਰੈਕਟਾਂ ਜਾਂ ਚਮਤਕਾਰਾਂ ਵਿਚੋਂ ਹੀ ਰੂਪਮਾਨ ਹੁੰਦੀ ਹੈ। ਵਾਰਤਕ ਵਿਚੋਂ ਕਵਿਤਾ ਦੀ ਝਲਕ ਦਿਸਣੀ ਤੇ ਕਵਿਤਾ ਜੇਹੀ ਮਿਠਾਸ ਭਰਨਾ ਭਾਈ ਵੀਰ ਸਿੰਘ ਦੀ ਵਾਰਤਕ ਦਾ ਇਕ ਵਿਸ਼ੇਸ਼ ਲੱਛਣ ਹੈ। ਉਨ੍ਹਾਂ ਨੇ ਇਤਿਹਾਸ ਦੀ ਪੱਧਰ ਉਤੇ ਆਪਣੇ ਛਾਇਆਵਾਦੀ ਖਿਆਲਾਂ ਦੀ ਵਾਰਤਕ ਵਿਚ ਉਸਾਰੀ ਕਰਨ ਲੱਗਿਆਂ ਕਮਾਲ ਕਰ ਵਿਖਾਈ ਹੈ। ਗੱਲਬਾਤੀ ਢੰਗ ਨੂੰ ਆਪਣੀ ਵਾਰਤਕ ਵਿਚ ਚੰਗਾ ਨਿਭਾਇਆ ਹੈ। ਵਾਰਤਕ ਇਕ ਵਹਿਣ ਵਿਚ ਵਹਿੰਦੀ ਜਾਂਦੀ ਹੈ ਅਤੇ ਨਾਲ ਹੀ ਪਾਠਕ ਦੇ ਮਨ ਨੂੰ ਧੂੰਹਦੀ ਹੈ। ਇਸ ਤਰ੍ਹਾਂ ਕਈ ਵਾਰ ਪਾਠਕ ਭਾਈ ਵੀਰ ਸਿੰਘ ਦੇ ਨਾਲ ਹੀ ਗੁਰਮਤਿ ਦੇ ਕਈ ਸਿਧਾਂਤਾਂ ਉਤੇ ਵਿਚਾਰ ਕਰਦਾ ਜਾਂਦਾ ਹੈ। ਪਾਠਕ ਦਾ ਮਨ ਕੁਝ ਸਮੇਂ ਲਈ ਸੰਸਾਰ ਦੇ ਹੋਰ ਝਮੇਲਿਆਂ ਤੋਂ ਹਟ ਕੇ ਕਹਾਣੀ ਜਾਂ ਵਾਰਤਾ ਦੇ ਵੇਗ ਨਾਲ ਟੁਰਦਾ ਕੁਝ ਅੰਦਰ ਦਾ ਟਿਕਾਉ ਅਨੁਭਵ ਕਰਦਾ ਹੈ। ਇਹੋ ਕਾਰਣ ਹੈ ਕਿ ਭਾਈ ਸਾਹਿਬ ਦੀ ਵਾਰਤਕ ਡਿਗਦਿਆਂ ਢਹਿੰਦਿਆਂ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਦੀ ਸਮਰੱਥਾ ਰਖਦੀ ਹੈ। ਕਿਤੇ ਵੀ ਉਨ੍ਹਾਂ ਦੀ ਵਾਰਤਕ ਵਿਚ ਨਿਰਾਸ਼ਾਵਾਦ ਨਹੀਂ ਹੈ। ਭਾਵੇਂ ਵਿਸ਼ਾ ਤੇ ਖਿਆਲ ਗੰਭੀਰ ਹਨ ਪਰ ਕੁਦਰਤ ਦੇ ਦ੍ਰਿਸ਼ਾਂ ਦਾ ਸੁੰਦਰ ਤੇ ਜ਼ੋਰਦਾਰ ਵਰਣਨ ਤੇ ਅਲੰਕਾਰਾਂ ਦੀ ਵਰਤੋਂ ਪਾਠਕ ਨੂੰ ਅਕੇਵਾਂ ਮਹਿਸੂਸ ਨਹੀਂ ਹੋਣ ਦਿੰਦੀ। ਉਨ੍ਹਾਂ ਨੇ ਭਾਵੇਂ ਕੁਝ ਖਿਆਲ ਤੇ ਜੀਵਨ ਸਚਾਈਆਂ ਵੱਖ ਵੱਖ ਥਾਵਾਂ ਉਤੇ ਦੁਹਰਾਈਆਂ ਹਨ ਪਰੰਤੂ ਸ਼ੈਲੀ ਦੀ ਪਕੜ ਨੇ ਪ੍ਰਭਾਵ ਵਿਚ ਫਿੱਕਾਪਨ ਨਹੀਂ ਆਉਣ ਦਿੱਤਾ।

ਇਸ ਤੋਂ ਪਹਿਲਾਂ ਪੰਜਾਬੀ ਵਾਰਤਕ ਭਾਵੇਂ ਢੇਰ ਸਮੇਂ ਤੋਂ ਖਿਆਲਾਂ ਦੇ ਪ੍ਰਗਟਾ ਦਾ ਸਾਧਨ ਬਣ ਚੁੱਕੀ ਸੀ ਪਰ ਕਿਸੇ ਲੇਖਕ ਨੇ ਵੀ ਇਸ ਦੀ ਡੂੰਘਾਈ, ਸੰਭਾਵਨਾ ਤੇ ਵਿਸ਼ਾਲਤਾ ਨੂੰ ਬਾਕਾਇਦਾ ਤੇ ਸੁਚੇਤ ਭਾਂਤ ਸਾਹਿਤ ਦੇ ਰੂਪ ਦੇ ਤੌਰ ਤੇ ਨਹੀਂ ਸੀ ਵਰਤਿਆ। ਪੰਜਾਬੀ ਵਾਰਤਕ ਲਈ ਨਵੀਆਂ ਪਗਡੰਡੀਆਂ ਪਾਉਣ ਵਾਲਾ, ਨਵੇਂ ਰੂਪ ਉਸਾਰਨ ਵਾਲਾ ਤੇ ਪੰਜਾਬੀ ਭਾਸ਼ਾ ਦੀਆਂ ਸਮਰਥਾਵਾਂ ਨੂੰ ਉਜਾਗਰ ਕਰਨ ਵਾਲਾ ਭਾਈ ਵੀਰ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ ਆਧੁਨਿਕ ਸ਼ੈਲੀਕਾਰ ਹੈ। ਜੇ ਇਹ ਕਹਿ ਲਿਆ ਜਾਵੇ ਕਿ ਭਾਈ ਸਾਹਿਬ ਦੀ ਵਾਰਤਕ ਸ਼ੈਲੀ ਦੀ ਮੁਹਰ ਛਾਪ ਅੱਜ ਸਾਨੂੰ ਸਮੁੱਚੀ ਆਧੁਨਿਕ ਪੰਜਾਬੀ ਵਾਰਤਕ ਤੇ ਲੱਗੀ ਸਾਫ਼ ਦਿਸਦੀ ਹੈ ਤਾਂ ਇਸ ਵਿਚ ਅਤਿਕਥਨੀ ਨਹੀਂ ਹੋਵੇਗੀ। ਮੋਹਨ ਸਿੰਘ ਵੈਦ, ਪ੍ਰੋ. ਪੂਰਨ ਸਿੰਘ, ਚਰਨ ਸਿੰਘ ਸ਼ਹੀਦ, ਗੁਰਬਖਸ਼ ਸਿੰਘ ਆਦਿ ਅਨੇਕਾਂ ਲੇਖਕਾਂ ਉਤੇ ਭਾਈ ਸਾਹਿਬ ਦੀ ਸ਼ੈਲੀ ਦਾ ਸਿੱਧਾ ਪ੍ਰਭਾਵ ਪਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਬਲਬੀਰ ਸਿੰਘ : ਜੀਵਨ ਤੇ ਰਚਨਾ

ਡਾ. ਬਲਬੀਰ ਸਿੰਘ ਦਾ ਜਨਮ ਡਾ. ਚਰਨ ਸਿੰਘ (1853-1908 ਈ.) ਦੇ ਘਰ 10 ਦਸੰਬਰ 1896 ਨੂੰ ਅੰਮ੍ਰਿਤਸਰ ਵਿਚ ਹੋਇਆ। ਡਾ. ਚਰਨ ਸਿੰਘ ਨਵੀਨ ਪੰਜਾਬੀ ਸਾਹਿਤ ਦੇ ਆਰੰਭਕ ਲੇਖਕਾਂ ਵਿਚੋਂ ਹੋਏ ਹਨ। ਉਨ੍ਹਾਂ ਦੇ ਚਾਰ ਸਪੁੱਤਰ ਸਨ, ਜਿਨ੍ਹਾਂ ਵਿਚੋਂ ਪ੍ਰਸਿੱਧ ਪੰਜਾਬੀ ਸਾਹਿਤਕਾਰ ਭਾਈ ਵੀਰ ਸਿੰਘ ਸਭ ਤੋਂ ਵੱਡੇ ਤੇ ਡਾ. ਬਲਬੀਰ ਸਿੰਘ ਸਭ ਤੋਂ ਛੋਟੇ ਸਨ। ਇਨ੍ਹਾਂ ਦੁਹਾਂ ਹਸਤੀਆਂ ਨੇ ਪੰਜਾਬੀ ਸਾਹਿਤ ਦੀ ਖ਼ੂਬ ਸੇਵਾ ਕੀਤੀ। ਭਾਈ ਵੀਰ ਸਿੰਘ ਨੇ ਜਿਥੇ ਆਧੁਨਿਕ ਪੰਜਾਬੀ ਸਾਹਿਤ ਦਾ ਮੁੱਢ ਬੱਧਾ, ਉਥੇ ਡਾ. ਬਲਬੀਰ ਸਿੰਘ ਨੇ ਪੰਜਾਬੀ ਵਾਰਤਕ ਤੇ ਆਲੋਚਨਾ ਸ਼ੈਲੀ ਨੂੰ ਉੱਚ ਪੱਧਰ ਉੱਤੇ ਲਿਆਉਣ ਵਿਚ ਮਹੱਤਵ ਪੂਰਣ ਹਿੱਸਾ ਪਾਇਆ।

ਬਲਬੀਰ ਸਿੰਘ ਮੁੱਢਲੀ ਵਿਦਿਆ ਲਈ ਮਿਸ਼ਨ ਸਕੂਲ ਅੰਮ੍ਰਿਤਸਰ ਵਿਚ ਦਾਖ਼ਲ ਹੋਇਆ ਅਤੇ ਇਸ ਦੇ ਨਾਲ ਨਾਲ ਘਰ ਵਿਚ ਗੁਰਬਾਣੀ ਪੜ੍ਹਣ, ਲਿਖਣ ਤੇ ਅਰਥਾਂ ਨੂੰ ਸਮਝਣ ਦਾ ਕੰਮ ਸਹਿਜ ਸੁਭਾ ਹੁੰਦਾ ਰਿਹਾ। ਬਲਬੀਰ ਸਿੰਘ ਅਜੇ ਬਾਰਾਂ ਕੁ ਸਾਲਾਂ ਦੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਜੀ ਸੁਰਗਵਾਸ ਹੋ ਗਏ ਤੇ ਉਨ੍ਹਾਂ ਤੋਂ ਥੋੜੇ ਸਮੇਂ ਪਿੱਛੋਂ ਮਾਤਾ ਜੀ ਵੀ ਆਪ ਦਾ ਸਾਥ ਛੱਡ ਕੇ ਪਰਲੋਕ ਜਾ ਵਸੇ। ਆਪ 1915 ਵਿਚ ਮਿਸ਼ਨ ਸਕੂਲ ਵਿਚੋਂ ਦਸਵੀਂ ਪਾਸ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਹੋਏ। ਸਾਇੰਸ ਦੇ ਵਿਸ਼ਿਆਂ ਵਿਚ ਮੁੱਢ ਤੋਂ ਹੀ ਕਾਫੀ ਰੁਚੀ ਹੋਣ ਕਰਕੇ ਇਥੋਂ 1919 ਵਿਚ ਉਨ੍ਹਾਂ ਨੇ ਬੀ. ਐਸ. ਸੀ. ਦੀ ਡਿਗਰੀ ਪ੍ਰਾਪਤ ਕੀਤੀ ਤੇ ਐਮ. ਐਸ. ਸੀ. (ਕਮਿਸਟ੍ਰੀ) ਲਈ ਗੌਰਮਿੰਟ ਕਾਲਜ ਲਾਹੌਰ ਵਿਚ ਜਾਂ ਦਾਖ਼ਲ ਹੋਏ। ਆਪ ਦੀ ਕਾਲਰੀਅਤ ਨੂੰ ਮੁੱਖ ਰੱਖ ਕੇ ਲੰਡਨ ਯੂਨੀਵਰਸਿਟੀ ਨੇ ਕਮਿਸਟ੍ਰੀ ਵਿਚ ਖੋਜ ਕਰਨ ਲਈ ਆਪ ਨੂੰ ਦਾਖਲੇ ਦੀ ਪ੍ਰਵਾਨਗੀ ਦੇ ਦਿੱਤੀ। ਇਸ ਖੋਜ ਦੇ ਸੰਬੰਧ ਵਿਚ ਆਪ 1921 ਤੋਂ 1923 ਤਕ ਲੰਡਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਨੀਵਰਸਿਟੀ ਵਿਚ ਕੰਮ ਕਰਦੇ ਰਹੇ। ਆਪ ਉਥੇ ਕੇਵਲ ਰਸਾਇਣਕ ਖੋਜ ਵਿਚ ਹੀ ਨਾ ਰੁਝੇ ਰਹੇ ਸਗੋਂ ਇਸ ਦੇ ਨਾਲ ਨਾਲ ਇਮਪੀਰੀਅਲ ਕਾਲਜ ਆਫ ਸਾਇੰਸ ਐਂਡ ਟੈਕਨਾਲੋਜੀ ਲੰਦਨ ਤੋਂ ਡਿਪਲੋਮਾ ਪ੍ਰਾਪਤ ਕਰਨ ਦਾ ਕੰਮ ਵੀ ਜਾਰੀ ਰਖਿਆ। ਇਸ ਤੋਂ ਬਿਨਾਂ ਉਨ੍ਹਾਂ ਨੇ ਉਥੇ ਕਮਰਸ਼ੀਅਲ ਲਾਅ ਦੀ ਪੜ੍ਹਾਈ ਵੀ ਕੀਤੀ। 1923 ਵਿਚ ਆਪ ਲੰਡਨ ਯੂਨੀਵਰਸਿਟੀ ਤੋਂ ਪੀ-ਐਚ. ਡੀ. ਦੀ ਡਿਗਰੀ ਤੇ ਇਮਪੀਰੀਅਲ ਕਾਲਜ ਆਫ ਸਾਇੰਸ ਐਂਡ ਟੈਕਨਾਲੋਜੀ ਲੰਡਨ ਤੋਂ ਇਕ ਡਿਪਲੋਮਾ ਲੈ ਕੇ ਵਾਪਸ ਭਾਰਤ ਪੁੱਜੇ। ਡਾਕਟਰ ਸਾਹਿਬ ਲੰਡਨ ਵਿਚ ਆਪਣੀ ਰਸਾਇਣਕ ਖੋਜ ਦੇ ਨਾਲ ਨਾਲ ਸਾਹਿਤ ਵੱਲ ਵੀ ਪੂਰਾ ਪੂਰਾ ਧਿਆਨ ਦਿੰਦੇ ਰਹੇ ਤੇ ਸ਼ਾਮ ਦਾ ਸਮਾਂ ਉੱਚ ਕੋਟੀ ਦੇ ਪ੍ਰਸਿੱਧ ਆਲੋਚਕ ਮਿਸਟਰ ਅਰਨਸਟ ਰੀਜ (Ernest Rhys) ਨਾਲ ਬਤੀਤ ਕਰਦੇ ਤੇ ਉਥੇ ਉਨ੍ਹਾਂ ਦਾ ਹੋਰ ਕਈ ਮਹਾਨ ਸਾਹਿਤਕਾਰਾਂ ਨਾਲ ਵੀ ਮਿਲਾਪ ਹੁੰਦਾ ਰਿਹਾ।

ਭਾਰਤ ਪਹੁੰਚ ਕੇ ਡਾਕਟਰ ਸਾਹਿਬ ਕੁਝ ਸਮਾਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਦੀ ਪਦਵੀ ਉੱਤੇ ਕੰਮ ਕਰਦੇ ਰਹੇ। ਉਨ੍ਹਾਂ ਲਈ ਉਸ ਸਮੇਂ ਇੰਡੀਅਨ ਐਜੂਕੇਸ਼ਨ ਸਰਵਿਸ ਵਿਚ ਭਰਤੀ ਹੋਣ ਦਾ ਵੀ ਚੰਗਾ ਮੌਕਾ ਸੀ। ਪਰ ਆਪ ਦਾ ਧਿਆਨ ਅਗੇ ਖੋਜ ਵਲ ਸੀ। ਇਸ ਲਈ 1924 ਤੋਂ ਆਪ ਇੰਡਸਟਰੀਅਲ ਰੀਸਰਚ ਵਿਚ ਲੱਗ ਪਏ। ਉਨ੍ਹਾਂ ਨੇ ਇਸ ਫੀਲਡ ਵਿਚ ਕਈ ਸਫਲ ਤਜਰਬੇ ਕੀਤੇ। ਪ੍ਰੋਫੈਸਰ ਪੂਰਨ ਸਿੰਘ ਤੇ ਡਾਕਟਰ ਖ਼ੁਦਾਦਾਦ ਦੇ ਨਾਲ ਮਿਲ ਕੇ ਉਨ੍ਹਾਂ ਨੇ ਤਾਰਪੀਨ ਦੀ ਫੈਕਟਰੀ ਨੂੰ ਜਨਮ ਦਿੱਤਾ ਤੇ ਉਸ ਵਿਚ ਸਫਲਤਾ ਪ੍ਰਾਪਤ ਕੀਤੀ।

ਕੈਂਬਰਿਜ ਪਰੈਪਰੇਟਰੀ ਸਕੂਲ ਡੇਹਰਾਦੂਨ ਵਿਚ ਕਰਨਲ ਬਰਾਊਨ ਪ੍ਰਿੰਸੀਪਲ ਦੇ ਤੌਰ ਤੇ ਕੰਮ ਕਰਦੇ ਸਨ। ਉਨ੍ਹਾਂ ਦਾ ਕਿਸੇ ਕਾਰਣ ਸਕੂਲ ਦੀ ਕਮੇਟੀ ਅਤੇ ਸਟਾਫ਼ ਨਾਲ ਝਗੜਾ ਹੋ ਗਿਆ, ਉਹ ਝਗੜਾ ਇੰਨਾ ਵਧ ਗਿਆ ਕਿ ਕਮੇਟੀ ਨੇ ਉਨ੍ਹਾਂ ਨੂੰ ਨੌਕਰੀ ਤੋਂ ਵੱਖ ਕਰ ਦਿੱਤਾ। ਇਹ ਸਕੂਲ ਪ੍ਰੋਫੈਸਰ ਪੂਰਨ ਸਿੰਘ, ਡਾਕਟਰ ਖ਼ੁਦਾਦਾਦ ਤੇ ਮਿਸਟਰ ਚੈਟਰਜੀ ਆਦਿ ਨੇ ਹੀ ਚਲਾਇਆ ਸੀ। ਸੋ ਉਨ੍ਹਾਂ ਸਾਰਿਆਂ ਨੇ ਡਾ. ਬਲਬੀਰ ਸਿੰਘ ਨੂੰ ਉਹ ਸਕੂਲ ਚਲਾਉਣ ਲਈ ਮਜਬੂਰ ਕੀਤਾ। ਉਸ ਵੇਲੇ ਇਸ ਸਕੂਲ ਦੇ ਬੰਦ ਹੋਣ ਤਕ ਦੀ ਨੌਬਤ ਆ ਗਈ ਸੀ। ਸਮੱਸਿਆ ਇਹ ਸੀ ਸਕੂਲ ਦੇ ਬਹੁਤੇ ਸਟਾਫ਼ ਮੈਂਬਰ ਬਦੇਸ਼ੀ ਸਨ ਤੇ ਉਹ ਕਿਸੇ ਭਾਰਤੀ ਪ੍ਰਿੰਸੀਪਲ ਦੇ ਅਧੀਨ ਕੰਮ ਕਰਨਾ ਪਸੰਦ ਨਹੀਂ ਸਨ ਕਰਦੇ। ਪਰ ਜਿਸ ਵੇਲੇ ਕਮੇਟੀ ਨੇ ਡਾਕਟਰ ਸਾਹਿਬ ਨੂੰ ਪ੍ਰਿੰਸੀਪਲ ਦੇ ਤੌਰ ਤੇ ਕੰਮ ਕਰਨ ਲਈ ਕਿਹਾ ਤਾਂ ਸਾਰਾ ਸਟਾਫ ਡਾਕਟਰ ਸਾਹਿਬ ਨੂੰ ਸਹਿਯੋਗ ਦੇਣਾ ਮੰਨ ਗਿਆ। ਉਸ ਸਕੂਲ ਨੂੰ ਆਪ ਨੇ 1926 ਤੋਂ 1935 ਤਕ ਬੜੀ ਸਫਲਤਾ ਨਾਲ ਚਲਾਇਆ। 1936 ਵਿਚ Doon School, ਡੇਹਰਾਦੂਨ ਦੇ ਸਥਾਪਤ ਹੋਣ ਉਪਰੰਤ ਕਮੇਟੀ ਨੇ ਡਾਕਟਰ ਸਾਹਿਬ ਦੀ ਰਾਏ ਮੁਤਾਬਕ ਕੈਂਬਰਿਜ਼ ਪਰੈਪਰੇਟਰੀ ਸਕੂਲ ਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡੇਹਰਾਦੂਨ ਰਹਿੰਦੇ ਹੋਏ ਸਕੂਲ ਦੇ ਕੰਮਾਂ ਤੋਂ ਬਿਨਾਂ ਆਪ ਨੇ ਅਧਿਆਤਮਕ ਤੇ ਵਿਗਿਆਨਕ ਖੋਜ ਅਤੇ ਗੁਰਬਾਣੀ ਦਾ ਅਭਿਆਸ ਵੀ ਲਗਾਤਾਰ ਜਾਰੀ ਰੱਖਿਆ। ਪ੍ਰੋ. ਪੂਰਨ ਸਿੰਘ, ਡਾ. ਖ਼ੁਦਾਦਾਦ ਤੇ ਡਾ. ਬਲ਼ਬੀਰ ਸਿੰਘ ਇਕੋ ਘਰ ਰਹਿੰਦੇ ਸਨ। ਇਨ੍ਹਾਂ ਦਾ ਆਪਸ ਵਿਚ ਬਹੁਤ ਹੀ ਪਿਆਰ ਸੀ। ਇਨ੍ਹਾਂ ਦਾ ਘਰ ਵਿਗਿਆਨ ਤੇ ਗਿਆਨ ਦਾ ਸੰਜਮ ਬਣ ਗਿਆ ਸੀ।

ਪ੍ਰੋ. ਪੂਰਨ ਸਿੰਘ ਟੋਕੀਓ (ਜਪਾਨ) ਤੋਂ ਕੈਮਿਸਟ੍ਰੀ ਦਾ ਡਿਪਲੋਮਾ ਪ੍ਰਾਪਤ ਕਰਕੇ ਆਏ ਸਨ ਅਤੇ ਉਹ ਪੰਜਾਬੀ ਦੇ ਇਕ ਪ੍ਰਸਿੱਧ ਕਵੀ ਤੇ ਸਾਹਿਤਕਾਰ ਸਨ। ਡਾ. ਖ਼ੁਦਾਦਾਦ ਨੇ ਜਰਮਨੀ ਤੋਂ ਕੈਮਿਸਟ੍ਰੀ ਵਿਚ ਪੀ-ਐਚ. ਡੀ. ਦੀ ਡਿਗਰੀ ਹਾਸਲ ਕੀਤੀ ਹੋਈ ਸੀ। ਆਪ ਵੀ ਉਸ ਸਮੇਂ ਦੇ ਇਕ ਪ੍ਰਸਿੱਧ ਵਿਗਿਆਨਕ ਖੋਜੀ ਸਨ। ਡਾਕਟਰ ਸਾਹਿਬ ਪ੍ਰੋ. ਪੂਰਨ ਸਿੰਘ ਨੂੰ "ਬਾਬੂ ਜੀ" ਤੇ ਡਾ. ਖ਼ੁਦਾਦਾਦ ਨੂੰ "ਮਾਮਾ ਜੀ" ਕਹਿ ਕੇ ਬੁਲਾਉਂਦੇ ਹੁੰਦੇ ਸਨ। ਇਨ੍ਹਾਂ ਦਾ ਆਪਸੀ ਸਨੇਹ ਇੰਨਾ ਵਧ ਗਿਆ ਕਿ ਅਖੀਰਲੇ ਦਿਨਾਂ ਤਕ ਇਨ੍ਹਾਂ ਦੂਹਾਂ ਵਿਦਵਾਨਾਂ ਦੀ ਸੇਵਾ ਦਾ ਮਾਣ ਡਾ. ਬਲਬੀਰ ਸਿੰਘ ਨੂੰ ਪ੍ਰਾਪਤ ਹੋਇਆ।

ਡੇਹਰਾਦੂਨ ਰਹਿੰਦਿਆਂ ਉਨ੍ਹਾਂ ਦਿਨਾਂ ਵਿਚ ਡਾਕਟਰ ਸਾਹਿਬ ਆਪਣਾ ਸਾਰਾ ਸਮਾਂ ਪੜ੍ਹਨ ਵਿਚ ਅਤੇ ਸੋਚਣ ਵਿਚ ਹੀ ਲਗਾਦੇ ਸਨ। ਦਸਿਆ ਜਾਂਦਾ ਹੈ ਕਿ ਉਸ ਸਮੇਂ ਉਹ ਨਾ ਕੁਝ ਲਿਖਦੇ ਅਤੇ ਨਾ ਹੀ ਕਿਤੇ ਵਿਖਿਆਨ ਆਦਿ ਦਿੰਦੇ ਸਨ। ਇਸ ਤਰ੍ਹਾਂ ਉਹ ਉਨ੍ਹੀਂ ਦਿਨੀਂ ਇਕ ਤਰ੍ਹਾਂ ਨਾਲ ਲਿਖਣ ਤੇ ਬੋਲਣ ਦੀ ਮੁੱਢਲੀ ਤਿਆਰੀ ਵਿਚ ਰੁਝੇ ਹੋਏ ਸਨ।

ਡਾਕਟਰ ਸਾਹਿਬ ਦਾ ਘਰਾਣਾ ਮੁੱਢੋਂ ਦੀਵਾਨ ਕੌੜਾ ਮੱਲ ਮੁਲਤਾਨ ਦੇ ਵੰਸ਼ ਨਾਲ ਜਾ ਜੁੜਦਾ ਹੈ। ਇਨ੍ਹਾਂ ਦੇ ਦਾਦਾ ਜੀ ਬਾਬਾ ਕਾਹਨ ਸਿੰਘ ਇਕ ਤਿਆਗੀ ਵੈਰਾਗੀ ਸਾਧੂ ਸਨ ਅਤੇ ਉਨ੍ਹਾਂ ਨੇ ਪਿਓ ਦਾਦੇ ਵਾਲੀ ਸ਼ਾਹੀ ਰਹਿਣੀ ਬਹਿਣੀ ਛੱਡ ਕੇ ਅੰਮ੍ਰਿਤਸਰ ਆ ਡੇਰੇ ਲਾਏ। ਉਹ ਪੂਰਨ ਗੁਰਮੁਖ ਸਨ। ਬਾਬਾ ਕਾਹਨ ਸਿੰਘ ਜੀ ਸਰੀਰਕ ਰੋਗੀਆਂ ਦਾ ਦਵਾਈਆਂ ਨਾਲ ਤੇ ਮਾਨਸਿਕ ਰੋਗੀਆਂ ਦਾ ਨਾਮ ਰਸ ਦੁਆਰਾ ਇਲਾਜ ਕਰਿਆ ਕਰਦੇ ਸਨ। ਬਾਬਾ ਜੀ ਵਾਂਗ ਉਨ੍ਹਾਂ ਦੇ ਸਪੁੱਤਰ ਡਾ. ਚਰਨ ਸਿੰਘ ਜੀ ਨੇ ਵੀ ਪਿਤਾ ਪੁਰਖੀ ਪਰੰਪਰਾ ਨੂੰ ਉਸੇ ਤਰ੍ਹਾਂ ਅਗੇ ਨਿਭਾਇਆ। ਬਾਬਾ ਜੀ ਦੇ ਸਭ ਤੋਂ ਵੱਡੇ ਪੋਤਰੇ ਭਾਈ ਵੀਰ ਸਿੰਘ ਦਾ ਜਨਮ 1872 ਵਿਚ ਹੋਇਆ। ਭਾਈ ਸਾਹਿਬ ਨੇ ਸਿੱਖ ਕੌਮ ਤੇ ਪੰਜਾਬੀ ਸਾਹਿਤ ਦੀ ਅਟੁੱਟ ਸੇਵਾ ਕੀਤੀ ਹੈ। ਪੰਜਾਬੀ ਸਾਹਿਤ ਹਮੇਸ਼ਾਂ ਹੀ ਉਨ੍ਹਾਂ ਦਾ ਰਿਣੀ ਰਹੇਗਾ। ਇਕ ਚੰਗੇ ਸਾਹਿਤਕਾਰ ਤੋਂ ਬਿਨਾਂ ਆਪ ਉੱਚੇ ਅਧਿਆਤਮਕ ਵਿਚਾਰਾਂ ਦੇ ਮਾਲਕ ਵੀ ਸਨ। ਗਿਆਨੀ ਹਜ਼ਾਰਾ ਸਿੰਘ ਦਾ ਨਾਂ ਵੀ ਸਿੱਖ ਜਗਤ ਵਿਚ ਕਾਫੀ ਪ੍ਰਸਿੱਧ ਹੈ। ਉਹ ਇਸਤਰੀ ਵਿਦਿਆ ਦੇ ਮੋਢੀ ਸਨ। ਉਨ੍ਹਾਂ ਨੇ ਪੰਜਾਬੀ ਦੇ ਪ੍ਰਚਾਰ ਹਿਤ ਵੀ ਕਈ ਪੁਸਤਕਾਂ ਲਿਖੀਆਂ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਅਰਥਾਂ ਨੂੰ ਸਮਝਣ ਲਈ ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਿਕਸ਼ਨਰੀ ਤਿਆਰ ਕੀਤੀ। ਅੰਗ੍ਰੇਜ਼ੀ ਮਿਸ਼ਨ ਸਕੂਲਾਂ ਦੇ ਆਧਾਰ ਉਤੇ ਸਿੱਖੀ ਅਸੂਲਾਂ ਨੂੰ ਕਾਇਮ ਰੱਖਣ ਲਈ ਕਈ ਸਕੂਲ ਖੋਲ੍ਹੇ। ਆਪ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਰਸੀਏ ਸਨ ਅਤੇ ਡਾ. ਬਲਬੀਰ ਸਿੰਘ ਜੀ ਦੇ ਨਾਨਾ ਜੀ ਲਗਦੇ ਸਨ। ਇਸ ਤਰ੍ਹਾਂ ਡਾਕਟਰ ਸਾਹਿਬ ਨੂੰ ਨਾਨਕਿਆਂ ਤੇ ਦਾਦਕਿਆਂ ਦੁਹਾਂ ਪਾਸਿਆਂ ਤੋਂ ਵਿਰਸੇ ਵਿਚੋਂ ਗੁਰਬਾਣੀ ਤੇ ਸਾਹਿਤ ਸੇਵਾ ਦੀ ਬੇਅੰਤ ਪ੍ਰੇਰਨਾ ਪ੍ਰਾਪਤ ਹੋਈ।

ਮੁੱਢ ਵਿਚ ਡਾਕਟਰ ਸਾਹਿਬ ਭਾਵੇਂ ਵਿਗਿਆਨਕ ਖੋਜ ਵਲ ਰੁਚਿਤ ਸਨ, ਪਰ ਭਾਈ ਵੀਰ ਸਿੰਘ ਦੀ ਪ੍ਰੇਰਨਾ ਤੇ ਘਰ ਦੇ ਗੁਰਮਤਿ ਭਰੇ ਮਾਹੌਲ ਨਾਲ ਉਨ੍ਹਾਂ ਦਾ ਮਨ ਗੁਰਬਾਣੀ ਦੀ ਖੋਜ ਵਲ ਵਧੇਰੇ ਲਗ ਗਿਆ ਉਨ੍ਹਾਂ ਨੇ ਗੁਰਮਤਿ ਦੀ ਵਿਆਖਿਆ ਉਤੇ ਕਈ ਲੇਖ ਲਿਖੇ, ਜਿਹੜੇ ਸਮੇਂ ਸਮੇਂ 'ਖਾਲਸਾ ਸਮਾਚਾਰ' ਅੰਮ੍ਰਿਤਸਰ ਵਿਚ ਛਪਦੇ ਰਹੇ। ਆਪ ਦਾ ਪਹਿਲਾ ਲੇਖ "ਸੁਖ ਦੁਖ" 1934 ਵਿਚ ਛਪਿਆ ਸੀ। ਇਸ ਪਹਿਲੇ ਲੇਖ ਨੂੰ ਪੜ੍ਹ ਕੇ ਹੀ ਪੰਜਾਬੀ ਸਾਹਿਤ ਦੇ ਪਾਠਕਾਂ ਤੇ ਰਸੀਆਂ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਭਵਿੱਖ ਵਿਚ ਉਜਾਗਰ ਹੋਣ ਵਾਲੇ ਪ੍ਰਸਿੱਧ ਗੱਦਕਾਰ ਨੇ ਜਨਮ ਲੈ ਲਿਆ ਹੈ।

ਡਾਕਟਰ ਸਾਹਿਬ ਨੇ ਆਪਣੀਆਂ ਖੋਜਾਂ ਵਿਚ ਵਧੇਰੇ ਡੂੰਘਾਈ ਲਿਆਉਣ ਲਈ ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥਾਂ ਨੂੰ ਵਿਦਵਾਨ ਪੰਡਤਾਂ ਦੀ ਸਹਾਇਤਾ ਨਾਲ ਚੰਗੀ ਤਰ੍ਹਾਂ ਘੋਖਿਆ ਤੇ ਵਿਚਾਰਿਆ। ਇਸੇ ਕਰਕੇ ਹੀ ਆਪ ਦੇ ਨਿਬੰਧਾਂ ਵਿਚ ਵੇਦਾਂ, ਸ਼ਾਸਤਰਾਂ ਤੇ ਉਪਨਿਸ਼ਦਾਂ ਦੇ ਹਵਾਲੇ ਅਨੇਕ ਥਾਵਾਂ ਤੇ ਮਿਲਦੇ ਹਨ। ਉਨ੍ਹਾਂ ਨੇ ਸੂਫ਼ੀ ਰਚਨਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਅਰਬੀ ਤੇ ਫ਼ਾਰਸੀ ਦੀਆਂ ਮੂਲ ਪੁਸਤਕਾਂ ਦਾ ਵੀ ਅਧਿਐਨ ਕੀਤਾ। ਇਸੇ ਕਰਕੇ ਆਪ ਦੀ ਰਚਨਾ ਵਿਚ ਕਈ ਥਾਵਾਂ ਉੱਤੇ ਇਸਲਾਮੀ ਹਕਾਇਤਾਂ ਦਾ ਸੁਚੱਜਾ ਵਰਣਨ ਵੀ ਮਿਲਦਾ ਹੈ।

1936 ਵਿਚ ਭਾਈ ਵੀਰ ਸਿੰਘ ਨੇ 'ਟੀਕਾ ਗੁਰੂ ਗ੍ਰੰਥ ਸਾਹਿਬ' ਦੇ ਮਹਾਨ ਕਾਰਜ ਨੂੰ ਆਰੰਭ ਕੀਤਾ। ਉਸ ਵੇਲੇ ਡਾਕਟਰ ਸਾਹਿਬ ਵੀ ਉਨ੍ਹਾਂ ਕੋਲ ਆ ਟਿਕੇ ਤੇ ਇਸ ਕੰਮ ਵਿਚ ਉਨ੍ਹਾਂ ਨੇ ਵੀ ਕਾਫੀ ਹੱਥ ਵਟਾਇਆ। ਇਸ ਸਮੇਂ ਬਹੁਤ ਸਾਰੇ ਵਿਦਵਾਨ ਭਾਈ ਸਾਹਿਬ ਪ ਸ ਆਇਆ ਕਰਦੇ ਸਨ, ਉਨ੍ਹਾਂ ਨਾਲ ਡਾਕਟਰ ਸਾਹਿਬ ਗੁਰਮਤਿ ਸੰਬੰਧੀ ਖੂਬ ਵਿਚਾਰ ਵਟਾਂਦਰੇ ਕਰਦੇ ਹੁੰਦੇ ਸਨ। ਡਾਕਟਰ ਸਾਹਿਬ ਦੇ ਨੇਕ ਵਿਚਾਰਾਂ ਨੂੰ ਸੁਣ ਕੇ ਕਈ ਵਿਦਵਾਨ ਪ੍ਰਭਾਵਤ ਹੋਏ। 1946 ਤਕ ਡਾਕਟਰ ਸਾਹਿਬ ਨੇ ਇਥੇ ਰਹਿ ਕੇ ਗੁਰਮਤਿ ਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ ਅਤੇ ਵਿਚਾਰ ਵਟਾਂਦਰੇ ਰਾਹੀਂ ਆਪਣੇ ਖ਼ਿਆਲਾਂ ਵਿਚ ਹੋਰ ਪਕਿਆਈ ਲਿਆਂਦੀ।

ਇਸ ਡੂੰਘੇ ਅਧਿਐਨ ਦੁਆਰਾ ਡਾਕਟਰ ਸਾਹਿਬ ਵਿਦਵਤਾ ਦਾ ਭਰਪੂਰ ਖਜ਼ਾਨਾ ਬਣ ਗਏ ਸਨ। ਉਨ੍ਹਾਂ ਦੀ ਹਰ ਤਰ੍ਹਾਂ ਦੇ ਵਿਗਿਆਨਕ, ਦਾਰਸ਼ਨਿਕ, ਮਨੋਵਿਗਿਆਨਕ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਤਮਕ ਤੇ ਸਾਹਿਤਕ ਵਿਸ਼ਿਆਂ ਉੱਤੇ ਪਕੜ ਹੋ ਗਈ ਸੀ।

ਆਪ ਦੀ ਵਾਰਤਕ ਸ਼ੈਲੀ ਰਸ ਭਰਪੂਰ, ਵਿਲੱਖਣ ਤੇ ਪ੍ਰਭਾਵਸ਼ਾਲੀ ਹੈ। ਉਨ੍ਹਾਂ ਕੋਲ ਇਹ ਸ਼ਕਤੀ ਹੈ ਕਿ ਉਹ ਮੁਸ਼ਕਿਲ ਤੋਂ ਮੁਸ਼ਕਿਲ ਸਮੱਸਿਆ ਨੂੰ ਸਾਦਾ ਤੇ ਸਰਲ ਢੰਗ ਨਾਲ ਹੱਲ ਕਰ ਦਿੰਦੇ ਸਨ। ਇਹ ਸਾਰਾ ਕੁਝ ਉਨ੍ਹਾਂ ਦੀ ਵਿਗਿਆਨਕ ਰੁਚੀ ਸਦਕਾ ਹੀ ਹੋਇਆ ਹੈ। ਇਹ ਰੁਚੀ ਉਨ੍ਹਾਂ ਦੇ ਸਫਲ ਸਾਹਿਤਕਾਰ ਹੋਣ ਵਿਚ ਬਹੁਤ ਹੀ ਸਹਾਇਕ ਸਿੱਧ ਹੋਈ ਜਾਪਦੀ ਹੈ।

1947 ਦੇ ਆਰੰਭ ਵਿਚ ਹੀ ਡਾ. ਬਲਬੀਰ ਸਿੰਘ ਨੂੰ 'ਪੰਜਾਬ ਐਂਡ ਸਿੰਧ ਬੈਂਕ' ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਹ ਸਾਲ ਖ਼ੂਨ ਖ਼ਰਾਬੇ ਤੇ ਪੰਜਾਬ ਦੇ ਬਟਵਾਰੇ ਦਾ ਸੀ। ਅਜਿਹੀ ਸਥਿਤੀ ਵਿਚ ਬੈਂਕ ਦਾ ਕੰਮ ਭਲੀ ਭਾਂਤ ਚਲਾਉਣਾ ਬਹੁਤ ਹੀ ਮੁਸ਼ਕਿਲ ਮਹਿਸੂਸ ਕੀਤਾ ਜਾ ਰਿਹਾ ਸੀ। ਉਸ ਵੇਲੇ ਇਸ ਬੈਂਕ ਦੀਆਂ ਦਸ ਬਰਾਂਚਾਂ ਵਿਚੋਂ ਅੱਠ ਬਰਾਂਚਾਂ ਪਾਕਿਸਤਾਨ ਦੀ ਹੱਦ ਵਿਚ ਆ ਗਈਆਂ ਸਨ, ਪਰ ਡਾਕਟਰ ਸਾਹਿਬ ਨੇ ਹਿੰਮਤ ਅਤੇ ਬੋਰਡ ਦੀ ਪੂਰੀ ਮਿਲਵਰਤਣ ਨਾਲ ਸਭ ਔਖੀਆਂ ਤੋਂ ਔਖੀਆਂ ਸਥਿਤੀਆਂ ਦਾ ਸਾਹਮਣਾ ਕਰ ਲਿਆ ਅਤੇ ਸਭ ਸਮੱਸਿਆਵਾਂ ਹੱਲ ਹੋ ਗਈਆਂ। ਉਸ ਵੇਲੇ ਕਿਸੇ ਵੀ ਡੀਪਾਜ਼ਟਰ ਦਾ ਨੁਕਸਾਨ ਨਾ ਹੋਣ ਦਿੱਤਾ ਗਿਆ। ਡਾਕਟਰ ਸਾਹਿਬ ਇਸ ਪਦਵੀ ਉੱਤੇ 1960 ਤਕ ਰਹੇ। ਉਪਰੰਤ ਪੰਜਵਟੀ ਡੇਹਰਾਦੂਨ ਜਾ ਟਿਕੇ ਅਤੇ ਸਿੱਖ ਇਤਿਹਾਸ ਤੇ ਗੁਰਮਤਿ ਦੀ ਖੋਜ ਵਿਚ ਲੱਗ ਗਏ।

ਭਾਈ ਵੀਰ ਸਿੰਘ ਦੇ 1957 ਵਿਚ ਅਕਾਲ ਚਲਾਣੇ ਤੋਂ ਪਿੱਛੋਂ ਡਾਕਟਰ ਸਾਹਿਬ ਨੇ 'ਟੀਕਾ ਗੁਰੂ ਗ੍ਰੰਥ ਸਾਹਿਬ' ਵਾਲੇ ਕਾਰਜ ਨੂੰ ਫਿਰ ਆਪਣੇ ਹੱਥਾਂ ਵਿਚ ਲੈ ਲਿਆ। ਭਾਈ ਸਾਹਿਬ ਦੇ ਟੀਕੇ ਨੂੰ ਡਾਕਟਰ ਸਾਹਿਬ ਨੇ ਸੰਪਾਦਿਤ ਕਰ ਕੇ ਛਪਵਾਇਆ। ਇਸ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਏ ਔਖੇ ਸ਼ਬਦਾਂ ਦਾ ਇਕ ਮਹਾਨ ਕੋਸ਼ ਤਿਆਰ ਕਰਨ ਦਾ ਕੰਮ ਆਰੰਭਿਆ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਰਾਗ ਪ੍ਰਬੰਧ ਵਿਚ ਹੈ। ਇਸ ਲਈ ਡਾਕਟਰ ਸਾਹਿਬ ਨੇ ਰਾਗਾਂ ਸੰਬੰਧੀ ਖੋਜ ਵੀ ਜਾਰੀ ਕੀਤੀ। ਰਾਗ ਮਾਲਾ ਦੀ ਗੁੰਝਲ ਨੂੰ ਸੁਲਝਾਉਣ ਲਈ ਆਪ ਨੇ ਤਕੜੀ ਮਿਹਨਤ ਤੇ ਖੋਜ ਕੀਤੀ ਹੈ। ਉਨ੍ਹਾਂ ਨੇ ਸਾਲਾਂ-ਬੱਧੀ ਵਾਇਲਨ ਤੇ ਸੰਗੀਤ ਦਾ ਅਭਿਆਸ ਕੀਤਾ ਅਤੇ ਭਾਰਤ ਸੰਗੀਤ ਪੱਧਤੀ ਤੇ ਯੂਰਪੀ ਸੰਗੀਤ ਪੱਧਤੀ, ਦੋਵੇਂ ਹੀ ਸਿੱਖੀਆਂ। ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਰਾਗ, ਰਾਗਨੀਆਂ ਦੀ ਸੁਰ-ਲਿਪੀ ਵਿਚ ਬੰਨ੍ਹਣ ਦਾ ਸਫਲ ਯਤਨ ਕੀਤਾ।

ਪੰਜਾਬੀ ਗੱਦ ਸਾਹਿਤ ਵਿਚ ਡਾਕਟਰ ਬਲਬੀਰ ਸਿੰਘ ਦੇ 'ਕਲਮ ਦੀ ਕਰਾਮਾਤ', 'ਲੰਮੀ ਨਦਰ' ਤੇ 'ਸੁਧ ਸਰੂਪ' ਤਿੰਨ ਅਦੁੱਤੀ ਲੇਖ ਸੰਗ੍ਰਹਿ ਹਨ। 'ਕਲਮ ਦੀ ਕਰਾਮਾਤ' ਵਿਚ ਬਾਰਾਂ, 'ਲੰਮੀ ਨਦਰ' ਵਿਚ ਨੌਂ ਤੇ 'ਸੁਧ ਸਰੂਪ' ਵਿਚ ਪੰਜ ਲੇਖ ਹਨ। 'ਸ੍ਰੀ ਚਰਣਹਰਿ ਵਿਸਥਾਰ' ਉਨ੍ਹਾਂ ਦੀ ਇਤਿਹਾਸਕ ਰਚਨਾ ਹੈ। ਇਸ ਦੀਆਂ ਦੋ ਸੈਂਚੀਆਂ ਛਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੁੱਕੀਆਂ ਹਨ। ਪਹਿਲੀ ਵਿਚ ਮਹਾਰਾਜਾ ਕੌੜਾ ਮੱਲ ਅਤੇ ਬਾਬਾ ਕਾਹਨ ਸਿੰਘ ਦੇ ਜੀਵਨ ਚਰਿਤ੍ਰ ਸ਼ਾਮਲ ਹਨ ਤੇ ਦੂਜੀ ਵਿਚ ਡਾਕਟਰ ਚਰਨ ਸਿੰਘ ਦਾ ਜੀਵਨ ਬ੍ਰਿਤਾਂਤ ਦਿੱਤਾ ਗਿਆ ਹੈ। ਇਸ ਤਰ੍ਹਾਂ ਇਨ੍ਹਾਂ ਸੈਂਚੀਆਂ ਵਿਚ ਡਾਕਟਰ ਸਾਹਿਬ ਜੀ ਦੇ ਵੰਸ਼ ਦਾ ਇਤਿਹਾਸ ਪੇਸ਼ ਕੀਤਾ ਗਿਆ ਮਿਲਦਾ ਹੈ। ਡਾਕਟਰ ਸਾਹਿਬ ਨੇ ਪੂਰੀ ਇਤਿਹਾਸਕ ਖੋਜ ਉਪਰੰਤ ਇਨ੍ਹਾਂ ਪੁਸਤਕਾਂ ਨੂੰ ਤਿਆਰ ਕੀਤਾ ਹੈ।

ਮਾਰਚ 1967 ਵਿਚ ਡਾਕਟਰ ਸਾਹਿਬ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਸਨਮਾਨਿਆ ਗਿਆ ਤੇ ਉਸ ਸਾਲ ਹੀ ਸਤੰਬਰ ਵਿਚ ਉਨ੍ਹਾਂ ਦੀ ਸਾਹਿਤ ਸੇਵਾ ਨੂੰ ਮੁੱਖ ਰੱਖ ਕੇ 'ਪੰਜਾਬੀ ਦੁਨੀਆਂ' ਦਾ ਇਕ ਵਿਸ਼ੇਸ਼ ਅੰਕ ਕੱਢਿਆ ਗਿਆ।

ਪੰਚਵਟੀ ਵਿਚ ਬਹੁਤ ਸਾਰੇ ਰੁਝੇਵਿਆਂ ਦੇ ਬਾਵਜੂਦ ਵੀ ਡਾਕਟਰ ਸਾਹਿਬ ਕਈ ਉਘੀਆਂ ਸੰਸਥਾਵਾਂ ਦੇ ਕੰਮਾਂ ਵਿਚ ਹੱਥ ਵਟਾਉਂਦੇ ਰਹੇ ਹਨ। 'ਚੀਫ ਖਾਲਸਾ ਦੀਵਾਨ' ਦੀ ਅੰਤਰਿੰਗ ਕਮੇਟੀ ਦੇ ਮੈਂਬਰ ਸਨ, 'ਪੰਜਾਬ ਐਂਡ ਸਿੰਧ ਬੈਂਕ' ਦੇ ਡਾਇਰੈਕਟਰ ਰਹੇ ਹਨ। 'ਟੈਗੋਰ ਕਲਚਰਲ ਸੋਸਾਇਟੀ' ਦੇ ਪ੍ਰਧਾਨ ਹੋਣ ਦੀ ਜਿੰਮੇਵਾਰੀ ਸੰਭਾਲ ਰੱਖੀ ਹੈ। ਖਾਲਸਾ ਕਾਲਜ ਅੰਮ੍ਰਿਤਸਰ ਦੀ ਕਾਰਜਕਾਰੀ ਕੌਂਸਲ ਦੇ ਮੈਂਬਰ ਸਨ। ਅਪਾਹਜ ਕੇਂਦਰ ਦੇ ਵੀ ਮੈਂਬਰ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੈਨੇਟ ਦੇ ਕਈ ਸਾਲ ਮੈਂਬਰ ਰਹੇ ਹਨ। ਇਸੇ ਤਰ੍ਹਾਂ ਹੋਰ ਕਈ ਸੰਸਥਾਵਾਂ ਦੀ ਵੀ ਆਪ ਨੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਤਿਨਿਧਤਾ ਕੀਤੀ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਆਪ ਜੀ ਦੀ ਨਿਗਰਾਨੀ ਹੇਠਾਂ ਪੰਚਵਟੀ ਡੇਹਰਾਦੂਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਸੰਬੰਧੀ ਇਕ ਵਿਸ਼ਾਲ ਕੋਸ਼ ਤਿਆਰ ਕਰਨ ਦਾ ਕੰਮ ਆਰੰਭਿਆ ਗਿਆ। ਇਸ ਦਾ ਆਰੰਭ ਉਨ੍ਹਾਂ ਸ਼ਬਦਾਂ ਨੂੰ ਕ੍ਰਮਵਾਰ ਕਰਨ ਨਾਲ ਹੁੰਦਾ ਹੈ ਜਿਨ੍ਹਾਂ ਦਾ ਸੰਕੇਤ ਭਾਈ ਵੀਰ ਸਿੰਘ ਨੇ ਸੰਥਿਆ ਸ੍ਰੀ ਗੁਰੂ ਗਰੰਥ ਸਾਹਿਬ ਵਿਚ 'ਨਿਰੁਕਤ' ਨਾਂ ਹੇਠ ਦਿੱਤਾ ਹੈ। ਡਾਕਟਰ ਸਾਹਿਬ ਨੇ ਪੂਰੀ ਮਿਹਨਤ ਨਾਲ ਇਹ ਕੰਮ ਸ਼ੁਰੂ ਕੀਤਾ ਸੀ। ਇਸ ਨਿਰੁਕਤ ਦੀ ਇਕ ਸੈਂਚੀ ਪ੍ਰਕਾਸ਼ਤ ਹੋ ਚੁੱਕੀ ਹੈ। ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਪਹਿਲੀ ਅਕਤੂਬਰ 1974 ਨੂੰ ਉਨ੍ਹਾਂ ਨੂੰ ਧੁਰੋਂ-ਸੱਦਾ ਆ ਗਿਆ ਤੇ ਇਹ ਕੰਮ ਵਿਚਕਾਰੇ ਹੀ ਰਹਿ ਗਿਆ।

ਅਖੀਰਲੇ ਦਿਨਾਂ ਤਕ ਆਪ ਨੇ ਆਪਣਾ ਨਿਵਾਸ ਅਸਥਾਨ ਪੰਚਵਟੀ, ਡੇਹਰਾਦੂਨ ਵਿਚ ਰਖਿਆ। ਆਪ ਦੀ ਕੋਠੀ ਦੇ ਚੌਹੀਂ ਪਾਸੀਂ ਡੇਹਰਾਦੂਨ ਦੀਆਂ ਰਮਣੀਕ ਪਹਾੜੀਆਂ ਹਨ। ਆਪ ਨੇ ਕੋਠੀ ਦੇ ਆਲੇ ਦੁਆਲੇ ਨੂੰ ਤੇ ਉਸ ਦੇ ਕਮਰਿਆਂ ਨੂੰ ਵਖ ਵਖ ਤਰ੍ਹਾਂ ਸਜਾਇਆ ਹੋਇਆ ਹੈ। ਕਮਰਿਆਂ ਵਿਚ ਅਨੇਕ ਚਿਤ੍ਰਕਾਰਾਂ ਦੇ ਬਣਾਏ ਹੋਏ ਅਸਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿਤ੍ਰ ਲੱਗੇ ਹੋਏ ਹਨ। ਇਕ ਵੱਡੇ ਹਾਲ ਵਿਚ ਲਾਇਬ੍ਰੇਰੀ ਹੈ ਜਿਸ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ, ਫ਼ਾਰਸੀ ਆਦਿ ਕਈ ਭਾਸ਼ਾਵਾਂ ਵਿਚ ਚਾਰ ਹਜ਼ਾਰ ਤੋਂ ਉਪਰ ਪੁਸਤਕ ਤੇ ਹੱਥ ਲਿਖਤ ਖਰੜੇ ਮੌਜੂਦ ਹਨ। ਪੰਚਵਟੀ ਵਿਚ ਇਨ੍ਹਾਂ ਦਾ ਘਰ ਇਕ ਤੀਰਥ ਸਮਾਨ ਬਣਾਇਆ ਹੋਇਆ ਹੈ। ਉਥੇ ਡਾਕਟਰ ਸਾਹਿਬ ਨੂੰ ਮਿਲਣ ਵਾਲਿਆਂ ਦੀ ਬੜੀ ਵੱਡੀ ਗਿਣਤੀ ਹੁੰਦੀ ਸੀ। ਸਿੱਖਾਂ ਤੋਂ ਬਿਨਾਂ ਅੰਗਰੇਜ਼ ਤੇ ਹੋਰ ਕਈ ਧਰਮਾਂ ਦੇ ਵਿਅਕਤੀ ਵੀ ਇਨ੍ਹਾਂ ਕੋਲ ਆਉਂਦੇ ਜਾਂਦੇ ਤੇ ਇਨ੍ਹਾਂ ਤੋਂ ਚੰਗਾ ਪ੍ਰਭਾਵ ਗ੍ਰਹਿਣ ਕਰਦੇ ਰਹਿੰਦੇ ਸਨ। ਆਪ ਤੋਂ ਅਨੇਕ ਲੇਖਕ, ਖੋਜਕਾਰ, ਦਾਰਸ਼ਨਿਕ ਤੇ ਕਲਾਕਾਰ ਪ੍ਰੇਰਨਾ ਲੈ ਕੇ ਆਉਂਦੇ ਰਹੇ ਹਨ।

ਡਾਕਟਰ ਸਾਹਿਬ ਨੇ ਸੰਸਕ੍ਰਿਤ ਦੇ ਗਿਆਨ ਲਈ ਪੂਰੇ ਵੀਹ ਸਾਲ ਵਿਦਵਾਨ ਪੰਡਤਾਂ ਨਾਲ ਬੈਠ ਕੇ ਵਿਆਕਰਣ, ਨਿਆਇ ਆਦਿ ਅਤੇ ਪ੍ਰਸਿਧ ਜੈਨੀ ਤੇ ਬੋਧੀ ਗਰੰਥਾਂ ਦਾ ਅਧਿਐਨ ਕੀਤਾ। ਉਨ੍ਹਾਂ ਨੇ ਕਵੀ ਜੋਧ ਦੀ ਰਚਿਤ ਪੁਸਤਕ 'ਮਾਧਵਾਨਲ ਕਾਮ ਕੰਦਲ ਚਰਿਤ' ਦਾ ਸੰਸਕ੍ਰਿਤ ਤੋਂ ਅੰਗਰੇਜ਼ੀ ਵਿਚ ਅਤਿ ਰੌਚਕ ਅਨੁਵਾਦ ਕੀਤਾ। ਇਹ ਕੇਵਲ ਅਨੁਵਾਦ ਹੀ ਨਹੀਂ ਸਗੋਂ ਇਕ ਖੋਜ ਪੁਸਤਕ ਹੈ। ਉਨ੍ਹਾਂ ਨੇ ਪੂਰੀ ਮਿਹਨਤ ਨਾਲ ਇਸ ਪੁਸਤਕ ਨੂੰ ਸਿਰੇ ਚਾੜ੍ਹਿਆ ਤੇ ਇਸ ਕਾਰਜ ਉਤੇ ਪੂਰੇ ਸੱਤ ਸਾਲ ਲਾ ਦਿਤੇ।

ਡਾਕਟਰ ਸਾਹਿਬ ਨੂੰ ਬਾਹਰੋਂ ਕਈ ਸੰਸਥਾਵਾਂ ਦੇ ਲੈਕਚਰ ਆਦਿ ਲਈ ਸੱਦੇ ਆਉਂਦੇ ਸਨ। ਪਰ ਆਪ ਪੰਚਵਟੀ ਤੋਂ ਬਾਹਰ ਜਾਣਾ ਬਹੁਤ ਘਟ ਪਸੰਦ ਕਰਦੇ ਸਨ, ਇਸ ਲਈ ਆਪ ਅਕਸਰ ਅਜੇਹੇ ਨਿਮੰਤ੍ਰਾਂ ਉਤੇ ਪਹੁੰਚਣ ਤੋਂ ਜਵਾਬ ਦੇ ਦਿਆ ਕਰਦੇ ਸਨ।

ਆਪ ਧਰਮਾਤਮਾ ਪੁਰਸ਼ ਤੇ ਸੁਭਾਅ ਦੇ ਬੜੇ ਮਿਲਾਪੜੇ ਸਨ। ਦੱਸਿਆ ਜਾਂਦਾ ਹੈ ਕਿ ਆਪ ਦੂਜੇ ਨੂੰ ਹਮੇਸ਼ਾ ਖਿੜੇ ਮੱਥੇ ਮਿਲਦੇ ਸਨ। ਲੋਭ, ਮੋਹ, ਹੰਕਾਰ ਤੋਂ ਨਿਰਲੇਪ ਤੇ ਵੱਡੇ ਦਾਨੀ ਪੁਰਸ਼ ਸਨ। ਸੁਹਿਰਦਤਾ ਤੇ ਉਦਾਰਤਾ ਦੇ ਉਹ ਪੁੰਜ ਸਨ।

ਸਮਕਾਲੀਆਂ ਵਿਚ ਸਥਾਨ

ਡਾ. ਬਲਬੀਰ ਸਿੰਘ ਦੇ ਜਨਮ ਸਮੇਂ ਸਿੰਘ ਸਭਾ ਲਹਿਰ ਆਪਣੇ ਜੋਬਨ ਉਤੇ ਸੀ। ਉਸ ਦੇ ਪ੍ਰਚਾਰ ਲਈ ਡਾਕਟਰ ਸਾਹਿਬ ਦੇ ਪਿਤਾ ਡਾ. ਚਰਨ ਸਿੰਘ ਤੇ ਇਨ੍ਹਾਂ ਦੇ ਵੱਡੇ ਭਰਾਤਾ ਭਾਈ ਵੀਰ ਸਿੰਘ ਸਿਰਤੋੜ ਜਤਨ ਕਰ ਰਹੇ ਸਨ। ਸਿੰਘ ਸਭਾ ਲਹਿਰ ਦੇ ਜੋਸ਼ ਅਧੀਨ ਸ. ਚਰਨ ਸਿੰਘ ਸ਼ਹੀਦ ਤੇ ਭਾਈ ਮੋਹਨ ਸਿੰਘ ਵੈਦ ਪੰਜਾਬੀ ਗਲਪ ਸਾਹਿਤ ਦੇ ਖ਼ਜ਼ਾਨੇ ਭਰਪੂਰ ਕਰ ਰਹੇ ਸਨ। ਭਾਈ ਵੀਰ ਸਿੰਘ ਦੀ ਪ੍ਰੇਰਨਾ ਅਧੀਨ ਪ੍ਰੋ. ਪੂਰਨ ਸਿੰਘ ਨੇ ਸਿੱਖੀ ਜੀਵਨ ਅਪਣਾ ਲਿਆ ਹੋਇਆ ਸੀ, ਉਹ ਆਪਣੇ ਉਛਾਲੇ ਮਾਰਦੇ ਜਜ਼ਬੇ ਅਤੇ ਬਹੁ ਪੱਖੀ ਜੀਵਨ ਤਜਰਬੇ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰ ਰਹੇ ਸਨ। ਡਾ. ਬਲਬੀਰ ਸਿੰਘ ਦੇ ਪਿਤਾ, ਡਾ. ਚਰਨ ਸਿੰਘ, ਦਾਦਾ-ਬਾਬਾ ਕਾਨ੍ਹ ਸਿੰਘ, ਨਾਨਾ-ਗਿਆਨੀ ਹਜ਼ਾਰਾ ਸਿੰਘ, ਵੱਡੇ ਵੀਰ, ਭਾਈ ਵੀਰ ਸਿੰਘ, ਪਰਮ ਸਨੇਹੀ, ਪ੍ਰੋ. ਪੂਰਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੇ ਹੀ ਸਾਹਿਤ ਰਸੀਏ ਸਨ, ਸਾਹਿਤ ਨਾਲ, ਸਿੱਖੀ ਨਾਲ ਗੁਰਮਤਿ ਨਾਲ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਨਿੱਘਾ ਸਨੇਹ ਰਖਦੇ ਸਨ। ਅਤੇ ਇਸ ਦੀ ਤਰੱਕੀ ਲਈ ਦਿਨ ਰਾਤ ਇਕ ਕਰਕੇ ਹਰ ਸੰਭਵ ਕਾਰਵਾਈ ਕਰ ਰਹੇ ਸਨ। ਇਸ ਲਈ ਡਾ. ਬਲਬੀਰ ਸਿੰਘ ਉਤੇ ਸਿੱਖੀ, ਗੁਰਮਤਿ, ਸਿੰਘ ਸਭਾ ਲਹਿਰ ਅਤੇ ਮਾਂ ਬੋਲੀ ਦੇ ਸਾਹਿਤ ਨਾਲ ਪਿਆਰ ਪੈਣਾ ਕੋਈ ਅਲੋਕਾਰੀ ਗੱਲ ਨਹੀਂ ਸੀ, ਸੁਭਾਵਿਕ ਹੀ ਸੀ। ਉਨ੍ਹਾਂ ਉਤੇ ਪਿਆ ਇਹ ਪ੍ਰਭਾਵ ਉਨ੍ਹਾਂ ਦੀ ਰਚਨਾ ਵਿਚੋਂ ਥਾਂ ਥਾਂ ਪ੍ਰਗਟ ਹੁੰਦਾ ਹੈ।

ਅਸੀਂ ਪਿੱਛੇ ਵਿਚਾਰ ਕਰ ਚੁੱਕੇ ਹਾਂ ਕਿ ਆਧੁਨਿਕ ਪੰਜਾਬੀ ਵਾਰਤਕ ਦਾ ਮੁਢ 19ਵੀਂ ਸਦੀ ਦੇ ਪਿਛਲੇ ਅੱਧ ਵਿਚ ਅੰਗਰੇਜ਼ਾਂ ਨੂੰ ਪੰਜਾਬੀ ਪੜ੍ਹਾਉਣ ਲਈ ਸ਼ਰਧਾ ਰਾਮ ਫਿਲੌਰੀ ਦੀਆਂ ਲਿਖੀਆਂ 'ਸਿਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤ ਚੀਤ' ਆਦਿ ਪੁਸਤਕਾਂ ਨਾਲ ਬੱਝਦਾ ਹੈ। ਇਹ ਰਚਨਾਵਾਂ ਪੰਜਾਬੀ ਵਾਰਤਕ ਨੂੰ ਪੁਰਾਣੀਆਂ ਵਲਗਣਾਂ ਵਿਚੋਂ ਕੱਢ ਕੇ ਇਸ ਨੂੰ ਨਵੀਂ ਸ਼ੈਲੀ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਪੁਰਾਣੀ ਤੇ ਨਵੀਂ ਦੋਹਾਂ ਸ਼ੈਲੀਆਂ ਦਾ ਸੁੰਦਰ ਸੁਮੇਲ ਹੋਇਆ ਮਿਲਦਾ ਹੈ। ਉਸ ਪਿੱਛੋਂ ਭਾਈ ਵੀਰ ਸਿੰਘ ਨੇ ਪੁਰਾਣੀਆਂ ਇਤਿਹਾਸਕ ਘਟਨਾਵਾਂ ਲੈ ਕੇ ਉਨ੍ਹਾਂ ਨੂੰ ਨਾਵਲਾਂ ਤੇ ਟਰੈਕਟਾਂ ਦਾ ਰੂਪ ਦਿੱਤਾ। ਉਸ ਦੇ ਲੇਖਾਂ ਦਾ ਉਦੇਸ਼ ਧਾਰਮਿਕ ਪ੍ਰਚਾਰ ਅਤੇ ਸ਼ੈਲੀ ਕਾਵਿ ਮਈ ਹੈ। ਬਿਆਨ ਵਿਚ ਰਵਾਨਗੀ ਤੇ ਮਿਠਾਸ ਭਰੀ ਸ਼ੈਲੀ ਦੁਆਰਾ ਉਹ ਆਮ ਪਾਠਕਾਂ ਵਿਚ ਵਧੇਰੇ ਹਰਮਨ ਪਿਆਰਾ ਹੋ ਗਿਆ ਪਰ ਉਸ ਦੀ ਵਾਰਤਕ ਦੇ ਵਿਸ਼ੇ ਸਿੱਖ ਇਤਿਹਾਸ ਦੀ ਵਲਗਣ ਨਹੀਂ ਪਾਰ ਕਰ ਸਕੇ। ਇਸ ਲਈ ਉਹ ਇਕ ਵਰਗ ਵਿਸ਼ੇਸ਼ ਦਾ ਲੇਖਕ ਬਣ ਕੇ ਰਹਿ ਗਿਆ। ਅੰਗਰੇਜ਼ੀ ਵਿਦਿਆ ਦੇ ਫੈਲਾਅ ਨਾਲ ਸਾਡੇ ਸਾਹਿਤ ਵਿਚ ਨਵੇਂ ਵਿਸ਼ੇ ਨਵੀਂ ਤਕਨੀਕ, ਨਵੀਂ ਸ਼ੈਲੀ ਅਤੇ ਨਵੇਂ ਪ੍ਰਗਟਾਅ ਢੰਗ ਨੇ ਪ੍ਰਵੇਸ਼ ਕੀਤਾ। ਪ੍ਰੋ. ਪੂਰਨ ਸਿੰਘ ਪਹਿਲਾ ਗੱਦਕਾਰ ਹੈ, ਜਿਸ ਉਤੇ ਪੱਛਮੀ ਸਾਹਿਤ ਦਾ ਸਿੱਧਾ ਪ੍ਰਭਾਵ ਪਿਆ ਹੈ। ਉਸ ਨੇ ਠੀਕ ਅਰਥਾਂ ਵਿਚ ਪੰਜਾਬੀ ਨਿਬੰਧਕਾਰੀ ਨੂੰ ਜਨਮ ਦਿੱਤਾ। ਉਸ ਨੇ ਕਵਿਤਾ, ਕਿਰਤ, ਮਿਤ੍ਰਤਾ, ਵਤਨ ਦਾ ਪਿਆਰ, ਪਿਆਰ, ਕਵੀ ਦਾ ਦਿਲ, ਕਲਾ ਆਦਿ ਵਿਸ਼ਿਆਂ ਉਤੇ ਲਿਖਕੇ ਪੰਜਾਬੀ ਵਾਰਤਕ ਨੂੰ ਨਿਰੋਲ ਧਰਮ ਦੇ ਖੇਤਰ ਵਿਚੋਂ ਬਾਹਰ ਕੱਢਿਆ ਅਤੇ ਇਸ ਨੂੰ ਸਮੁੱਚੀ ਮਨੁੱਖਤਾ ਦਾ ਮਾਧਿਅਮ ਬਣਾਇਆ ਹੈ। ਉਹ ਵਿਦਵਾਨ ਹੁੰਦੇ ਹੋਏ ਵੀ ਜਜ਼ਬਾਤੀ ਤੇ ਭਾਵਕ ਸਨ, ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਜਜ਼ਬਾ ਡੁੱਲ੍ਹ ਡੁੱਲ੍ਹ ਪੈਂਦਾ ਹੈ ਅਤੇ ਉਨ੍ਹਾਂ ਦੀ ਸ਼ੈਲੀ ਦੀ ਨੁਹਾਰ ਰਹੱਸਮਈ, ਪੇਚਵੀਂ ਤੇ ਧੁੰਦਲੀ ਹੈ।

ਇਸ ਜੁਗ ਦੇ ਹੋਰ ਪ੍ਰਸਿੱਧ ਗਦਕਾਰ ਪ੍ਰਿੰ. ਤੇਜਾ ਸਿੰਘ, ਲਾਲ ਸਿੰਘ ਕਮਲਾ ਅਕਾਲੀ ਤੇ ਗੁਰਬਖਸ਼ ਸਿੰਘ ਹੋਏ ਹਨ। ਤੇਜਾ ਸਿੰਘ ਨੇ ਸਾਧਾਰਨ ਵਿਸ਼ਿਆ ਉਤੇ ਨਿਬੰਧ ਲਿਖ ਕੇ ਪੰਜਾਬੀ ਨਿਬੰਧ ਸਾਹਿਤ ਵਿਚ ਨਵੀਂ ਪਿਰਤ ਪਾਈ। ਉਨ੍ਹਾਂ ਨੇ "ਵਿਹਲੀਆ ਗੱਲਾ",

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਹੱਸਣਾ ਕੁੱਦਣਾ", "ਗੁਸਲਖਾਨਾ" ਆਦਿ ਅਸਲੋਂ ਅਣਛੋਹੇ ਵਿਸ਼ਿਆਂ ਉੱਤੇ ਮਹੱਤਵ-ਪੂਰਣ ਨਿਬੰਧ ਲਿਖੇ। ਉਨ੍ਹਾਂ ਦੀ ਸ਼ੈਲੀ ਨਿਰਾਲੀ ਅਤੇ ਆਪਣੇ ਆਪ ਵਿਚ ਨਮੂਨਾ ਹੈ। ਤਕਨੀਕ ਦੇ ਪੱਖੋਂ ਉਹ ਪੂਰੀ ਤਰ੍ਹਾਂ ਚੇਤੰਨ ਲੇਖਕ ਹੈ। ਲਾਲ ਸਿੰਘ ਕਮਲਾ ਅਕਾਲੀ ਨੇ ਵੀ ਤੇਜਾ ਸਿੰਘ ਵਾਲੀ ਪਰੰਪਰਾ ਨੂੰ ਅੱਗੇ ਤੋਰਿਆ ਅਤੇ "ਛੋਟੀਆਂ ਗੱਲਾਂ", "ਪੈਰ ਦੀ ਜੁੱਤੀ", "ਮਨੁੱਖੀ ਸਰੀਰ", "ਖਿੜੇ ਮੱਥੇ" ਆਦਿ ਅਣਗੌਲੇ ਵਿਸ਼ਿਆਂ ਉਤੇ ਲੇਖ ਲਿਖੇ। ਉਨ੍ਹਾਂ ਨੇ ਆਪਣੇ ਇਨ੍ਹਾਂ ਵਿਦਵਤਾ ਭਰਪੂਰ ਨਿਬੰਧਾਂ ਨੂੰ ਪੱਤਰਕਾਰੀ ਦੀ ਸ਼ੈਲੀ ਅਤੇ ਸਰਲ ਤੇ ਜਨ-ਸਾਧਾਰਨ ਦੀ ਭਾਸ਼ਾ ਵਿਚ ਲਿਖ ਕੇ ਪੰਜਾਬੀ ਨਿਬੰਧ ਨੂੰ ਇਕ ਨਵੀਂ ਵੰਨਗੀ ਪ੍ਰਦਾਨ ਕੀਤੀ ਹੈ। ਗੁਰਬਖਸ਼ ਸਿੰਘ ਨੇ ਆਪਣੇ ਲੇਖਾਂ ਵਿਚ ਸ਼ਖਸੀਅਤ ਨੂੰ ਮਨੋਹਰ ਬਨਾਉਣ ਅਤੇ ਆਚਰਣ ਉਸਾਰੀ ਸੰਬੰਧੀ ਰੋਮਾਂਟਿਕ ਢੰਗ ਨਾਲ ਸੁਝਾਅ ਦਿੱਤੇ ਹਨ। ਉਨ੍ਹਾਂ ਦੀ ਸ਼ੈਲੀ ਸਰਲ, ਸਪਸ਼ਟ ਅਤੇ ਤਰਕਪੂਰਣ ਹੈ। ਸ਼ਬਦਾਂ ਦੀ ਚੋਣ ਦੇ ਪੱਖ ਤੋਂ ਉਸ ਨੂੰ ਸ਼ਬਦਾਂ ਦਾ ਜਾਦੂਗਰ ਵੀ ਕਿਹਾ ਜਾਂਦਾ ਹੈ।

ਡਾ. ਬਲਬੀਰ ਸਿੰਘ ਇਕ ਅਜੇਹਾ ਗੱਦਕਾਰ ਹੈ ਜਿਸ ਨੂੰ ਪੰਜਾਬੀ ਗੱਦ ਲੇਖਕਾਂ ਦੀ ਇਸ ਮੁਢਲੀ ਕਤਾਰ ਵਿਚ ਖੜਾ ਕੀਤਾ ਜਾ ਸਕਦਾ ਹੈ। ਭਾਈ ਵੀਰ ਸਿੰਘ ਵਾਂਗ ਉਸ ਦੇ ਲੇਖਾਂ ਵਿਚ ਵਧੇਰੇ ਸਿੱਖੀ-ਜੀਵਨ ਆਦਰਸ਼ਕ ਰੂਪ ਵਿਚ ਬਿਆਨ ਕੀਤਾ ਗਿਆ ਹੀ ਮਿਲਦਾ ਹੈ। ਇਹ ਗੱਲ ਹੈ ਵੀ ਸੁਭਾਵਿਕ, ਕਿਉਂਕਿ ਆਪ ਨੇ ਇਹ ਲੇਖ 'ਖਾਲਸਾ ਸਮਾਚਾਰ' ਲਈ ਜਾਂ ਟ੍ਰੈਕਟਾਂ ਲਈ ਲਿਖੇ ਸਨ ਜਿਨ੍ਹਾਂ ਦਾ ਮੁਖ ਮਨੋਰਥ ਸਿੱਖੀ ਦਾ ਪਰਚਾਰ ਕਰਨਾ ਹੀ ਹੈ। ਪਰ ਫ਼ਰਕ ਇਹ ਹੈ ਕਿ ਇਨ੍ਹਾਂ ਦੇ ਲੇਖਾਂ ਦਾ ਆਧਾਰ ਕਈ ਇਤਿਹਾਸਕ ਕਥਾਵਾਂ ਹੁੰਦੀਆਂ ਹਨ ਤੇ ਉਨ੍ਹਾਂ ਦੀਆਂ ਪ੍ਰਸੰਗਲੀਆਂ ਨੂੰ ਆਪ ਕਲਾਮਈ ਢੰਗ ਨਾਲ ਜੋੜ ਕੇ ਇਕ ਸੁੰਦਰ ਚੀਜ਼ ਬਣਾ ਦਿੰਦੇ ਹਨ। ਡਾ. ਬਲਬੀਰ ਸਿੰਘ ਪੱਛਮੀ ਤੇ ਪੂਰਬੀ ਸਾਹਿਤ ਦੇ ਵਿਦਵਾਨ ਹਨ। ਉਨ੍ਹਾਂ ਦੀਆਂ ਕ੍ਰਿਤਾਂ ਵਿਚ ਖੋਜ, ਇਤਿਹਾਸ ਤੇ ਸਾਹਿਤ ਦੇ ਮੁਖ ਮਸਲੇ ਛੋਹੇ ਗਏ ਹਨ। ਡਾਕਟਰ ਸਾਹਿਬ ਆਪਣੇ ਵਿਚਾਰ ਅਜੇਹੇ ਢੰਗ ਨਾਲ ਪੇਸ਼ ਕਰਦੇ ਹਨ ਕਿ ਉਨ੍ਹਾਂ ਦੇ ਡੂੰਘੇ ਫ਼ਲਸਫ਼ੇ ਨਾਲ ਭਰੇ ਹੋਏ ਖਿਆਲ ਪੜ੍ਹਨ ਤੇ ਸਮਝਣ ਲੱਗਿਆਂ ਉੱਕਾ ਹੀ ਉਕੇਵਾਂ ਮਹਿਸੂਸ ਨਹੀਂ ਹੁੰਦਾ। ਹਰ ਵਿਚਾਰ ਸੁਤੇ ਸਿਧ ਹੀ ਦਿਲ ਤੇ ਦਿਮਾਗ ਉਤੇ ਅਸਰ ਕਰਦਾ ਜਾਂਦਾ ਹੈ। ਇਨ੍ਹਾਂ ਦੀ ਵਾਰਤਕ ਭਾਵੇਂ ਵਿਦਵਤਾ ਭਰਪੂਰ ਹੈ ਪਰ ਹੈ ਬੜੀ ਸਾਦਾ, ਮਨੋਭਾਵਾਂ ਨੂੰ ਟੁੰਬਣ ਵਾਲੀ, ਬਿਲਕੁਲ ਸਰਲ ਤੇ ਮੜਕਵੀਂ, ਜਿਸ ਦੇ ਪਾਠ ਵਿਚ ਬੜੀ ਖੁਸ਼ੀ ਅਨੁਭਵ ਹੁੰਦੀ ਹੈ।

ਭਾਵੇਂ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਤੇ ਡਾ. ਬਲਬੀਰ ਸਿੰਘ ਤ੍ਰਿੰਨਾ ਉਤੇ ਹੀ ਸਿੰਘ ਸਭਾ ਲਹਿਰ ਦਾ ਪ੍ਰਭਾਵ ਪ੍ਰਤੱਖ ਹੈ। ਭਾਈ ਵੀਰ ਸਿੰਘ ਤੇ ਡਾ. ਬਲਬੀਰ ਸਿੰਘ ਦੋਹਾਂ ਨੇ ਇਕੋ ਵਿਸ਼ੇ ਉਤੇ ਲਿਖਿਆ ਹੈ ਅਤੇ ਇਨ੍ਹਾਂ ਦੇ ਮੰਤਵ ਵਿਚ ਵੀ ਕਾਫ਼ੀ ਸਮਾਨਤਾ ਹੈ, ਪਰੰਤੂ ਦੋਹਾਂ ਦੀ ਪਕੜ ਵੱਖ ਵੱਖ ਹੈ। ਇਸੇ ਤਰ੍ਹਾਂ ਪ੍ਰੋ. ਪੂਰਨ ਸਿੰਘ ਵੀ ਸਿੱਖ ਧਰਮ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਰਸ਼ਾਂ ਦੀ ਪਾਲਣਾ ਕਰਨ ਵਾਲਾ ਸ਼ਰਧਾਲੂ ਭਗਤ ਹੈ ਅਤੇ ਉਸ ਦਾ ਮਨੋਰਥ ਵੀ ਕਾਫ਼ੀ ਹੱਦ ਤਕ ਸ਼ਿੱਖ ਧਰਮ ਦੀ ਸਰਬਮਾਨਤਾ ਨੂੰ ਕਾਇਮ ਕਰਨਾ ਹੈ । ਪਰ ਡਾ. ਬਲਬੀਰ ਸਿੰਘ ਨਾਲੋਂ ਉਸ ਵਿਚ ਵੀ ਭਿੰਨਤਾ ਹੈ । ਇਸ ਤਰ੍ਹਾਂ ਇਨ੍ਹਾਂ ਤਿੰਨਾਂ ਵਿਚਲੀ ਭਿੰਨਤਾ ਦਾ ਮੁਖ ਕਾਰਣ ਇਨ੍ਹਾਂ ਤਿੰਨਾਂ ਲਿਖਾਰੀਆਂ ਦੇ ਬੌਧਿਕ ਪੱਧਰ, ਵਿਦਿਅਕ ਮਿਆਰ ਤੇ ਜੀਵਨ ਅਨੁਭਵ ਵਿਚ ਫਰਕ ਦਾ ਹੋਣਾ ਹੈ । ਡਾ. ਬਲਬੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਵਿਦਿਅਕ ਤੌਰ ਤੇ ਭਾਈ ਵੀਰ ਸਿੰਘ ਤੋਂ ਵਧੇਰੇ ਯੋਗਤਾ ਦੇ ਮਾਲਕ ਹਨ । ਜੀਵਨ ਅਨੁਭਵ ਵਿਚ ਵੀ ਉਨ੍ਹਾਂ ਦਾ ਭਾਈ ਵੀਰ ਸਿੰਘ ਨਾਲੋਂ ਫਰਕ ਹੈ । ਵੀਰ ਸਿੰਘ ਦਾ ਜੀਵਨ ਅਨੁਭਵ ਜਿਥੇ ਪੂਰਬੀ ਵਿਚਾਰਧਾਰਾ ਤਕ ਹੀ ਸੀਮਿਤ ਹੈ ਉਥੇ ਦੂਜੇ ਦੋਹਾਂ ਦਾ ਪੱਛਮੀ ਜੀਵਨ ਸਾਹਿਤ ਤੇ ਚਿੰਤਨ ਸੰਬੰਧੀ ਗਿਆਨ ਵਿਸ਼ਾਲ ਹੈ । ਪੂਰਨ ਸਿੰਘ ਤੇ ਡਾ. ਬਲਬੀਰ ਸਿੰਘ ਦੋਵੇਂ ਵਿਗਿ- ਆਨੀ ਵੀ ਹਨ । ਪੂਰਨ ਸਿੰਘ ਦੀ ਵਾਰਤਕ ਵਿਚ ਕਵਿਤਾ ਵਾਂਗ ਭਾਵਾਂ ਦਾ ਵੇਗ ਤਿੱਖਾ ਹੋਣ ਕਾਰਨ ਇਕ ਅਜੀਬ ਪ੍ਰਕਾਰ ਦਾ ਧੁੰਧਲਾਪਨ ਹੈ, ਡਾ. ਬਲਬੀਰ ਸਿੰਘ ਦੀ ਵਾਰਤਕ ਇਸ ਤੋਂ ਮੁਕਤ ਹੈ । ਪੂਰਨ ਸਿੰਘ ਵਿਚ ਜਿਥੇ ਇਕ ਵਚਿੱਤਰ ਜੇਹੀ ਬੇਸਬਰੀ ਤੇ ਤਿੱਖਾਪਨ ਹੈ ਉਥੋਂ ਬਲਬੀਰ ਸਿੰਘ ਦੀ ਵਾਰਤਕ ਵਿਚੋਂ ਇਕ ਗੱਦਕਾਰ ਵਾਲੀ ਗੰਭੀਰਤਾ ਅਤੇ ਠਰ੍ਹਮੇ ਦਾ ਅਹਿਸਾਸ ਹੁੰਦਾ ਹੈ । ਭਾਈ ਵੀਰ ਸਿੰਘ ਤੇ ਡਾ. ਬਲਬੀਰ ਸਿੰਘ ਉਤੇ ਇਕੋ ਮਾਹੌਲ, ਇਕੋ ਵਿਰਸੇ ਅਤੇ ਇਕੋ ਮਨੋਰਥ ਦੇ ਹੁੰਦੇ ਹੋਏ ਵੀ ਬਲਬੀਰ ਸਿੰਘ ਕੋਲ ਇਕ ਵਾਰਤਕਾਰ ਵਾਲਾ ਠਰ੍ਹਮਾ, ਵਿਗਿਆਨੀ ਵਾਲੀ ਚੀਰਫਾੜ ਕਰਨ ਦੀ ਦ੍ਰਿਸ਼ਟੀ ਅਤੇ ਇਕ ਵਿਦਵਾਨ ਵਾਲਾ ਗਿਆਨ ਤੇ ਚਿੰਤਨ ਮੌਜੂਦ ਹੈ । ਇਸ ਤਰ੍ਹਾਂ ਪੰਜਾਬੀ ਦੇ ਕਿਸੇ ਹੋਰ ਗੱਦਕਾਰ ਕੋਲ ਇਹ ਤਿੰਨ ਗੁਣਾਂ ਦਾ ਸੁਮੇਲ ਆਪਣੇ ਪੂਰੇ ਸਿਖ਼ਰ ਉਤੇ ਨਹੀਂ ਮਿਲਦਾ । ਇਸ ਲਈ ਡਾ. ਬਲਬੀਰ ਸਿੰਘ ਦੀ ਵਾਰਤਕ ਆਧੁਨਿਕ ਵਾਰਤਕ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਵਲਕਾਰ ਭਾਈ ਮੋਹਨ ਸਿੰਘ ਵੈਦ

ਪੰਜਾਬੀ ਨਾਵਲ ਦਾ ਆਰੰਭ ਅੰਗਰੇਜ਼ੀ ਨਾਵਲ ਦੇ ਸਿੱਧੇ ਪ੍ਰਭਾਵ ਅਧੀਨ ਹੋਇਆ। 1889 ਵਿਚ ਪ੍ਰਸਿੱਧ ਅੰਗਰੇਜ਼ੀ ਨਾਵਲਕਾਰ ਜਾਹਨ ਬਨੀਅਨ ਦੇ ਨਾਵਲ 'ਪਿਲਗ੍ਰਿਮਜ਼ ਪ੍ਰੋਗਰੇਸ' ਦਾ ਪੰਜਾਬੀ ਵਿਚ ਅਨੁਵਾਦ ਹੋ ਕੇ 'ਮਸੀਹ ਮੁਸਾਫਰ ਦੀ ਜਾਤ੍ਰਾ' ਨਾਂ ਹੇਠ ਪ੍ਰਕਾਸ਼ਤ ਹੋਇਆ। ਪੰਜਾਬੀ ਦੇ ਪਹਿਲੇ ਮੌਲਿਕ ਨਾਵਲਕਾਰ ਭਾਈ ਵੀਰ ਸਿੰਘ ਦੇ ਨਾਵਲਾਂ (ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ) ਉਤੇ ਇਸ ਨਾਵਲ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਨਿਰਸੰਦੇਹ ਪੰਜਾਬੀ ਨਾਵਲ ਦੀ ਰੂਪ ਰੇਖਾ ਘੜਨ ਅਤੇ ਇਸ ਦੇ ਵਿਕਾਸ ਵਿਚ ਬੰਗਾਲੀ, ਉਰਦੂ ਤੇ ਹਿੰਦੀ ਨਾਵਲ ਦਾ ਵਿਸ਼ੇਸ਼ ਹੱਥ ਹੈ ਪਰੰਤੂ ਭਾਈ ਵੀਰ ਸਿੰਘ ਦੇ ਨਾਵਲਾਂ ਉਤੇ ਭਾਰਤ ਦੀਆ ਇਨ੍ਹਾਂ ਭਾਸ਼ਾਵਾਂ ਦੇ ਨਾਵਲਾਂ ਦਾ ਰੰਗ ਪ੍ਰਤੱਖ ਪ੍ਰਗਟ ਨਹੀਂ ਹੁੰਦਾ। ਭਾਈ ਵੀਰ ਸਿੰਘ ਦੇ ਉਤਰਾਧਿਕਾਰੀ ਪੰਜਾਬੀ ਨਾਵਲਕਾਰਾਂ ਭਾਈ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਅਮਰ ਸਿੰਘ ਆਦਿ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਤੋਂ ਬਿਨਾ ਸਮਕਾਲੀ ਭਾਰਤੀ ਨਾਵਲ ਪਰੰਪਰਾ ਨੂੰ ਗ੍ਰਹਿਣ ਕੀਤਾ ਹੈ। ਉਨ੍ਹਾਂ ਨੇ ਬਹੁਤੇ ਨਾਵਲ ਬੰਗਾਲੀ, ਹਿੰਦੀ ਤੇ ਉਰਦੂ ਨਾਵਲਾਂ ਦੇ ਆਧਾਰ ਉਤੇ ਜਾਂ ਖੁਲ੍ਹੇ ਅਨੁਵਾਦ ਰੂਪ ਵਿਚ ਲਿਖੇ। ਉਨ੍ਹਾਂ ਨੇ ਸਮਕਾਲੀ ਭਾਸ਼ਾਵਾਂ ਦੇ ਨਾਵਲਾਂ ਅਨੁਸਾਰ ਪੰਜਾਬੀ ਨਾਵਲ ਦੇ ਝੁਕਾ ਤੇ ਰੁਚੀਆਂ ਨੂੰ ਢਾਲਣ ਦਾ ਯਤਨ ਕੀਤਾ।

ਪੱਛਮੀ ਭਾਸ਼ਾਵਾਂ ਦੇ ਸਾਹਿਤ ਅਤੇ ਸਭਿਆਚਾਰ ਦੇ ਪ੍ਰਭਾਵ ਅਧੀਨ 19ਵੀਂ ਸਦੀ ਦੇ ਅੰਤ ਤਕ ਪੰਜਾਬ ਵਿਚ ਸਮਾਜਕ ਤੇ ਸਭਿਆਚਾਰਕ ਹਾਲਤ ਨਾਵਲ ਰੂਪ ਦੇ ਅਨੁਕੂਲ ਹੋ ਚੁੱਕੇ ਸਨ। ਤਤਕਾਲੀਨ ਸਮਾਜਕ ਧਾਰਮਿਕ ਤੇ ਸਭਿਆਚਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਨਾਵਲ ਨੂੰ ਧਰਮ ਪ੍ਰਚਾਰ, ਧਾਰਮਿਕ ਤੇ ਸਮਾਜਕ ਸੁਧਾਰ ਲਈ ਵਾਹਨ ਬਣਾਇਆ ਗਿਆ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੀ ਵਾਰ ਸਿੱਖੀ ਪ੍ਰਚਾਰ ਨੂੰ ਕਹਾਣੀਆਂ ਦੇ ਮਾਧਿਅਮ ਰਾਹੀਂ ਪੇਸ਼ ਕੀਤਾ। ਉਸ ਨੇ ਆਪਣੀਆਂ ਰਚਨਾਵਾਂ ਵਿਚ ਗੁਰਬਾਣੀ ਦੇ ਪ੍ਰਮਾਣ ਪੇਸ਼ ਕਰਕੇ ਵਹਿਮਾਂ, ਭਰਮਾਂ ਨੂੰ ਤਿਆਗਣ ਦਾ ਉਪਦੇਸ਼ ਦਿੱਤਾ। 'ਮਹਾਰਾਣੀ ਸ਼ਰਾਬ ਕੌਰ', 'ਇਕ ਟੇਢੀ ਚਾਲ' ਤੇ 'ਸੁਸ਼ੀਲਾ' ਡਾ. ਚਰਨ ਸਿੰਘ ਰਚਿਤ ਇਸ ਵਰਗ ਦੀਆਂ ਕ੍ਰਿਤਾਂ ਹਨ। ਉਸਦੀ ਲੀਹ ਨੂੰ ਭਾਈ ਵੀਰ ਸਿੰਘ ਨੇ ਅੱਗੇ ਤੋਰਿਆ। ਪਰ ਉਸ ਨੇ ਵਧੇਰੇ ਬਲ ਅਰਧ ਇਤਿਹਾਸਕ ਨਾਵਲਾਂ ਉਤੇ ਦਿੱਤਾ, ਜਿਨ੍ਹਾਂ ਵਿਚ ਸਿੱਖੀ ਜੀਵਨ ਦੀ ਪ੍ਰਵਿਤ੍ਰਤਾ, ਕੁਰਬਾਨੀ, ਬਹਾਦਰੀ ਅਤੇ ਅਣਖ ਨੂੰ ਕਹਾਣੀ ਰਸ ਕਾਇਮ ਰਖ ਕੇ ਨਾਵਲ-ਵਿਧਾ ਰਾਹੀਂ ਪੇਸ਼ ਕੀਤਾ ਗਿਆ ਹੈ। ਉਸ ਦੀ ਲਗ ਭਗ ਸਾਰੀ ਸਾਹਿਤ ਰਚਨਾ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਹੋਈ। ਉਸ ਸਮੇਂ ਸਿੰਘ ਸਭਾ ਲਹਿਰ ਰਾਜਨੀਤਕ ਸਮੱਸਿਆਵਾਂ ਤੋਂ ਪੱਲਾ ਬਚਾਉਂਦੀ ਹੋਈ ਅਤੀਤ ਮੁਖੀ ਹੋ ਕੇ ਸਿੱਖ ਧਰਮ ਦਾ ਪ੍ਰਚਾਰ ਕਰ ਰਹੀ ਸੀ। ਭਾਈ ਵੀਰ ਸਿੰਘ ਨੇ ਧਾਰਮਿਕ ਨੁਕਤੇ ਤੋਂ ਸਮੇਂ ਦੀ ਚੋਣ ਕਰਕੇ ਆਪਣੇ ਨਾਵਲਾਂ ਵਿਚ ਪੰਜਾਬ ਦੇ 18ਵੀਂ ਸਦੀ ਦੇ ਇਤਿਹਾਸ ਨੂੰ ਵਸਤੂ ਬਣਾਇਆ। ਉਸਦਾ ਮਨੋਰਥ 19ਵੀਂ ਸਦੀ ਦੇ ਪਿਛਲੇ ਸਾਲਾਂ ਅਤੇ ਵੀਹਵੀਂ ਸਦੀ ਵਿਚ ਸਿੱਖ ਧਰਮ ਅਤੇ ਸਿੱਖ ਸਮਾਜ ਵਿਚ ਆ ਰਹੇ ਪਤਨ ਨੂੰ ਰੋਕਣਾ ਸੀ। ਇਸ ਮੰਤਵ-ਸਿਧੀ ਲਈ ਉਸ ਨੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆ ਨੂੰ ਫਰੋਲ ਕੇ ਸਿੱਖ ਧਰਮ ਦੀ ਪੁਨਰ-ਸੁਰਜੀਤੀ ਲਈ 'ਸੁੰਦਰੀ', 'ਬਿਜੈ ਸਿੰਘ' ਤੇ 'ਸਤਵੰਤ ਕੌਰ' ਨਾਂ ਦੇ ਨਾਵਲਾਂ ਦੀ ਰਚਨਾ ਕੀਤੀ ਪਰ ਉਹ ਵੇਲੇ ਦੀ ਇਤਿਹਾਸਕ ਸਥਿਤੀ ਨੂੰ ਸਾਹਿਤਕ ਪੱਧਰ ਉਤੇ ਵਿਆਖਿਆ ਕਰਨ ਤੋਂ ਅਸਮਰਥ ਰਿਹਾ ਹੈ। ਉਸ ਦੇ ਨਾਵਲਾਂ ਵਿਚ ਕਈ ਅਜੇਹੀਆਂ ਸਥਿਤੀਆਂ ਹਨ ਜਿਥੇ ਨਾਵਲਕਾਰ ਜ਼ਿੰਦਗੀ ਦੀ ਸਹੀ ਤਸਵੀਰ ਨਹੀਂ ਪੇਸ਼ ਕਰ ਸਕਿਆ। ਉਸ ਦੇ ਨਾਵਲ ਸਿੱਖ ਧਰਮ ਦਾ ਪੱਖ ਕਰਦੇ ਪ੍ਰਤੀਤ ਹੁੰਦੇ ਹਨ। ਭਾਈ ਵੀਰ ਸਿੰਘ ਸਿੱਖ ਧਰਮ ਦੇ ਪਾਤਰਾਂ ਨੂੰ ਆਦਰਸ਼ਿਆ ਕੇ ਪੇਸ਼ ਕਰਦਾ ਹੈ। ਨਾਵਲ ਵਿਚ ਜੀਵਨ ਦੀ ਵਿਆਖਿਆ ਪੇਸ਼ ਕੀਤੀ ਜਾਂਦੀ ਹੈ। ਪਾਤਰਾਂ ਦੇ ਚੰਗੇ ਮੰਦੇ ਹੋਣ ਬਾਰੇ ਨਾਵਲਕਾਰ ਨੇ ਆਪਣੇ ਨਿਰਣੇ ਨਹੀਂ ਪੇਸ਼ ਕਰਨੇ ਹੁੰਦੇ ਪਰ ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿਚ ਇਸ ਦੋਸ਼ ਦਾ ਭਾਗੀ ਹੈ। ਉਹ ਆਪਣੇ ਨਾਵਲਾਂ ਵਿਚ ਮੁਸਲਮਾਨ ਪਾਤਰਾਂ ਨੂੰ ਨਫ਼ਰਤੀ ਲਹਿਜੇ ਵਿਚ ਅਤੇ ਸਿੱਖ ਪਾਤਰਾਂ ਨੂੰ ਸ਼ਰਧਾ ਤੇ ਪਿਆਰ ਭਰੇ ਸ਼ਬਦਾਂ ਵਿਚ ਸੰਬੋਧਨ ਕਰਦਾ ਹੈ। ਇਸੇ ਤਰ੍ਹਾਂ ਪਾਠਕ ਵਰਗ ਵਿਚੋਂ ਵੀ ਉਹ ਇਕ ਧਰਮ ਦੇ ਪਾਠਕਾਂ ਨੂੰ ਸੰਬੋਧਨ ਕਰਕੇ ਆਪਣੀ ਪੱਖਪਾਤੀ ਦ੍ਰਿਸ਼ਟੀ ਦਾ ਦੋਸ਼ੀ ਬਣਦਾ ਹੈ।[1] ਇਤਿਹਾਸਕ ਨਾਵਲਾਂ ਵਿਚ ਪਾਤਰ ਭਾਵੇਂ ਇਤਿਹਾਸਕ ਹੋਣ ਅਤੇ ਭਾਵੇਂ ਕਲਪਤ ਪਰ ਉਨ੍ਹਾਂ ਦਾ ਚਰਿਤ੍ਰ ਸਮੇਂ ਦੀ ਰੂਹ ਵਿਚੋਂ ਹੀ ਪ੍ਰਗਟ ਹੋਣਾ ਚਾਹੀਦਾ। ਇਨ੍ਹਾਂ ਨਾਵਲਾਂ ਵਿਚ ਪਾਤਰਾਂ ਦੀ ਜ਼ਿੰਮੇਵਾਰੀ ਸਮੇਂ ਦੇ ਇਤਿਹਾਸਕ ਸੱਚ ਪ੍ਰਤੀ ਵਧੇਰੇ ਹੁੰਦੀ ਹੈ। ਇਤਿਹਾਸਕ ਪਾਤਰਾਂ ਦਾ ਵਿਅਕਤਿਤਵ ਉਥੋਂ ਤਕ ਹੀ ਸੁਤੰਤਰ ਹੈ ਜਿਥੋਂ ਤਕ ਸਮੇਂ ਦੀ ਆਤਮਾ ਬੇਦਾਗ਼ ਰਹਿੰਦੀ ਹੈ।[2] ਪਰ ਭਾਈ ਵੀਰ ਸਿੰਘ ਦੇ ਨਾਵਲ ਜ਼ਿੰਦਗੀ ਦੇ ਸੱਚ ਉਤੇ ਪੂਰੇ ਨਹੀਂ ਉਤਰਦੇ ਅਤੇ ਪਾਤਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਇਤਿਹਾਸਕ ਸਮੇਂ ਦੀ ਸਥਿਤੀ ਵਿਚ ਮਨੁੱਖੀ ਰੂਪ ਵਿਚ ਨਹੀਂ ਚਿਤਰਦੇ। ਭਾਈ ਵੀਰ ਸਿੰਘ ਦੀ ਮੁਖ ਦੇਣ ਇਸ ਵਿਚ ਹੈ ਕਿ ਉਸ ਨੇ ਪੰਜਾਬੀ ਪਾਠਕ ਨੂੰ ਨਾਵਲ ਪੜ੍ਹਨ ਦੀ ਚੇਟਕ ਲਾ ਕੇ ਪੰਜਾਬੀ ਵਿਚ ਨਾਵਲ ਪੜ੍ਹਨ ਦੀ ਮੰਗ ਨੂੰ ਉਤੇਜਿਤ ਕੀਤਾ। ਇਸ ਤੋਂ ਬਿਨਾ ਉਸਨੇ ਪੰਜਾਬੀ ਗਲਪ ਸ਼ੈਲੀ ਨੂੰ ਨਿਖਾਰਨ ਵਿਚ ਵੀ ਪ੍ਰਭਾਵਸ਼ਾਲੀ ਹਿੱਸਾ ਪਾਇਆ ਹੈ। ਇਸ ਸ਼ੈਲੀ ਦਾ ਅਕਸ ਉਸ ਦੇ ਨਾਵਲ 'ਬਾਬਾ ਨੌਧ ਸਿੰਘ' ਅਤੇ 'ਚਮਤਕਾਰਾਂ' ਵਿਚੋਂ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ।

ਡਾ. ਚਰਨ ਸਿੰਘ ਤੇ ਭਾਈ ਵੀਰ ਸਿੰਘ ਉਪਰੰਤ ਭਾਈ ਮੋਹਨ ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਨੇ ਪੰਜਾਬੀ ਨਾਵਲ ਉਤੇ ਕਲਮ ਅਜ਼ਮਾਈ। ਉਨ੍ਹਾਂ ਹੀ ਸਮਾਜਕ ਤੇ ਸਭਿਆਚਾਰਕ ਸਥਿਤੀਆਂ ਨੇ ਭਾਈ ਮੋਹਨ ਸਿੰਘ ਵੈਦ ਨੂੰ ਇਸ ਖੇਤਰ ਵੱਲ ਮੋੜਿਆ। ਉਸ ਨੇ ਆਪਣੇ ਨਾਵਲਾਂ ਦਾ ਵਿਸ਼ਾ ਭਾਈ ਵੀਰ ਸਿੰਘ ਵਾਂਗ ਅਰਧ ਇਤਿਹਾਸਕ ਘਟਨਾਵਾਂ ਨੂੰ ਨਹੀਂ ਬਣਾਇਆ ਸਗੋਂ ਆਪਣੇ ਆਲੇ ਦੁਆਲੇ ਵਿਚਰਦੇ ਲੋਕਾਂ ਅਤੇ ਵਾਪਰਦੀਆਂ ਘਟਨਾਵਾਂ ਨੂੰ ਬਣਾਇਆ। ਵੈਦ ਨੇ ਮੁਖ ਰੂਪ ਵਿਚ ਘਰੋਗੀ ਕਲਿਆਣ ਅਤੇ ਸਮਾਜ ਸੁਧਾਰ ਨਾਲ ਸੰਬੰਧਿਤ ਵਿਸ਼ਿਆਂ ਨੂੰ ਆਪਣੇ ਨਾਵਲਾਂ ਦਾ ਧੁਰਾ ਬਣਾਇਆ। ਸ਼ਹੀਦ ਨੇ ਇਕ ਪਾਸੇ 'ਰਣਜੀਤ ਕੌਰ' ਤੇ 'ਦਲੇਰ ਕੌਰ' ਨਾਲ ਭਾਈ ਵੀਰ ਸਿੰਘ ਦੀ ਅਰਧ-ਇਤਿਹਾਸਕ ਨਾਵਲ ਦੀ ਲੀਹ ਨੂੰ ਅੱਗੇ ਤੋਰਿਆ ਅਤੇ ਦੂਜੇ ਪਾਸੇ ਭਾਈ ਮੋਹਨ ਸਿੰਘ ਵੈਦ ਦੇ ਪ੍ਰਭਾਵ ਅਧੀਨ 'ਗ੍ਰਿਸਤ ਦੀ ਬੇੜੀ' ਤੇ 'ਦੋ ਵਹੁਟੀਆਂ' ਰਾਹੀਂ ਸਮਾਜਕ ਤੇ ਘਰੋਗੀ ਜੀਵਨ ਦੀਆਂ ਸਮੱਸਿਆਵਾਂ ਬਾਰੇ ਲਿਖਣ ਦੀ ਪਰੰਪਰਾ ਜਾਰੀ ਰੱਖੀ। ਵੀਹਵੀਂ ਸਦੀ ਦੇ ਪਹਿਲੇ ਸਾਲਾਂ ਵਿਚ ਸਮਾਜਕ ਤੇ ਘਰੋਗੀ ਕਲਿਆਣ ਬਾਰੇ ਲਿਖਣ ਲਈ ਪੰਜਾਬੀ ਗਲਪ ਨੂੰ ਸਭ ਤੋਂ ਪਹਿਲਾਂ ਭਾਈ ਮੋਹਨ ਸਿੰਘ ਵੈਦ ਤੇ ਸ਼ਹੀਦ ਨੇ ਮਾਧਿਅਮ ਬਣਾਇਆ। ਪੰਜਾਬੀ ਨਾਵਲ ਦੇ ਵਿਕਾਸ ਵਿਚ ਇਹ ਅੰਸ਼ ਲਗਾਤਾਰ ਕਾਇਮ ਰਿਹਾ ਅਤੇ ਪਿੱਛੋਂ ਨਾਨਕ ਸਿੰਘ ਦੇ ਨਾਵਲਾਂ ਵਿਚ ਇਹ ਵਧੇਰੇ ਬਲ ਨਾਲ ਪ੍ਰਗਟ ਹੋਇਆ। ਸਮੁੱਚੇ ਤੌਰ ਤੇ ਪੰਜਾਬੀ ਗਲਪ ਇਸ ਸਮਾਜਕ ਅੰਸ਼ ਤੋਂ ਕਦੀ ਵੀ ਮੁਕਤ ਨਾ ਹੋ ਸਕੀ।

ਪੰਜਾਬੀ ਨਾਵਲ ਆਪਣੇ ਜਨਮ ਨਾਲ ਹੀ ਪਰੰਪਰਾ ਦਾ ਰੂਪ ਧਾਰਨ ਕਰ ਗਿਆ। ਇਕ ਦਹਾਕੇ ਦੇ ਵਿਚ ਵਿਚ ਹੀ ਇਹ ਭਾਈ ਵੀਰ ਸਿੰਘ ਦੇ ਧਰਮ ਪ੍ਰਚਾਰ ਦੇ ਘੇਰੇ ਵਿਚੋਂ ਨਿਕਲ ਕੇ ਭਾਈ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਅਮਰ ਸਿੰਘ ਛਾਪੇਵਾਲਾ, ਆਦਿ ਦੇ ਨਾਵਲਾਂ ਨਾਲ ਭਾਈਚਾਰਕ ਅਤੇ ਸਮਾਜ ਸੁਧਾਰ ਦੇ ਵਿਸ਼ਾਲ ਖੇਤਰ ਵਿਚ ਪ੍ਰਵੇਸ਼ ਕਰ ਗਿਆ।

ਭਾਈ ਮੋਹਨ ਸਿੰਘ ਵੈਦ ਨੇ ਪੰਜਾਬੀ ਨਾਵਲ ਦੇ ਖੇਤਰ ਵਿਚ 17 ਨਾਵਲ ਲਿਖੇ ਜਿਨ੍ਹਾਂ ਵਿਚੋਂ 12 ਆਧਾਰਤ ਜਾਂ ਸੁਤੰਤਰ ਅਨੁਵਾਦ ਹਨ ਅਤੇ ਪੰਜ ਮੌਲਿਕ ਹਨ। 'ਸੁਸ਼ੀਲਾ ਨੂੰਹ', 'ਕਮਾਈ ਦੀ ਬਰਕਤ', 'ਸੁਖੀ ਪਰਵਾਰ', 'ਸੁਖਦੇਵ ਕੌਰ' ਤੇ 'ਇਸਤ੍ਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਆਜ਼ਾਦੀ' ਉਸ ਦੇ ਮੌਲਿਕ ਨਾਵਲ ਹਨ।

ਭਾਈ ਮੋਹਨ ਸਿੰਘ ਵੈਦ ਦੀ ਨਾਵਲ ਰਚਨਾ ਦਾ ਮੁਖ ਉਦੇਸ਼ ਸਮਾਜ ਵਿਚ ਭਾਈ-ਚਾਰਕ ਤੇ ਸਦਾਚਾਰਕ ਸੁਧਾਰ ਲਿਆਉਣਾ ਅਤੇ ਵਿਦਿਅਕ ਭਾਵਨਾ ਪੈਦਾ ਕਰਨਾ ਹੈ। ਉਸਦੇ ਨਾਵਲ ਵਿਸ਼ੇਸ਼ ਤੌਰ ਤੇ ਸਿੱਖੀ ਜੀਵਨ ਦੀ ਉੱਚਤਾ, ਇਸਤ੍ਰੀਆਂ ਦੀ ਦਸ਼ਾ, ਆਰਥਿਕ ਅਤੇ ਘਰੋਗੀ ਜੀਵਨ ਦੀਆਂ ਸਮੱਸਿਆਵਾਂ ਨੂੰ ਪ੍ਰਗਟ ਕਰਦੇ ਹਨ। ਉਸ ਦੇ ਲਗ ਭਗ ਸਾਰੇ ਨਾਵਲਾਂ ਵਿਚ ਹੀ ਇਹ ਵਿਸ਼ੇ, ਕਿਸੇ ਨਾ ਕਿਸੇ ਰੂਪ ਵਿਚ, ਥੋੜੇ ਬਹੁਤ ਵਾਧੇ ਘਾਟੇ ਨਾਲ ਪੇਸ਼ ਹੁੰਦੇ ਹਨ। ਆਮ ਤੌਰ ਤੇ ਉਸ ਦਾ ਨਾਵਲ ਕਿਸੇ ਸਮਾਜਕ ਰੋਗ (ਵਿਧਵਾ, ਲੜਾਕੀ ਸੱਸ, ਕਪਟ, ਆਦਿ) ਤੋਂ ਆਰੰਭ ਹੁੰਦਾ ਹੈ। ਹਰ ਨਾਵਲ ਵਿਚ ਐਸੇ ਰੋਗਾਂ ਨੂੰ ਮਾਰਨ ਲਈ ਦਵਾਈ (ਸਿਆਣੀ ਮਾਤਾ, ਸੁਘੜ ਨੂੰਹ, ਸੁਸ਼ੀਲਾ ਵਿਧਵਾ, ਸੁਖੀ ਪਰਵਾਰ, ਆਦਿ) ਦੱਸੀ ਹੈ, ਤੇ ਇਸ ਦਵਾਈ ਨਾਲ ਲੋੜੀਂਦਾ ਸੰਜਮ ਤੇ ਪ੍ਰਹੇਜ਼ (ਸਿੱਖ ਘਰਾਣਾ, ਨਾਮ, ਬਾਣੀ, ਸਿਮਰਨ, ਆਚਰਨ) ਦੱਸੇ ਹਨ।[3]

ਭਾਈ ਮੋਹਨ ਸਿੰਘ ਵੈਦ ਦੀ ਰਚਨਾ ਲਈ ਭਾਈ ਵੀਰ ਸਿੰਘ ਦੀ ਗਲਪ ਰਚਨਾ ਤੋਂ ਬਿਨਾ ਮੁਖ ਪ੍ਰੇਰਨਾ ਸਰੋਤ ਹਿੰਦੀ ਜਾਂ ਹਿੰਦੀ ਵਿਚ ਅਨੁਵਾਦਿਤ ਬੰਗਾਲੀ ਜਾਂ ਅੰਗਰੇਜ਼ੀ ਗਲਪ ਸਾਹਿਤ ਸੀ। ਹਿੰਦੀ ਸਾਹਿਤ ਵਿਚੋਂ ਪੰਡਿਤ ਲੱਜਾ ਰਾਮ ਤੇ ਮੁਨਸ਼ੀ ਪ੍ਰੇਮ ਚੰਦ ਦੀਆਂ ਰਚਨਾਵਾਂ ਨੇ ਵੈਦ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਨੇ ਪੰਡਿਤ ਜੀ ਦੇ ਨਾਵਲਾਂ ਨੂੰ ਸੁਤੰਤਰ ਅਨੁਵਾਦ ਕਰਕੇ 'ਇਕ ਸਿੱਖ ਘਰਾਣਾ, 'ਦੰਪਤੀ ਪਿਆਰ' ਤੇ 'ਸੁਸ਼ੀਲ ਵਿਧਵਾ' ਨਾਂ ਦੇ ਨਾਵਲ ਲਿਖੇ ਅਤੇ ਮੁਨਸ਼ੀ ਪ੍ਰੇਮ ਚੰਦ ਦੀਆਂ ਰਚਨਾਵਾਂ ਤੋਂ ਪ੍ਰਭਾਵਿਤ ਹੋ ਕੇ ਵਿਧਵਾ ਦੀ ਦਸ਼ਾ, ਬਾਲ ਵਿਆਹ, ਬੁੱਢੇ ਨਾਲ ਵਿਆਹ, ਆਰਥਿਕ ਕਾਣੀ ਵੰਡ, ਸਮਾਜ ਦੇ ਚੌਧਰੀਆਂ ਦੀ ਸਦਾਚਾਰਕ ਗਿਰਾਵਟ, ਆਦਿ ਸਮਾਜਕ ਤੇ ਸੁਧਾਰਕ ਵਿਸ਼ਿਆਂ ਨੂੰ ਆਪਣੇ ਨਾਵਲਾਂ ਵਿਚ ਵਿਸ਼ੇਸ਼ ਥਾਂ ਦਿੱਤੀ। ਤਤਕਾਲੀਨ ਬੰਗਾਲੀ, ਹਿੰਦੀ ਤੇ ਉਰਦੂ ਨਾਵਲਾਂ ਵਿਚੋਂ ਅਨੁਵਾਦ ਲਈ ਉਸ ਨੇ ਅਜੇਹੇ ਵਿਸ਼ੇ ਹੀ ਚੁਣੇ ਹਨ ਜਿਨ੍ਹਾਂ ਦਾ ਉਦੇਸ਼ ਲੇਖਕ ਦੇ ਆਪਣੇ ਉਦੇਸ਼ਾ ਨਾਲ ਮੇਲ ਖਾਂਦਾ ਸੀ। ਉਸ ਨੇ ਬੰਗਾਲੀ ਤੇ ਹਿੰਦੀ ਸਾਹਿਤ ਤੋਂ ਪ੍ਰਭਾਵ ਗ੍ਰਹਿਣ ਕਰਕੇ ਪੰਜਾਬੀ ਨਾਵਲ ਵਿਚ ਭਾਈਚਾਰਕ ਸੁਧਾਰ ਦੇ ਨਾਲ ਰੁਮਾਂਸ ਤੇ ਮਨੋਰੰਜਨ ਦਾ ਨਵਾਂ ਅੰਸ਼ ਲਿਆਂਦਾ। ਉਸਦੇ ਜਾਸੂਸੀ ਭਾਂਤ ਦੇ ਨਾਵਲਾਂ ਵਿਚ ਇਹ ਅੰਸ਼ ਵਿਸ਼ੇਸ਼ ਤੌਰ ਤੇ ਪ੍ਰਗਟ ਹੋਇਆ। 'ਸ਼ੇਰ ਬਹਾਦਰ ਸ਼ੇਰ ਸਿੰਘ', 'ਸੰਦੂਕ ਦਾ ਮੁਰਦਾ', 'ਚੋਰ ਕਿਸ ਤਰ੍ਹਾਂ ਫੜ੍ਹਿਆ ਗਿਆ' ਆਦਿ ਰਚਨਾਵਾਂ ਇਸ ਪੱਖੋਂ ਵਿਸ਼ੇਸ਼ ਤੌਰ ਤੇ ਦ੍ਰਿਸ਼ਟੀਗੋਚਰ ਹਨ। ਵੈਦ ਨੇ ਭਾਈ ਵੀਰ ਸਿੰਘ ਦੇ ਅਰਧ-ਇਤਿਹਾਸਕ ਨਾਵਲਾਂ ਨੂੰ ਤਾਂ ਆਪਣਾ ਮਾਡਲ ਨਹੀਂ ਬਣਾਇਆ ਪਰ ਉਸ ਦੇ ਧਾਰਮਿਕ ਨਾਵਲ 'ਬਾਬਾ ਨੌਧ ਸਿੰਘ' ਦੀ ਪਾਤਰ ਉਸਾਰੀ ਦਾ ਪ੍ਰਭਾਵ ਵੈਦ ਦੇ 'ਸੁਖੀ ਪਰਵਾਰ' ਉਤੇ ਪ੍ਰਤੱਖ ਦਿੱਸਦਾ ਹੈ। 'ਸੁਖੀ ਪਰਵਾਰ' ਦਾ ਨਾਇਕ ਵੀ ਬਾਬਾ ਨੌਧ ਸਿੰਘ ਵਾਂਗ ਇਕ ਸੁਧਾਰਕ ਵਿਅਕਤੀ ਹੈ ਜੋ ਘਰ ਦੇ ਮੈਂਬਰਾਂ ਨੂੰ ਕਈ ਤਰ੍ਹਾਂ ਦੀਆਂ ਧਾਰਮਿਕ ਤੇ ਸਦਾਚਾਰਕ ਸਿਖਿਆਵਾਂ ਤੇ ਨਸੀਹਤਾਂ ਦਿੰਦਾ ਅਤੇ ਦੁਆਈਆਂ ਤੇ ਆਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਟਨੀਆਂ ਬਣਾਉਣ ਦੇ ਨੁਸਖ਼ੇ ਦੱਸਦਾ ਹੈ।

ਭਾਈ ਮੋਹਨ ਸਿੰਘ ਵੈਦ ਦੇ ਨਾਵਲ ਸਮਕਾਲੀ ਸਮਾਜਕ ਤੇ ਵਿਅਕਤੀਗਤ ਜੀਵਨ ਦੇ ਅਨੇਕ ਪੱਖਾਂ ਉਤੇ ਭਰਪੂਰ ਝਾਤ ਪਾਉਂਦੇ ਹਨ। ਬੇਸ਼ਕ ਵੈਦ ਸਮਾਜਕ ਸਥਿਤੀਆਂ ਦਾ ਪੂਰੀ ਨੀਝ ਨਾਲ ਵਿਸ਼ਲੇਸ਼ਣ ਕਰਕੇ ਸਮਾਜ ਦੇ ਅੰਤਰੀਵ ਸਭਿਆਚਾਰਕ ਤੇ ਆਰਥਿਕ ਪਹਿਲੂਆਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਪਰਖਣ ਦਾ ਯਤਨ ਨਹੀਂ ਕਰਦਾ ਅਤੇ ਨਾ ਹੀ ਰਾਜਨੀਤਕ ਦ੍ਰਿਸ਼ਟੀ ਤੋਂ ਅੰਗਰੇਜ਼ੀ ਹਕੂਮਤ ਦੀ ਭਖਵੀਂ ਨਿਖੇਧੀ ਜਾਂ ਵਿਰੋਧ ਕਰਦਾ ਹੈ, ਤਾਂ ਵੀ ਉਸਦੇ ਨਾਵਲਾਂ ਦੀਆਂ ਕਹਾਣੀਆਂ ਦਾ ਸਮਾਜਕ ਜੀਵਨ ਨਾਲ ਅਨਿੱਖੜਵਾਂ ਸੰਬੰਧ ਹੈ।[4] 'ਸਰੇਸ਼ਟ ਕੁਲਾਂ ਦੀ ਚਾਲ' ਵਿਚ ਉਹ ਆਦਰਸ਼ਕ (ਸਮਾਜਕ ਤੇ ਵਿਅਕੀਗਤ) ਜੀਵਨ ਦਾ ਸੁਪਨਾ ਪੇਸ਼ ਕਰਦਾ ਹੈ। ਬੱਚੇ ਦਾ ਵਿਦਿਅਕ ਵਿਕਾਸ ਤੇ ਆਚਰਨ ਉਸਾਰੀ, ਸੰਤਾਨ ਦੀ ਸੁਚੱਜੀ ਪਾਲਣਾ ਤੇ ਅਰੋਗਤਾ ਦੇ ਨਿਯਮ, ਵਿਆਹ ਨਾਲ ਸੰਬੰਧਿਤ ਵਾਧੂ ਰਸਮਾਂ ਤੇ ਫਜ਼ੂਲ ਖਰਚਾਂ ਦਾ ਤਿਆਗ, ਖੇਤੀ ਦੀ ਤਰੱਕੀ, ਕਾਰ ਵਿਹਾਰ ਦੇ ਢੰਗ, ਧਰਮ ਪ੍ਰਤੀ ਸ਼ਰਧਾ, ਮਾਂ-ਬੋਲੀ ਨਾਲ ਪਿਆਰ, ਆਦਿ ਵਿਸ਼ਿਆਂ ਉਤੇ ਇਸ ਨਾਵਲ ਵਿਚ ਭਰਵੀਂ ਚਰਚਾ ਕੀਤੀ ਗਈ ਹੈ।

ਸਿੱਖੀ ਜੀਵਨ ਸਿਧਾਂਤ ਅਤੇ ਸਿੱਖੀ ਜੀਵਨ ਨੂੰ ਉਹ ਆਦਰਸ਼ਕ ਜੀਵਨ ਦਾ ਮਾਡਲ ਦੱਸਦਾ ਹੈ। 'ਇਕ ਸਿੱਖ ਘਰਾਣਾ' ਵਿਚ ਉਸ ਨੇ ਇਸ ਵਿਚਾਰ ਨੂੰ ਭਲੀਭਾਂਤ ਚਿਤ੍ਰਿਆ ਹੈ। ਸਿੱਖੀ ਜੀਵਨ ਦੀ ਪੱਛਮੀ ਜੀਵਨ ਨਾਲ ਤੁਲਨਾ ਕਰਕੇ ਸਿੱਖੀ ਨੂੰ ਉੱਤਮ ਸਿੱਧ ਕੀਤਾ ਹੈ। ਸਿੱਖੀ ਜੀਵਨ ਦੇ ਕੁਝ ਆਦਰਸ਼ਕ ਨਮੂਨੇ 'ਸਰੇਸ਼ਟ ਕੁਲਾਂ ਦੀ ਚਾਲ' ਤੇ 'ਦੰਪਤੀ ਪਿਆਰ' ਵਿਚ ਵੀ ਦਿੱਤੇ ਗਏ ਹਨ।

ਇਸੇ ਤਰ੍ਹਾਂ 'ਇਸਤ੍ਰੀਆਂ ਦੀ ਅਜ਼ਾਦੀ' ਤੇ 'ਸੁਖਦੇਵ ਕੌਰ' ਵਿਚ ਉਸ ਨੇ ਪੱਛਮੀ ਸਦਾਚਾਰ ਤੇ ਜੀਵਨ ਢੰਗ ਦਾ ਭਾਰਤੀ ਮਰਦਾਂ ਉਤੇ ਮੰਦਾ ਪ੍ਰਭਾਵ ਪੈਂਦਾ ਵਿਆਖਿਆ ਹੈ। ਯੂਰਪੀਨ ਰਹਿਣੀ ਬਹਿਣੀ ਤੇ ਈਸਾਈ ਧਰਮ ਦੇ ਅਸਰ ਨਾਲ ਆਪਣੇ ਧਰਮ ਅਤੇ ਸਭਿਆਚਾਰ ਤੋਂ ਥਿੜਕੇ ਵਿਅਕਤੀਆਂ ਦੀ ਦਸ਼ਾ ਦਾ ਚਿਤ੍ਰ ਖਿਚਿਆ ਹੈ। ਇਹ ਰਚਨਾ ਈਸਾਈ ਮਿਸ਼ਨਰੀਆਂ ਵਲੋਂ ਦਿਤੇ ਜਾਂਦੇ ਲੋਭ ਲਾਲਚ ਅਤੇ ਯੂਰਪੀਨ ਢੰਗ ਦੀ ਐਸ਼ੋ-ਇਸ਼ਰਤ ਵਿਰੁਧ ਤਾੜਨਾ ਹੈ। 'ਸੁਖਦੇਵ ਕੌਰ' ਵਿਚ ਨਾਵਲ ਦੀ ਨਾਇਕਾ ਜੋ ਭਾਰਤ ਦੀ ਇਕ ਸੁਸ਼ੀਲ ਇਸਤ੍ਰੀ ਹੈ, ਧਰਮ ਕਰਮ ਤੋਂ ਬੇ-ਮੁੱਖ ਹੋਏ ਨਾਇਕ ਨੂੰ ਸਿਧੇ ਰਸਤੇ ਉਤੇ ਲਿਆਕੇ ਉਸਦਾ ਸੁਧਾਰ ਕਰਦੀ ਹੈ। ਇਸ ਤਰ੍ਹਾਂ ਉਸਨੇ ਆਪਣੇ ਹੋਰ ਨਾਵਲਾਂ ਵਿਚ ਵੀ ਭਾਰਤੀ ਜੀਵਨ ਜਾਚ ਦੀ ਉਤਮਤਾ ਦਰਸਾਣ ਦਾ ਯਤਨ ਕੀਤਾ ਹੈ।

ਭਾਈਚਾਰਕ ਸਮੱਸਿਆਵਾਂ ਦਾ ਜ਼ਿਕਰ ਕਰਦੇ ਹੋਏ ਉਸਨੇ ਸਮਾਜ ਵਿਚ ਵਿਧਵਾ ਇਸਤ੍ਰੀਆਂ ਦੀ ਦਸ਼ਾ ਅਤੇ ਵਿਧਵਾ ਵਿਆਹ ਦੇ ਵਿਸ਼ੇ ਨੂੰ ਆਪਣੇ 'ਸੁਸ਼ੀਲਾ ਵਿਧਵਾ' ਜੇਹੇ ਨਾਵਲਾਂ ਅਤੇ 'ਵਿਧਵਾ ਵਿਲਾਪ', 'ਅਬਲਾ ਵਿਲਾਪ' ਆਦਿ ਕਈ ਹੋਰ ਰਚਨਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪ੍ਰਗਟ ਕੀਤਾ ਹੈ। ਉਹ ਇਸਤ੍ਰੀ ਵਿਦਿਆ ਤੇ ਵਿਧਵਾ ਵਿਆਹ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਦਾ ਹੈ। 'ਸੁਸ਼ੀਲਾ ਨੂੰਹ' ਦੀ ਨਾਇਕਾ ਕੁਪੱਤੀ ਸੱਸ ਦੇ ਧੱਕਿਆਂ ਤੇ ਜ਼ੁਲਮਾਂ ਨੂੰ ਸਹਿੰਦੀ ਹੋਈ ਮੌਤ ਦੇ ਮੂੰਹ ਪੈ ਜਾਂਦੀ ਹੈ। ਇਸੇ ਤਰ੍ਹਾਂ 'ਸੁਘੜ ਨੂੰਹ ਤੇ ਲੜਾਕੀ ਸੱਸ', ਅਤੇ 'ਦੋ ਸਹੇਲੀਆਂ ਦੀ ਵਾਰਤਾ' ਵਿਚ ਵੀ ਘਰੇਲੂ ਗੁੰਝਲਾਂ ਅਤੇ ਔਰਤਾਂ ਉਤੇ ਹੁੰਦੇ ਅਤਿਆਚਾਰਾਂ ਦਾ ਵਰਣਨ ਹੈ। ਉਸ ਨੇ ਇਸਤ੍ਰੀ ਦੀ ਦੁਰਦਸ਼ਾ ਤੇ ਸਮਾਜ ਵਿਚ ਔਰਤਾਂ ਦੀ ਮੰਦਹਾਲੀ ਲਈ ਸਮਾਜਕ ਸੰਸਥਾਵਾਂ ਅਤੇ ਇਨ੍ਹਾਂ ਦੇ ਮੁਖੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਵੈਦ ਵਿਅਕਤੀ ਦੀ ਆਰਥਿਕ ਸੁਤੰਤ੍ਰਤਾ ਉਤੇ ਬਹੁਤ ਬਲ ਦੇਂਦਾ ਹੈ ਉਹ ਨੌਕਰੀ ਨਾਲੋਂ ਵਪਾਰ ਤੇ ਦਸਤਕਾਰੀ ਨੂੰ ਉੱਤਮ ਮੰਨਦਾ ਹੈ। ਉਸ ਦਾ ਵਿਚਾਰ ਹੈ ਕਿ ਮਨੁੱਖ ਨੂੰ ਕਿਸੇ ਕਿਤੇ ਵਿਚ ਪ੍ਰਬੀਨਤਾ ਹਾਸਲ ਕਰਕੇ ਆਰਥਿਕ ਪੱਖੋਂ ਸੁਤੰਤ੍ਰਤਾ ਪ੍ਰਾਪਤ ਕਰਨੀ ਚਾਹੀਦੀ ਹੈ। 'ਕਮਾਈ ਦੀ ਬਰਕਤ', 'ਸੁਖੀ ਪਰਵਾਰ', 'ਕਰਮਾਂ ਦਾ ਬੀਰ', 'ਬਿਉਪਾਰ ਦੀ ਬਰਕਤ' ਆਦਿ ਗਲਪ ਰਚਨਾਵਾਂ ਵਿਚ ਇਸ ਵਿਸ਼ੇ ਉਤੇ ਭਰਪੂਰ ਚਰਚਾ ਹੋਈ ਹੈ। ਇਨ੍ਹਾਂ ਨਾਵਲਾਂ ਵਿਚ ਕਮਾਈ ਦੀ ਸਿਖਿਆ ਦੇਂਦੇ ਸਮੇਂ ਵੈਦ ਦੇ ਧੁਰ ਅੰਦਰ ਸਦਾਚਾਰਕ ਭਾਵਨਾ ਵੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਉਸਨੇ ਆਪਣੇ 'ਦੰਪਤੀ ਪਿਆਰ' ਜੇਹੇ ਕੁਝ ਨਾਵਲਾਂ ਵਿਚ ਉਸ ਸਮੇਂ ਦੀਆਂ ਸਮਾਜਕ ਤੇ ਧਾਰਮਿਕ ਕੁਰੀਤੀਆਂ, ਅੰਧ ਵਿਸ਼ਵਾਸਾਂ, ਸਮਾਜ ਦੇ ਚੌਧਰੀਆਂ ਦੀ ਆਚਰਣਿਕ ਗਿਰਾਵਟ ਅਤੇ ਭ੍ਰਿਸ਼ਟਾਚਾਰ ਵਲ ਵੀ ਧਿਆਨ ਦੁਆਇਆ ਹੈ।

ਵਦ ਨੇ ਬੇਸ਼ਕ ਪੰਜਾਬੀ ਨਾਵਲ ਵਿਚ ਕੋਈ ਨਵੀਂ ਸਿਧਾਂਤਕ, ਸੁਹਜਾਤਮਕ ਜਾਂ ਦਾਰਸ਼ਨਿਕ ਸੂਝ ਨਹੀਂ ਲਿਆਂਦੀ ਅਤੇ ਨਾ ਹੀ ਕਿਸੇ ਰਾਜਨੀਤਕ ਚਿੰਤਨ ਨੂੰ ਆਪਣੇ ਨਾਵਲਾਂ ਦਾ ਆਧਾਰ ਬਣਾਇਆ ਹੈ। ਫਿਰ ਵੀ, ਉਸ ਨੇ ਪੰਜਾਬੀ ਨਾਵਲ ਦੇ ਵਿਕਾਸ ਵਿਚ ਮਹੱਤਵਪੂਰਣ ਹਿੱਸਾ ਪਾਇਆ ਹੈ। ਉਸ ਨੇ ਪੰਜਾਬੀ ਨਾਵਲ ਵਿਚ ਕਈ ਨਵੇਂ ਸਿਹਤਮੰਦ ਵਿਸ਼ੇ ਲਿਆ ਕੇ ਪਾਠਕ ਨੂੰ ਨਰੋਆ ਤੇ ਸੁਥਰਾ ਸਾਹਿਤ ਪੜ੍ਹਨ ਦੀ ਚੇਟਕ ਲਗਾਈ ਹੈ।

ਭਾਈ ਮੋਹਨ ਸਿੰਘ ਵੈਦ ਨੇ ਆਪਣੀ ਸਮਰਥਾ ਤੇ ਸੂਝ ਮੁਤਾਬਕ ਹਰ ਸੰਭਵ ਤੇ ਚੰਗੀ ਵੰਨਗੀ ਦੇ ਵਿਸ਼ੇ ਪੰਜਾਬੀ ਨਾਵਲ ਵਿਚ ਲਿਆਉਣ ਦਾ ਯਤਨ ਕੀਤਾ ਹੈ, ਪਰੰਤੂ ਨਾਵਲ ਦੇ ਕਲਾ ਪੱਖ ਵਲ ਉਸ ਨੇ ਕੋਈ ਖਾਸ ਧਿਆਨ ਨਹੀਂ ਦਿੱਤਾ। ਉਸ ਵਿਚ ਗਲਪ ਦੀ ਤਕਨੀਕ ਬਾਰੇ ਚੇਤੰਨਤਾ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਇਸ ਲਈ ਤਕਨੀਕ ਦੇ ਪੱਖ ਤੋਂ ਉਸ ਨੂੰ ਕੋਈ ਨਿਪੁੰਨ ਅਤੇ ਮੌਲਿਕ ਨਾਵਲਕਾਰ ਨਹੀਂ ਕਿਹਾ ਜਾ ਸਕਦਾ। ਉਸ ਦੇ ਬਹੁਤੇ ਨਾਵਲ ਹੋਰਨਾਂ ਭਾਸ਼ਾਵਾਂ ਵਿਚੋਂ ਅਨੁਵਾਦਿਤ ਜਾਂ ਆਧਾਰਿਤ ਹਨ। ਇਸ ਲਈ ਉਸ ਦੀ ਨਾਵਲ ਕਲਾ ਮੌਲਿਕ ਨਹੀਂ, ਸਗੋਂ ਮੂਲ–ਲੇਖਕਾਂ ਦੀ ਕਲਾ ਹੈ ਜਿਨ੍ਹਾਂ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਚਨਾਵਾਂ ਨੂੰ ਉਸ ਨੇ ਆਧਾਰ ਬਣਾਇਆ ਹੈ। ਵੈਦ ਦੇ ਮੌਲਿਕ ਨਾਵਲਾਂ ਉਪਰ ਵੀ ਉਨ੍ਹਾਂ ਲੇਖਕਾਂ ਦੇ ਨਾਵਲਾਂ ਦੀ ਕਲਾ ਦਾ ਪ੍ਰਭਾਵ ਪ੍ਰਤੱਖ ਦ੍ਰਿਸ਼ਟੀ ਗੋਚਰ ਹੁੰਦਾ ਹੈ।

ਵੈਦ ਦੇ ਨਾਵਲਾਂ ਦੇ ਕਲਾ ਪੱਖ ਦੇ ਕਮਜ਼ੋਰ ਹੋਣ ਦਾ ਇਕ ਹੋਰ ਕਾਰਣ ਇਹ ਸਾਮ੍ਹਣੇ ਆਉਂਦਾ ਹੈ ਕਿ ਵੈਦ ਨੇ ਨਾਵਲ ਰਚਨ ਸਮੇਂ ਨਾਵਲ ਦੀ ਗੋਂਦ ਵਲ ਖਾਸ ਧਿਆਨ ਨਹੀਂ ਦਿੱਤਾ ਸਗੋਂ ਜ਼ਿਆਦਾ ਜ਼ੋਰ ਕਹਾਣੀ ਦੇ ਉਪਦੇਸ਼ਾਤਮਕ ਪਹਿਲੂ ਉੱਤੇ ਦਿੱਤਾ ਹੈ। ਇਸੇ ਕਾਰਣ ਮੌਕਾ ਮੇਲ ਦੀ ਵਧੇਰੇ ਵਰਤੋਂ ਕੀਤੀ ਗਈ ਹੈ ਅਤੇ ਕਹਾਣੀ ਨੂੰ ਆਪਣੇ ਮਨੋਰਥ ਦੀ ਸਿੱਧੀ ਲਈ ਕਈ ਅਯਥਾਰਥਕ ਮੋੜ ਦਿੱਤੇ ਹਨ ਪਰ ਪਰਾਸਰੀਰਕ ਅੰਸ਼ ਕੋਈ ਨਹੀਂ। ਉਹ ਵਾਰਤਾਲਾਪ ਨੂੰ ਬੇਲੋੜਾ ਵਧਾ ਲੈਂਦਾ ਹੈ ਅਤੇ ਆਪਣੇ ਨਾਵਲਾਂ ਵਿਚ ਥਾਂ ਥਾਂ ਪਾਤਰਾਂ ਤੇ ਪਰਿਸਥਿਤੀ ਨੂੰ ਲਾਂਭੇ ਛੱਡ ਕੇ ਆਪ ਪਾਠਕਾਂ ਦੇ ਸਨਮੁਖ ਖੜੇ ਕੇ ਉਪਦੇਸ਼ ਦੇਣੇ ਆਰੰਭ ਕਰ ਦਿੰਦਾ ਹੈ। ਭਾਈ ਮੋਹਨ ਸਿੰਘ ਵੈਦ ਲਈ ਕਲਾ ਨਾਲੋਂ ਵਿਚਾਰਾਂ ਦਾ ਮੁੱਲ ਵੱਧ ਸੀ ਅਤੇ ਇਨ੍ਹਾਂ ਵਿਚਾਰਾਂ ਨੂੰ ਸਮਾਜਕ ਜੀਵਨ ਪੱਧਰ ਉੱਚਾ ਕਰਨ ਲਈ ਵਰਤਣ ਦੀ ਉਹ ਤੀਬਰ ਇੱਛਾ ਰੱਖਦਾ ਸੀ।

ਨਾਵਲ ਵਿਚ ਮਨੁੱਖੀ ਜੀਵਨ ਦੇ ਵੱਖ ਵੱਖ ਪੱਖਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਵਾਸਤਵਿਕ ਜੀਵਨ ਵਿਚ ਮਨੁੱਖ ਨਾ ਤਾਂ ਨਿਰੋਲ ਗੁਣਾਂ ਦਾ ਗੁਥਲਾ ਹੋ ਸਕਦਾ ਹੈ ਅਤੇ ਨਾ ਹੀ ਨਿਰੋਲ ਕੁਕਰਮੀ ਜਾਂ ਹਤਿਆਰਾ। ਨਿਰੋਲ ਗੁਣਾਂ ਵਾਲਾ ਵਿਅਕਤੀ ਦੇਵਤਾ ਅਖਵਾਉਣ ਦਾ ਹੱਕਦਾਰ ਹੁੰਦਾ ਹੈ ਅਤੇ ਨਿਰੋਲ ਕੁਕਰਮੀ ਜਾਂ ਹਤਿਆਰਾ ਪਸ਼ੂ ਹੋ ਨਿਬੜਦਾ ਹੈ। ਪਰ ਮਨੁੱਖ ਮਨੁੱਖ ਹੈ। ਭਾਈ ਵੀਰ ਸਿੰਘ ਜੇਹੇ ਸੁਧਾਰਵਾਦੀ ਗਲਪਕਾਰਾਂ ਵਿਚ ਵੱਡਾ ਦੋਸ਼ ਇਹ ਹੈ ਕਿ ਉਹ ਆਪਣੇ ਨਾਇਕ/ਨਾਇਕਾਵਾਂ ਨੂੰ ਅਕਸਰ ਅਯਥਾਰਥ ਵਿਅਕਤੀ ਬਣਾ ਕੇ ਉਨ੍ਹਾਂ ਨੂੰ ਬੇਲੋੜੇ ਗੁਣ ਔਗੁਣਾਂ ਨਾਲ ਭਰ ਦੇਂਦੇ ਹਨ। ਪਰੰਤੂ ਭਾਈ ਮੋਹਨ ਸਿੰਘ ਵੈਦ ਸੁਧਾਰਵਾਦੀ ਹੁੰਦਾ ਹੋਇਆ ਵੀ ਵਧੇਰੇ ਯਥਾਰਥਕ ਹੈ। ਉਸ ਦੇ ਪਾਤਰ ਚੰਗੇ ਮੰਦੇ ਗੁਣਾਂ ਦਾ ਮਜ਼ੂਮ ਹਨ। ਉਸ ਦੇ ਪਾਤਰ ਆਮ ਤੌਰ ਤੇ ਵਾਸਤਵਿਕ ਪੱਧਰ ਉੱਤੇ ਵਿਚਰਦੇ ਹਨ। ਉਸ ਦੇ ਕੁਕਰਮੀ ਪਾਤਰਾਂ ਵਿਚ ਵੀ ਨੇਕੀ ਦੇ ਕੁਝ ਅੰਸ਼ ਹੁੰਦੇ ਹਨ ਅਤੇ ਜੀਵਨ ਦੇ ਕਿਸੇ ਮੋੜ ਉੱਤੇ ਉਨ੍ਹਾਂ ਵਿਚ ਨੇਕੀ ਦੇ ਜਾਗਣ ਨਾਲ ਉਨ੍ਹਾਂ ਦਾ ਸੁਧਾਰ ਹੋ ਜਾਂਦਾ ਹੈ। 'ਸੁਖਦੇਵ ਕੌਰ' ਵਿਚ ਲੱਭੂ ਰਾਮ ਅਤੇ 'ਦੰਪਤੀ ਪਿਆਰ' ਵਿਚ ਥਾਣੇਦਾਰ ਦਾ ਸਿੱਧੇ ਰਸਤੇ ਪੈ ਜਾਣਾ ਇਸ ਦੇ ਵਿਸੇਸ਼ ਉਦਾਹਰਣ ਹਨ। ਇਸ ਤਰ੍ਹਾਂ ਉਹ ਆਪਣੇ ਪਾਤਰਾਂ ਨੂੰ ਵਿਕਾਸ ਸ਼ੀਲ ਬਣਾਉਣ ਦਾ ਜਤਨ ਕਰਦਾ ਹੈ। ਇਸ ਕਾਰਣ ਉਹ ਯਥਾਰਥਕ ਜੀਵਨ ਨੂੰ ਪੇਸ਼ ਕਰਨ ਵਿਚ ਭਾਈ ਵੀਰ ਸਿੰਘ ਤੋਂ ਵਧੇਰੇ ਸਫਲ ਹੋਇਆ ਹੈ। ਉਸ ਨੇ ਮੱਧ ਸ਼੍ਰੇਣੀ, ਹੇਠਲੀ ਮੱਧ ਸ਼੍ਰੇਣੀ, ਤੇ ਨਿਮਨ ਵਰਗ ਦੇ ਨੌਸਰਬਾਜ਼, ਸ਼ਰਾਬੀ, ਰੰਡੀਬਾਜ਼, ਠੱਗ, ਪੁਲਿਸ ਕਰਮਚਾਰੀ, ਘਰੋਗੀ ਨੌਕਰ, ਜਾਂਗਲੀ ਟੱਪਰੀਵਾਸ ਆਦਿ ਹਰ ਪੱਧਰ ਦੇ ਪਾਤਰ ਲਏ ਹਨ। ਉਹ ਪ੍ਰਤੀਨਿਧ ਪਾਤਰਾਂ ਦੇ ਰੂਪ ਵਿਚ ਰੰਡੀਆਂ, ਪੁਲਿਸ ਕਰਮਚਾਰੀਆਂ ਤੇ ਮੋਮੋਠਗਣੀਆਂ ਬੁੱਢੀਆਂ ਦੀ ਪਾਤਰ ਉਸਾਰੀ ਬੜੀ ਨਿਪੁੰਨਤਾ ਨਾਲ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਿਆ ਹੈ। ਇਸ ਮਨੋਰਥ ਲਈ ਪਾਤਰਾਂ ਅਨੁਕੂਲ ਬੋਲੀ ਦੀ ਵਰਤੋਂ ਕਰਕੇ ਵੀ ਰੰਗ ਭਰਨ ਦਾ ਯਤਨ ਕੀਤਾ ਹੈ।

ਵੈਦ ਦੀ ਵਾਰਤਕ ਸ਼ੈਲੀ ਸੁਹਜਾਤਮਕ ਤੇ ਕਲਾ ਪੂਰਨ ਨਹੀਂ ਹੈ। ਮੂਲ ਰੂਪ ਵਿਚ ਉਹ ਪੱਤਰਕਾਰ ਤੇ ਟ੍ਰੈਕਟ ਲੇਖਕ ਹੈ। ਉਸ ਨੇ ਵੱਡੀ ਗਿਣਤੀ ਵਿਚ ਲੇਖ, ਪੁਸਤਕਾਂ ਜਾਂ ਟ੍ਰੈਕਟ ਲਿਖੇ ਹਨ। ਇਸ ਲਈ ਉਸ ਦੀ ਸ਼ੈਲੀ ਕੋਈ ਵਿਸ਼ੇਸ਼ ਰੰਗ ਨਹੀਂ ਧਾਰਣ ਕਰ ਸਕੀ ਅਤੇ ਨਾ ਹੀ ਉਸ ਵਿਚ ਕੋਈ ਉਚੇਚ ਜਾਂ ਸ਼ਿੰਗਾਰ ਹੈ। ਪਰ ਇਕ ਗੱਲ ਵੈਦ ਦੀ ਸੈਲੀ ਵਿਚ ਪ੍ਰਤੱਖ ਹੈ ਕਿ ਉਹ ਆਪਣੀ ਗੱਲ ਸਾਧਾਰਣ ਸ਼ਬਦਾਂ ਰਾਹੀਂ ਸਪਸ਼ਟ ਢੰਗ ਨਾਲ ਕਹਿਣ ਦਾ ਆਦੀ ਹੈ। ਉਸ ਦੀ ਵਾਰਤਕ ਸ਼ੈਲੀ ਤੇ ਸ਼ਬਦ ਚੋਣ ਵਿਚ ਬਨਾਵਟੀਪਨ ਕਿਤੇ ਨਜ਼ਰ ਨਹੀਂ ਆਉਂਦਾ। ਉਸ ਦੀ ਭਾਸ਼ਾ ਸਰਲ, ਠੇਠ, ਸੁਭਾਵਿਕ, ਸਾਦ ਮੁਰਾਦੀ ਤੇ ਸਪਸ਼ਟ ਹੁੰਦੀ ਹੈ। ਉਹ ਗੁਰਬਾਣੀ ਦੀਆਂ ਤੁਕਾਂ ਦੀ ਵਰਤੋਂ ਤਾਂ ਕਰਦਾ ਹੈ ਪਰ ਭਾਈ ਵੀਰ ਸਿੰਘ ਨਾਲੋਂ ਘਟ, ਕਿਧਰੇ ਇਕ ਅੱਧ ਤੁਕ ਹੀ ਵਰਤਦਾ ਹੈ। ਭਾਈ ਵੀਰ ਸਿੰਘ ਦੀ ਵਾਰਤਕ ਜਿਥੇ ਲੇਖਕ ਦੇ ਕਵੀ ਹੋਣ ਕਰਕੇ ਕਾਵਿਮਈ ਹੈ ਉਥੇ ਮੋਹਨ ਸਿੰਘ ਵੈਦ ਵਾਰਤਕ ਸਰਲ, ਭਾਵਕ ਤੇ ਮਿਠਾਸ ਭਰੀ ਹੈ।

ਭਾਈ ਮੋਹਨ ਸਿੰਘ ਵੈਦ ਦਾ ਯਤਨ ਹਰ ਪ੍ਰਕਾਰ ਦੀ ਕਹਾਣੀ ਨੂੰ ਆਪਣੇ ਸਮਾਜ ਸੁਧਾਰ ਦੇ ਉਪਦੇਸ਼ ਲਈ ਨਾਵਲ ਰੂਪ ਵਿਚ ਢਾਹੁਣ ਬਣਾਉਣ ਦਾ ਹੁੰਦਾ ਸੀ। ਉਹ ਮਿਸ਼ਨਰੀ ਸੀ ਤੇ ਆਪਣੇ ਆਪ ਨੂੰ ਦੇਸ਼, ਸਮਾਜ, ਕੌਮ ਤੇ ਮਾਤਭਾਸ਼ਾ ਦੇ ਹਿਤਾਂ ਲਈ ਸਮਰਪਣ ਕਰ ਚੁੱਕਾ ਸੀ। ਉਹ ਆਪ ਲਿਖਦਾ, ਹੋਰਨਾ ਤੋਂ ਲਿਖਵਾਂਦਾ ਅਤੇ ਧੜਾ ਧੜ ਸਾਹਿਤ ਪ੍ਰਕਾਸ਼ਿਤ ਕਰ ਰਿਹਾ ਸੀ। 'ਭਾਸ਼ਾ ਪ੍ਰਚਾਰਕ ਲੜੀ' ਹੇਠਾਂ ਰਚੇ ਗਏ ਉਸ ਦੇ ਲਗਭਗ ਸਾਰੇ ਵਾਰਤਕ ਸਾਹਿਤ ਦਾ ਇਹੋ ਉਦੇਸ਼ ਰਿਹਾ ਹੈ।

ਮੂਲ ਰੂਪ ਵਿਚ ਭਾਈ ਮੋਹਨ ਸਿੰਘ ਵੈਦ ਇਕ ਸੁਧਾਰਕ ਸੀ ਅਤੇ ਉਸ ਦਾ ਮਨੋਰਥ ਪਾਠਕ ਨੂੰ ਸੁਥਰਾ ਅਤੇ ਸਦਾਚਾਰਕ ਪ੍ਰੇਰਨਾ ਵਾਲਾ ਗਲਪ ਸਾਹਿਤ ਦੇਣਾ ਸੀ। ਉਹ ਪੰਜਾਬੀ ਪਾਠਕਾਂ ਦੀ ਨਾਵਲ, ਕਹਾਣੀ ਲਈ ਵਧ ਰਹੀ ਰੁਚੀ ਨੂੰ ਸੰਤੁਸ਼ਟ ਕਰਨ ਹਿਤ ਗਲਪ ਰਚਨਾ ਕਰਦਾ ਸੀ। ਗਲਪ-ਰਚਨਾ ਦੁਆਰਾ ਉਹ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਅਤੇ ਪ੍ਰਚਾਰ ਦੀ ਭਾਵਨਾ ਨੂੰ ਸਾਮ੍ਹਣੇ ਰੱਖਦਾ ਸੀ ਅਤੇ ਆਪਣੀ ਪੱਤਰਕਾਰੀ ਵਿਚ ਗਲਪ-ਰਸ ਸ਼ਮਿਲ ਕਰ ਕੇ ਆਪਣੇ ਪੱਤਰ (ਦੁਖ ਨਿਵਾਰਣ) ਨੂੰ ਹਰਮਨ ਪਿਆਰਾ ਬਣਾਉਣ ਦਾ ਯਤਨ ਕਰਦਾ ਸੀ।[5] ਉਸ ਸਾਮ੍ਹਣੇ ਉੱਚੀ ਪੱਧਰ ਦੀ ਪੰਜਾਬੀ ਗਲਪ ਜਾਂ ਨਾਵਲ ਪੈਦਾ ਕਰਨ ਦਾ ਪ੍ਰਯੋਜਨ ਨਹੀਂ ਸੀ। ਆਪਣੀ ਮਨੋਰਥ ਸਿਧੀ ਲਈ ਉਸ ਨੇ ਦੂਜੀਆਂ ਭਾਸ਼ਾਵਾਂ ਦੇ ਚੰਗੇ ਸਾਹਿਤ ਨੂੰ ਪੰਜਾਬੀ ਵਿਚ ਅਨੁਵਾਦਿਤ ਕੀਤਾ ਜਾਂ ਉਸ ਉੱਤੇ ਆਧਾਰਿਤ ਗਲਪ ਸਾਹਿਤ ਦੀ ਰਚਨਾ ਕੀਤੀ। ਉਸ ਦੇ ਅਨੁਵਾਦਿਤ ਜਾਂ ਆਧਾਰਤ ਨਾਵਲਾਂ ਵਿਚ ਵੱਡੀ ਖੂਬੀ ਇਹ ਹੁੰਦੀ ਹੈ ਕਿ ਲੇਖਕ ਆਪਣੀਆਂ ਰਚਨਾਵਾਂ ਵਿਚ ਜਿਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਂ ਥਾਂ ਬਦਲਦਾ ਹੈ, ਉਥੇ ਸਮਾਜਕ ਤੇ ਇਤਿਹਾਸਕ ਸਥਿਤੀ ਵੀ ਬਦਲ ਦੇਂਦਾ ਹੈ। ਉਨ੍ਹਾਂ ਰਚਨਾਵਾਂ ਨੂੰ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਪੰਜਾਬ ਦੇ ਸਮਾਜਕ ਤੇ ਸਭਿਆ-ਚਾਰਕ ਪ੍ਰਸੰਗ ਵਿਚ ਪੇਸ਼ ਕਰਦਾ ਹੈ। ਇਸੇ ਲਈ ਜੇਕਰ ਉਸ ਨੇ ਆਪਣੇ ਅਨੁਵਾਦਿਤ ਜਾਂ ਆਧਾਰਿਤ ਨਾਵਲਾਂ ਦੇ "ਆਦਿ ਬਚਨਾਂ" ਵਿਚ ਮੂਲ ਲੇਖਕ/ਰਚਨਾ ਦਾ ਸੰਕੇਤ ਨਾ ਦਿੱਤਾ ਹੋਵੇ ਤਾਂ ਸਾਧਾਰਣ ਪਾਠਕ ਨੂੰ ਇਨ੍ਹਾਂ ਰਚਨਾਵਾਂ ਦੇ ਮੌਲਿਕ ਹੋਣ ਦਾ ਭੁਲੇਖਾ ਲਗ ਸਕਦਾ ਹੈ। ਉਹ ਆਪਣੇ ਨਾਵਲਾਂ ਵਿਚ ਮਨੋਰਥ-ਸਿਧੀ ਦੇ ਪੱਖੋਂ ਭ ਈ ਵੀਰ ਸਿੰਘ ਤੋਂ ਪ੍ਰਭਾਵਿਤ ਹੈ ਪਰ ਆਪਣੇ ਖੇਤਰ, ਪ੍ਰਭਾਵ ਤੇ ਵਾਤਾਵਰਣ ਦੇ ਪੱਖੋਂ ਵਧੇਰੇ ਲੌਕਿਕ ਤੇ ਜੀਵਨ ਦੇ ਵਧੇਰੇ ਨੇੜੇ ਹੈ। ਉਸ ਸਾਮ੍ਹਣੇ ਪੰਜਾਬੀ ਭਾਈਚਾਰੇ ਨੂੰ ਸੁਧਾਰਨ ਦਾ ਪ੍ਰਯੋਜਨ ਵੀ ਉਤਨਾ ਹੀ ਵੱਡਾ ਹੈ ਜਿਤਨਾ ਪੰਜਾਬੀ ਸਾਹਿਤ ਨੂੰ ਭਰਪੂਰ ਕਰਨ ਦਾ। ਵੈਦ ਦੇ ਨਾਵਲ ਆਪਣੇ ਵਿਸ਼ੇ ਵਸਤੂ ਪੱਖੋਂ ਭਾਈ ਵੀਰ ਸਿੰਘ ਦੀ ਗਲਪ-ਰਚਨਾ ਦੇ ਸਹਿਜ-ਵਿਕਾਸ ਦੀ ਸ਼ਾਹਦੀ ਭਰਦੇ ਹਨ ਅਤੇ ਆਪਣੇ ਵਿਸ਼ੇ ਪੱਖੋਂ ਸਿੱਖ ਧਰਮ ਦੀ ਸਵੱਛਤਾ ਤੇ ਉੱਚਤਾ ਦੇ ਆਦਰਸ਼-ਪ੍ਰੇਰਤ ਹੋਣ ਦੇ ਬਾਵਜੂਦ ਵੀ ਆਪਣੇ ਨਿਭਾਅ ਵਿਚ ਇਹ ਸਮਕਾਲੀ ਯਥਾਰਥ ਨੂੰ ਰੂਪਮਾਨ ਕਰਨ ਵਿਚ ਰੁਚਿਤ ਪ੍ਰਤੀਤ ਹੁੰਦੇ ਹਨ।[6]

ਹਵਾਲੇ ਤੇ ਟਿੱਪਣੀਆਂ

1. ਸ. ਸ. ਦੁਸਾਂਝ, 'ਪੰਜਾਬੀ ਇਤਿਹਾਸਕ ਨਾਵਲ', ਪੰਨਾ 34
2. ਉਹੀ
3. 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਗ ਦੂਜਾ), ਭਾਸ਼ਾ ਵਿਭਾਗ, ਪੰਨਾ 338
4. ਅਬਨਾਸ ਕੌਰ, 'ਪੰਜਾਬੀ ਨੂੰ ਭਾਈ ਮੋਹਨ ਸਿੰਘ ਵੈਦ ਦੀ ਦੇਣ', ਪੰਨਾ 63
5. ਉਹੀ, ਪੰਨਾ 196
6. ਜੀਤ ਸਿੰਘ ਸੀਤਲ, 'ਆਧੁਨਿਕ ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ 278

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਨਾਵਲ ਅਤੇ ਜਸਵੰਤ ਸਿੰਘ ਕੰਵਲ

ਪੰਜਾਬੀ ਨਾਵਲ ਦਾ ਜਨਮ ਪੱਛਮੀ ਸਾਹਿਤ ਦੇ ਪਏ ਪ੍ਰਭਾਵ ਦਾ ਹੀ ਪ੍ਰਤੀਫਲ ਹੈ। ਇਹ ਪ੍ਰਭਾਵ ਪੰਜਾਬੀ ਨਾਵਲ ਉੱਤੇ ਸਿੱਧਾ ਨਹੀਂ ਸਗੋਂ ਬੰਗਾਲੀ, ਉਰਦੂ ਤੇ ਹਿੰਦੀ ਸਾਹਿਤ ਰਾਹੀਂ ਪਿਆ ਹੈ। ਪੰਜਾਬੀ ਨਾਵਲ ਕੁਝ ਹੋਰ ਸਾਹਿਤ ਰੂਪਾਂ ਵਾਂਗ ਉਲਥਿਆਂ ਰਾਹੀਂ ਹੀ ਆਰੰਭ ਹੁੰਦਾ ਹੈ। ਸੁਚੇਤ ਰੂਪ ਵਿਚ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਭਾਈ ਵੀਰ ਸਿੰਘ ਨੇ 'ਸੁੰਦਰੀ' 1898 ਈ. ਵਿਚ ਲਿਖਿਆ। ਉਸ ਤੋਂ ਪਿੱਛੋਂ ਉਸ ਨੇ 'ਬਿਜੈ ਸਿੰਘ', 'ਸਤਵੰਤ ਕੌਰ', 'ਬਾਬਾ ਨੌਧ ਸਿੰਘ' ਨਾਂ ਦੇ ਨਾਵਲ ਪ੍ਰਕਾਸ਼ਿਤ ਕੀਤੇ। ਭਾਈ ਵੀਰ ਸਿੰਘ ਤੇ ਉਸ ਦੇ ਸਮਕਾਲੀ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਆਦਿ ਹੋਰ ਨਾਵਲਕਾਰਾਂ ਨੇ ਧਰਮ ਸੁਧਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਨਾਵਲ ਲਿਖਣੇ ਆਰੰਭ ਕੀਤੇ।

ਇਹ ਲਹਿਰਾਂ ਆਪਣੇ ਪੁਰਾਣੇ ਸਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਉਪਾਸ਼ਕ ਸਨ। ਇਸੇ ਕਰਕੇ ਉਸ ਸਮੇਂ ਦੇ ਪੰਜਾਬੀ ਨਾਵਲ ਵਿਚ ਧਰਮ ਸੁਧਾਰ ਦੇ ਮੰਤਵ ਨੂੰ ਸਫਲ ਬਣਾਉਣ ਲਈ ਪੁਰਾਤਨ ਇਤਿਹਾਸਕ ਸਥਿਤੀਆਂ ਨੂੰ ਵਾਹਣ ਬਣਾਇਆ ਗਿਆ ਹੈ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਅਠਾਰਵੀਂ ਸਦੀ ਦੇ ਉਸ ਸਮੇਂ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਜਦੋਂ ਪੰਜਾਬ ਵਿਚ ਸਿੱਖ ਜ਼ੁਲਮ ਸਹਿੰਦੇ ਅਤੇ ਅਨਿਆਂ ਦਾ ਟਾਕਰਾ ਕਰਦੇ ਹੋਏ ਉੱਨਤੀ ਵੱਲ ਜਾ ਰਹੇ ਸਨ। ਹੌਲੀ ਹੌਲੀ ਇਨ੍ਹਾ ਧਰਮ-ਸੁਧਾਰਕ ਲਹਿਰਾਂ ਵਿਚ ਸਮਾਜ ਸੁਧਾਰ ਦਾ ਰੰਗ ਵਿਦਮਾਨ ਹੋਣ ਲਗ ਪਿਆ। ਵਿਦਿਆ ਅਤੇ ਵਿਸ਼ੇਸ਼ ਕਰਕੇ ਇਸਤਰੀ ਵਿਦਿਆ ਦਾ ਪ੍ਰਚਾਰ ਕਰਨਾ, ਪੁਰਾਣੇ ਵਹਿਮਾਂ-ਭਰਮਾਂ, ਭੈੜੇ ਤੇ ਕੋਝੇ ਰਸਮੋ-ਰਿਵਾਜ਼ਾਂ ਦਾ ਵਿਰੋਧ ਕਰਨਾ, ਨਸ਼ਿਆਂ ਤੋਂ ਛੁਟਕਾਰਾ ਪਾਉਣਾ ਇਨ੍ਹਾਂ ਲਹਿਰਾਂ ਦਾ ਵਿਸ਼ੇਸ਼ ਕਾਰਜ ਖੇਤਰ ਬਣ ਗਿਆ ਸੀ। ਇਸ ਲਈ ਹੀ ਉਸ ਸਮੇਂ ਭਾਈ ਮੋਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਨੇ ਧਰਮ-ਸੁਧਾਰ ਦੇ ਘਰੋਗੀ ਰੰਗਣ ਵਿਚ ਰੰਗੇ ਨਾਵਲ ਲਿਖੇ। ਪੰਜਾਬ ਵਿਚ ਇਨ੍ਹਾਂ ਧਰਮ ਸੁਧਾਰਕ ਲਹਿਰਾਂ ਦਾ ਬੋਲਬਾਲਾ ਵੀਹਵੀਂ ਸਦੀ ਈਸਵੀ ਦੇ ਦੂਜੇ ਦਹਾਕੇ ਦੇ ਅੰਤ ਤਕ ਵਧੇਰੇ ਰਿਹਾ। ਇਸ ਗੱਲ ਦਾ ਪ੍ਰਗਟਾਵਾ ਉਸ ਸਮੇਂ ਦੇ ਨਾਵਲਾਂ ਵਿਚੋਂ ਭਲੀ-ਭਾਂਤ ਹੁੰਦਾ ਹੈ। ਇਸ ਤਰ੍ਹਾਂ ਧਾਰਮਿਕ, ਇਤਿਹਾਸਕ ਅਤੇ ਘਰੋਗੀ ਸਮੱਸਿਆਵਾਂ ਨਾਲ ਸੰਬੰਧਿਤ ਸੁਧਾਰਕ ਨਾਵਲਾਂ ਦਾ ਸਮਾਂ ਭਾਈ ਵੀਰ ਸਿੰਘ ਦੇ 'ਸੁੰਦਰੀ' ਤੋਂ ਲੈ ਕੇ 1920 ਈ. ਤੱਕ ਮਿਥਿਆ ਜਾ ਸਕਦਾ ਹੈ। ਉਸ ਤੋਂ ਪਿੱਛੋਂ ਵੀ ਭਾਵੇਂ ਇਸ ਭਾਵਨਾਂ ਵਾਲੀਆਂ ਕੁਝ ਗਲਪ ਰਚਨਾਵਾਂ ਲਿਖੀਆਂ ਮਿਲਦੀਆਂ ਹਨ, ਪਰ ਇਹ ਉਸ ਕਾਲ ਦੀਆਂ ਪ੍ਰਤੀਨਿਧ ਨਹੀਂ ਕਹੀਆਂ ਜਾ ਸਕਦੀਆਂ।

ਸਿੱਖਾਂ ਨਾਲ ਸੰਬੰਧਿਤ ਧਰਮ ਸੁਧਾਰਕ ਲਹਿਰਾਂ ਵਿਚੋਂ "ਸਿੰਘ ਸਭਾ ਲਹਿਰ" ਪ੍ਰਮੁੱਖ ਹੈ। ਇਸ ਦਾ ਮੁੱਖ ਮੰਤਵ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ। ਇਸ ਲਹਿਰ ਦੇ ਅਧੀਨ ਹੀ ਪੰਜਾਬੀ ਨਾਵਲ ਦਾ ਮੂਲ ਰੂਪ ਵਿਚ ਮੁੱਢ ਬੱਝਿਆ। ਭਾਈ ਵੀਰ ਸਿੰਘ ਧਾਰਮਿਕ, ਇਤਿਹਾਸਕ ਨਾਵਲਾਂ ਦੀ ਪਰੰਪਰਾ ਦਾ ਮੋਢੀ ਹੈ। ਉਸ ਦਾ ਮੁੱਖ ਮੰਤਵ ਸਿੱਖ ਧਰਮ ਵਿਚ ਆ ਚੁੱਕੀ ਗਿਰਾਵਟ ਨੂੰ ਆਪਣੇ ਨਾਵਲਾਂ ਰਾਹੀਂ ਮੁੜ ਸੁਰਜੀਤ ਕਰਨਾ ਸੀ। ਇਸ ਪਰੰਪਰਾ ਦੇ ਅਧੀਨ ਹੀ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਆਦਿ ਨਾਵਲ ਕਾਰਾਂ ਨੇ ਨਾਵਲ ਰਚੇ, ਪਰ ਉਨ੍ਹਾਂ ਦਾ ਮੂਲ ਉਦੇਸ਼ ਸਮਾਜ ਸੁਧਾਰ ਹੈ। ਕੁਝ ਨਾਵਲਾਂ ਵਿਚ ਸਮਾਜ ਸੁਧਾਰ ਦੇ ਨਾਲ ਨਾਲ ਧਾਰਮਿਕ ਰੰਗਣ ਵੀ ਆ ਗਈ ਹੈ। ਉਨ੍ਹਾਂ ਦੇ ਲਗਭਗ ਸਾਰੇ ਨਾਵਲ ਉਪਦੇਸ਼ਾਤਮਕ ਹਨ। ਉਹ ਆਪਣੇ ਨਾਵਲ ਰਾਹੀਂ ਉਸ ਸਮੇਂ ਦੇ ਸਮਾਜਕ ਜੀਵਨ ਉੱਤੇ ਝਾਤ ਪੁਆ ਕੇ ਸਮਾਜ ਦੀਆਂ ਵੱਖ ਵੱਖ ਕੁਰੀਤੀਆਂ ਨੂੰ ਦੂਰ ਕਰਨਾ ਚਾਹੁੰਦੇ ਹਨ। ਉਸ ਸਮੇਂ ਕੁਝ ਹੋਰ ਨਾਵਲਕਾਰਾਂ ਨੇ ਇਕਾ-ਦੁਕਾ ਰਚਨਾਵਾਂ ਵੀ ਕੀਤੀਆਂ। ਪਰੰਤੂ ਉਹ ਵਧੇਰੇ ਅਨੁਵਾਦਤ ਜਾਂ ਆਧਾਰਿਤ ਹੀ ਸਨ। ਭਾਈ ਵੀਰ ਸਿੰਘ ਵਾਲੀ ਧਾਰਮਿਕ ਇਤਿਹਾਸਕ ਦ੍ਰਿਸ਼ਟੀਕੋਣ ਵਾਲੀ ਪਰੰਪਰਾ ਦਾ ਪ੍ਰਭਾਵ ਪਿਛਲੇਰੇ ਨਾਵਲਕਾਰਾਂ ਉੱਤੇ ਵੀ ਪਿਆ ਹੈ ਪਰ ਉਨ੍ਹਾਂ ਨੇ ਸਮਕਾਲੀ ਪ੍ਰਭਾਵ ਅਧੀਨ ਘਰੋਗੀ ਤੇ ਸਦਾਚਾਰਕ ਵਿਸ਼ਿਆਂ ਨੂੰ ਵਧੇਰੇ ਮਹੱਤਾ ਦਿੱਤੀ। ਇਹ ਘਰੋਗੀ ਸਮੱਸਿਆਵਾਂ ਨਾਲ ਸਬੰਧਤ ਨਾਵਲਾਂ ਦੀ ਪਰੰਪਰਾ ਵੀ ਡੇਢ ਦੋ ਦਹਾਕਿਆਂ ਵਿਚ ਹੀ ਸਮਾਪਤ ਹੋ ਗਈ ਅਤੇ ਪੰਜਾਬੀ ਨਾਵਲ ਧਾਰਮਿਕ, ਇਤਿਹਾਸਕ ਅਤੇ ਘਰੋਗੀ ਸਦਾਚਾਰਕ ਨਾਵਲਾਂ ਤੋਂ ਅੱਗੇ ਸਮਾਜਕ ਤੇ ਰੁਮਾਂਚਿਕ ਨਾਵਲ ਵੱਲ ਕਦਮ ਪੁੱਟਣ ਲੱਗਾ।

ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਤੇ ਅੰਮ੍ਰਿਤਾ ਪ੍ਰੀਤਮ ਆਪਣੇ ਨਾਵਲਾਂ ਵਿਚ ਰੁਮਾਂਚਿਕ ਤੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਨੂੰ ਅਪਣਾ ਕੇ ਨਾਵਲ ਦੇ ਵਿਸ਼ੇ ਖੇਤਰ ਨੂੰ ਵਿਸ਼ਾਲ ਬਣਾਉਂਦੇ ਹਨ। ਇਸ ਕਾਲ ਵਿਚ ਨਾਵਲਕਾਰਾਂ ਦੇ ਵਿਸ਼ੇ ਤਾਂ ਮਹੱਤਵਪੂਰਣ ਹਨ ਪਰ ਉਨ੍ਹਾਂ ਦਾ ਦ੍ਰਿਸ਼ਟੀਕੋਣ ਨਿਰੋਲ ਰੁਮਾਂਚਿਕ ਤੇ ਆਦਰਸ਼ਵਾਦੀ ਹੈ। ਨਾਨਕ ਸਿੰਘ ਦੇ ਪਹਿਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਰ ਨਾਵਲਾਂ 'ਮਤਰੇਈ ਮਾਂ', 'ਮਿੱਠਾ ਮਹੁਰਾ', 'ਕਾਲ ਚੱਕਰ' ਤੇ 'ਪ੍ਰੇਮ ਸੰਗੀਤ' ਦੇ ਵਿਸ਼ੇ ਸਾਧਾਰਨ ਤੇ ਇਕਹਿਰੇ ਹਨ । ਉਸ ਨੇ ਸਮਾਜਕ ਬੁਰਾਈਆਂ ਨੂੰ ਅਤਿ ਉਪ-ਭਾਵਕ ਢੰਗ ਨਾਲ ਬਿਆਨਿਆ ਹੈ । ਇਨ੍ਹਾਂ ਨਾਵਲਾਂ ਦਾ ਆਕਾਰ ਛੋਟਾ ਹੈ । ਇਨ੍ਹਾਂ ਨਾਵਲਾਂ ਵਿਚ ਸਮੱਸਿਆਵਾਂ ਦੇ ਨਿਭਾਅ ਵਿਚ ਸਮਾਜਕ ਵਿਸ਼ਲੇਸ਼ਣ ਦੀ ਘਾਟ ਤੇ ਪਾਤਰਾਂ ਦੇ ਮਨੋਵਿਸ਼ਲੇਸ਼ਣ ਦਾ ਅਭਾਵ ਹੈ । ਪਾਠਕਾਂ ਨੂੰ ਸੰਬੋਧਨ ਕਰਨ ਦੀ ਰੁਚੀ ਪ੍ਰਬਲ ਹੈ । ਪਰ ਨਾਨਕ ਸਿੰਘ ਦੇ 'ਚਿੱਟਾ ਲਹੂ' ਦੀ ਪ੍ਰਕਾਸ਼ਨਾ ਤੋਂ ਪਿੱਛੋਂ ਸਮਾਜਕ, ਰਾਜਨੀਤਕ, ਆਰਥਿਕ ਆਦਿ ਹਰ ਤਰ੍ਹਾਂ ਦੇ ਵਿਸ਼ੇ ਪੰਜਾਬੀ ਨਾਵਲ ਦੇ ਖੇਤਰ ਵਿਚ ਆਏ ਹਨ । 'ਚਿੱਟਾ ਲਹੂ' ਵਿਚ ਨਾਨਕ ਸਿੰਘ, 'ਪਿਉ ਪੁੱਤਰ' ਵਿਚ ਸੁਰਿੰਦਰ ਸਿੰਘ ਨਰੂਲੇ ਨੇ ਤੇ 'ਲਹੂ ਮਿੱਟੀ' ਵਿਚ ਸੰਤ ਸਿੰਘ ਸੇਖੋਂ ਨੇ ਵਿਅਕਤੀ ਦੇ ਜੀਵਨ ਨੂੰ ਉਸ ਦੇ ਸਮਾਜਕ ਤੇ ਆਰਥਿਕ ਪਿੱਛੋਕੜ ਵਿਚ ਵੀ ਪੇਸ਼ ਕੀਤਾ ਗਿਆ ਹੈ । ਇਥੇ ਸਹਿਜ ਸੁਭਾ ਕਈ ਜ਼ਰੂਰੀ ਸਮੱਸਿਆਵਾਂ ਨੂੰ ਨਾਵਲ ਦੇ ਚਿੱਤਰ-ਪੱਟ ਉੱਤੇ ਯਥਾਰਥਕ ਰੂਪ ਵਿਚ ਪ੍ਰਗਟਾਉਣ ਦੇ ਜਤਨ ਵੀ ਕੀਤੇ ਗਏ ਹਨ । ਇਹ ਵਿਕਾਸ ਕੇਵਲ ਨਾਵਲਕਾਰਾਂ ਦੇ ਵਿਸ਼ੇ ਖੇਤਰ ਵਿਚ ਹੀ ਨਹੀਂ ਹੋਇਆ, ਸਗੋਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਵੀ ਅਜੇਹੀ ਪ੍ਰਗਤੀ ਭਲੀ ਭਾਂਤ ਦ੍ਰਿਸ਼ਟੀ ਗੋਚਰ ਹੈ । ਸੁਰਿੰਦਰ ਸਿੰਘ ਨਰੂਲੇ ਦੇ 'ਪਿਉ ਪੁੱਤਰ' ਨਾਵਲ ਰਾਹੀਂ ਪੰਜਾਬੀ ਨਾਵਲ ਨੇ ਯਥਾਰਥਕ ਦ੍ਰਿਸ਼ਟੀਕੋਣ ਅਪਣਾਇਆ ਹੈ । ਉਸ ਨੇ ਆਪਣੇ ਬਾਕੀ ਨਾਵਲਾਂ ਵਿਚ ਵੀ ਵਾਸਤਵ ਜੀਵਨ ਨੂੰ ਯਥਾਰਥਕ ਦ੍ਰਿਸ਼ਟੀਕੋਣ ਤੋਂ ਚਿਤ੍ਰਣ ਦਾ ਸ਼ਲਾਘਾਯੋਗ ਜਤਨ ਕੀਤਾ ਹੈ । ਸੰਤ ਸਿੰਘ ਸੇਖੋਂ ਨੇ 'ਲਹੂ ਮਿੱਟੀ' ਰਾਹੀਂ ਸਮਾਜਵਾਦੀ ਦ੍ਰਿਸ਼ਟੀਕੋਣ ਵਰਤ ਕੇ ਵਿਅਕਤੀ ਦੀ ਵਧ ਰਹੀ ਚੇਤੰਨਤਾ ਦਰਸਾਈ ਹੈ । ਇਸ ਦੇ ਨਾਲ ਹੀ ਉਸ ਨੇ ਵਿਗਿਆਨਕ ਯੁਗ ਵਿਚ ਕਾਮਾ ਸ਼੍ਰੇਣੀ ਦੀ ਜੀਊਣ ਲਈ ਜਦੋ ਜਹਿਦ ਪ੍ਰਗਟ ਕੀਤੀ ਹੈ । ਸੁਰਜੀਤ ਹਾਂਸ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ, ਕਰਤਾਰ ਸਿੰਘ ਦੁੱਗਲ, ਦਲੀਪ ਕੌਰ ਟਿਵਾਣਾ ਤੇ ਨਰਿੰਜਨ ਤਸਨੀਮ ਨਾਲ ਪੰਜਾਬੀ ਨਾਵਲ ਨੇ ਹੋਰ ਵੱਡਾ ਪੰਧ ਤਹਿ ਕਰਕੇ ਨਾਵਲ ਦੇ ਖੇਤਰ ਵਿਚ ਉੱਤਮ ਕ੍ਰਿਤਾਂ ਪ੍ਰਦਾਨ ਕੀਤੀਆਂ । ਇਸ ਤਰ੍ਹਾਂ ਪੰਜਾਬੀ ਨਾਵਲ ਜਿਸ ਦਾ ਜਨਮ ਧਾਰਮਿਕ ਪ੍ਰਭਾਵਾਂ ਅਧੀਨ ਹੋਇਆ ਉਸ ਨੇ ਮਨੁੱਖੀ ਜੀਵਨ ਦੇ ਵਿਕਾਸ ਵਾਂਗ ਹੀ ਆਪਣਾ ਰੰਗ ਹਰੇਕ ਪੜਾਅ ਉੱਤੇ ਆਪਣੀ ਸਮਰੱਥਾ ਅਨੁਸਾਰ ਵਟਾਇਆ । ਮਨੁੱਖ ਦੀਆਂ ਸੁਹਜਾਤਮਕ ਤੇ ਬੌਧਿਕ ਸ਼ਕਤੀਆਂ ਦੇ ਵਿਕਾਸ ਦੇ ਨਾਲ ਨਾਲ ਹੀ ਪੰਜਾਬੀ ਨਾਵਲ ਕਲਾ ਵੀ ਅਮੀਰ ਹੁੰਦੀ ਗਈ ।

ਨਾਨਕ ਸਿੰਘ ਤੋਂ ਬਾਅਦ ਪੰਜਾਬੀ ਨਾਵਲ ਵਿਚ ਪ੍ਰਮੁੱਖ ਸਥਾਨ ਜਸਵੰਤ ਸਿੰਘ ਕੰਵਲ ਦਾ ਹੈ । ਉਸ ਦੇ ਨਾਵਲ ਸ਼ਾਇਦ ਸਭ ਤੋਂ ਵੱਧ ਪੜ੍ਹੇ ਗਏ ਹਨ । ਪੰਜਾਬੀ ਸਾਹਿਤ ਦੇ ਪਾਠਕ ਪੈਦਾ ਕਰਨ ਵਿਚ ਉਸ ਦਾ ਮਹੱਤਵਪੂਰਣ ਹਿੱਸਾ ਹੈ । ਉਹ ਆਪਣੇ ਨਾਵਲਾਂ ਵਿਚ ਵਧੇਰੇ ਮਾਲਵੇ ਦੇ ਪਿੰਡਾਂ ਦੇ ਜੀਵਨ ਨੂੰ ਚਿੱਤ੍ਰਦਾ ਹੈ, ਪਰ ਨਾਵਲ ਕਲਾ ਦੇ ਪੱਖ ਤੋਂ ਉਸ ਨੇ ਕੋਈ ਸ਼ਲਾਘਾਯੋਗ ਕਦਮ ਨਹੀਂ ਪੁੱਟਿਆ ਤੇ ਨਾਨਕ ਸਿੰਘ ਦੀ ਧਾਰਾ ਦੇ ਬਰਾਬਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਰਿਹਾ ਹੈ। ਨਾਨਕ ਸਿੰਘ ਤੇ ਕੰਵਲ ਵਿਚ ਵੱਡਾ ਫ਼ਰਕ ਇਹ ਹੈ ਕਿ ਨਾਨਕ ਸਿੰਘ ਆਪਣੇ ਨਾਵਲਾਂ ਵਿਚ ਸ਼ਹਿਰੀ ਜੀਵਨ ਦੀ ਪੇਸ਼ਕਾਰੀ ਕਰਦਾ ਹੈ ਤੇ ਕੰਵਲ ਨੇ ਮਾਲਵੇ ਦੇ ਪੇਂਡੂ ਜੀਵਨ ਨੂੰ ਆਪਣੇ ਨਾਵਲ਼ਾਂ ਦੀ ਆਧਾਰ ਭੂਮੀ ਬਣਾਇਆ ਹੈ।

ਕੰਵਲ ਸੁਚੇਤ ਰੂਪ ਵਿਚ ਸਮਾਜਵਾਦੀ ਨਾਵਲਕਾਰ ਬਣਨ ਦਾ ਦਾਹਵਾ ਕਰਦਾ ਹੈ ਪਰ ਉਸ ਦੇ ਨਾਵਲਾਂ ਵਿਚ ਉਸ ਦੇ ਸਮਾਜਵਾਦੀ ਸਿਧਾਂਤ ਦੀ ਸੂਝ ਪੇਤਲੀ ਜਹੀ ਪ੍ਰਗਟ ਹੋਈ ਹੈ। ਉਸ ਦੇ ਨਾਵਲਾਂ ਦਾ ਮੁੱਖ ਗੁਣ ਕਹਾਣੀ ਰਸ ਹੈ। ਉਸ ਨੇ ਸੁਚੇਤ ਰੂਪ ਵਿਚ ਆਪਣੇ ਸਮਕਾਲੀ ਜੀਵਨ ਨੂੰ ਯਥਾਰਥਕ ਢੰਗ ਨਾਲ ਚਿੱਤ੍ਰਣ ਦਾ ਜਤਨ ਕੀਤਾ ਹੈ। ਪਰ ਵਧੇਰੇ ਸਫਲ ਨਹੀਂ ਹੋ ਸਕਿਆ। ਕੰਵਲ ਨਾਨਕ ਸਿੰਘ ਵਾਂਗ ਭਾਵੇਂ ਸੁਧਾਰਵਾਦੀ ਰੁਚੀਆਂ ਦਾ ਧਾਰਨੀ ਨਹੀਂ ਸਗੋਂ ਕ੍ਰਾਂਤੀਕਾਰੀ ਹੈ, ਪਰ ਵਿਸ਼ੇ ਦੀ ਪੇਸ਼ਕਾਰੀ ਵਿਚ ਉਹ ਨਿਰੋਲ ਪਰੰਪਰਾਵਾਦੀ ਢੰਗ ਅਪਣਾਉਂਦਾ ਹੈ। ਆਪਣੀ ਆਦਰਸ਼ਵਾਦੀ ਰੁੱਚੀ ਦੇ ਅਧੀਨ ਉਹ ਨਾਨਕ ਸਿੰਘ ਦੇ ਅਸਲੋਂ ਨੇੜੇ ਹੈ। ਕੰਵਲ ਨੂੰ ਪਿੰਡ ਦੇ ਲੋਕਾਂ ਦੇ ਹਾਵਾਂ ਭਾਵਾਂ ਦਾ ਅਨੁਭਵ ਭਾਵੇਂ ਵੱਡੀ ਮਾਤਰਾ ਵਿਚ ਹੈ, ਪਰ ਜੀਵਨ ਨੂੰ ਪੇਸ਼ ਕਰਨ ਦੀ ਵਿਧੀ ਆਦਰਸ਼ਕ ਹੈ। ਵਿਗਿਆਨਕ ਸੂਝ ਦੀ ਘਾਟ ਕਾਰਨ ਕੰਵਲ ਦੇ ਨਾਵਲ ਸੂਝਵਾਨ ਪਾਠਕਾਂ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰ ਸਕੇ ਅਤੇ ਘੱਟ ਪੜ੍ਹੇ ਪਾਠਕਾਂ ਲਈ ਕਥਾ ਰਸ ਬਣ ਕੇ ਰਹਿ ਗਏ ਹਨ।

ਕੰਵਲ ਤੇ ਨਰੂਲਾ ਭਾਵੇਂ ਨਾਵਲ ਦੇ ਖੇਤਰ ਵਿਚ ਲਗ ਭਗ ਇਕੱਠੇ ਹੀ ਪ੍ਰਵੇਸ਼ ਕਰਦੇ ਹਨ। ਪਰ ਦੋਹਾਂ ਦੀ ਕਲਾ ਵਿਚ ਢੇਰ ਫਰਕ ਹੈ। ਨਰੂਲਾ ਨਾਨਕ ਸਿੰਘ ਤੋਂ ਜਿੰਨਾ ਦੂਰ ਹੈ, ਕੰਵਲ ਉਨਾ ਹੀ ਨਾਨਕ ਸਿੰਘ ਦੇ ਨੇੜੇ ਹੈ। ਕੰਵਲ ਦੇ ਬਹੁਤੇ ਨਾਵਲ ਨਾਨਕ ਸਿੰਘ ਵਾਲੀ ਆਦਰਸ਼ਵਾਦੀ ਮਨੋਕਲਪਨਾ ਅਤੇ ਪਾਤਰ ਚਿੱਤ੍ਰਣ ਦੀ ਕਮਜ਼ੋਰੀ ਦਾ ਸ਼ਿਕਾਰ ਹਨ।

ਨਰਿੰਦਰਪਾਲ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਨੇ ਵੀ ਕੰਵਲ ਤੇ ਨਰੂਲੇ ਦੇ ਨਾਲ ਹੀ ਨਾਵਲ ਲਿਖਣੇ ਸ਼ੁਰੂ ਕੀਤੇ ਸਨ। ਅੰਮ੍ਰਿਤਾ ਦੇ ਲਗ ਭਗ ਦੋ ਦਰਜਨ ਤੇ ਨਰਿੰਦਰਪਾਲ ਸਿੰਘ ਦੇ ਇਕ ਦਰਜਨ ਤੋਂ ਵੱਧ ਨਾਵਲ ਛਪ ਚੁੱਕੇ ਹਨ। ਪਰ ਇਨ੍ਹਾਂ ਦੋਹਾਂ ਨੂੰ ਕੰਵਲ ਜਾਂ ਨਰੂਲੇ ਜਿੰਨੀ ਸਫ਼ਲਤਾ ਪ੍ਰਾਪਤ ਨਹੀਂ ਹੋਈ। ਅੰਮ੍ਰਿਤਾ ਦੇ ਨਾਵਲ ਵਧੇਰੇ ਕਾਵਿ ਮਈ ਹੁੰਦੇ ਹਨ ਅਤੇ ਉਹ ਆਪਣੀ ਕਵਿਤਾ ਵਿਚਲੇ ਖਿਆਲਾਂ ਤੇ ਜਜ਼ਬਿਆਂ ਨੂੰ ਨਾਵਲਾਂ ਰਾਹੀਂ ਪੇਸ਼ ਕਰਨ ਦਾ ਜਤਨ ਕਰਦੀ ਹੈ। ਨਰਿੰਦਰਪਾਲ ਸਿੰਘ ਦੀ ਸਮਰਥਾ ਅੰਮ੍ਰਿਤਾ ਤੋਂ ਵੱਧ ਹੈ। ਉਸ ਦੇ ਨਾਵਲ ਵਧੇਰੇ ਇਤਿਹਾਸਕ ਹਨ। ਕਿਤੇ ਕਿਤੇ ਯਥਾਰਥ ਦਾ ਅੰਸ਼ ਵੀ ਮੌਜੂਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਪਰ ਕਲਾ ਦੇ ਪੱਖੋਂ ਕਮਜ਼ੋਰ ਹਨ ।

ਇਸ ਤਰ੍ਹਾਂ ਨਾਨਕ ਸਿੰਘ ਤੋਂ ਬਾਅਦ ਕੰਵਲ ਹੀ ਸਭ ਤੋਂ ਵੱਧ ਹਰਮਨ ਪਿਆਰਾ ਹੋਇਆ ਹੈ । ਨਰੂਲਾ ਵਧੇਰੇ ਵਿਦਵਾਨ ਅਤੇ ਵਧਰੇ ਯਥਾਰਥਵਾਦੀ ਹੁੰਦਾ ਹੋਇਆ ਵੀ ਪਾਠਕਾਂ ਦੀ ਕਲਪਨਾ ਨੂੰ ਆਪਣੇ ਵੱਲ ਨਾ ਖਿੱਚ ਸਕਿਆ । ਇਸ ਲਈ ਜਸਵੰਤ ਸਿੰਘ ਕੰਵਲ ਨੂੰ ਹੀ ਨਾਨਕ ਸਿੰਘ ਦਾ ਠੀਕ ਵਾਰਿਸ ਕਿਹਾ ਜਾ ਸਕਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਛਮੀ ਦੁਖਾਂਤ ਪਰੰਪਰਾ

ਸਾਹਿੱਤ ਵਿਚ ਦੁਖਾਤਮਕ ਰਚਨਾ ਨੂੰ ਦੁਖਾਂਤ ਜਾਂ ਤ੍ਰਾਸਦੀ ਕਹਿੰਦੇ ਹਨ ਪਰ ਇਹ ਸ਼ਬਦ ਮੁੱਢ ਤੋਂ ਹੀ ਦੁਖਾਂਤ ਭਾਵਨਾ ਵਾਲੇ ਨਾਟਕਾਂ ਲਈ ਰੂੜ੍ਹ ਹੋ ਗਿਆ ਹੈ। ਦੁਖਾਂਤ ਨਾਟਕ ਅਜਿਹੇ ਨਾਟਕ ਨੂੰ ਕਹਿੰਦੇ ਹਨ ਜਿਸ ਵਿਚ ਨਾਇਕ ਪ੍ਰਤਿਕੂਲ ਪਰਿਸਥਿਤੀਆਂ ਅਤੇ ਸ਼ਕਤੀਆਂ ਨਾਲ ਸੰਘਰਸ਼ ਕਰਦਾ ਹੋਇਆ ਤਥਾ ਸੰਕਟ ਝੱਲਦਾ ਹੋਇਆ ਅੰਤ ਵਿਚ ਨਾਸ਼ ਹੋ ਜਾਂਦਾ ਹੈ। ਬਹੁਤਿਆਂ ਦਾ ਮਤ ਹੈ ਕਿ ਕਥਾ-ਵਸਤੂ ਦਾ ਅੰਤ ਨਾਇਕ ਦੀ ਮ੍ਰਿਤੂ ਨਾਲ ਹੋਣਾ ਚਾਹੀਦਾ ਹੈ, ਜਦ ਕਿ ਪ੍ਰਾਚੀਨ ਯੂਨਾਨੀ ਨਾਟਕ ਸਾਹਿੱਤ ਵਿਚ ਇਕ ਦੋ ਅਜਿਹੀਆਂ ਕ੍ਰਿਤਾਂ ਵੀ ਹਨ, ਜਿਨ੍ਹਾਂ ਵਿਚ ਨਾਇਕ ਦੀ ਮੌਤ ਨਹੀਂ ਹੁੰਦੀ, ਪਰ ਫਿਰ ਵੀ ਉਨ੍ਹਾਂ ਦੀ ਗਿਣਤੀ ਟ੍ਰੈਜਿਡੀ ਦੇ ਵਰਗ ਵਿਚ ਮੰਨੀ ਜਾਂਦੀ ਹੈ। ਆਮ ਤੌਰ ਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਟ੍ਰੈਜਿਡੀ ਜਾਂ ਦੁਖਾਂਤ ਨਾਟਕ ਦਾ ਨਾਇਕ ਉੱਚੇ ਗੁਣਾਂ ਦਾ ਮਾਲਕ ਅਤੇ ਉੱਚ ਕੁਲ ਵਿਚ ਪੈਦਾ ਹੋਇਆ ਹੋਵੇ, ਜਦ ਕਿ ਆਧੁਨਿਕ ਦੁਖਾਂਤ ਨਾਟਕਾਂ ਵਿਚ, ਜਿਨ੍ਹਾਂ ਵਿਚ ਵਿਅਕਤੀ ਅਤੇ ਸਮਾਜ ਦਾ ਸੰਘਰਸ਼ ਵਰਣਨ ਹੁੰਦਾ ਹੈ, ਇਸ ਦੇ ਅਨੇਕ ਵਿਰੋਧ ਮਿਲਦੇ ਹਨ। ਟ੍ਰੈਜਿਡੀ ਦੇ ਨਾਇਕ ਵਿਚ ਹੀ ਨਹੀਂ, ਸਗੋਂ ਉਸ ਦੇ ਕਥਾਨਕ ਤਥਾ ਉਸ ਦੀ ਕਾਵਿ ਸ਼ੈਲੀ ਵਿਚ ਵੀ ਵਡੱਪਣ ਦਾ ਆਭਾਸ ਮਿਲਦਾ ਹੈ। ਪ੍ਰਤੱਖ ਰੂਪ ਵਿਚ ਨਾਇਕ ਵਿਰੋਧੀ ਸ਼ਕਤੀਆਂ ਨਾਲ ਸੰਘਰਸ਼ ਕਰਦਾ ਹੋਇਆ ਹਾਰਦਾ ਅਤੇ ਨਸ਼ਟ ਹੋ ਜਾਂਦਾ ਹੈ, ਪਰ ਨੈਤਿਕ ਰੂਪ ਵਿਚ ਉਹ ਉੱਤਮ ਅਤੇ ਸਫਲ ਸਿੱਧ ਹੁੰਦਾ ਹੈ। ਵਡੱਪਣ ਅਤੇ ਵਿਸ਼ਾਲਤਾ ਦਾ ਅਨੁਭਵ ਨਾ ਕੇਵਲ ਸੰਪੂਰਨ ਰਚਨਾ ਵਿਚ, ਸਗੋਂ ਉਸ ਦੇ ਪ੍ਰਮੁੱਖ ਉਪਕਰਣਾਂ ਨਾਲ ਵੀ ਹੁੰਦਾ ਹੈ।[1]

ਸਾਹਿੱਤ ਰੂਪ ਦੇ ਤੌਰ ਤੇ ਦੁਖਾਂਤ ਲੰਬਾ ਅਤੇ ਵਿਚਿਤ੍ਰ ਇਤਿਹਾਸ ਰੱਖਦਾ ਹੈ। ਪੁਰਾਤਨ ਯੂਨਾਨੀ ਸਭਿਅਤਾ ਵਿਚ ਇਹ ਪਹਿਲਾਂ ਨਾਟਕੀ ਰੂਪ (dramatic genre)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਤੌਰ ਤੇ ਜਾਣਿਆ ਜਾਂਦਾ ਹੈ ਪਰ ਇਸ ਦੇ ਇਤਿਹਾਸ ਦੀਆਂ ਪਹਿਲੀਆਂ ਸਦੀਆਂ ਅਗਿਆਤ ਹਨ ।[2] ਦੁਖਾਂਤ ਦੇ ਆਰੰਭਿਕ ਸ੍ਰੋਤ ਪੁਰਾਤਨ ਕਬੀਲਿਆਂ ਦੇ ਕਰਮ ਕਾਂਡਾਂ ਵਿਚੋਂ ਮਿਲਦੇ ਹਨ । ਉਹ ਕਰਮ ਕਾਂਡ ਕਿਸੇ ਸ਼੍ਰੇਣੀ ਦੇ ਆਰਥਿਕ ਤੇ ਸਮਾਜਿਕ ਜੀਵਨ ਵਿਚ ਮਹੱਤਵਪੂਰਨ ਹੁੰਦੇ ਸਨ ।[3] ਦੁਖਾਂਤ ਕਿਰਤਾਂ ਦਾ ਵਿਸ਼ਾ ਆਮ ਤੌਰ ਤੇ ਪੁਰਾਣਿਕ, ਇਤਿਹਾਸਕ ਜਾਂ ਮਿਥਿਹਾਸਿਕ ਅਤੇ ਨਾਇਕ ਤੇ ਖਲਨਾਇਕ ਦੇ ਸੰਘਰਸ ਨਾਲ ਸੰਬੰਧਿਤ ਹੁੰਦਾ ਸੀ । ਉਸ ਵਿਚ ਨਾਇਕ ਦੀ ਮੌਤ ਹੋ ਜਾਂਦੀ ਸੀ ਅਤੇ ਮੌਤ ਪਿਛੋਂ ਉਸ ਨੂੰ ਫਿਰ ਅਮਰ ਵਿਖਾਇਆ ਜਾਂਦਾ ਸੀ । ਮਿਥਿਹਾਸਕ ਪਾਤਰ ਓਸਿਰੀਜ਼ (Osiris), ਐਟਿਸ (Attis) ਅਤੇ ਐਡੋਨਿਸ (Adonis) ਨਾਲ ਸੰਬੰਧਿਤ ਮਿਸਰ ਅਤੇ ਸੀਰੀਆ ਵਿਚ ਲਿਖੇ ਦੁਖਾਂਤ, ਸਭ ਤੋਂ ਪਹਿਲੇ ਦੁਖਾਂਤ ਮੰਨੇ ਜਾਂਦੇ ਹਨ ।[4] ਪੂਰਬ ਵਿਚ ਕੇਵਲ ਮੱਧਕਾਲੀਨ ਜਾਪਾਨ ਵਿਚ ਨੋਹ (Noh) ਬਾਰੇ ਲਿਖੇ ਦੁਖਾਂਤਾਂ ਤੋਂ ਛੁਟ ਕੋਈ ਦੁਖਾਂਤ ਨਹੀਂ ਮਿਲਦੇ । ਪੱਛਮੀ ਦੇਸ਼ਾਂ ਵਿਚੋਂ ਯੂਨਾਨ ਵਿਚ ਸਭ ਤੋਂ ਪਹਿਲਾਂ ਦੁਖਾਂਤ ਦਾ ਵਿਕਾਸ ਹੋਇਆ । ਉਥੇ ਪ੍ਰਕ੍ਰਿਤੀ ਪੁਨਰ ਜਨਮ, ਉਤਪਤੀ ਤੇ ਮਦ ਜਾਂ ਸ਼ਰਾਬ ਦੇ ਦੇਵਤਾ ਡਾਉਨਿਸਸ (Dionysus) ਨਾਲ ਸੰਬੰਧਿਤ ਸਾਖੀਆਂ ਦੇ ਆਧਾਰ ਉੱਤੇ ਨਾਚ-ਨਾਟ ਖੇਡੇ ਜਾਂਦੇ ਅਤੇ ਨਾਲ ਹੀ ਕਬੀਲੇ ਦੇ ਕਿਸੇ ਮਹਾਨ ਨਾਇਕ ਦੀ ਮੌਤ ਉੱਤੇ ਸ਼ੋਕ-ਨਾਟ ਪੇਸ਼ ਕੀਤੇ ਜਾਂਦੇ ਸਨ ।[5]

ਦੁਖਾਂਤ ਜਾਂ ਟ੍ਰੈਜਿਡੀ (Tragedy) ਸ਼ਬਦ ਦਾ ਪ੍ਰਚਲਨ Trag + Oridia = Tragodia ਸ਼ਬਦ ਤੋਂ ਹੋਇਆ ਹੈ । ਜਿਸ ਦੇ ਅਰਥ ਹਨ "ਬੱਕਰੀ ਦਾ ਗੀਤ" । ਇਸ ਸ਼ਬਦ ਦੀ ਪਿੱਠ ਭੂਮੀ ਵਿਚ ਦੁਖਾਂਤ ਦੀ ਪ੍ਰਾਰੰਭਿਕ ਅਵਸਥਾ ਦੀ ਕਹਾਣੀ ਲੁਕੀ ਹੋਈ ਹੈ । ਯੂਨਾਨ ਵਿਚ ਡਾਉਨਿਸਸ ਦੇਵਤਾ ਨੂੰ ਖੁਸ਼ ਕਰਨ ਲਈ ਹਰ ਸਾਲ ਰੁੱਤ ਏਦਲੀ ਵੇਲੇ ਬਸੰਤ ਦੇ ਮੌਕੇ ਉੱਤੇ ਉਸ ਦੀ ਉਸਤਤ ਵਿਚ ਗੀਤ ਗਾਏ ਜਾਂਦੇ ਤੇ ਨਿਰਤ ਕੀਤਾ ਜਾਂਦਾ ਸੀ । ਉਹ ਨਿਰਤ ਤੇ ਗੀਤ ਹੀ ਯੂਨਾਨੀ ਨਾਟਕ ਦਾ ਮੁੱਢਲਾ ਰੂਪ ਕਹੇ ਜਾਂਦੇ ਹਨ । ਨਾਚ ਤੇ ਸੰਗੀਤ ਪ੍ਰਸਤੁਤ ਕਰਨ ਵਾਲੀ ਮੰਡਲੀ ਨੂੰ ਕੋਰਸ ਅਤੇ ਪੇਸ਼ ਕੀਤੇ ਗਏ ਸੰਗੀਤ ਦਾ ਨਾਮ Tragedy ਪੈ ਗਿਆ । ਇਹ ਗੀਤ ਦੇਵਤਾ ਦੇ ਜੀਵਨ ਸੰਬੰਧੀ ਵਿਸ਼ੇਸ਼ ਕਰਕੇ ਉਹਦੀ ਕਿਸੇ ਦੁਖਾਂਤਕ ਘਟਨਾ ਉੱਤੇ ਰਚੇ ਹੋਏ ਹੁੰਦੇ ਸਨ । ਚੰਗੇ ਗੀਤ ਦੇ ਰਚਣ ਵਾਲੇ ਨੂੰ ਬੱਕਰੀ ਦਾ ਮਾਸ ਇਨਾਮ ਦਿੱਤਾ ਜਾਂਦਾ ਸੀ ।[6] ਨਾਚ ਤੇ ਸੰਗੀਤ ਹੌਲੀ ਹੌਲੀ ਇਕ ਨਾਟਕੀ ਖੇਲ੍ਹ ਬਣ ਗਏ ਤੇ ਗਾਉਣ ਵਾਲਿਆਂ ਨੇ ਅੱਧਾ ਰੂਪ ਬੱਕਰੀ ਦਾ ਤੇ ਅੱਧਾ ਰੂਪ ਆਦਮੀ ਦਾ ਬਣਾਇਆ ਹੁੰਦਾ ਸੀ । ਉਸ ਤੋਂ ਖੇਲ ਦਾ ਨਾਂ "ਅੱਜ ਦੇ ਗੀਤ" (Satyr paly) ਪੈ ਗਿਆ । ਇਹ ਵੀ ਕਿਹਾ ਜਾਂਦਾ ਹੈ ਕਿ ਬੱਕਰੀ ਜਾ ਬੱਕਰੇ ਦੀ ਖਲ ਪਾ ਕੇ ਇਹ ਗੀਤ ਗਾਏ ਜਾਂਦੇ ਸਨ । ਇਸ ਲਈ ਇਨ੍ਹਾਂ ਗੀਤਾਂ ਦਾ ਨਾਂ ਇਹ ਪਿਆ । ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਡਾਉਨਿਸਸ ਦੇਵਤਾ ਨੂੰ ਪ੍ਰਸੰਨ ਕਰਨ ਲਈ ਇਨ੍ਹਾਂ ਗੀਤਾਂ ਦੇ ਨਾਲ ਬੱਕਰੇ ਦੀ ਬਲੀ ਜਾਂ ਕੁਰਬਾਨੀ ਦਿੱਤੀ ਜਾਂਦੀ ਸੀ, ਇਸ ਕਰਕੇ ਇਹ Tragodia ਅਖਵਾਏ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਹੋਰ ਦਾ ਖਿਆਲ ਹੈ ਕਿ ਸ਼ਾਇਦ ਬੱਕਰੀ ਡਾਉਨਿਸਸ ਦਾ ਚਿੰਨ੍ਹ ਹੋਵੇ, ਇਸ ਲਈ ਉਸ ਦਾ ਚੜ੍ਹਾਵਾ ਚੜ੍ਹਾਉਂਦੇ ਸਨ। ਅਰਸਤੂ ਨੇ ਦੁਖਾਂਤ ਦਾ ਸੰਬੰਧ ਉਨ੍ਹਾਂ ਨਾਟ੍ਯ-ਰਚਨਾਵਾਂ ਨਾਲ ਸਥਾਪਿਤ ਕੀਤਾ ਹੈ, ਜਿਨ੍ਹਾਂ ਦੇ ਪਾਤਰ ਅੱਧੇ ਮਨੁੱਖ ਤੇ ਅੱਧੇ ਬੱਕਰੇ ਹੁੰਦੇ ਹਨ।[7]

ਟ੍ਰੈਜਿਡੀ ਦੇ ਨਾਮਕਰਣ ਦਾ ਭਾਵੇਂ ਕੁਝ ਵੀ ਕਾਰਨ ਹੋਵੇ, ਇਥੇ ਇਕ ਗੱਲ ਸਪੱਸ਼ਟ ਹੈ ਕਿ ਡਾਉਨਿਸਸ ਦੀ ਉਸਤਤ ਵਿਚ ਗਾਏ ਜਾਂਦੇ ਉਸਤਤ ਗੀਤਾਂ ਵਿਚ ਦੁਖਾਂਤ ਭਾਵ ਮੁੱਢ ਤੋਂ ਹੀ ਮੌਜੂਦ ਸੀ। ਯੂਨਾਨੀਆਂ ਦੇ ਵਿਸ਼ਵਾਸ ਅਨੁਸਾਰ ਪੱਤ-ਝੜ ਤੋਂ ਪਿੱਛੋਂ ਬਸੰਤ ਰੁੱਤ ਸਮੇਂ ਡਾਉਨਿਸਸ ਦੇਵਤਾ ਹੀ ਪ੍ਰਕ੍ਰਿਤੀ ਨੂੰ ਨਵਾਂ ਜੀਵਨ ਦਿੰਦਾ ਹੈ ਤੇ ਉਸ ਦੀ ਮਿਹਰ ਸਦਕਾ ਹੀ ਰੁੱਖਾਂ ਉੱਤੇ ਨਵੇਂ ਫਲ-ਫੁਲ ਆਉਂਦੇ ਅਤੇ ਅੰਗੂਰਾਂ ਦੀਆਂ ਵੇਲਾਂ ਉੱਤੇ ਹਰਿਆਵਲ ਦੀ ਨਵੀਂ ਜਵਾਨੀ ਚੜ੍ਹਦੀ ਹੈ। ਡਾਉਨਿਸਸ ਦੇਵਤੇ ਦੀ ਸਿੱਧੀ ਨਿਗਾਹ ਹੋਣ ਕਰਕੇ ਹੀ ਫਸਲਾਂ ਹੁੰਦੀਆਂ ਹਨ ਤੇ ਮਨੁੱਖ ਨੂੰ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ। ਵਾਸਤਵ ਵਿਚ ਡਾਉਨਿਜਸ ਹੀ ਪ੍ਰਕ੍ਰਿਤੀ ਨੂੰ ਨਵ-ਜੀਵਨ-ਦਾਨ ਦੇਣ ਦਾ ਇਕ ਦੈਵੀ ਚਿੰਨ੍ਹ ਸੀ। ਡਾਉਨਿਸਸ ਦੀ ਪੂਜਾ ਬਹੁਤ ਹੀ ਸੁੰਦਰ ਢੰਗ ਨਾਲ ਕੀਤੀ ਜਾਂਦੀ ਸੀ।[8] ਉਸ ਦੀ ਪੂਜਾ ਲਈ ਜਿਹੜੀ ਦੇਵੀ ਬਣਾਈ ਜਾਂਦੀ ਸੀ, ਅਸਲ ਵਿਚ ਉਹ ਬਲੀ-ਦੇਵੀ ਹੁੰਦੀ ਸੀ ਅਤੇ ਡਾਉਨਿਸਸ ਦੀ ਰੂਹ ਨੂੰ ਸੰਤੁਸ਼ਟ ਕਰਨ ਲਈ ਉਸ ਦੀ ਬਲੀ ਦਿੱਤੀ ਜਾਂਦੀ ਸੀ। ਡਾਉਨਿਸਸ ਦੀ ਇਹ ਪੂਜਾ ਇਕ ਤਰ੍ਹਾਂ ਬਸੰਤ ਦੇ ਨਵੇਂ ਵਰ੍ਹੇ ਨੂੰ ਸੱਦਾ ਪੱਤਰ ਹੁੰਦਾ ਸੀ ਕਿਉਂਕਿ ਡਾਉਨਿਸਸ ਦੇ ਪ੍ਰਭਾਵ ਨਾਲ ਸੰਪੂਰਨ ਪ੍ਰਕ੍ਰਿਤੀ ਨੂੰ ਨਵਜੀਵਨ ਪ੍ਰਾਪਤ ਹੁੰਦਾ ਸੀ। ਯੂਨਾਨੀ ਨਵੇਂ ਵਰ੍ਹੇ ਦੀ ਆਤਮਾ ਨੂੰ "ਡੀਮਾਨ" ਕਹਿੰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਹਰ ਇਕ ਵਰ੍ਹੇ ਦਾ ਜੀਵਨ ਉੱਨਤ ਹੋ ਕੇ ਪਤਨ ਨੂੰ ਪ੍ਰਾਪਤ ਹੁੰਦਾ ਸੀ। ਬਸੰਤ ਰੁੱਤ ਨੂੰ ਉਸ ਦੇ ਹੰਕਾਰ ਦਾ ਸਿਖਰ ਮੰਨਿਆ ਜਾਂਦਾ ਸੀ ਤੇ ਪਤਝੜ ਨੂੰ ਉਸ ਦਾ ਪਤਨ। ਇਨ੍ਹਾਂ ਦੋਹਾਂ ਅਰਥਾਤ ਹੰਕਾਰ ਤੇ ਉਸ ਦੀ ਸਜ਼ਾ ਨੂੰ ਲੈ ਕੇ ਹੀ ਦੁਖਾਂਤ ਦੀ ਆਤਮਾ ਦਾ ਨਿਰਮਾਣ ਹੋਇਆ। ਜਿਹੜੀ ਸ਼ਕਤੀ ਹੰਕਾਰ ਦਾ ਬਦਲਾ ਲੈ ਕੇ ਮੌਤ ਦੀ ਸਜ਼ਾ ਦਿੰਦੀ ਸੀ, ਯੂਨਾਨੀ ਉਸ ਨੂੰ "Hubris" ਆਖਦੇ ਸਨ। ਜਦੋਂ ਵਰ੍ਹੇ ਦੇ ਹੰਕਾਰ ਦਾ ਪਤਨ ਹੁੰਦਾ ਤਾਂ ਉਸ ਨੂੰ ਮੌਤ ਦੀ ਇਹ ਸਜ਼ਾ ਉਚਿਤ ਸਮਝੀ ਜਾਂਦੀ, ਪਰ ਕੁਝ ਦਿਨਾਂ ਪਿੱਛੋਂ ਵਰ੍ਹੇ ਦੀ ਆਤਮਾ ਨੂੰ ਫਿਰ ਨਵਾਂ-ਜੀਵਨ ਪ੍ਰਾਪਤ ਹੁੰਦਾ, ਫਿਰ ਇਹ ਨਵ-ਆਤਮਾ ਵੀ ਇਸੇ ਤਰ੍ਹਾਂ ਹੰਕਾਰ ਕਾਰਨ ਪਤਨ ਨੂੰ ਪ੍ਰਾਪਤ ਹੁੰਦੀ। ਹੰਕਾਰ ਤੇ ਉਸ ਦੇ ਪਤਨ ਦਾ ਇੰਜ ਇਕ ਚੱਕਰ ਜਿਹਾ ਚਲਦਾ ਰਹਿੰਦਾ। ਦੁਖਾਂਤ ਦਾ ਮੂਲ ਇਸ ਤਰ੍ਹਾਂ ਡਾਉਨਿਸਸ ਦੀ ਪੂਜਾ ਤੇ ਉਸ ਦੀ ਰੂਹ ਦੀ ਸੰਤੁਸ਼ਟੀ ਲਈ ਦਿੱਤੀ ਜਾਂਦੀ ਬਲੀ ਨਾਲ ਸੰਬੰਧਿਤ ਯੂਨਾਨੀਆਂ ਦੇ ਵਿਸ਼ਵਾਸ ਵਿਚ ਮੌਜੂਦ ਹੈ। ਉਨ੍ਹਾਂ ਅਨੁਸਾਰ ਦੇਵਤੇ ਮਨੁੱਖ ਨੂੰ ਉੱਨਤ ਵੇਖ ਕੇ ਉਸ ਦੇ ਘੁਮੰਡ ਦੀ ਸਜ਼ਾ ਦਿੰਦੇ ਹਨ। ਇਹ ਵਿਚਾਰ ਹੀ ਅਗੇ ਹੋਣੀ ਦੇ ਰੂਪ ਵਿਚ ਵਿਕਸਿਤ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਖਾਂਤ ਤੇ ਡਾਉਨਿਸਸ ਦੀ ਪੂਜਾ ਦਾ ਸੰਬੰਧ ਬੜੇ ਚਿਰ ਤਕ ਰਿਹਾ। ਦੇਵਤੇ ਦੀ ਪੂਜਾ ਦੇ ਅਵਸਰ ਉੱਤੇ ਹਮੇਸ਼ਾਂ ਹੀ ਦੁਖਾਂਤ ਦੇ ਖੇਲ ਰਚੇ ਤੇ ਖੇਡੇ ਜਾਂਦੇ ਅਤੇ ਦੁਖਾਂਤ-ਕਾਰਾਂ ਨੂੰ ਇਨਾਮ ਦਿੱਤੇ ਜਾਂਦੇ ਸਨ। ਕੋਰਸ ਜਾਂ ਸਮੂਹਗਾਣ ਇਨ੍ਹਾਂ ਦੁਖਾਂਤਾਂ ਦੀ ਪਿੱਠ-ਭੂਮੀ ਬੰਨ੍ਹਦੇ ਸਨ, ਉਸ ਰਾਹੀਂ ਹੀ ਭੂਤ ਦੀਆਂ ਘਟਨਾਵਾਂ ਨੂੰ ਪੇਸ਼ ਕੀਤਾ ਜਾਂਦਾ ਸੀ। ਅਸਕਾਇਲਸ (Aeschyeus : 525-456 B.C.) ਸ਼ਾਇਦ ਪਹਿਲਾ ਵਿਅਕਤੀ ਹੈ ਜਿਸ ਨੇ ਦੁਖਾਂਤ ਨੂੰ ਅਸਲ ਸਾਹਿੱਤ ਦੀ ਪੱਧਰ ਉੱਤੇ ਲਿਆਂਦਾ।[9] ਆਰੰਭ ਵਿਚ ਕੋਰਸ ਮੰਡਲੀ ਇਕੋ ਪਾਤਰ ਦੀ ਹੀ ਹੁੰਦੀ ਸੀ। ਫਿਰ ਮੰਡਲੀ ਦਾ ਨੇਤਾ ਬਾਕੀਆਂ ਨਾਲੋਂ ਵੱਖ ਹੋ ਗਿਆ ਤੇ ਉਨ੍ਹਾਂ ਦੇ ਨਾਲ ਵਾਰੀ ਵਾਰੀ ਸੰਗੀਤ ਵਿਚ ਭਾਗ ਲੈਣ ਲੱਗ ਪਿਆ। ਇਸ ਤਰ੍ਹਾਂ ਦੋ ਪਾਤਰਾਂ ਦੇ ਆਰੰਭ ਹੋਣ ਨਾਲ ਵਾਰਤਾਲਾਪ ਸ਼ੁਰੂ ਹੋ ਗਈ। ਅਸਕਾਇਲਸ ਦੇ ਨਾਟਕ ਸਪਲਾਈਸਜ਼ (Supplices) ਵਿਚ ਇਸ ਵਿਕਾਸ ਸਥਲ (Evolutionary Stage) ਦਾ ਪ੍ਰਮਾਣ ਮਿਲਦਾ ਹੈ। ਅਸਕਾਇਲਸ ਨੇ ਆਪਣੇ ਹੋਰ ਨਾਟਕਾਂ ਵਿਚ ਇਕ ਹੋਰ ਪਾਤਰ ਦਾ ਪ੍ਰਵੇਸ਼ ਕੀਤਾ ਅਤੇ ਫਿਰ ਉਸ ਦੇ ਮਗਰੋਂ ਸੋਫੋਕਲੀਸ (Sophocles b. 497 or 495 B. C.) ਨੇ ਇਕ ਹੋਰ ਪਾਤਰ ਦਾ ਵਾਧਾ ਕਰ ਲਿਆ।[10] ਇਸ ਤਰ੍ਹਾਂ ਕੋਰਸ ਦੀ ਮਹੱਤਾ ਘਟਦੀ ਗਈ ਤੇ ਨਾਟਕ ਦਾ ਆਧਾਰ ਪਾਤਰਾਂ ਉੱਤੇ ਹੁੰਦਾ ਗਿਆ। ਇੰਜ ਹੀ ਆਪਣੀ ਮੁੱਢਲੀ ਅਵਸਥਾ ਵਿਚ ਟ੍ਰੈਜਿਡੀ ਨੇ ਕੋਰਸ ਅਤੇ ਡਿਥਿਰੈਬ ਨਾਂ ਦੇ ਦੋ ਪ੍ਰਕਾਰ ਦੇ ਨਾਚਾਂ ਨੂੰ ਆਪਣੇ ਵਿਚ ਮਿਲਾ ਕੇ ਪ੍ਰਗਤੀ ਕੀਤੀ ਫਿਰ ਨਿਰਤ ਦੇ ਨਾਲ ਅਭਿਨੈ ਅਤੇ ਸੰਵਾਦ ਦਾ ਮੇਲ ਵੀ ਹੋਇਆ।[11] ਇਸ ਪ੍ਰਕਾਰ ਦੁਖਾਂਤ ਦਾ ਵਿਕਾਸ ਤੇਜ਼ ਗਤੀ ਨਾਲ ਹੁੰਦਾ ਗਿਆ ਅਤੇ ਈਸਾ ਪੂਰਵ ਪੰਜਵੀਂ ਸਦੀ ਵਿਚ ਅਸਕਾਇਲਸ, ਸੋਫੋਕਲੀਸ ਤੇ ਯੂਰਿਪਿਡੀਜ਼ (Euripides b. 485 BC) ਨੇ ਅਜਿਹੇ ਉੱਤਮ ਦੁਖਾਂਤ ਨਾਟਕਾਂ ਦੀ ਰਚਨਾ ਕੀਤੀ ਜੋ ਅੱਜ ਵਿਸ਼ਵ ਸਾਹਿੱਤ ਦੀ ਅਮਰ ਸੰਪਤੀ ਹਨ। ਮੁੱਢਲੇ ਉਪਲਬਧ ਦੁਖਾਂਤ ਨਾਟਕ ਇਨ੍ਹਾਂ ਦੁਖਾਂਤਕਾਰਾਂ ਦੇ ਹੀ ਹਨ।[12] ਹੌਲੀ ਹੌਲੀ ਟ੍ਰੈਜਿਡੀ ਸ਼ਬਦ ਦਾ ਵਰਤਾਓ ਸਾਰੇ ਗੰਭੀਰ ਨਾਟਕਾਂ ਦੇ ਲਈ ਹੋਣ ਲੱਗ ਪਿਆ। ਉਨ੍ਹਾਂ ਦਾ ਤ੍ਰਾਸਦ ਅੰਤ ਆਵੱਸ਼ਕ ਨਹੀਂ ਸੀ।[13] ਪੁਰਾਣਿਕ ਨਾਟਕਾਂ ਦੇ ਚਿਤ੍ਰਣ ਵਿਚ ਵਧਾ ਚੜ੍ਹਾ ਕੇ ਦਸਣਾ ਅਤੇ ਰੂੜ੍ਹੀਗਤ ਕਾਵਿਆਤਮਕ ਸ਼ੈਲੀ ਦਾ ਵਰਤਾਓ ਹੁੰਦਾ ਸੀ, ਪਰੰਤੂ ਬਾਅਦ ਵਿਚ ਯੂਰਿਪਿਡੀਜ਼ ਦੀਆਂ ਰਚਨਾਵਾਂ ਰਾਹੀਂ ਯਥਾਰਥਵਾਦੀ ਵਿਵਰਣ ਵੀ ਨਾਟਕ ਵਿਚ ਆਏ, ਸੁਤੰਤਰ ਅਤੇ ਰੂੜ੍ਹੀ ਵਿਰੁੱਧ ਕਥਾਨਕ ਅਪਣਾਏ ਗਏ। ਸੋਫੋਕਲੀਜ਼ ਅਤੇ ਯੂਰਿਪਿਡੀਜ਼ ਦੇ ਇਕ ਵਿਸ਼ੇ ਤੇ ਲਿਖੇ ਸੰਯੁਕਤ ਦੁਖਾਂਤ ਬਹੁਤ ਪ੍ਰਭਾਵਸ਼ਾਲੀ ਸਿੱਧ ਹੋਏ ਹਨ। ਪੁਰਾਣਿਕ ਅਤੇ ਮਿਥਿ-ਹਾਸਕ ਪਾਤਰਾਂ ਦੀ ਮਹਾਨਤਾ ਕਾਰਨ ਦੁਖਾਂਤ ਦੇ ਵਿਸ਼ੈ ਸਦਾ ਹੀ ਮਹਾਨ ਰਹੇ ਹਨ। ਅਸਲ ਵਿਚ ਅਸਕਾਈਲਸ ਇਤ੍ਰ ਗੰਭੀਰ ਧਾਰਮਿਕ ਨਾਟਕਕਾਰ ਸੀ। ਯੂਰਿਪਿਡੀਜ਼ ਪੁਰਾਣੇ ਰੂਪਾਂ ਵਿਚ ਅਸੁਖਾਵੀਂ ਹੋ ਰਹੀ ਨਵੀਂ ਰੂਹ ਦਾ ਉਤੱਖੜਤ ਪ੍ਰਤਿਨਿਧ ਸੀ ਅਤੇ ਸੋਫੋਕਲੀਜ਼ ਇਕ ਕਲਾਕਾਰ ਸੀ।[14]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈਸਾ ਪੂਰਵ ਚੌਥੀ ਸਦੀ ਵਿਚ [illegible] ਸਾਲ ਪਿੱਛੋਂ ਯੂਨਾਨ ਦੇ ਪ੍ਰਸਿੱਧ ਚਿੰਤਕ ਅਰਸਤੂ (384-322 B.C.) ਨੇ ਉਪਲਬਧ ਯੂਨਾਨੀ ਦੁਖਾਂਤ ਨਾਟਕਾਂ ਦਾ ਗੰਭੀਰ ਅਧਿਐਨ ਕੀਤਾ ਅਤੇ ਉਨ੍ਹਾਂ ਦੇ ਆਧਾਰ ਤੇ ਦੁਖਾਂਤ ਦੀ ਸੁਵਿਸਤਾਰ ਵਿਆਖਿਆ ਸੰਸਾਰ ਸਾਹਿੱਤ ਨੂੰ ਦਿੱਤੀ। ਅਰਸਤੂ ਦੇ ਸ਼ਬਦਾਂ ਵਿਚ "ਤ੍ਰਾਸਦੀ (ਦੁਖਾਂਤ) ਕਿਸੇ ਗੰਭੀਰ, ਮੁਕੰਮਲ ਅਤੇ ਨਿਸ਼ਚਿਤ ਆਕਾਰ ਵਾਲੇ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ ਜਿਸ ਦਾ ਮਾਧਿਅਮ ਨਾਟਕ ਦੇ ਭਿੰਨ ਭਿੰਨ ਹਿੱਸਿਆਂ ਵਿਚ ਭਿੰਨ ਭਿੰਨ ਰੂਪ ਨਾਲ ਵਰਤੇ ਗਏ ਸਭ ਪ੍ਰਕਾਰ ਦੇ ਕਲਾਤਮਕ ਗਹਿਣਿਆਂ ਨਾਲ ਅਲੰਕ੍ਰਿਤ ਭਾਸ਼ਾ ਹੁੰਦੀ ਹੈ, ਜੋ ਬ੍ਰਿਤਾਂਤਿਕ ਰੂਪ ਵਿਚ ਨਾ ਹੋ ਕੇ ਕਾਰਜ-ਵਪਾਰ ਰੂਪ ਵਿਚ ਹੁੰਦੀ ਹੈ ਅਤੇ ਜਿਸ ਵਿਚ ਕਰੁਣਾ ਅਤੇ ਤ੍ਰਾਸ ਰਾਹੀਂ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ।[15]

ਅਰਸਤੂ ਅਨੁਸਾਰ "ਹਰ ਇਕ ਤ੍ਰਾਸਦੀ ਦੇ ਛੇ ਲਾਜ਼ਮੀ ਅੰਗ ਹੁੰਦੇ ਹਨ ਜੋ ਉਸ ਦੇ ਸੁਹਜ ਦਾ ਨਿਰਣਾ ਕਰਦੇ ਹਨ—ਕਥਾਨਕ, ਚਰਿਤ੍ਰ-ਚਿਤ੍ਰਣ; ਪਦ-ਰਚਨਾ (ਸ਼ੈਲੀ), ਵਿਚਾਰ ਤੱਤ, ਦ੍ਰਿਸ਼ ਵਿਧਾਨ ਅਤੇ ਗੀਤ।"[16] ਇਨ੍ਹਾਂ ਵਿਚੋਂ ਕਥਾਨਕ, ਚਰਿਤ੍ਰ-ਚਿਤ੍ਰਣ ਤੇ ਵਿਚਾਰ ਵਿਸ਼ੇ ਦੇ ਅੰਗ ਹਨ। ਸ਼ੈਲੀ ਅਤੇ ਗੀਤ ਨਾਟਕ ਕਲਾ ਦੇ ਮਾਧਿਅਮ ਹਨ ਅਤੇ ਦ੍ਰਿਸ਼-ਵਿਧਾਨ ਹੈ। ਕਥਾਨਕ ਨੂੰ ਅਰਸਤੂ ਨੇ ਘਟਨਾਵਾਂ ਦਾ ਸੰਗ੍ਰਹਿ ਕਿਹਾ ਹੈ। ਇਹ ਦੁਖਾਂਤ ਦਾ ਸਭ ਤੋਂ ਮਹੱਤਵ ਪੂਰਣ ਅੰਗ ਹੈ। ਇਸ ਨੂੰ ਦੁਖਾਂਤ ਦੀ ਆਤਮਾ ਮੰਨਿਆ ਹੈ[17] ਤੇ ਇਸ ਉੱਤੇ ਭਰਪੂਰਵਿਚਾਰ ਕੀਤਾ ਹੈ।[18] ਇਸ ਦੇ ਤਿੰਨ ਪ੍ਰਮੁੱਖ ਆਧਾਰ ਹਨ: ਦੰਤ-ਕਥਾ ਸਾਹਿੱਤ, ਕਲਪਨਾ ਤੇ ਇਤਿਹਾਸ। ਦੰਤ-ਕਥਾ ਸਾਹਿੱਤ ਇਨ੍ਹਾਂ ਵਿਚੋਂ ਸਰਬੋਤਮ ਹੈ, ਕਿਉਂਕਿ ਦੰਤ ਕਥਾਵਾਂ ਵਿਚ ਸੱਚ ਅਤੇ ਕਲਪਨਾ ਦੋਹਾਂ ਦਾ ਸੁਮੇਲ ਹੁੰਦਾ ਹੈ। ਸੱਚ ਆਪਣੀ ਵਿਸ਼ਵਾਸਨੀਅਤਾ ਅਤੇ ਕਲਪਨਾ ਆਪਣੀ ਸੰਭਾਵਿਤਾ ਕਾਰਨ ਕਾਵਿ-ਗੁਣਾਂ ਵਿਚ ਵਾਧਾ ਕਰਦੀ ਹੈ। ਇਸ ਦੇ ਟਾਕਰੇ ਤੇ ਕਾਲਪਨਿਕ ਆਧਾਰ ਵਿਚ ਸੱਚ ਦੀ ਘਾਟ ਹੁੰਦੀ ਹੈ, ਅਤੇ ਇਤਿਹਾਸਕ ਆਧਾਰ ਵਿਚ ਸਰਬ-ਵਿਆਪੀ ਪ੍ਰਭਾਵ ਦੀ। ਕਥਾਨਕ ਦਾ ਵਿਸਤਾਰ ਕੇਵਲ ਉੱਨਾ ਹੋਵੇ, ਜਿੰਨਾ ਯਾਦ ਰਖਿਆ ਜਾ ਸਕੇ। ਇਹ ਨਾ ਤਾਂ ਇੰਨਾ ਸੰਖੇਪ ਹੋਵੇ ਕਿ ਦਰਸ਼ਕ ਦੇ ਮਨ ਵਿਚ ਇਸ ਦਾ ਬਿੰਬ ਹੀ ਨਾ ਬਣ ਸਕੇ ਅਤੇ ਨਾ ਹੀ ਇੰਨਾ ਵਿਸ਼ਾਲ ਕਿ ਮਨ ਵਿਚ ਸਮਾ ਹੀ ਨਾ ਸਕੇ। ਇਸ ਦਾ ਹਰ ਅੰਗ ਸਪੱਸ਼ਟ ਭਾਂਤ ਪ੍ਰਗਟ ਹੋਣਾ ਚਾਹੀਦਾ ਹੈ। ਅਰਸਤੂ ਨੇ ਕਥਾਨਕ ਦੇ ਅਨੇਕਾਂ ਗੁਣ ਦਸੇ ਹਨ। ਪਹਿਲਾ ਗੁਣ ਕਥਾਨਕ ਦਾ ਇਕਹਿਰਾਪਨ ਹੈ, ਜਿਸ ਦਾ ਅਰਥ ਹੈ ਕਿ ਇਕਹਿਰਾ ਕਾਰਜ ਹੀ ਇਸ ਦਾ ਆਧਾਰ ਹੋਵੇ, ਹਰੇਕ ਘਟਨਾ ਇਸ ਕਾਰਜ ਦਾ ਅਨਿੱਖੜਵਾਂ ਤੇ ਜ਼ਰੂਰੀ ਅੰਗ ਹੋਵੇ। ਸਮਸਤ ਘਟਨਾਵਾਂ ਨਾ ਕੇਵਲ ਮੂਲ ਕਾਰਜ ਨਾਲ ਸੰਬੰਧਿਤ ਹੋਣ, ਸਗੋਂ ਆਪਸ ਵਿਚ ਵੀ ਅਨਿੱਖੜ ਹੋਣ। ਕਥਾ-ਵਸਤੂ ਦਾ ਦੂਸਰਾ ਗੁਣ ਹੈ ਪੂਰਨਤਾ, ਅਰਥਾਤ ਜਿਸ ਵਿਚ ਆਦਿ, ਮੱਧ ਅਤੇ ਅੰਤ ਹੋਵੇ।[19] ਤੀਸਰਾ ਗੁਣ ਹੈ ਸੰਭਾਵਿਤਾ[20], ਭਾਵ ਇਹ ਕਿ ਜੋ ਹੋ ਚੁਕਿਆ ਹੈ ਅਤੇ ਜੋ ਹੋ ਸਕਦਾ ਹੈ, ਇਸ ਵਿਚ ਸ਼ਾਮਲ ਹਨ, ਜੋ ਨਹੀਂ ਹੋ ਸਕਦਾ, ਉਹ ਨਹੀਂ। ਚੌਥਾ ਗੁਣ ਹੈ ਸਹਿਜ ਵਿਕਾਸ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥਾਤ ਕਥਾਨਕ ਦੇ ਹਰੇਕ ਅੰਗ ਦਾ ਵਿਕਾਸ ਸਹਿਜ ਰੂਪ ਨਾਲ ਹੋਣਾ ਚਾਹੀਦਾ ਹੈ। ਘਟਨਾਵਾਂ ਜਦੋਂ ਇਕ ਦੂਜੇ ਦਾ ਸਹਿਜ ਪਰਿਣਾਮ ਹੋਣ, ਉਦੋਂ ਦਰਸ਼ਕਾਂ ਦਾ ਮਨ ਸਹਿਜੇ ਹੀ ਉਨ੍ਹਾਂ ਨੂੰ ਗ੍ਰਹਿਣ ਕਰਨ ਲਈ ਤੱਤਪਰ ਹੋ ਉੱਠਦਾ ਹੈ। ਪੰਜਵਾਂ ਗੁਣ ਹੈ ਲਟਕਾ, ਜਿਸ ਲਈ ਘਟਨਾਵਾਂ ਦੀ ਚਾਣਚਕਤਾ ਜ਼ਰੂਰੀ ਹੈ, ਪਰ ਨਾਲ ਹੀ ਇਨ੍ਹਾਂ ਵਿਚ ਕਾਰਜ-ਕਾਰਣ ਦਾ ਸੰਬੰਧ ਸਥਾਪਿਤ ਕਰਨਾ ਅਤਿ ਲੋੜੀਂਦਾ ਹੈ, ਅਤੇ ਛੇਵਾਂ ਗੁਣ ਹੈ ਸਾਧਾਰਣੀ-ਕਰਣ ਅਰਥਾਤ ਕਥਾ-ਵਸਤੂ ਦੀ ਸਰਵ-ਸਾਧਾਰਣ, ਦੇਸ਼ ਕਾਲ ਦੇ ਬੰਧਨਾਂ ਤੋਂ ਮੁਕਤ ਅਤੇ ਸ਼ਰਵ-ਪ੍ਰਿਯ, ਸਰਵਮਾਨ ਰੂਪ-ਰੇਖਾ। ਅਰਸਤੂ ਅਨੁਸਾਰ ਕਥਾਨਕ ਦੋ ਪ੍ਰਕਾਰ ਦੇ ਹੁੰਦੇ ਹਨ[21] : ਸਰਲ ਕਥਾਨਕ ਅਰਥਾਤ ਜਿਸ ਵਿਚ ਉਤਾਰ ਚੜ੍ਹਾ ਤੋਂ ਮੁਕਤ ਇਕਹਿਰਾ ਅਤੇ ਸੰਪੂਰਨ ਕਾਰਜ ਹੋਵੇ ਅਤੇ ਜਟਲ ਕਥਾਨਕ ਅਰਥਾਤ ਦੂਹਰਾ ਕਥਾਨਕ. ਜਿਸ ਵਿਚ ਕਈ ਉਤਾਰ-ਚੜ੍ਹਾ ਹੋਣ।

ਦੁਖਾਂਤ ਦਾ ਦੂਸਰਾ ਅੰਗ ਹੈ ਚਰਿਤ੍ਰ-ਚਿਤ੍ਰਣ। ਚਰਿਤ੍ਰ ਕਥਾਨਕ ਤੋਂ ਦੂਸਰੀ ਥਾਵੇਂ ਹੈ।[22] ਜਿਸ ਦਾ ਮੂਲ ਆਧਾਰ ਪਾਤਰਾਂ ਦਾ ਚਰਿਤ੍ਰ ਹੈ। ਅਰਸਤੂ ਅਨੁਸਾਰ ਚਰਿਤ੍ਰ ਪਾਤਰਾਂ ਦੇ ਗੁਣਾਂ ਦਾ ਲਖਾਇਕ ਹੈ।[23] ਇਹ ਪਾਤਰ ਦੀ ਰੁਚੀ ਅਰੁਚੀ ਨੂੰ ਪ੍ਰਗਟਾਂਦਾ ਹੋਇਆ ਨੈਤਿਕ ਪ੍ਰਯੋਜਨ ਨੂੰ ਵਿਅਕਤ ਕਰਦਾ ਹੈ। ਅਰਸਤੂ ਨੇ ਚਰਿਤ੍ਰ-ਚਿਤ੍ਰਣ ਦੇ ਮੂਲ ਗੁਣ ਇਹ ਮੰਨੇ ਹਨ : ਪਹਿਲਾ ਉਹ ਉੱਤਮ ਹੋਵੇ, ਦੁਖਾਂਤ ਦੇ ਮੁੱਖ ਪਾਤਰ ਦਾ ਚਰਿਤ੍ਰ ਮਹਾਨ ਹੋਣਾ ਚਾਹੀਦਾ ਹੈ ਤਾਂ ਜੋ ਉਸ ਦੇ ਦੁਖਮਈ ਜੀਵਨ ਪ੍ਰਤਿ ਦਰਸ਼ਕ ਦੇ ਮਨ ਵਿਚ ਹਮਦਰਦੀ ਪੈਦਾ ਹੋ ਸਕੇ। ਦੂਜਾ ਉਚਿਤਤਾ, ਪਾਤਰ ਦੇ ਚਰਿਤ੍ਰ-ਚਿਤ੍ਰਣ ਸਮੇਂ ਉਸ ਦੀ ਪ੍ਰਕ੍ਰਿਤੀ, ਜਾਤੀ ਜਾਂ ਸ਼੍ਰੇਣੀਗਤ ਵਿਸ਼ੇਸ਼ਤਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਤੀਜਾ, ਚਰਿਤ੍ਰ ਜੀਵਨ ਦੇ ਅਨੁਰੂਪ ਹੋਣਾ ਚਾਹੀਦਾ ਹੈ। ਚੌਥਾ, ਇਸ ਵਿਚ ਇਕ-ਰੂਪਤਾ ਹੋਣੀ ਚਾਹੀਦੀ ਹੈ। ਪੰਜਵਾਂ, ਕਥਾਨਕ ਦੇ ਸੰਗਠਨ ਵਾਂਗ ਚਰਿਤ੍ਰ-ਚਿਤ੍ਰਣ ਸੰਬੰਧੀ ਵੀ ਨਾਟਕਕਾਰ ਨੂੰ ਸੰਭਾਵਿਤਾ ਅਤੇ ਸੁਭਾਵਿਕਤਾ ਨੂੰ ਹੀ ਆਪਣਾ ਉਦੇਸ਼ ਬਣਾਉਣਾ ਚਾਹੀਦਾ ਹੈ। ਵਿਸ਼ਿਸ਼ਟ ਚਰਿਤ੍ਰ ਦੇ ਵਿਅਕਤੀ ਨੂੰ ਆਪਣੇ ਵਿਸ਼ਿਸ਼ਟ ਢੰਗ ਨਾਲ ਹੀ ਬੋਲਣਾ ਅਤੇ ਕਰਮ ਕਰਨਾ ਚਾਹੀਦਾ ਹੈ। ਛੇਵਾ, ਦੁਖਾਂਤ ਵਿਚ ਕਿਉਂਕਿ ਸਾਧਾਰਨ ਪੱਧਰ ਨਾਲੋਂ ਉੱਚ ਵਿਅਕਤੀਆਂ ਦਾ ਅਨੁਕਰਣ ਹੁੰਦਾ ਹੈ, ਇਸ ਲਈ ਇਸ ਵਿਚ ਸ੍ਰੇਸ਼ਠ ਚਿਤ੍ਰਕਾਰਾਂ ਦਾ ਆਦਰਸ਼ ਸਾਹਮਣੇ ਰੱਖਣਾ ਚਾਹੀਦਾ ਹੈ। ਅਰਥਾਤ ਦੁਖਾਂਤ ਦੇ ਪਾਤਰਾਂ ਦਾ ਚਰਿਤ੍ਰ-ਚਿਤ੍ਰਣ ਯਥਾਰਥ ਤਾਂ ਭਾਵੇਂ ਹੋਵੇ, ਸਾਧਾਰਨ ਨਹੀਂ ਹੋਣਾ ਚਾਹੀਦਾ। ਇਸ ਵਿਚ ਵਿਸ਼ੇਸ਼ ਸੌਂਦਰਯ ਅਤੇ ਆਕਰਸ਼ਣ ਹੋਣਾ ਚਾਹੀਦਾ ਹੈ। ਪਰ ਦੁਖਾਂਤ ਦੇ ਨਾਇਕ ਸੰਬੰਧੀ ਅਰਸਤੂ ਦਾ ਕਥਨ ਹੈ ਕਿ ਇਹ ਖਲ ਪਾਤਰ ਨਹੀਂ ਹੋਣਾ ਚਾਹੀਦਾ।[24] ਕਿਉਂਕਿ ਖਲ ਨਾਇਕ ਦਾ ਪਤਨ ਵੇਖ ਕੇ ਮਨ ਵਿਚ ਭੈ ਪੈਦਾ ਨਹੀਂ ਹੁੰਦਾ ਅਤੇ ਨਾ ਹੀ ਕਰੁਣਾ ਭਾਵ ਉਜਾਗਰ ਹੁੰਦਾ ਹੈ, ਸਗੋਂ ਨਿਆਂ ਦੀ ਭਾਵਨਾ ਦੀ ਹੀ ਪੁਸ਼ਟੀ ਹੁੰਦੀ ਹੈ। ਉਹ ਕਹਿੰਦਾ ਹੈ ਕਿ ਦੁਖਾਂਤ ਦਾ ਨਾਇਕ ਬਿਲਕੁਲ ਨਿਰਦੋਸ਼ ਅਤੇ ਸੱਜਣ ਵੀ ਨਹੀਂ ਹੋਣਾ ਚਾਹੀਦਾ, ਕਿਉਂਕਿ ਅਜਿਹੇ ਵਿਅਕਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਪਤਨ ਨਾਲ ਦਰਸ਼ਕਾਂ ਦੀ ਨਿਆਂ-ਭਾਵਨਾ ਨੂੰ ਅਜਿਹੀ ਸੱਟ ਵੱਜਦੀ ਹੈ ਕਿ ਕਰੁਣਾ ਅਤੇ ਭੈ ਦੇ ਭਾਵ ਇਸ ਵਿਚ ਅਲੋਪ ਹੋ ਜਾਂਦੇ ਹਨ ।[25] ਦੁਖਾਂਤ ਦਾ ਨਾਇਕ ਮਾਨਵ ਭਾਵਨਾਵਾਂ ਨਾਲ ਯੁਕਤ ਹੋਣਾ ਚਾਹੀਦਾ ਹੈ ਤਾਂ ਜੋ ਦਰਸ਼ਕ ਨਾਲ ਉਸ ਦੀ ਇਕਜੁਰਤਾ ਪੈਦਾ ਹੋ ਸਕੇ ਪਰ ਇਸ ਦਾ ਅਰਥ ਇਹ ਨਹੀਂ, ਕਿ ਉਹ ਸਾਧਾਰਨ ਬਲ-ਬੁੱਧੀ ਵਾਲਾ ਵਿਅਕਤੀ ਹੋਵੇ, ਸਗੋਂ ਇਸ ਦੇ ਉਲਟ ਉਸ ਅੰਦਰ ਮਨੁੱਖੀ ਗੁਣ ਅਸਾਧਾਰਨ ਮਾਤਰਾ ਵਿਚ ਹੋਣੇ ਚਾਹੀਦੇ ਹਨ । ਉਹ ਅਤਿਅੰਤ ਵੈਭਵਸ਼ਾਲੀ, ਪ੍ਰਭਾਵਸ਼ਾਲੀ ਅਤੇ ਕੁਲੀਨ ਪੁਰਸ਼ ਹੋਵੇ । ਰਾਜ ਪਰਿਵਾਰ ਜਾਂ ਸਾਮੰਤ-ਪਰਿਵਾਰ ਦਾ ਵਿਅਕਤੀ ਹੋਵੇ । ਨਾਲ ਹੀ ਉਸ ਦੇ ਸੱਤਾਵਾਦੀ ਚਰਿਤ੍ਰ ਵਿਚ ਕੁਝ ਅਸੱਤ ਦਾ ਅੰਸ਼ ਵੀ ਮੌਜੂਦ ਹੋਵੇ । ਦੁਸ਼ਟਤਾ ਜਾਂ ਪਾਪ ਨਾ ਸਹੀ, ਉਸ ਦੇ ਸੁਭਾ ਵਿਚ ਕੋਈ ਨਾ ਕੋਈ ਕਮਜ਼ੋਰੀ ਦਾ ਹੋਣਾ ਅਤਿ ਜ਼ਰੂਰੀ ਹੈ, ਤਾਂ ਹੀ ਤੇ ਉਹ ਦੁਰਭਾਗ ਦਾ ਸ਼ਿਕਾਰ ਬਣੇਗਾ ।

ਅਰਸਤੂ ਨੇ ਦੁਖਾਂਤ ਦੇ ਅੰਗਾਂ ਵਿਚ ਮਹੱਤਵ ਦੀ ਦ੍ਰਿਸ਼ਟੀ ਤੋਂ ਤੀਜਾ ਸਥਾਨ ਵਿਚਾਰ ਤੱਤ ਨੂੰ ਦਿੱਤਾ ਹੈ ।[26] ਇਸ ਦੇ ਦੋ ਰੂਪ ਹਨ : ਪਹਿਲਾ ਵਸਤੂਗਤ, ਜਿਸ ਵਿਚ ਲੇਖਕ ਆਪਣੇ ਪਾਤਰਾਂ ਰਾਹੀਂ ਉਨ੍ਹਾਂ ਦਾ ਵਿਚਾਰ ਪ੍ਰਤਿਪਾਦਨ ਕਰਦਾ ਹੈ ਅਤੇ ਦੂਜਾ, ਆਤਮਗਤ ਰੂਪ, ਜਿਸ ਵਿਚ ਲੇਖਕ ਆਪਣੇ ਹੀ ਵਿਚਾਰਾਂ ਦੀ ਅਭਿਵਿਅਕਤੀ ਕਰਦਾ ਹੈ । ਦੁਖਾਂਤ ਨਾਟਕ ਵਿਚ ਅਰਸਤੂ ਨੇ ਪਹਿਲੇ ਰੂਪ ਉਪਰ ਹੀ ਜ਼ੋਰ ਦਿੱਤਾ ਹੈ । ਦੁਖਾਂਤ ਦੇ ਚੌਥੇ ਤੱਤ ਪਦਾਵਲੀ ਜਾਂ ਭਾਸ਼ਾ-ਸ਼ੈਲੀ ਸੰਬੰਧੀ ਅਰਸਤੂ ਦੇ ਵਿਚਾਰ ਹਨ ਕਿ ਇਹ ਅਲੰਕ੍ਰਿਤ ਹੋਵੇ ਜਿਸ ਵਿਚ ਲੈ, ਸੁਮੇਲ ਅਤੇ ਗੀਤ ਦੇ ਅੰਸ਼ ਹੋਣ; ਸਮ੍ਰਿੱਧ ਅਤੇ ਉਦਾਤ ਵਿਸ਼ੇ ਵਸਤੂ ਦੇ ਅਨੁਰੂਪ ਮਹਾਨ ਹੋਵੇ । ਪੰਜਵੇਂ ਤੱਤ ਗੀਤ ਨੂੰ ਅਰਸਤੂ ਨੇ ਦੁਖਾਂਤ ਦਾ ਅਨਿੱਖੜਵਾਂ ਅੰਗ ਮੰਨਿਆ ਹੈ । ਬਾਕੀ ਤੱਤਾਂ ਵਿਚੋਂ ਸਜਾਵਟ ਦੇ ਸਾਧਨਾਂ ਵਿਚ ਗੀਤ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ ।[27] ਛੇਵਾਂ ਤੱਤ ਹੈ ਦ੍ਰਿਸ਼ ਵਿਧਾਨ । ਦੁਖਾਂਤ ਦੇ ਤੱਤਾਂ ਵਿਚੋਂ ਅਰਸਤੂ ਨੇ ਇਸ ਨੂੰ ਸਭ ਤੋਂ ਘੱਟ ਕਲਾਤਮਕ ਮੰਨਿਆ ਹੈ ।[28] ਕਿਉਂਕਿ ਇਕ ਤਾਂ ਇਹ ਕਵੀ ਦੀ ਅਪੇਖਿਆ ਮੰਚ-ਸ਼ਿਲਪੀ ਦੀ ਕਲਾ ਤੇ ਨਿਰਭਰ ਹੁੰਦਾ ਹੈ ਅਤੇ ਦੂਜੇ ਇਸ ਤੋਂ ਬਗੈਰ ਵੀ ਦੁਖਾਂਤ ਦੇ ਪ੍ਰਬਲ ਪ੍ਰਭਾਵ ਦੀ ਅਨੁਭੂਤੀ ਸੰਭਵ ਹੈ ਅਰਥਾਤ ਦੁਖਾਂਤ ਦੇ ਮੂਲ ਪ੍ਰਭਾਵ ਲਈ ਇਸ ਦੀ ਖਾਸ ਲੋੜ ਨਹੀਂ ਹੈ ।

ਥੋੜ੍ਹੇ ਸ਼ਬਦਾਂ ਵਿਚ ਅਰਸਤੂ ਦੇ ਮਤ ਅਨੁਸਾਰ ਦੁਖਾਂਤ ਅਜਿਹੀ ਮਨੁੱਖੀ ਕ੍ਰਿਆ ਦਾ ਅਨੁਕਰਣ ਹੈ ਜੋ ਗੰਭੀਰਤਾ ਪੂਰਨ, ਅਤੇ ਪੂਰਨ-ਆਕਾਰ ਵਾਲਾ ਹੋਵੇ । ਅਰਥ ਇਹ ਹੈ ਕਿ ਟ੍ਰੈਜਿਡੀ ਵਿਚ ਹਾਸੇ ਅਤੇ ਮਜ਼ਾਕ ਦੇ ਵਾਸਤੇ ਕੋਈ ਸਥਾਨ ਨਹੀਂ ਰਹਿੰਦਾ । ਉਸ ਵਿਚ ਆਰੰਭ, ਮੱਧ ਅਤੇ ਅੰਤ ਦੀ ਪੂਰੀ ਤਰਤੀਬ ਰਹਿੰਦੀ ਹੈ । ਤਥਾ ਨਾਟਕ ਦੀ ਵਸਤੂ ਦਾ ਆਕਾਰ ਜਿਥੋਂ ਤਕ ਹੋ ਸਕੇ, ਲੰਬਾ ਹੁੰਦਾ ਹੈ । ਅਰਸਤੂ ਨੇ ਕਥਾ ਵਸਤੂ, ਚਰਿਤ੍ਰ, ਵਿਚਾਰ, ਸ਼ੈਲੀ, ਸੰਗੀਤ, ਅਤੇ ਦ੍ਰਿਸ਼ਵਿਧਾਨ ਨੂੰ ਟ੍ਰੈਜਿਡੀ ਦੇ ਜ਼ਰੂਰੀ ਭਾਗ ਮੰਨਿਆ ਹੈ ਅਤੇ ਉਸ ਦਾ ਇਹ ਮਤ ਥੋੜ੍ਹੇ ਜਿਹੇ ਅੰਤਰ ਦੇ ਨਾਲ ਅੱਜ ਵੀ ਮਾਨਤਾ ਰੱਖਦਾ ਹੈ ।[29] ਟ੍ਰੈਜਿਡੀ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵ ਦੀ ਵਿਆਖਿਆ ਅਰਸਤੂ ਨੇ ਵਿਰੇਚਨ ਸਿਧਾਂਤ ਦੇ ਆਧਾਰ ਉੱਤੇ ਕੀਤੀ ਹੈ। ਟ੍ਰੈਜਿਡੀ ਦੇ ਦੇਖਣ ਅਤੇ ਅਧਿਐਨ ਨਾਲ ਮਨ ਵਿਚ ਕਰੁਣਾ ਅਤੇ ਭੈ ਦਾ ਜ਼ੋਰ ਕਾਬੂ ਵਿਚ ਰਹਿੰਦਾ ਹੈ ਅਤੇ ਇਨ੍ਹਾਂ ਦੁਖਦ ਭਾਵਨਾਵਾਂ ਦਾ ਸੁਧਾਰ (ਕਥਾਰਸਿਸ) ਹੁੰਦਾ ਹੈ। ਪਰ, ਇਕ ਗਲ ਬੜੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਭਾਵੇਂ ਯੂਨਾਨੀਆਂ ਨੇ ਮਨੁੱਖ ਜਾਤੀ ਦੀਆਂ ਬਹੁਤ ਹੀ ਮਹੱਤਵਪੂਰਨ ਪ੍ਰਾਪਤੀਆਂ ਵਿਚੋਂ ਗਿਣੀ ਜਾਣ ਵਾਲੀ ਕਲਾ ਦੀ ਇਕ ਵੰਨਗੀ, ਦੁਖਾਂਤ ਨੂੰ ਜਨਮਿਆ ਪਰੰਤੂ ਨਾਟਕੀ ਅਣੋਖ ਤੋਂ ਬਾਹਰ ਜਾ ਕੇ ਮਨੁੱਖ ਦੇ ਸਮੁੱਚੇ ਸੰਸਾਰ ਪ੍ਰਤਿ ਆਤਮਿਕ ਰਉਂ ਨੂੰ ਟੁੰਬਣ ਵਾਲੇ ਕਿਸੇ ਦੁਖਾਂਤਿਕ ਸਿੱਧਾਂਤ ਦਾ ਉਹ ਵਿਕਾਸ ਨਾ ਕਰ ਸਕੇ।[30]

ਯੂਨਾਨ ਦੇ ਮਗਰੋਂ ਰੋਮ ਦੇਸ਼ ਦਾ ਵੱਡਾ ਕਲਾਕਾਰ ਸੇਨੇਕਾ (Seneca b. 4 B.C.) ਹੋਇਆ ਹੈ ਜਿਸ ਨੇ ਦੁਖਾਂਤ ਦੀ ਸ਼ੈਲੀ ਬਿਲਕੁਲ ਬਦਲ ਦਿੱਤੀ ਹੈ। ਉਸ ਨੇ ਇਹ ਲੱਛਣ ਉਹਦੇ ਵਿਚ ਪਾਏ : ਸੁਭਾਸ਼ਣ (Rhetoric), ਮੈਲੋਡਰਾਮਾ ਨੈਤਿਕ ਸਿਖਿਆ ਦਾ ਉਦੇਸ਼, ਸ਼ਬਦ-ਜੰਜਾਲ (Bombast) ਤੇ ਜਿੰਨ-ਭੂਤ, ਜਾਦੂ ਆਦਿ। ਸੇਨੇਕਾ ਨੇ ਰੋਮਾਂਸਿਕ ਤੇ ਸਨਸਨੀ-ਭਰਪੂਰ ਦੁਖਾਂਤ ਰਚੇ ਹਨ। ਉਸ ਨੇ ਇਹ ਦੁਖਾਂਤ ਪੜ੍ਹਨ ਲਈ ਲਿਖੇ ਨਾ ਕਿ ਖੇਡਣ ਲਈ। ਉਸ ਦੇ ਦੁਖਾਂਤਾਂ ਨੂੰ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਇੰਗਲੈਂਡ ਤੇ ਫਰਾਂਸ ਵਿਚ ਮਾਡਲ ਦੇ ਤੌਰ ਤੇ ਵਰਤਿਆ ਗਿਆ।[31] ਇਟਲੀ ਤੇ ਫਰਾਂਸ ਵਿਚ ਸਾਹਿਤਿਕ ਜਾਗ੍ਰਤੀ ਹੋਣ ਨਾਲ ਇਟਲੀ ਵਿਚ ਅਲਫੇਰੀ (Alfieri) ਤੇ ਫਰਾਂਸ ਵਿਚ ਰੇਸੀਨ (Racine) ਪ੍ਰਸਿੱਧ ਦੁਖਾਂਤਕਾਰ ਹੋਏ ਹਨ। ਉਨ੍ਹਾਂ ਦਾ ਸਾਹਿੱਤ ਵੀ ਯੂਨਾਨ ਤੇ ਰੋਮ ਦੇ ਸਾਹਿੱਤਾਂ ਤੋਂ ਉਜਾਰ ਹੋਇਆ ਪਰ ਉਨ੍ਹਾਂ ਨੇ ਤਿੰਨ ਏਕਤਾਵਾਂ ਉੱਤੇ ਬੜਾ ਜ਼ੋਰ ਦਿੱਤਾ। ਇਸ ਕਾਰਨ ਦੁਖਾਂਤ ਕਲਾ ਦੇ ਪ੍ਰਯੋਗ ਵਿਚ ਉਹ ਸ਼ੈਕਸਪੀਅਰ ਦੇ ਮੁਕਾਬਲੇ ਵਿਚ ਵਧੇਰੇ ਸਫਲ ਨਾ ਹੋ ਸਕੇ। ਇਸ ਕਰਕੇ ਇਨ੍ਹਾਂ ਦੇ ਦੁਖਾਂਤਾਂ ਨੂੰ ਯੂਨਾਨੀ ਦੁਖਾਂਤ ਵਾਂਗ ਹੀ ਕਲਾਸੀਕਲ ਜਾਂ ਪ੍ਰਾਚੀਨ ਦੁਖਾਂਤ ਹੀ ਕਿਹਾ ਜਾਂਦਾ ਹੈ। ਉਸ ਸਮੇਂ ਦੇ ਦੌਰਾਨ ਹੀ ਪਲੂਟਾਰਕ (Plutarch b.c. 46 A.D.) ਦੀਆਂ ਜੀਵਨੀਆਂ (Lives) ਦੇ ਨਾਰਥ ਨੇ ਅੰਗਰੇਜ਼ੀ ਵਿਚ ਅਨੁਵਾਦ ਕੀਤੇ।

ਅਸਲ ਵਿਚ, ਮੁੱਢਲੇ ਤਿੰਨ[32] ਯੂਨਾਨੀ ਦੁਖਾਂਤਕਾਰਾਂ ਤੋਂ ਪਿੱਛੋਂ ਸੰਸਾਰ ਵਿਚ ਚੌਥਾ ਵੱਡਾ ਦੁਖਾਂਤਕਾਰ ਇੰਗਲੈਂਡ ਵਿਚ ਸ਼ੈਕਸਪੀਅਰ (Shakespeae, William 1564-1616) ਹੋਇਆ। ਸ਼ੇਕਸਪੀਅਰ ਨੇ ਅਨੁਵਾਦਾਂ ਰਾਹੀਂ ਯੂਨਾਨੀ ਤੇ ਸੇਨੇਕਾ ਦੇ ਦੁਖਾਂਤਾਂ ਅਤੇ ਆਪਣੇ ਵੱਡੇ ਸਮਕਾਲੀ ਮਾਰਲੋ ਤੇ ਕਿਡ ਦੀਆਂ ਰਚਨਾਵਾਂ ਤੋਂ ਤਕੜਾ ਪ੍ਰਭਾਵ ਗ੍ਰਹਿਣ ਕੀਤਾ। ਪਰ ਸੇਨੇਕਾ ਦਾ ਉਸ ਉੱਤੇ ਸਭ ਤੋਂ ਵਧੇਰੇ ਪ੍ਰਭਾਵ ਪਿਆ ਕਿਉਂਕਿ ਉਸ ਦੇ ਦੁਖਾਂਤ ਅੰਗਰੇਜ਼ੀ ਵਿਚ ਵਧੇਰੇ ਅਨੁਵਾਦ ਕੀਤੇ ਗਏ ਸਨ। ਸ਼ੈਕਸਪੀਅਰ ਦੇ ਦੁਖਾਂਤਾਂ ਵਿਚੋਂ ਕਵਿਤਾ, ਕਰੁਣਾ ਰਸ ਤੇ ਅੰਦਰਲਾ ਘੋਲ ਕੱਢ ਲਿਆ ਜਾਵੇ ਤਾਂ ਉਹਦੇ ਤੇ ਸੇਨੇਕਾ ਦੇ ਦੁਖਾਂਤਾਂ ਵਿਚ ਕੋਈ ਖ਼ਾਸ ਫ਼ਰਕ ਨਹੀਂ ਰਹਿ ਜਾਂਦਾ। ਉਸ ਨੇ ਆਪਣੇ ਰਚਨਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਲ ਦੇ ਪਹਿਲੇ ਦਸ ਸਾਲਾਂ ਵਿਚ ਨਾਟਕ ਬਹੁਤ ਤੇਜ਼ੀ ਨਾਲ ਲਿਖੇ, ਉਹ ਹਰ ਸਾਲ ਔਸਤਨ ਦੋ ਨਾਟਕ ਲਿਖਦਾ ਰਿਹਾ।[33] ਸ਼ੈਕਸਪੀਅਰ ਤੇ ਉਸ ਦੇ ਸਮਕਾਲੀ ਸਪੇਨ ਦੇ ਨਾਟਕਕਾਰਾਂ ਨੇ ਤਿੰਨ ਏਕਤਾਵਾਂ ਦੇ ਸਿੱਧਾਂਤ ਨੂੰ ਰੱਦ ਕਰ ਦਿੱਤਾ। ਇਸ ਕਰਕੇ ਉਨ੍ਹਾਂ ਦੇ ਨਾਟਕਾਂ ਦੀ ਵਸਤੂ ਦੀ ਗੋਂਦ ਬਹੁਤ ਹੀ ਢਿੱਲੀ ਹੈ। ਉਨ੍ਹਾਂ ਵਿਚ ਘਟਨਾਵਾਂ ਦੀ ਭਰਮਾਰ ਹੈ। ਅਰਸਤੂ ਦੇ ਦਸੇ ਹੋਏ ਦੁਖਾਂਤ ਦੇ ਛੇ ਤੱਤਾਂ ਦੀ ਹਰ ਇਕ ਦੁਖਾਂਤਕਾਰ ਨੇ ਕਿਸੇ ਨਾ ਕਿਸੇ ਰੂਪ ਵਿਚ ਵਰਤੋਂ ਕੀਤੀ ਹੈ ਅਤੇ ਸ਼ੈਕਸਪੀਅਰ ਦੇ ਦੁਖਾਂਤਾਂ ਵਿਚ ਵੀ ਇਹ, ਤੱਤ ਉਪਲਬਧ ਹਨ। ਸ਼ੇਕਸਪੀਅਰ ਤੋਂ ਪਿਛੋਂ ਜਦੋਂ ਫਰਾਂਸ ਦੇ ਸਾਹਿਤਿਕ ਪ੍ਰਭਾਵ ਨਾਲ ਦੁਖਾਂਤ ਕਾਵਿ ਦੀ ਥਾਂ ਗੱਦ ਵਿਚ ਲਿਖੇ ਜਾਣੇ ਆਰੰਭ ਹੋਏ ਤਾਂ ਛੰਦ ਦੇ ਅਲੋਪ ਹੋ ਜਾਣ ਨਾਲ ਲੈ, ਸੁਰ ਜਾਂ ਸੰਗੀਤ ਦਾ ਤੱਤ ਵੀ ਖ਼ਤਮ ਹੋ ਗਿਆ। ਸ਼ੈਕਸਪੀਅਰ ਦੇ ਦੁਖਾਂਤਾਂ ਵਿਚ ਮੁੱਖ ਤੌਰ ਤੇ ਚਾਰ ਤੱਤ ਜਾਂ ਲੱਛਣ ਮਿਲਦੇ ਹਨ ਤੇ ਇਨ੍ਹਾਂ ਵਿਚ ਹੀ ਉਕਤ ਸਾਰੇ ਤੱਤ ਸਮਾ ਗਏ ਹਨ। ਇਹ ਹਨ: ਨਾਇਕ, ਕਾਰਜ, ਵਿਚਾਰ ਅਤੇ ਸਮੁੱਚਾ ਪ੍ਰਭਾਵ ਜਾਂ ਕਥਾਰਸਿਸ।

ਸ਼ੈਕਸਪੀਅਰ ਇਕ ਸੁਤੰਤਰ ਕਲਾਕਾਰ ਹੈ। ਉਹ ਕਿਸੇ ਵਿਸ਼ੇਸ਼ ਦੇਸ਼ ਦੇ ਸਾਹਿੱਤ ਜਾਂ ਪਰੰਪਰਾ ਦਾ ਅਨੁਆਈ ਨਹੀਂ ਬਣਿਆ ਅਤੇ ਨਾ ਹੀ ਉਸ ਨੇ ਆਪਣੀ ਰਚਨਾ ਆਲੋਚਕਾਂ ਨੂੰ ਖੁਸ਼ ਕਰਨ ਲਈ ਰਚੀ। ਉਸ ਦਾ ਮੁੱਖ ਉਦੇਸ਼ ਲੋਕਾਂ ਦਾ ਦਿਲ ਪ੍ਰਚਾਵਾ ਸੀ। ਇਸ ਕਰਕੇ ਹੀ ਉਹ ਲੋਕਾਂ ਦੇ ਸੁਆਦ ਨੂੰ ਸਾਮ੍ਹਣੇ ਰੱਖਦਾ ਹੈ ਅਤੇ ਉਨ੍ਹਾਂ ਨੂੰ ਖੁਸ਼ ਕਰਨ ਦੇ ਸਾਧਨ ਲੱਭਦਾ ਤੇ ਅਪਣਾਉਂਦਾ ਹੈ। ਅਰਸਤੂ ਦੇ ਸਿੱਧਾਂਤ ਤੋਂ ਉਲਟ ਸ਼ੈਕਸਪੀਅਰ ਅਤੇ ਉਸ ਦੇ ਸਮਕਾਲੀਆਂ ਲਈ ਪਾਤਰ ਉਸਾਰੀ, ਗੋਂਦ ਤੋਂ ਵਧੇਰੇ ਮਹੱਤਵਪੂਰਨ ਹੈ। ਕ੍ਰਿਆ ਦੇ ਨਾਲ ਤਮਾਸ਼ੇ ਜਾਂ ਦ੍ਰਿਸ਼ ਦਾ ਹੋਣਾ ਵੀ ਜ਼ਰੂਰੀ ਹੈ। ਪਲਾਟ ਜਿੰਨਾ ਵੱਡਾ ਸੰਭਾਲਿਆ ਜਾ ਸਕੇ ਉੱਨਾ ਹੀ ਹੋਣਾ ਯੋਗ ਹੈ। ਉਨ੍ਹਾਂ ਅਨੁਸਾਰ ਜਿੰਨ ਭੂਤ, ਜਾਦੂ ਟੂਣੇ, ਜੋਤਿਸ਼ ਭਰਮ ਆਦਿ ਸਾਮਗ੍ਰੀ ਦੁਖਾਂਤ ਨੂੰ ਲੋਕ-ਪ੍ਰਿਯ ਬਣਾਉਂਦੀ ਹੈ ਅਤੇ ਭੈ, ਕਰੁਣਾ, ਵਿਸਮਾਦ, ਕਵਿਤਾ, ਪ੍ਰੇਮ ਆਦਿ ਦੀ ਮਾਤਰਾ ਵਧੇਰੇ ਹੋਣੀ ਚਾਹੀਦੀ ਹੈ। ਦੁਖਾਂਤ ਵਿਚ ਕ੍ਰੋਧ, ਬਦਲਾ ਤੇ ਵੈਰ ਭਾਵ ਵੀ ਆਮ ਹੋਣੇ ਚਾਹੀਦੇ ਹਨ। ਹਾਸ ਰਸ ਵੀ ਵਿਵਰਜਿਤ ਨਹੀਂ। ਸਨਸਨੀ-ਭਰਪੂਰ ਕ੍ਰਿਆ ਪ੍ਰਧਾਨ ਅੰਸ਼ ਹੈ, ਕਵਿਤਾ ਤੇ ਵਿਚਾਰ ਦੁਖ ਤ ਕਲਾ ਦੇ ਹੋਰ ਜ਼ਰੂਰੀ ਅੰਗ ਹਨ।

ਸ਼ੈਕਸਪੀਅਰੀ ਦੁਖਾਂਤ ਮੁੱਖ ਤੌਰ ਉੱਤੇ ਇਕ ਪਾਤਰ ਜਾਂ ਨਾਇਕ ਦੀ ਕਹਾਣੀ ਹੁੰਦੇ ਹਨ। ਸਾਰੀ ਕਥਾ ਉਸ ਨਾਇਕ ਦੇ ਦੁਆਲੇ ਹੀ ਘੁੰਮਦੀ ਰਹਿੰਦੀ ਹੈ। ਜਿਵੇਂ 'ਕਿੰਗ ਲੀਅਰ' ਦਾ ਰਾਜਾ ਲੀਅਰ, 'ਹੈਮਲੇਟ' ਦਾ ਰਾਜ ਕੁਮਾਰ ਹੈਮਲੇਟ, 'ਓਥੈਲੋ' ਦਾ ਜਰਨੈਲ ਓਥੈਲੋ ਤੇ 'ਮੈਕਬੈਥ' ਦਾ ਜਰਨੈਲ ਮੈਕਬੈਥ ਸਭ ਨਾਇਕ ਹਨ ਪਰ ਉਸ ਦੇ ਨਿਰੋਲ ਪ੍ਰੇਮ-ਦੁਖਾਂਤਾਂ ਵਿਚ ਨਾਇਕ ਤੇ ਨਾਇਕਾ ਦੋ ਪਾਤਰ ਪ੍ਰਧਾਨ ਹੋ ਜਾਂਦੇ ਹਨ, ਜਿਵੇਂ—ਰੋਮੀਓ ਐਂਡ ਜੂਲੀਅਟ ਅਤੇ ਐਂਟੋਨੀ ਐਂਡ ਕਲਊਪੈਟਰਾ।[34] ਇਹਨਾਂ ਮੁੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਤਰਾਂ ਦੇ ਨਾਵਾਂ ਉੱਤੇ ਹੀ ਦੁਖਾਂਤ ਦਾ ਨਾਂ ਰਖਿਆ ਹੁੰਦਾ ਹੈ ।

ਸ਼ੇਕਸਪੀਅਰੀ ਦੁਖਾਂਤ ਵਿਚ ਮੌਤ ਉਸ ਦੇ ਨਾਇਕ ਦੀ ਮੌਤ ਹੁੰਦੀ ਹੈ । ਦੁਖਾਂਤ ਵਿਚ ਬਾਕੀ ਸਾਰੇ ਦੁੱਖ ਦਰਦ ਜਾਂ ਮੌਤਾਂ ਉਸ ਦੇ ਹੀ ਕਾਰਨ ਜਾਂ ਉਸ ਦੀ ਲਪੇਟ ਵਿਚ ਆ ਜਾਣ ਕਰਕੇ ਹੀ ਹੁੰਦੀਆਂ ਹਨ । ਸਪੱਸ਼ਟ ਸ਼ਬਦਾਂ ਵਿਚ ਸ਼ੇਕਸਪੀਅਰੀ ਦੁਖਾਂਤ ਨਾਇਕ ਦੇ ਦੁਖ ਤੇ ਵਿਪਦਾ ਦੀ ਕਹਾਣੀ ਹੁੰਦੀ ਹੈ ਅਤੇ ਉਸ ਦਾ ਅੰਤ ਨਾਇਕ ਦੀ ਮੌਤ ਨਾਲ ਹੁੰਦਾ ਹੈ ।[35] ਉਸ ਦਾ ਨਾਇਕ ਸਮਾਜ ਜਾਂ ਰਾਜਸੀ ਖੇਤਰ ਵਿਚ ਉੱਚਾ ਸਥਾਨ ਰੱਖਦਾ ਹੈ । ਜਿਵੇਂ—ਲੀਅਰ ਰਾਜਾ ਹੈ, ਰਿਚਰਡ ਪਹਿਲਾ ਤੇ ਦੂਜੇ ਵੀ ਰਾਜੇ ਹਨ, ਹੈਮਲੇਟ ਰਾਜ ਕੁਮਾਰ ਹੈ । ਮੈਕਬੈਥ, ਓਥੈਲੋ, ਕੋਰੀਓਲੇਨਸ, ਜੂਲੀਅਸ ਸੀਜ਼ਰ, ਐਂਟੋਨੀ ਆਦਿ ਸਾਰੇ ਉਘੇ ਜਰਨੈਲ ਹਨ । ਇਨ੍ਹਾਂ ਸਾਰਿਆਂ ਦਾ ਸਮਾਜ ਵਿਚ ਆਦਰ ਮਾਣ ਹੋਣ ਕਰਕੇ ਇਨ੍ਹਾਂ ਦੇ ਦੁੱਖਾਂ ਤਕਲੀਫ਼ਾਂ ਕਾਰਨ ਕਈ ਦੁੱਖਾਂ ਦੇ ਭਾਈਵਾਲ ਬਣਦੇ ਹਨ । ਇੰਜ ਇਨ੍ਹਾਂ ਦੁਖਾਂਤਾਂ ਵਿਚ ਇਨ੍ਹਾਂ ਰਾਜਿਆਂ, ਜਰਨੈਲਾਂ ਜਾਂ ਪ੍ਰਮੁੱਖ ਹਸਤੀਆਂ ਦੇ ਦੁੱਖਾਂ ਕਾਰਨ ਸਮਾਜ ਵਿਚ ਕਿਆਮਤ ਆ ਜਾਂਦੀ ਹੈ । ਕਾਬਲੀਅਤ ਦੇ ਪੱਖੋਂ ਵੀ ਇਹ ਨਾਇਕ ਸਾਧਾਰਨ ਪੁਰਸ਼ ਤੋਂ ਕਾਫ਼ੀ ਉੱਚੇ ਤੇ ਵੱਡੀ ਯੋਗਤਾ ਦੇ ਮਾਲਿਕ ਹੁੰਦੇ ਹਨ । ਉਸ ਦਾ ਨਾਇਕ ਭਾਵੇਂ ਰਾਜਾ, ਭਾਵੇਂ ਜਰਨੈਲ, ਭਾਵੇਂ ਸੌਦਾਗਰ ਜਾਂ ਭਾਵੇਂ ਕੋਈ ਹੋਰ ਸਮਾਜਿਕ ਨੇਤਾ ਹੋਵੇ, ਸ਼ੈਕਸਪੀਅਰ ਨੇ ਉਸ ਨੂੰ ਸਰੀਰਕ ਮਾਨਸਿਕ ਤੇ ਚਰਿਤ੍ਰ ਦੇ ਪੱਖੋਂ ਮਹਾਨ ਬਣਾਇਆ ਹੁੰਦਾ ਹੈ ।

ਪਰ ਉਹ ਨਾਇਕ ਆਦਰਸ਼ਕ ਜਾਪਦੇ ਹੋਏ ਵੀ ਸੰਪੂਰਨ ਨਹੀਂ ਹੁੰਦੇ । ਉਨ੍ਹਾਂ ਵਿਚ ਦੋਸ਼ ਵੀ ਗੰਭੀਰ ਤੇ ਘਾਤਕ ਹੁੰਦੇ ਹਨ । ਉਹ ਆਪਣੇ ਦੋਸ਼ਾਂ ਕਾਰਨ ਆਪਣੀ ਮੌਤ ਆਪ ਮਰਦੇ ਹਨ । ਉਨ੍ਹਾਂ ਵਿਚ ਖ਼ਾਸ ਕਰਕੇ ਇਕਪੱਖਤਾ ਹੁੰਦੀ ਹੈ ਅਤੇ ਉਹ ਹੀ ਉਨ੍ਹਾਂ ਦੀ ਕਮਜ਼ੋਰੀ ਬਣਦੀ ਹੈ । ਉਨ੍ਹਾਂ ਦਾ ਇਕ ਵਿਸ਼ੇਸ਼ ਜਜ਼ਬਾ, ਰੁਚੀ ਜਾਂ ਇੱਛਾ ਇਸ ਹੱਦ ਤਕ ਵਧ ਜਾਂਦੀ ਹੈ ਕਿ ਉਹ ਤੂਫ਼ਾਨ ਦਾ ਰੂਪ ਧਾਰ ਲੈਂਦੀ ਹੈ ਉਸ ਦੀ ਪ੍ਰਬਲ ਗਤੀ ਹੀ ਉਨ੍ਹਾਂ ਨੂੰ ਤਬਾਹੀ ਵੱਲ ਲੈ ਜਾਂਦੀ ਹੈ । ਸ਼ੈਕਸਪੀਅਰ ਦੇ ਦੁਖਾਂਤਾਂ ਵਿਚ ਇਹੋ ਰੁਚੀ ਹੀ ਦੁਖਾਂਤਿਕ ਲੱਛਣ ਬਣਦੀ ਹੈ । ਜਿਵੇਂ 'ਮੈਕਬੈਥ' ਵਿਚ ਅਭਿਲਾਸ਼ਾ, 'ਓਥੈਲੋ' ਵਿਚ ਲਿੰਗ ਸਾੜ੍ਹਾ, 'ਲੀਅਰ' ਵਿਚ ਮਮਤਾ, 'ਹੈਮਲੇਟ' ਵਿਚ ਅਤਿ ਦੀ ਦਾਰਸ਼ਨਿਕਤਾ ਆਦਿ । ਇਨ੍ਹਾਂ ਗੁਣਾਂ ਦਾ ਹੋਣਾ ਭਾਵੇਂ ਕੋਈ ਦੋਸ਼ ਨਹੀਂ ਪਰ ਉਸ ਦਾ ਨਾਇਕ ਜਿਸ ਸਥਿਤੀ ਵਿਚ ਹੁੰਦਾ ਹੈ, ਉਸ ਲਈ ਇਹ ਇਕ-ਪੱਖਤਾ ਦਾ ਦੋਸ਼ ਘਾਤਕ ਸਿੱਧ ਹੋ ਜਾਂਦਾ ਹੈ ।

ਸ਼ੈਕਸਪੀਅਰ ਨਾਇਕ ਦੇ ਚਿਤ੍ਰਣ ਵਿਚ ਆਦਰਸ਼ਵਾਦੀ ਤਾਂ ਹੈ ਪਰ ਸੰਪੂਰਨਤਾਵਾਦੀ ਨਹੀਂ । ਸ਼ੈਕਸਪੀਅਰ ਦੇ ਨਾਇਕ ਦੀ ਮਹਾਨਤਾ ਦਾ ਵੱਡਾ ਸਬੂਤ ਉਸ ਦਾ ਆਤਮਿਕ ਘੋਲ ਹੁੰਦਾ ਹੈ ਜੋ ਉਸ ਦੇ ਮਨ ਦੇ ਅੰਦਰਲੇ ਬਾਹਰਲੇ ਦੁਖਾਂਤਿਕ ਘੋਲ ਪ੍ਰਤਿ ਗੂੰਜ ਵਾਂਗ ਹੁੰਦਾ ਹੈ । ਸ਼ੈਕਸਪੀਅਰ ਦੇ ਦੁਖਾਂਤ ਦਾ ਨਾਇਕ ਭਾਵੇਂ ਉਚੇ ਆਚਰਣ ਵਾਲਾ ਤੇ ਮਹਾਨ ਹੁੰਦਾ ਹੈ, ਪਰ ਉਸ ਵਿਚ ਕੋਈ ਕਚਿਆਈ ਵੀ ਹੁੰਦੀ ਹੈ ਜੋ ਉਸ ਦਾ ਦੁਖਾਂਤਿਕ ਦੋਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਣ ਜਾਂਦੀ ਹੈ ਉਹ ਦੋਸ਼ ਉਸ ਵਿਸ਼ੇਸ਼ ਸਥਿਤੀ ਵਿਚ ਘਾਤਕ ਬਣ ਜਾਂਦਾ ਹੈ। ਇਸ ਨੂੰ ਹੀ ਦੁਖਾਂਤ ਵਿਚ 'ਚਰਿਤ੍ਰ ਹੀ ਭਾਵੀ' (Character is destiny) ਕਿਹਾ ਜਾਂਦਾ ਹੈ।[36] ਨਾਇਕ ਆਪਣੇ ਗੁਣਾਂ ਨਾਲ ਮਹਾਨ ਹੁੰਦਾ ਹੈ ਅਤੇ ਆਪਣੇ ਔਗੁਣਾਂ ਨਾਲ ਹੀ ਡਿਗਦਾ ਹੈ। ਇੰਜ ਉਹ ਆਪ ਹੀ ਆਪਣੇ ਪਤਨ ਦਾ ਜ਼ਿੰਮੇਵਾਰ ਤੇ ਆਪਣੀ ਕਿਸਮਤ ਦਾ ਕਰਤਾ ਹੁੰਦਾ ਹੈ।

ਹੀਗਲ (Hegel 1770-1831) ਦੁਖਾਂਤ ਸੰਬੰਧੀ ਵਿਚਾਰ ਸਦਾਚਾਰਿਕ ਸਮੱਸਿਆ ਤੋਂ ਆਰੰਭ ਕਰਦਾ ਹੈ ਅਤੇ ਸਦਾਚਾਰਿਕ ਸਮੱਸਿਆ ਉਤੇ ਹੀ ਮੁਕਾ ਦਿੰਦਾ ਹੈ। ਉਸ ਦੇ ਮੱਤ ਅਨੁਸਾਰ ਦੁਖਾਂਤ ਦਾ ਨਾਇਕ ਜਿਸ ਨੇਕੀ ਦਾ ਮੁਦਈ ਹੁੰਦਾ ਹੈ, ਉਹ ਆਂਸ਼ਿਕ ਨੇਕੀ ਹੈ, ਪਰ ਨਾਇਕ ਉਸ ਨੂੰ ਸੰਪੂਰਨ ਨੇਕੀ ਮੰਨ ਲੈਂਦਾ ਹੈ। ਦੁਖਾਂਤ ਵਿਚਲੀ ਟੱਕਰ ਨੇਕੀ ਅਤੇ ਬਦੀ ਵਿਚਕਾਰ ਨਹੀਂ, ਸਗੋਂ ਇਕ (ਆਂਸ਼ਿਕ) ਨੇਕੀ ਅਤੇ ਦੂਜੀ (ਆਂਸ਼ਿਕ) ਨੇਕੀ ਵਿਚਕਾਰ ਹੁੰਦੀ ਹੈ।[37]

ਉਨ੍ਹੀਵੀਂ ਤੇ ਵੀਹਵੀਂ ਸਦੀ ਵਿਚ ਦੁਖਾਂਤ ਸਮਾਜਿਕ, ਮਨੋਵਿਗਿਆਨਿਕ ਅਤੇ ਵਿਅਕਤੀਗਤ ਸਮੱਸਿਆਵਾਂ ਦੇ ਆਧਾਰ ਉਤੇ ਲਿਖੇ ਗਏ ਹਨ। ਇਬਸਨ ਨੇ ਨਿੱਤ ਦੇ ਜੀਵਨ ਵਿਚੋਂ ਦੁਖਾਂਤ ਦੀ ਸਾਮਗ੍ਰੀ ਲੱਭ ਕੇ ਉਸ ਨੂੰ ਯਥਾਰਥਕ ਰੰਗ ਦਿੱਤਾ। ਉਸ ਦੇ ਪਾਤਰ, ਘਟਨਾਵਾਂ ਤੇ ਆਲਾ-ਦੁਆਲਾ ਸਾਧਾਰਨ ਤੇ ਹਰ ਰੋਜ਼ ਦੇ ਜੀਵਨ ਵਿਚਲਾ ਹੁੰਦਾ ਹੈ। ਉਸ ਨੇ ਮਨੁੱਖ ਦੇ ਗੁਪਤ ਤੇ ਰਸ-ਪੂਰਿਤ ਭਾਵਾਂ ਨੂੰ ਪ੍ਰਗਟ ਕਰਨ ਉਤੇ ਵਧੇਰੇ ਬਲ ਦਿੱਤਾ ਅਤੇ ਨਾਟਕਾਂ ਦੀ ਕ੍ਰਿਆ ਦੀ ਗਤੀ ਉਤੇ ਡੂੰਘਾ ਪ੍ਰਭਾਵ ਪਾਇਆ। ਮਨੋਵਿਗਿਆਨ ਦੇ ਪ੍ਰਭਾਵ ਨਾਲ ਦੁਖਾਂਤ ਦਾ ਸੁਭਾ ਵੀ ਬਦਲ ਗਿਆ ਤੇ ਗੁਪਤ ਬਿਰਤੀਆਂ ਨੂੰ ਬਾਹਰਲੀਆਂ ਸ਼ਕਤੀਆਂ ਤੋਂ ਵੀ ਅਧਿਕ ਪ੍ਰਬਲ ਬਣਾ ਕੇ ਭਾਵੀ ਰੂਪ ਬਣਾ ਦਿੱਤਾ ਗਿਆ। ਇਬਸਨ ਦੇ ਸਮਕਾਲੀ ਮੈਟਰਲਿੰਕ ਨੇ ਤਾਂ ਬਾਹਰਲੀ ਕ੍ਰਿਆ ਨੂੰ ਬਿਲਕੁਲ ਹੀ ਛੱਡ ਦਿੱਤਾ ਤੇ ਅਜਿਹੇ ਨਾਟਕ ਲਿਖੇ ਜਿਨ੍ਹਾਂ ਵਿਚ ਰਚਨਾ ਤੇ ਲੀਲਾ ਨਿਰੋਲ ਮਾਨਸਿਕ ਹੈ। ਇਸ ਸਮੇਂ ਦੇ ਦੌਰਾਨ ਇਬਸਨ ਤੇ ਮੈਟਰਲਿੰਕ ਤੋਂ ਬਿਨਾ ਸਟ੍ਰਿੰਗ ਬਰਗ, ਚੈਖ਼ਵ, ਸਿੰਜ, ਬਰਨਾਰਡ ਸ਼ਾਅ, ਓ' ਨੀਲ, ਸ਼ੀਆਂ ਓ' ਕੇਸੀ, ਆਦਿ ਦੇ ਹੱਥਾਂ ਵਿਚ ਦੀ ਦੁਖਾਂਤ ਨਾਟਕਾਂ ਨੇ ਕਈ ਕਰਵਟਾਂ ਬਦਲੀਆਂ। ਆਧੁਨਿਕ ਦੁਖਾਂਤਾਂ ਵਿਚ ਗਰੁਪ ਨਾਇਕ ਵੀ ਬਣਾਏ ਗਏ ਹਨ।

ਇੰਜ 19ਵੀਂ ਅਤੇ 20ਵੀਂ ਸ਼ਤਾਬਦੀ ਵਿਚ ਵਿਅਕਤੀ ਅਤੇ ਸਮਾਜਿਕ ਸ਼ਕਤੀਆਂ ਦੇ ਪ੍ਰਬਲ ਸੰਘਰਸ਼ ਉਤੇ ਆਧਾਰਿਤ ਅਨੇਕ ਦੁਖਾਂਤ ਨਾਟਕ ਲਿਖੇ ਗਏ ਹਨ। ਇਨ੍ਹਾਂ ਦੁਖਾਂਤ ਨਾਟਕਾਂ ਵਿਚ ਵਿਅਕਤੀ ਅਤੇ ਸਮਾਜਿਕ ਸ਼ਕਤੀਆਂ ਦੀ ਤੀਬਰ ਈਰਖਾ ਅਭਿ-ਵਿਅਕਤ ਹੋਈ ਹੈ। ਕੁਝ ਆਧੁਨਿਕ ਦੁਖਾਂਤ-ਨਾਟਕਾਂ ਵਿਚ ਨਾਇਕ ਵੰਸ਼ ਪਰੰਪਰਾ ਤੋਂ ਉਤਪੰਨ ਘਾਤਕ ਪ੍ਰਭਾਵਾਂ ਦਾ ਸ਼ਿਕਾਰ ਬਣਦਾ ਹੈ। ਸਮੱਸਿਆ ਮੂਲਕ ਨਾਟਕਾਂ ਵਿਚ ਟਰੈਜਿਡੀ ਦਾ ਜੋ ਰੂਪ ਮਿਲਦਾ ਹੈ ਉਸ ਨੂੰ 'ਸੀਰੀਅਸ ਡਰਾਮਾ' ਕਹਿਣਾ ਅਧਿਕ ਠੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵੇਗਾ। ਵਰਤਮਾਨ ਕਾਲ ਵਿਚ ਟਰੈਜਿਡੀ ਦਾ ਸਰਵ-ਉਤਮ ਰੂਪ ਕਾਵਿ ਨਾਟਕਾਂ ਵਿਚ ਮਿਲਦਾ ਹੈ ਅਤੇ ਹੁਣ ਇਹ ਧਾਰਨਾ ਵਧੇਰੇ ਦ੍ਰਿੜ੍ਹ ਹੁੰਦੀ ਜਾ ਰਹੀ ਹੈ ਕਿ ਨਿਰੋਲ ਟ੍ਰੈਜਿਡੀ ਕਾਵਿ ਨਾਟਕ ਦੇ ਖੇਤਰ ਵਿਚ ਹੀ ਸੰਭਵ ਹੈ। ਪਰਸਥਿਤੀਆਂ ਬਦਲਣ ਦੇ ਬਾਵਜੂਦ ਵੀ ਦੁਖਾਂਤ ਖਤਮ ਨਹੀਂ ਹੋਵੇਗਾ ਕਿਉਂਕਿ ਦੁਖਾਂਤ ਕਿਸੇ ਹੋਰ ਕਲਾ ਦੇ ਟਾਕਰੇ ਉਤੇ ਲੇਖਕ ਤੇ ਦਰਸ਼ਕਾਂ/ਪਾਠਕਾਂ ਦੀ ਵਧੇਰੇ ਸੰਤੁਸ਼ਟੀ ਕਰਦਾ ਹੈ।[38]

ਭਿੰਨ ਭਿੰਨ ਯੁਗਾਂ ਦੇ ਦੁਖਾਂਤ ਸਾਹਿੱਤ ਵਿਚ ਭਿੰਨ ਭਿੰਨ ਦਾਰਸ਼ਨਿਕ ਧਾਰਨਾਵਾਂ ਮਿਲਦੀਆਂ ਹਨ। ਯੂਨਾਨੀ ਨਾਟਕਾਂ ਵਿਚ ਸਾਨੂੰ ਭਾਗਵਾਦ ਮਿਲਦਾ ਹੈ। ਆਧੁਨਿਕ ਯੁਗ ਵਿਚ ਦੁਖਾਂਤ ਦੀ ਰਚਨਾ ਵਿਅਕਤੀ ਤਥਾ ਸਮਾਜ ਅਤੇ ਉਸ ਦੀਆਂ ਰੂੜ੍ਹੀਆਂ, ਪੂਰਵ-ਗ੍ਰਹਿਆਂ, ਨਿਯਮਾਂ ਆਦਿ ਨਾਲ, ਉਸ ਦੇ ਸੰਘਰਸ਼ ਦੁਆਰਾ ਕੀਤੀ ਜਾਂਦੀ ਹੈ: ਉਦਾਹਰਨ ਵੇਖੋ ਇਬਸਨ ਦੇ "ਏ ਡਾਲਸ ਹਾਊਸ", ਬਰਨਾਰਡ ਸ਼ਾਅ ਦੇ "ਸੈਂਟ ਜੌਨ" ਆਦਿ ਵਿਚ। ਇਮਲੀ ਜ਼ੋਲਾ ਨੇ ਟਰੈਜਿਡੀ ਦਾ ਕਾਰਨ ਮਨੁੱਖ ਵਿਚ ਕਾਮ ਭਾਵਨਾ ਦਾ ਹੋਣਾ ਦੱਸਿਆ ਹੈ। ਉਸ ਦੇ ਅਨੁਸਾਰ ਇਸ ਕਾਮ ਭਾਵਨਾ ਕਾਰਨ ਹੀ ਸਾਰੇ ਪਾਪ ਹੁੰਦੇ ਹਨ। ਇਸ ਪ੍ਰਕਾਰ ਭਾਗਵਾਦ ਵਾਲੀ ਪ੍ਰਾਚੀਨ ਧਾਰਨਾ ਦਾ ਨਵਾਂ ਰੂਪ ਹੋ ਗਿਆ ਹੈ। ਹੁਣ ਭਾਗ ਹੋਰ ਕੁਝ ਨਹੀਂ, ਕੇਵਲ ਭਾਵਨਾ ਅਤੇ ਜਨਮਗਤ ਸੰਸਕਾਰ ਰਹਿ ਗਿਆ ਹੈ।

ਮੋਟੇ ਤੌਰ ਤੇ ਟਰੈਜਿਡੀ ਨੂੰ ਚਾਰ ਮੁੱਖ ਪ੍ਰਕਾਰਾਂ ਵਿਚ ਵੰਡਿਆ ਜਾ ਸਕਦਾ ਹੈ:

(ੳ) ਮਰਯਾਦਾਵਾਦੀ ਜਾਂ ਕਲਾਸੀਕਲ: ਇਸ ਵਿਚ ਕਥਾਨਕ ਕਥਾਵਸਤੂ, ਚਰਿਤ੍ਰ, ਭਾਸ਼ਾ, ਆਦਰਸ਼ ਆਦਿ ਦੀ ਮਰਯਾਦਾ ਉਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ।

(ਅ) ਸੁਤੰਤਰਤਾਵਾਦੀ (ਰੋਮਾਂਸਿਕ): ਇਸ ਵਿਚ ਮਰਯਾਦਾਵਾਦੀ ਸੰਬੰਧਾਂ ਦਾ ਵਿਰੋਧ ਅਤੇ ਸੁਤੰਤਰ ਹੋਣ ਦੀ ਪ੍ਰਵਿੱਤੀ ਹੈ।

(ੲ) ਮਿਸ਼ਰਿਤ: ਇਸ ਵਿਚ ਮਰਯਾਦਾਵਾਦ ਤਥਾ ਸੁਤੰਤਰਤਾਵਾਦ ਦਾ ਮਿਸ਼ਰਣ ਹੈ। ਇਹ ਸੁਤੰਤਰਤਾਵਾਦ ਦੀ ਬਹੁਤ ਅਧਿਕ ਸੁਤੰਤਰਤਾ ਦੇ ਵਿਰੋਧ ਵਿਚ ਉਤਪੰਨ ਹੋਈ।

(ਸ) ਯਥਾਰਥਵਾਦੀ: ਇਸ ਵਿਚ ਮਰਯਾਦਾਵਾਦ, ਸੁਤੰਤਰਤਾਵਾਦ ਤਥਾ ਮਿਸ਼ਰਣਵਾਦ—ਸਾਰੇ ਸਿੱਧਾਂਤਾਂ ਦੀ ਲਾਪ੍ਰਵਾਹੀ ਕੀਤੀ ਗਈ ਹੈ ਤਥਾ ਸਰਵਸਾਧਾਰਨ ਦੇ ਸਾਧਾਰਨ ਜੀਵਨ ਦੇ ਯਥਾਰਥ ਚਿਤ੍ਰਣ ਨੂੰ ਉਦੇਸ਼ ਮੰਨਿਆ ਗਿਆ ਹੈ।

ਸਪੱਸ਼ਟ ਹੈ ਕਿ ਦੁਖਾਂਤ ਇਕ ਅਜਿਹੀ ਰਚਨਾ ਹੁੰਦੀ ਹੈ ਜਿਸ ਵਿਚ ਨਾਇਕ ਨੂੰ ਬਹੁਤ ਹੀ ਕਸ਼ਟ ਝਲਣੇ ਪੈਂਦੇ ਹਨ ਜੋ ਉਸ ਦਾ ਅਜਿਹਾ ਸਤਿਆਨਾਸ ਕਰ ਦਿੰਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਅੰਤ ਵਿਚ ਉਸ ਦੀ ਮੌਤ ਜਾਂ ਬਰਬਾਦੀ ਦਾ ਦਰਦਨਾਕ ਦ੍ਰਿਸ਼ ਪੇਸ਼ ਹੁੰਦਾ ਹੈ ਜਿਸ ਨੂੰ ਵੇਖ ਕੇ ਦਰਸ਼ਕਾਂ ਦੇ ਮਨ ਵਿਚ ਭੈ ਤੇ ਕਰੁਣਾ ਦੇ ਭਾਵ ਪੈਦਾ ਹੁੰਦੇ ਹਨ। ਦੁਖਾਂਤ ਦੇ ਮੁੱਖ ਪਾਤਰ ਜਾਂ ਨਾਇਕ ਸਾਧਾਰਨ ਤੋਂ ਕੁਝ ਉੱਚੇ ਹੁੰਦੇ ਹਨ, ਉਨ੍ਹਾਂ ਦੇ ਆਚਰਣ ਵਿਚਲੀ ਵਿਸ਼ੇਸ਼ਤਾ ਉਨ੍ਹਾਂ ਨੂੰ ਅਸਾਧਾਰਨ ਬਣਾ ਦਿੰਦੀ ਹੈ ਅਤੇ ਇਹ ਵਿਸ਼ੇਸ਼ਤਾ ਹੀ ਉਸ ਦਾ ਗੁਣ ਤੇ ਔਗੁਣ ਹੋ ਨਿਬੜਦੀ ਹੈ, ਕਿਉਂਕਿ ਇਹਦੀ ਮਾਤਰਾ ਹੱਦ ਤੋਂ ਵਧੇਰੇ ਹੁੰਦੀ ਹੈ। ਦੁਖਾਂਤ ਦਾ ਨਾਇਕ ਕੋਈ ਅਜਿਹੀ ਗਲਤੀ ਕਰ ਬੈਠਦਾ ਹੈ ਜੋ ਉਸ ਦੇ ਦੁਖ ਦਾ ਕਾਰਨ ਬਣ ਜਾਂਦੀ ਹੈ। ਇਸ ਗਲਤੀ ਦਾ ਭਾਵੇਂ ਉਸ ਨੂੰ ਪਿਛੋਂ ਗਿਆਨ ਹੋ ਜਾਂਦਾ ਹੈ ਤੇ ਉਹ ਪਛਤਾਉਂਦਾ ਵੀ ਹੈ ਪਰ ਹੁਣ ਉਸ ਦੇ ਪਛਤਾਵੇ ਦਾ ਕੋਈ ਅਸਰ ਨਹੀਂ ਪੈਂਦਾ ਅਤੇ ਉਸ ਦੇ ਕਰਮਾਂ ਦੀ ਗਤੀ ਪ੍ਰਬਲ ਹੋ ਕੇ ਉਸ ਨੂੰ ਘੋਰ ਕਸ਼ਟਾਂ ਦਾ ਭਾਗੀ ਬਣਾਉਂਦੀ ਹੈ।[39]

ਦੁਖਾਂਤ ਇਕ ਤਰ੍ਹਾਂ ਦਾ ਸਮਾਜਿਕ ਘੋਲ ਹੁੰਦਾ ਹੈ ਜੋ ਦੋ ਵਿਅਕਤੀਆਂ ਤੇ ਉਨ੍ਹਾਂ ਦੇ ਸੰਬੰਧੀਆਂ ਦੇ ਵਿਚਕਾਰ ਹੁੰਦਾ ਹੈ। ਇਹ ਘੋਲ ਇਕ ਵਿਸ਼ੇਸ਼ ਸਥਿਤੀ ਤੋਂ ਪੈਦਾ ਹੋ ਕੇ ਵਿਅਕਤੀਆਂ ਵਿਚ ਇਕ ਵਿਰੋਧੀ ਭਾਵ ਪੈਦਾ ਕਰਦਾ ਹੈ ਅਤੇ ਇਸ ਨਿੱਕੇ ਜਿਹੇ ਸੰਸਾਰ ਦੇ ਦੋ ਵਿਰੋਧੀ ਮਤ ਜਾਂ ਗੁਟ ਬਣ ਜਾਂਦੇ ਹਨ ਜੋ ਇਕ ਦੂਜੇ ਦੇ ਦੁਸ਼ਮਣ ਹੋ ਜਾਂਦੇ ਹਨ। ਆਮ ਤੌਰ ਤੇ ਦੁਖਾਂਤ ਦੇ ਨਾਇਕ ਨੂੰ ਆਰੰਭਿਕ ਅਵਸਥਾ ਵਿਚ ਕਿਸੇ ਇੱਛਿਆ, ਲਾਲਸਾ ਜਾਂ ਔਕੜ ਦੇ ਵਸ ਵਿਚ ਵਿਖਾਇਆ ਜਾਂਦਾ ਹੈ ਅਤੇ ਨਾਇਕ ਉਹਦੀ ਪੂਰਤੀ ਲਈ ਇਕ ਅਜਿਹੀ ਗਲਤੀ ਕਰ ਬਹਿੰਦਾ ਹੈ ਜੋ ਉਸ ਦੇ ਕਸ਼ਟਾਂ ਦਾ ਕਾਰਨ ਬਣਦੀ ਹੈ। ਇਹ ਗਲਤੀ ਉਸ ਕੋਲੋਂ ਜਾਣ ਬੁਝ ਕੇ ਹੁੰਦੀ ਹੈ। ਉਸ ਦੇ ਮਨ ਵਿਚ ਇਹ ਗਲਤੀ ਕਰਨ ਤੋਂ ਪਹਿਲਾਂ ਤੇ ਪਿਛੋਂ ਸ਼ੰਕਾ ਵੀ ਉਤਪੰਨ ਹੁੰਦਾ ਹੈ, ਪਹਿਲਾਂ ਇਸ ਲਈ ਕਿ ਮੈਂ ਇਹ ਕਰਾਂ ਜਾਂ ਨਾ ਕਰਾਂ, ਪਿਛੋਂ ਇਸ ਕਰਕੇ ਕਿ ਮੈਂ ਇਹ ਕਿਉਂ ਕੀਤੀ ਹੈ? ਜਾਣ ਬੁਝ ਕੇ ਦੋ-ਚਿੱਤੀ ਵਿਚ ਕੀਤੇ ਹੋਏ ਇਸ ਕਾਰਜ ਦਾ ਪਛਤਾਵਾ ਤੇ ਉਸ ਦਾ ਭੈੜਾ ਫਲ ਉਸ ਨੂੰ ਬਹੁਤ ਹੀ ਸਤਾਉਂਦੇ ਤੇ ਵਿਆਕੁਲ ਕਰਦੇ ਹਨ। ਇਸ ਅੰਦਰਲੇ ਤੇ ਬਾਹਰਲੇ ਦੋਹਾਂ ਘੋਲਾਂ ਦਾ ਉਤਰਾ ਚੜ੍ਹਾ ਹੁੰਦਾ ਹੈ। ਬਾਹਰਲੇ ਘੋਲ ਦਾ ਫਲ ਉਸ ਦੀ ਵਿਪਦਾ ਤੇ ਅੰਦਰਲੇ ਦਾ ਸਿੱਟਾ ਮਾਨਸਿਕ ਚਾਨਣ ਹੁੰਦਾ, ਜੋ ਉਸ ਦੀ ਤੇ ਦਰਸ਼ਕਾਂ ਦੀ ਕਲਪਦੀ ਹੋਈ ਆਤਮਾ ਨੂੰ ਸ਼ਾਂਤੀ ਦੇਂਦਾ ਹੈ ਅਤੇ ਦੁਖੀ ਹਿਰਦਿਆਂ ਤੇ ਠੰਡ ਜਿਹੀ ਪਾਉਂਦਾ ਹੈ।[40] ਦੁਖਾਂਤ ਵਿਚ ਨਾਇਕ ਦਾ ਦੁਖ ਦਰਸ਼ਕਾਂ ਤੇ ਮਨ ਵਿਚ ਵੈਰਾਗ ਪੈਦਾ ਕਰਦਾ ਹੈ, ਕਿਉਂਕਿ ਉਹ ਆਪਣੇ ਪਾਪ ਗ਼ਲਤੀ ਜਾਂ ਭੁੱਲ ਦੇ ਕਾਰਨ ਅਤੇ ਉਸ ਦੇ ਮੁਕਾਬਲੇ ਉਤੇ ਬਹੁਤੇ ਦੁਖ ਦਾ ਭਾਗੀ ਬਣਦਾ ਹੈ। ਉਸ ਨੂੰ ਜਿੰਨਾ ਦੁਖ ਤੇ ਕਸ਼ਟ ਸਹਿਣਾ ਪੈਂਦਾ ਹੈ, ਅਸਲ ਵਿਚ ਉਹ ਉਨੇ ਦਾ ਅਧਿਕਾਰੀ ਨਹੀਂ ਹੁਦਾ। ਉਸ ਨੂੰ ਜਿਸ ਵਿਸ਼ੇਸ਼ ਅਵਸਥਾ ਤੇ ਵਾਤਾਵਰਣ ਵਿਚ ਵਿਖਾਇਆ ਜਾਂਦਾ ਹੈ, ਉਹ ਮਾਹੌਲ ਉਸ ਲਈ ਸੰਕਟ ਪੈਦਾ ਕਰਦਾ ਹੋਇਆ ਉਸ ਨੂੰ ਘੋਰ ਦੁਖਾਂਤ ਵੱਲ ਧਕੀ ਜਾਂਦਾ ਹੈ। ਇਸ ਨਾਲ ਦਰਸ਼ਕਾਂ ਦੇ ਮਨ ਉਤੇ ਇਹ ਪ੍ਰਭਾਵ ਪੈਂਦਾ ਹੈ ਕਿ ਵਿਅਕਤੀ ਤੋਂ ਭਾਵੀ ਤੇ ਸਮਾਜ ਅਤਿ ਪ੍ਰਬਲ ਹਨ ਤੇ ਉਸ ਨੂੰ ਪੀਹ ਕੇ ਰਖ ਦਿੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਦੁਖਾਂਤ ਵੇਖ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੰਸਾਰ ਦੀਆਂ ਘਟਨਾਵਾਂ, ਹਾਦਸੇ, ਲੋਕਾਂ ਦਾ ਵਿਰੋਧ ਤੇ ਵੈਰ ਭਾਵ, ਆਪਣੀਆਂ ਕਮਜ਼ੋਰੀਆਂ, ਸਮਾਜ ਦੇ ਨਿਯਮ, ਰੀਤਾਂ ਤੇ ਰਿਵਾਜ਼ ਆਦਿ ਤਕੜੀ ਤੋਂ ਤਕੜੀ ਹਸਤੀ ਨੂੰ ਵੀ ਚੁਕ ਕੇ ਥਾਂ ਮਾਰਦੀਆਂ ਹਨ। ਇਸ ਤਰ੍ਹਾਂ ਵਿਅਕਤੀ ਦਾ ਭਾਵੇਂ ਕਚੂਮਰ ਨਿਕਲ ਜਾਂਦਾ ਹੈ ਪਰ ਉਸ ਦੀ ਆਤਮਾ ਦੀ ਹਾਰ ਨਹੀਂ ਹੁੰਦੀ। ਉਸ ਦੀ ਆਤਮਾ ਭਾਵੇਂ ਜ਼ਖ਼ਮੀ ਹੋ ਜਾਂਦੀ ਹੈ ਪਰ ਮਰਦੀ ਨਹੀਂ। ਉਸ ਦਾ ਦਿਲ ਟੁਟ ਜਾਂਦਾ ਹੈ ਪਰ ਅਸਤਿਤਵ ਜੀਵਤ ਰਹਿੰਦਾ ਹੈ।[41] ਇਸ ਕਰਕੇ ਹੀ ਦੁਖਾਂਤ ਨੂੰ ਇਕ ਉੱਤਮ ਕਲਾ ਮੰਨਿਆ ਜਾਂਦਾ ਹੈ। ਦੁਖਾਂਤ ਦਰਸ਼ਕਾਂ ਦੇ ਮਨ ਵਿਚ ਪਹਿਲਾਂ ਭੈ ਤੇ ਕਰੁਣਾ ਦੇ ਭਾਵ ਪੈਦਾ ਕਰਦਾ ਹੈ, ਫਿਰ ਆਪੱਤੀ ਦਾ ਅਨੁਭਵ ਕਰਾਉਂਦਾ ਹੋਇਆ ਜੀਵਨ ਦੀ ਇਕ ਵਿਸ਼ਾਲ ਤੇ ਵਿਸ਼ਵ-ਵਿਆਪੀ ਝਲਕ ਪੇਸ਼ ਕਰਦਾ ਹੈ ਅਤੇ ਅੰਤ ਵਿਚ ਸ਼ਾਂਤ ਸਰੂਪ ਬਣਾ ਦਿੰਦਾ ਹੈ। ਇਸੇ ਵਿਚ ਹੀ ਇਸ ਦੀ ਮਹਾਨਤਾ ਲੁਕੀ ਹੋਈ ਹੈ।

ਹਵਾਲੇ ਤੇ ਟਿੱਪਣੀਆਂ

1. 'ਹਿੰਦੀ ਵਿਸ਼ਵਕੋਸ਼', ਖੰਡ 6, ਪੰਨਾ 75
2. Encyclopaedia Britannica, Vol. 22, p: 154
3. Dictionary of World Literature, p. 419
4. 'ਹਿੰਦੀ ਸਾਹਿਤ੍ਯ ਕੋਸ਼', ਭਾਗ ਪਹਿਲਾ, ਪੰਨੇ 344-45
5. Dictionary of World Literature, p. 419
6. ਉਹੀ
7. ਉਹੀ
8. ਕੈਲਾਸ਼ਪਤਿ ਓਝਾ, 'ਹਿੰਦੀ ਤ੍ਰਾਸਦੀ ਸਿੱਧਾਂਤ ਔਰ ਪਰੰਪਰਾ, ਪੰਨਾ 69
9. Roy. C. Flickinger, The Greek Theater and its Drama, p. 2
10. Aristotle's Poetics, iv. 13, Aristotle's theory of poetry and Fine Art., p. 19
11. 'ਹਿੰਦੀ ਵਿਸ਼ਵ ਕੋਸ਼', ਖੰਡ 6, ਪੰਨਾ 76
12. Encyclopaedia Britannica, Vol. 22, p. 154

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

13. Dictionary of World Literature, p. 419
14. H.D.F. Kitto, Greek Tragedy, p. 117
15. 'ਅਰਸਤੂ ਦਾ ਕਾਵਿ ਸ਼ਾਸਤ੍ਰ', ਪੰਨਾ 15
16. ਉਹੀ, ਪੰਨਾ 16
17. ਉਹੀ, ਪੰਨਾ 17
18. ਉਹੀ, ਪੰਨੇ 18-30
19. ਉਹੀ, ਪੰਨਾ 18
20. ਉਹੀ, ਪੰਨਾ 20
21. ਉਹੀ, ਪੰਨਾ 22
22. ਉਹੀ, ਪੰਨੇ 17 ਤੇ 30-32
23. ਉਹੀ, ਪੰਨਾ 16
24. S.H. Butcher, Aristotle's Theory of Poetry and Fine Art, p. 260
25. 'ਅਰਸਤੂ ਦਾ ਕਾਵਿ ਸ਼ਾਸਤ੍ਰ', ਪੰਨਾ 25
26. ਉਹੀ, ਪੰਨਾ 17
27. ਉਹੀ, ਪੰਨਾ 18
28. ਉਹੀ
29. 'ਹਿੰਦੀ ਵਿਸ਼ਵਕੋਸ਼', ਖੰਡ 6, ਪੰਨਾ 76
30. Albin Lesky, Greek Tragedy, p. 4
31. Encyclopaedia Britannica, vol. 22, p. 154
32. Aechylus, Sophocles and Euripides
33. Edward Dowden, Shakespeare : A Critical Study of His Mind and Art, p. 25
34. A.C. Bradley, Shakespearean Tragedy, p. 2
35. ਉਹੀ, ਪੰਨਾ 3
36. ਉਹੀ, ਪੰਨਾ 7

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

37. William K. Wimsatt, JR. Literary Criticism, A Short history, p. 36-37
38. Elder Olson, Tragedy the Theory of Drama, p. 257
39. ਰ.ਲ. ਆਹੂਜਾ ਤੇ ਗੁਰਦਿਆਲ ਸਿੰਘ ਫੁੱਲ, 'ਆਧੁਨਿਕ ਪੰਜਾਬੀ ਨਾਟਕ', ਪੰਨਾ 9
40. ਉਹੀ, ਪੰਨਾ 11
41. ਉਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਟਕਕਾਰ ਈਸ਼ਵਰ ਚੰਦਰ ਨੰਦਾ

ਈਸ਼ਵਰ ਚੰਦਰ ਨੰਦਾ ਆਧੁਨਿਕ ਪੰਜਾਬੀ ਨਾਟਕ ਤੇ ਰੰਗ ਮੰਚ ਦਾ ਪਿਤਾਮਾ ਹੈ। ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਉਸ ਨੇ ਪਹਿਲੀ ਵਾਰ ਪੰਜਾਬੀ ਨਾਟਕ ਨੂੰ ਆਦਰਸ਼ਕ ਤੇ ਧਾਰਮਿਕ ਵਲਗਣਾਂ ਵਿਚੋਂ ਕੱਢ ਕੇ ਯਥਾਰਥਵਾਦੀ ਅਤੇ ਆਮ ਲੋਕਾਂ ਦੀ ਵਸਤੂ ਬਣਾਇਆ। ਉਸ ਨੇ ਆਪਣੇ ਨਾਟਕਾਂ ਰਾਹੀਂ ਤਤਕਾਲੀਨ ਪ੍ਰਤੀਨਿਧ ਸਮਾਜਕ ਸਮੱਸਿਆਵਾਂ ਨੂੰ ਪੇਸ਼ ਕੀਤਾ। ਨੰਦੇ ਤੋਂ ਪਹਿਲਾਂ ਭਾਵੇਂ ਪੰਜਾਬੀ ਵਿਚ ਮੌਲਿਕ ਨਾਟਕ ਲਿਖੇ ਜਾ ਚੁੱਕੇ ਸਨ, ਜਿਵੇਂ ਗਿਆਨੀ ਦਿੱਤ ਸਿੰਘ ਦੇ 'ਰਾਜ ਪ੍ਰਬੋਧ' (1890), ਤੇ 'ਸੁਪਨ ਨਾਟਕ' (1899), ਬਾਵਾ ਬੁਧ ਸਿੰਘ ਦਾ 'ਚੰਦਰ ਹਰੀ' (1909), ਭਾਈ ਵੀਰ ਸਿੰਘ ਦਾ 'ਰਾਜਾ ਲਖਦਾਤਾ ਸਿੰਘ' (1910), ਅਰੂੜ ਸਿੰਘ ਤਾਇਬ ਦਾ 'ਸੁੱਕਾ ਸਮੁੰਦਰ' (1911) ਅਤੇ ਗੁਰਬਖਸ਼ ਸਿੰਘ ਬੈਰਿਸਟਰ ਦਾ 'ਮਨਮੋਹਨ ਨਾਟਕ' (1913), ਪਰੰਤੂ ਇਹ ਸਾਰੇ ਸਟੇਜ ਉਤੇ ਨਹੀਂ ਖੇਡੇ ਜਾ ਸਕਦੇ ਸਨ, ਕਿਉਂਕਿ ਇਹ ਰੰਗ ਮੰਚ ਦੀਆਂ ਲੋੜਾਂ ਦੀ ਪੂਰਤੀ ਨਹੀਂ ਕਰਦੇ ਸਨ, ਨਾ ਹੀ ਇਹ ਨਾਟਕ ਪੱਛਮੀ ਨਾਟਕ ਦੀ ਤਕਨੀਕ ਅਨੁਸਾਰ ਰਚੇ ਗਏ ਹਨ, ਇਸ ਲਈ ਇਨ੍ਹਾਂ ਨਾਟਕਾਂ ਦਾ ਰੋਲ ਕੇਵਲ ਆਰੰਭਕ ਤਜ਼ਰਬਿਆਂ ਵਾਲਾ ਹੀ ਸੀ। ਇਸ ਕਰਕੇ ਪੰਜਾਬੀ ਨਾਟਕ ਨੂੰ ਆਧੁਨਿਕ ਲੀਹਾਂ ਉਤੇ ਤੋਰ ਕੇ ਯਥਾਰਥਵਾਦੀ ਬਣਾਉਣ ਦਾ ਸਿਹਰਾ ਈਸ਼ਵਰ ਚੰਦਰ ਨੰਦਾ ਦੇ ਸਿਰ ਹੀ ਆਉਂਦਾ ਹੈ। ਨੰਦੇ ਦੀ ਵਡਿਆਈ ਇਸ ਗੱਲ ਵਿਚ ਵੀ ਹੈ ਕਿ ਉਸ ਨੇ ਆਧੁਨਿਕ ਪੰਜਾਬੀ ਨਾਟਕ ਨੂੰ ਨਿਰਾ ਜਨਮ ਹੀ ਨਹੀਂ ਦਿੱਤਾ ਸਗੋਂ ਕਈ ਵਰ੍ਹੇ ਇਸ ਦੀ ਪਾਲਣਾ-ਪੋਸ਼ਣਾ ਵੀ ਕੀਤੀ। ਉਸ ਨੇ ਆਪਣੀ ਨਾਟਕ-ਰਚਨਾ ਦਾ ਉਦਘਾਟਣ 1913 ਵਿਚ 'ਦੂਲਹਨ' (ਇਕਾਂਗੀ) ਲਿਖ ਕੇ ਕੀਤਾ ਜੋ ਸਟੇਜ ਉਤੇ ਅਤਿ ਸਫਲ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਨ ਤੇ ਰਚਨਾਵਾਂ

ਈਸ਼ਵਰ ਚੰਦਰ ਨੰਦਾ ਦਾ ਜਨਮ 30 ਸਤੰਬਰ, 1892 ਨੂੰ ਪਿੰਡ ਗਾਂਧੀਆਂ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਪਿਤਾ ਦਾ ਨਾਂ ਦੀਵਾਨ ਭਾਗ ਮੱਲ ਨੰਦਾ ਤੇ ਮਾਤਾ ਦਾ ਨਾਂ ਸ੍ਰੀਮਤੀ ਆਤਮਾ ਦੇਵੀ ਸੀ। ਇਹ ਤਿੰਨ ਭਰਾ ਤੇ ਦੋ ਭੈਣਾਂ ਸਨ। ਆਰੰਭਕ ਵਿਦਿਆ ਨੰਦੇ ਨੇ ਆਪਣੇ ਗਵਾਂਢੀ ਪਿੰਡ ਪੁਨਿਆੜ ਦੇ ਸਕੂਲ ਤੋਂ ਹਾਸਲ ਕੀਤੀ। ਉਹ ਅਜੇ ਚੌਥੀ ਜਮਾਤ ਵਿਚ ਹੀ ਪੜ੍ਹਦਾ ਸੀ ਕਿ ਪਿਤਾ ਦੀ ਛਾਇਆ ਸਿਰ ਤੋਂ ਉਠ ਗਈ, ਜਿਸ ਦੇ ਕਾਰਨ ਮਾਤਾ ਆਤਮਾ ਦੇਵੀ ਨੂੰ ਘਰ ਦਾ ਗੁਜ਼ਾਰਾ ਚਲਾਉਣਾ ਔਖਾ ਹੋ ਗਿਆ। ਮਾਤਾ ਨੇ ਬੱਚਿਆਂ ਨੂੰ ਲੈ ਕੇ ਗੁਰਦਾਸਪੁਰ ਰਹਿਣਾ ਸ਼ੁਰੂ ਕਰ ਦਿੱਤਾ ਤੇ ਗੁਜ਼ਾਰੇ ਲਈ ਲੋਕਾਂ ਦੇ ਨਿੱਕੇ ਮੋਟੇ ਕੰਮ ਕਰਨੇ ਆਰੰਭ ਦਿੱਤੇ। ਇਸ ਸਮੇਂ ਮਾਤਾ ਦੀ ਸਹਾਇਤਾ ਲਈ ਕਈ ਵਾਰ ਬਾਲਕ ਈਸ਼ਵਰ ਚੰਦਰ ਵੀ ਬਾਜ਼ਾਰ ਵਿਚ ਛਾਬੜੀ ਲਾਉਂਦਾ ਜਾਂ ਹੋਰ ਮਿਹਨਤ ਕਰਦਾ। ਬਚਪਨ ਦੇ ਦਿਨਾਂ ਤੋਂ ਹੀ ਨੰਦੇ ਦੇ ਦਿਲ ਵਿਚ ਵਿਦਿਆ ਦਾ ਅਥਾਹ ਸ਼ੌਕ ਸੀ। ਉਸ ਨੇ ਪੰਜਵੀਂ, ਅੱਠਵੀਂ ਤੇ ਦੱਸਵੀਂ ਦੇ ਇਮਤਿਹਾਨ ਵਜ਼ੀਫ਼ਾ ਲੈ ਕੇ ਪਾਸ ਕੀਤੇ। 1911 ਵਿਚ ਦੱਸਵੀਂ ਗੌਰਮਿੰਟ ਹਾਈ ਸਕੂਲ, ਗੁਰਦਾਸਪੁਰ ਤੋਂ ਪਾਸ ਕਰਕੇ ਉਸ ਨੇ ਉਚੇਰੀ ਵਿਦਿਆ ਲਈ ਐਫ਼.ਸੀ. ਕਾਲਜ, ਲਾਹੌਰ ਵਿਚ ਦਾਖ਼ਲਾ ਲੈ ਲਿਆ। ਪਰ ਥੋੜ੍ਹੇ ਸਮੇਂ ਪਿਛੋਂ ਹੀ ਉਹ ਐਫ਼.ਸੀ. ਕਾਲਜ ਛੱਡ ਕੇ ਦਿਆਲ ਸਿੰਘ ਕਾਲਜ, ਲਾਹੌਰ ਵਿਚ ਦਾਖ਼ਲ ਹੋ ਗਿਆ।

ਇਥੇ ਪੜ੍ਹਦਿਆਂ ਉਸ ਦਾ ਅੰਗਰੇਜ਼ ਪ੍ਰੋਫ਼ੈਸਰ ਪੀ.ਈ. ਰਿਚਰਡਜ਼ ਤੇ ਉਸ ਦੀ ਪਤਨੀ ਸ੍ਰੀਮਤੀ ਨੋਰਾ ਰਿਚਰਡਜ਼ ਨਾਲ ਨੇੜੇ ਦਾ ਸੰਪਰਕ ਕਾਇਮ ਹੋਇਆ। ਸ੍ਰੀਮਤੀ ਨੋਰਾ ਰਿਚਰਡਜ਼ ਨੂੰ ਨਾਟਕ ਲਿਖਵਾਉਣ ਅਤੇ ਖਿਡਾਉਣ ਦਾ ਅਥਾਹ ਸ਼ੌਕ ਸੀ। ਦਿਆਲ ਸਿੰਘ ਕਾਲਜ ਵਿਚ ਉਸ ਦੀ ਸ਼ਰਪ੍ਰਸਤੀ ਅਧੀਨ ਨਾਟਕ ਰਚਨਾ ਤੇ ਨਾਟਕ ਖੇਡਣ ਦੇ ਮੁਕਾਬਲੇ ਹਰ ਸਾਲ ਹੁੰਦੇ ਸਨ। ਇਥੇ ਪੜ੍ਹਦਿਆਂ ਹੀ ਨੰਦੇ ਦੀ ਨਾਟਕੀ ਪ੍ਰਤਿਭਾ ਉਗਮੀ ਤੇ ਉਸ ਨੂੰ ਅਭਿਨਯ ਕਲਾ ਵਿਖਾਉਣ ਦਾ ਚੰਗਾ ਮੌਕਾ ਮਿਲਿਆ। ਸ੍ਰੀਮਤੀ ਨੋਰਾ ਰਿਚਰਡਜ਼ ਦੁਆਰਾ ਇਸ ਕਾਲਜ ਵਿਚ ਖਿਡਵਾਏ ਗਏ ਕਈ ਨਾਟਕਾਂ ਵਿਚ ਉਸ ਨੇ ਅਭਿਨਯ ਕੀਤਾ। 1912 ਵਿਚ ਲੇਡੀ ਗਰੇਗਰੀ ਦੇ ਨਾਟਕ 'ਸਪ੍ਰੈਡਿੰਗ ਦਾ ਨਿਊਜ਼' ਵਿਚ ਉਸ ਨੇ ਜੈਕ ਸਮਿੱਥ ਦਾ ਅਭਿਨਯ ਕੀਤਾ ਅਤੇ ਨਵੰਬਰ 1912 ਵਿਚ ਸ਼ੈਕਸਪੀਅਰ ਦੇ ਨਾਟਕ 'ਐਜ਼ ਯੂ ਲਾਈਕ ਇੱਟ' ਵਿਚ ਰਾਜਕੁਮਾਰੀ ਰੋਜ਼ਾਲਿੰਡ ਦਾ। ਰਾਜਕੁਮਾਰੀ ਰੋਜ਼ਾਲਿੰਡ ਦਾ ਇਸਤ੍ਰੀ-ਪਾਰਟ ਨੰਦੇ ਨੇ ਇਸ ਖ਼ੂਬੀ ਨਾਲ ਕੀਤਾ ਕਿ ਦਰਸ਼ਕ ਵਾਹ-ਵਾਹ ਕਰ ਉੱਠੇ। ਸ੍ਰੀਮਤੀ ਨੋਰਾ ਉਤੇ ਵੀ ਉਸ ਦੀ ਅਭਿਨਯ ਯੋਗਤਾ ਦਾ ਬਹੁਤ ਪ੍ਰਭਾਵ ਪਿਆ।

ਐਫ਼.ਏ. ਪਾਸ ਕਰਨ ਉਪਰੰਤ ਈਸ਼ਵਰ ਚੰਦਰ ਨੰਦਾ ਫਿਰ ਐਫ.ਸੀ. ਕਾਲਜ ਵਿਚ ਦਾਖ਼ਲ ਹੋ ਗਿਆ ਉਸ ਨੇ ਬੀ. ਏ. ਆਨਰਜ਼ ਦੀ ਪਰੀਖਿਆ ਇਸ ਕਾਲਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚੋਂ ਪਹਿਲੇ ਨੰਬਰ ਉਤੇ ਰਹਿ ਕੇ ਪਾਸ ਕੀਤੀ ਤੇ ਪੰਜਾਬ ਯੂਨੀਵਰਸਿਟੀ ਤੋਂ ਵਜ਼ੀਫਾ ਪ੍ਰਾਪਤ ਕੀਤਾ। ਐਫ.ਸੀ. ਕ਼ਾਲਜ ਵਿਚ ਪੜ੍ਹਦਿਆਂ ਵੀ ਉਸ ਨੇ ਆਪਣੀ ਨਾਟਕੀ ਸਰਗਰਮੀ ਜਾਰੀ ਰੱਖੀ। ਇਹਨੀ ਦਿਨੀਂ ਸ੍ਰੀਮਤੀ ਨੋਰਾ ਨੂੰ ਖ਼ਿਆਲ ਆਇਆ ਕਿ ਕਿਉਂ ਨਾ ਪੰਜਾਬੀ ਜੀਵਨ ਉਤੇ ਨਾਟਕ ਲਿਖੇ ਤੇ ਖੇਡੇ ਜਾਣ। ਅੰਗਰੇਜ਼ੀ ਨਾਟਕਾਂ ਦੇ ਮੁਕਾਬਲੇ ਇਥੇ ਇਹ ਨਾਟਕ ਵਧੇਰੇ ਸੁਭਾਵਕ ਤੇ ਯਥਾਰਥੀ ਹੋਣਗੇ। ਉਸ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਦੇਸੀ ਬੋਲੀਆਂ ਵਿਚ ਨਾਟਕ ਲਿਖਣ ਦੀ ਪ੍ਰੇਰਣਾ ਦੇਣੀ ਆਰੰਭ ਦਿੱਤੀ ਅਤੇ ਉੱਤਮ ਨਾਟਕ ਲਈ 15 ਰੁਪਏ ਇਨਾਮ ਰੱਖ ਦਿੱਤਾ। ਇਸ ਪ੍ਰੇਰਨਾ ਅਧੀਨ 1913 ਵਿਚ ਨੋਰਾ ਰਿਚਰਡਜ਼ ਵਲੋਂ ਕਰਵਾਏ ਗਏ ਅੰਤਰ-ਕਾਲਜ ਨਾਟਕ ਮੁਕਾਬਲੇ ਵਿਚ ਨੰਦੇ ਦੇ ਇਕਾਂਗੀ "ਦੁਲਹਨ" (ਸੁਹਾਗ) ਨੂੰ ਪਹਿਲਾ ਇਨਾਮ ਮਿਲਿਆ। ਇਹ ਇਕਾਂਗੀ 4 ਅਪ੍ਰੈਲ, 1914 ਨੂੰ ਦਿਆਲ ਸਿੰਘ ਕਾਲਜ ਲਾਹੌਰ ਤੋਂ ਸਫਲਤਾ ਸਹਿਤ ਸਟੇਜ ਕੀਤਾ ਗਿਆ। ਲੋਕਾਂ ਵਲੋਂ ਭਰਵਾਂ ਹੁੰਗਾਰਾ ਤੇ ਪ੍ਰਸੰਸਾ ਮਿਲਣ ਨਾਲ ਨੰਦੇ ਦਾ ਬਹੁਤ ਉਤਸ਼ਾਹ ਵਧਿਆ। ਅਕਤੂਬਰ 1914 ਵਿਚ, ਸ੍ਰੀਮਤੀ ਨੋਰਾ ਰਿਚਰਡਜ਼ ਵਲੋਂ ਕਰਵਾਏ ਗਏ ਨਾਟਕ-ਮੁਕਾਬਲੇ ਲਈ ਨੰਦੇ ਨੇ "ਬੇਬੇ ਰਾਮ ਭਜਨੀ" ਲਿਖ ਭੇਜਿਆ। ਜਦ ਇਸ ਵਾਰ ਉਸ ਨੂੰ ਪਹਿਲੇ ਦੀ ਥਾਂ ਦੂਜਾ ਇਨਾਮ ਮਿਲਿਆ ਤਾਂ ਉਸ ਨੇ ਗੁੱਸੇ ਤੇ ਨਿਰਾਸ਼ਾ ਵਿਚ ਆ ਕੇ ਇਹ ਇਕਾਂਗੀ ਪਾੜ ਦਿੱਤਾ। ('ਝਲਕਾਰੇ' ਇਕਾਂਗੀ ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਇਆ, ਉਸ ਦਾ "ਬੇਬੇ ਰਾਮ ਭਜਨੀ" ਇਕਾਂਗੀ, ਨੋਰਾ ਰਿਚਰਡਜ਼ ਕੋਲ ਪਏ ਅੰਗਰੇਜ਼ੀ ਅਨੁਵਾਦ ਤੋਂ ਮੁੜ ਢਾਲਿਆ ਹੋਇਆ ਪੰਜਾਬੀ ਰੂਪ ਹੈ।)

ਐਫ ਸੀ. ਕਾਲਜ ਦੇ ਇਹ ਦੋ ਸਾਲ ਨੰਦੇ ਲਈ ਨਾਟਕ ਕਲਾ ਵਲ ਆਕਰਸ਼ਤ ਹੋਣ ਦੇ ਮਹੱਤਵਪੂਰਨ ਸਾਲ ਹਨ। ਇਸ ਲਈ ਇਨ੍ਹਾਂ ਸਾਲਾਂ ਨੂੰ ਨੰਦਾ ਆਪਣੀ ਜ਼ਿੰਦਗੀ ਦੇ ਅਤਿ ਖੁਸ਼ੀਆਂ ਭਰੇ ਸਾਲ ਸਮਝਦਾ ਸੀ।

ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਨੰਦੇ ਨੇ 1915-17 ਵਿਚ ਐਮ.ਏ. (ਅੰਗਰੇਜ਼ੀ) ਪ੍ਰਥਮ ਰਹਿ ਕੇ ਪਾਸ ਕੀਤੀ। 25 ਦਸੰਬਰ, 1917 ਨੂੰ ਉਸ ਦੀ ਸ਼ਾਦੀ ਉਸ ਦੀ ਮਨ-ਪਸੰਦ ਸਾਥਣ ਸ਼ਿਵ-ਚੰਦ੍ਰਿਕਾ ਨਾਲ ਹੋ ਗਈ।

ਐਮ.ਏ. ਪਾਸ ਕਰਦਿਆਂ ਹੀ ਉਸ ਨੂੰ ਦਿਆਲ ਸਿੰਘ ਕਾਲਜ, ਲਾਹੌਰ ਵਿਚ ਬਤੌਰ ਅੰਗਰੇਜ਼ੀ ਦੇ ਲੈਕਚਰਾਰ ਨੌਕਰੀ ਮਿਲ ਗਈ। ਇਸ ਕਾਲਜ ਵਿਚ ਤਿੰਨ ਸਾਲ ਨੌਕਰੀ ਕਰਨ ਉਪਰੰਤ ਉਹ ਗੌਰਮਿੰਟ ਕਾਲਜ, ਮੁਲਤਾਨ ਵਿਚ ਨੌਕਰੀ ਉਤੇ ਜਾ ਲੱਗਾ। ਫਿਰ 1913 ਵਿਚ ਉਥੋਂ ਗੌਰਮਿੰਟ ਕਾਲਜ, ਲਾਹੌਰ ਦੀ ਬਦਲੀ ਹੋ ਗਈ। 1920 ਵਿਚ ਉਸ ਨੇ ਆਪਣਾ ਪਹਿਲਾ ਪੂਰਾ ਨਾਟਕ 'ਸੁਭੱਦਰਾ' ਲਿਖਿਆ ਜੋ 1922 ਵਿਚ ਪਹਿਲੀ ਵਾਰ ਗੌਰਮਿੰਟ ਕਾਲਜ, ਮੁਲਤਾਨ ਵਿਖੇ ਸਫਲਤਾ ਸਹਿਜ ਸਟੇਜ ਕੀਤਾ ਗਿਆ।

1924 ਵਿਚ ਅੰਗਰੇਜ਼ੀ ਦੀ ਉੱਚੀ ਵਿਦਿਆ ਲਈ ਉਹ ਇੰਗਲੈਂਡ ਚਲਾ ਗਿਆ ਤੇ ਦੋ ਸਾਲ ਉਥੇ ਰਿਹਾ। ਇਥੇ ਰਹਿੰਦਿਆਂ ਉਸ ਨੇ ਅੰਗਰੇਜ਼ੀ ਸਭਿਆਚਾਰ ਤੇ ਰਹਿਣੀ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿਣੀ ਦਾ ਨੇੜਿਉਂ ਹੋ ਕੇ ਅਧਿਐਨ ਕੀਤਾ। ਉਥੋਂ ਦੀ ਰਹਿਣੀ ਬਹਿਣੀ ਦਾ ਉਸ ਉਤੇ ਘਣਾ ਪ੍ਰਭਾਵ ਪਿਆ। 1926 ਵਿਚ ਇੰਗਲੈਂਡ ਤੋਂ ਵਾਪਸ ਆ ਕੇ ਉਸ ਨੇ ਆਪਣੀ ਪਹਿਲੀ ਥਾਂ ਗੌਰਮਿੰਟ ਕਾਲਜ, ਲਾਹੌਰ ਵਿਖੇ ਜਾਇਨ ਕੀਤਾ। ਕੁਝ ਚਿਰ ਲਈ ਉਸ ਦੀ ਬਦਲੀ ਬਤੌਰ ਪ੍ਰਿੰਸੀਪਲ ਗੌਰਮਿੰਟ ਕਾਲਜ, ਰੋਹਤਕ ਵਿਚ ਹੋਈ। ਪਰ ਫਿਰ ਛੇਤੀ ਹੀ ਉਹ ਗੌਰਮਿੰਟ ਕਾਲਜ ਲਾਹੌਰ ਆ ਗਿਆ, ਜਿਥੋਂ 1947 ਵਿਚ ਪੈਨਸ਼ਨ ਲੈ ਕੇ ਸੇਵਾ-ਮੁਕਤ ਹੋਇਆ।

ਦੇਸ਼-ਵੰਡ ਪਿੱਛੋਂ ਉਹ ਨਵੀਂ ਦਿੱਲੀ ਜਾ ਟਿਕਿਆ। ਆਯੂ ਪੱਖੋਂ ਭਾਵੇਂ ਉਹ ਬਿਰਧ ਹੋ ਗਿਆ ਸੀ ਪਰ ਦਿੱਲੀ ਵਿਚ ਆ ਕੇ ਸਾਹਿਤ ਰਚਨਾ ਲਈ ਉਸ ਨੇ ਸਜਰਾ ਉਤਸ਼ਾਹ ਫੜਿਆ। ਇਥੇ ਰਹਿੰਦਿਆਂ ਉਹ ਲਗਾਤਾਰ ਸਾਹਿਤਕ ਸਰਗਰਮੀਆਂ ਵਿਚ ਹਿੱਸਾ ਲੈਂਦਾ ਰਿਹਾ। ਨਵੀਂ ਦਿੱਲੀ ਵਿਚ 'ਨੰਦਾ ਸਾਹਿਤ ਭਵਨ' ਦੇ ਨਾਂ ਹੇਠ ਆਪਣੀਆਂ ਪਹਿਲੀਆਂ ਤੇ ਨਵੀਆਂ ਸਾਰੀਆਂ ਰਚਨਾਵਾਂ ਨੂੰ ਮੁੜ ਪ੍ਰਕਾਸ਼ਤ ਕੀਤਾ। 2 ਸਤੰਬਰ, 1966 ਨੂੰ ਪੰਜਾਬੀ ਸਾਹਿਤ ਦਾ ਇਹ ਸਤਾਰਾ ਸਾਥੋਂ ਸਦਾ ਲਈ ਵਿਛੜ ਗਿਆ।

ਈਸ਼ਵਰ ਚੰਦਰ ਨੰਦਾ ਦੀ ਸਾਹਿਤ ਰਚਨਾ ਦੇ ਖੇਤਰ ਵਿਚ ਬਹੁ-ਪੱਖੀ ਦੇਣ ਹੈ। ਬੇਸ਼ਕ ਉਸ ਨੂੰ ਬਤੌਰ ਨਾਟਕਕਾਰ ਵਧੇਰੇ ਮਾਨਤਾ ਮਿਲੀ ਹੈ ਤੇ ਸਾਹਿਤ ਦੇ ਇਤਿਹਾਸ ਤੇ ਪੰਜਾਬੀ ਸੰਸਾਰ ਵਿਚ ਉਹ ਨਾਟਕਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਫਿਰ ਵੀ ਉਸ ਦੀ ਸਾਹਿਤ ਦੇ ਦੂਜੇ ਖੇਤਰਾਂ ਵਿਚ ਦੇਣ ਨੂੰ ਵਿਸਾਰਿਆ ਨਹੀਂ ਜਾ ਸਕਦਾ। ਉਸ ਦੀ ਪੰਜਾਬੀ ਗਲਪ, ਕਾਵਿ, ਸਫਰਨਾਮੇ ਤੇ ਅਨੁਵਾਦ ਦੇ ਖੇਤਰ ਵਿਚ ਦੇਣ ਵੀ ਚੋਖੀ ਹੈ। ਉਸ ਨੇ ਦੋ ਤਿੰਨ ਸੰਸਾਰ-ਪ੍ਰਸਿਧ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕਰਕੇ, ਪੰਜਾਬੀ ਸਾਹਿਤ ਦੇ ਭੰਡਾਰੇ ਨੂੰ ਭਰਪੂਰ ਕਰਨ ਦਾ ਯਤਨ ਕੀਤਾ। ਸ਼ੇਕਸਪੀਅਰ ਦੇ ਨਾਟਕ 'ਮਰਚੈਂਟ ਆਫ਼ ਵੈਨਿਸ' ਅਤੇ ਸੰਸਾਰ ਪ੍ਰਸਿਧ ਸਪੇਨੀ ਰੁਮਾਂਸਕ ਰਚਨਾ 'ਡਾਨ ਕਵਿਗਜ਼ਾਟ' ਨੂੰ ਪੰਜਾਬੀ ਵਿਚ ਪੇਸ਼ ਕੀਤਾ। 'ਸੈਲਾਨੀ ਦਾ ਸਫ਼ਰਨਾਮਾ' ਤੇ 'ਜਿੰਦ ਪਿਆਰੀ' ਉਸ ਦੇ ਦੋ ਸਫ਼ਰਨਾਮੇ ਹਨ। ਇਨ੍ਹਾਂ ਰਚਨਾਵਾਂ ਵਿਚ ਨੰਦੇ ਦੇ ਬਤੌਰ ਗਲਪਕਾਰ, ਕਵੀ ਅਤੇ ਸਫ਼ਰਨਾਮਾ-ਲੇਖਕ ਦੇ ਸਾਰੇ ਗੁਣ ਉਜਾਗਰ ਹੁੰਦੇ ਹਨ।

ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ ਉਸ ਦੀ ਸਾਹਿਤ ਸੇਵਾ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਸਨਮਾਨਿਆ ਗਿਆ। ਉਹ ਕੇਂਦਰੀ ਪੰਜਾਬੀ ਸਭਾ ਦਾ ਕਈ ਸਾਲ ਉਪ-ਪ੍ਰਧਾਨ ਰਿਹਾ।

ਈਸ਼ਵਰ ਚੰਦਰ ਨੰਦੇ ਦੀਆਂ ਪ੍ਰਕਾਸ਼ਿਤ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਸੁਭੱਦਰਾ (ਨਾਟਕ) 1920
2. ਸ਼ਾਮੂ ਸ਼ਾਹ (ਨਾਟਕ) 1928
3. ਵਰ ਘਰ ਜਾਂ ਲਿਲ੍ਹੀ ਦਾ ਵਿਆਹ (ਨਾਟਕ) 1929

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਮੁਰਾਦ (ਨਾਵਲ) 1933
5. ਤੇਜ ਕੌਰ (ਨਾਵਲ) 1943
6. ਝਲਕਾਰੇ (ਇਕਾਂਗੀ-ਸੰਗ੍ਰਹਿ) 1950
7. ਲਿਸ਼ਕਾਰੇ (ਇਕਾਂਗੀ-ਸੰਗ੍ਰਹਿ) 1953
8. ਇਕਾਂਗੀ ਵੰਨਗੀਆਂ (ਸੰਪਾਦਿਤ) 1953
9. ਚਮਕਾਰੇ (ਇਕਾਂਗੀ-ਸੰਗ੍ਰਹਿ) 1968

ਨੰਦਾ ਕੇਵਲ ਨਾਟਕਕਾਰ ਹੀ ਨਹੀਂ ਸੀ, ਉਹ ਨਿਪੁੰਨ ਅਭਿਨੇਤਾ ਵੀ ਸੀ। ਅਸਲ ਵਿਚ ਨਾਟਕਕਾਰ ਤੋਂ ਵੀ ਪਹਿਲਾਂ ਉਹ ਸਫਲ ਅਭਿਨੇਤਾ ਸੀ। ਨਾਟਕ ਲਿਖਣ ਦੀ ਰੁਚੀ ਵੀ ਉਸ ਦੀ ਅਭਿਨਯ ਕਲਾ ਦੇ ਸ਼ੌਕ ਦੀ ਹੀ ਦੇਣ ਹੈ। ਇਹੋ ਕਾਰਨ ਹੈ ਕਿ ਉਹ ਸਟੇਜ ਅਨੁਸਾਰ ਨਾਟਕ ਲਿਖਦਾ ਤੇ ਖ਼ੁਦ ਸਟੇਜ ਕਰਦਾ ਅਤੇ ਇਕ ਪਾਤਰ ਬਣ ਕੇ ਆਪਣੇ ਨਾਟਕਾਂ ਵਿਚ ਹਿੱਸਾ ਲੈਂਦਾ। ਨੰਦੇ ਦੇ ਉਦਮ ਨਾਲ ਗੌਰਮਿੰਟ ਕਾਲਜ, ਲਾਹੌਰ ਵਿਚ "ਪੰਜਾਬੀ ਸਭਾ" ਸਥਾਪਤ ਹੋਈ, ਜਿਸ ਨੇ ਬਹੁਤ ਸਾਰੇ ਪੰਜਾਬੀ ਨਾਟਕਾਂ ਨੂੰ ਸਟੇਜ ਉਤੇ ਖੇਡਣ ਦਾ ਉੱਦਮ ਕੀਤਾ। ਉਸ ਦੀ ਇਸ ਨਾਟਕ ਟੋਲੀ ਨੇ 'ਵਰ ਘਰ' ਸਮੇਤ ਨੰਦੇ ਦੇ ਕਈ ਨਾਟਕ ਲਾਹੌਰ, ਮੁਲਤਾਨ, ਅੰਮ੍ਰਿਤਸਰ, ਲਾਇਲਪੁਰ, ਪੰਜਾ ਸਾਹਿਬ ਅਤੇ ਪੰਜਾਬ ਦੇ ਹੋਰ ਕਈ ਸ਼ਹਿਰਾਂ ਵਿਚ ਸਟੇਜ ਕੀਤੇ।

ਸ੍ਰੀਮਤੀ ਨੋਰਾ ਰਿਚਰਡਜ਼ ਨੇ ਉਸ ਨੂੰ ਸਟੇਜ ਦਾ ਧਨੀ ਕਿਹਾ ਹੈ। ਨੰਦੇ ਨੇ ਨਾਟਕ ਕਲਾ ਬਾਰੇ ਨੋਰਾ ਪਾਸੋਂ ਅਗਵਾਈ, ਸਿਖਲਾਈ ਅਤੇ ਪ੍ਰੇਰਨਾ ਹਾਸਲ ਕੀਤੀ। ਪੰਜਾਬੀ ਨਾਟਕਕਾਰਾਂ ਨੂੰ ਮੁੱਢ ਤੋਂ ਹੁਣ ਤੱਕ, ਨਾਟਕਾਂ ਨੂੰ ਲਿਖਣਾ ਹੀ ਨਹੀਂ ਪੈਂਦਾ, ਸਗੋਂ ਆਪਣੇ ਨਾਟਕਾਂ ਦਾ ਨਿਰਦੇਸ਼ਨ, ਉਨ੍ਹਾਂ ਵਿਚ ਅਦਾਕਾਰੀ ਅਤੇ ਉਨ੍ਹਾਂ ਲਈ ਪ੍ਰਬੰਧਕ ਦੇ ਤੌਰ 'ਤੇ ਵੀ ਕੰਮ ਕਰਨਾ ਪੈਂਦਾ ਹੈ, ਕਿਉਂਕਿ ਪੰਜਾਬੀ ਵਿਚ ਸੁਤੰਤਰ ਰੰਗ-ਮੰਚ ਦੀ ਅਣਹੋਂਦ ਹੈ। ਨੰਦੇ ਨੇ ਇਨ੍ਹਾਂ ਸਾਰੇ ਪੜਾਵਾਂ ਦੀ ਯਾਤਰਾ ਕੀਤੀ। ਉਸ ਨੇ ਨੋਰਾ ਦੀ ਮਾਹਰ ਨਿਗਰਾਨੀ ਤੇ ਦਿਰਦੇਸ਼ਨਾ ਥੱਲੇ ਕਈ ਸਾਲ ਕੰਮ ਕੀਤਾ। ਇਸ ਕਰਕੇ ਉਹ ਮੰਚ ਕਲਾ ਦੇ ਸਾਰੇ ਭੇਦਾਂ ਤੇ ਅਮਲਾਂ ਦਾ ਮਾਹਿਰ ਬਣ ਗਿਆ। ਉਸ ਦੇ ਨਾਟਕਾਂ ਦੇ ਸਟੇਸ ਤੋਂ ਸਫਲ ਹੋਣ ਦਾ ਇਕ ਵੱਡਾ ਕਾਰਨ, ਉਸ ਦੇ ਨਾਟਕਾਂ ਦੀਆਂ ਸਮੱਸਿਆਵਾਂ ਦਾ ਨਿੱਤ ਦੀ ਜ਼ਿੰਦਗੀ ਵਿਚੋਂ ਹੋਣਾ ਹੈ। ਪਾਤਰ ਜਾਣੇ ਪਛਾਣੇ ਤੇ ਨਿੱਤ ਦੀ ਬੋਲੀ ਵਿਚ ਗੱਲਾਂ ਕਰਦੇ ਹਨ।

ਵਰ ਘਰ ਦਾ ਵਿਸ਼ਲੇਸ਼ਣ

ਵਿਸ਼ਾ-ਵਸਤੂ

ਨੰਦੇ ਦੇ ਨਾਟਕਾਂ ਦਾ ਵਿਸ਼ਾ ਸਮਾਜਕ ਸੁਧਾਰ ਹੈ। ਉਸ ਨੇ ਸਮਾਜਕ ਕੁਰੀਤੀਆਂ, ਜਿਵੇਂ ਵਿਧਵਾ ਵਿਆਹ, ਬਾਲ ਵਿਆਹ ਤੇ ਕਰਜ਼ੇ ਦੀ ਸਮੱਸਿਆ ਆਦਿ ਉਤੇ ਨਾਟਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖੇ । ਮੂਲ ਰੂਪ ਵਿਚ ਨੰਦਾ ਇਕ ਸੁਧਾਰਵਾਦੀ ਲੇਖਕ ਹੈ ਜੋ ਪੁਰਾਣੀ ਪੀੜ੍ਹੀ ਤੇ ਨਵੀਂ ਖੁਲ੍ਹ-ਖਿਆਲੀ ਪੀੜ੍ਹੀ ਦਾ ਸਮਝੌਤਾ ਕਰਾ ਕੇ, ਸਮਾਜ ਨੂੰ ਚੌੜੇਰੀਆਂ ਨੀਹਾਂ ਉਤੇ ਖੜਾ ਕਰਨਾ ਚਾਹੁੰਦਾ ਹੈ। ਉਸ ਦੇ ਨਾਟਕਾਂ ਵਿਚ ਪੇਂਡੂ ਤੇ ਸ਼ਹਿਰੀ ਜੀਵਨ ਦੀਆਂ ਸਮਾਜਕ ਬੁਰਾਈਆਂ ਨੂੰ ਦੂਰ ਕਰਨ ਦਾ ਨਿਸ਼ਾਨਾ ਬਣਾਇਆ ਹੈ। ਨੰਦੇ ਦੇ ਇਕਾਂਗੀ ਵੀ ਕਿਸੇ ਨਾ ਕਿਸੇ ਸਮਾਜਕ ਕੁਰੀਤੀ ਉਤੇ ਵਿਅੰਗ ਕਰਦੇ ਹੀ ਦਿਸਦੇ ਹਨ ਜਿਵੇਂ, ਪੈਸੇ ਲੈ ਕੇ ਅਣਜੋੜ ਵਿਆਹ ਕਰਨਾ, ਦਾਨ-ਪੁੰਨ ਤੇ ਹੋਰ ਵਹਿਮ-ਭਰਮ, ਛੂਤ-ਛਾਤ, ਪੜ੍ਹਿਆਂ ਲਿਖਿਆਂ ਵਿਚ ਬੇਰੁਜ਼ਗਾਰੀ, ਬੇਈਮਾਨੀ, ਐਬੀ ਔਲਾਦ, ਭ੍ਰਿਸ਼ਟਾਚਾਰ, ਆਦਿ। ਨੰਦਾ ਸਮਾਜਕ ਕੁਰੀਤੀਆਂ ਦਾ ਇਲਾਜ ਵਧੇਰੇ ਛੜ-ਯੰਤਰਾਂ ਨਾਲ ਕਰਦਾ ਹੈ। ਉਸ ਦੇ ਨਾਟਕਾਂ ਵਿਚ ਨਵੀਂ ਪੀੜ੍ਹੀ ਦੇ ਪਾਤਰ ਪੁਰਾਣੀ ਪੀੜ੍ਹੀ ਨੂੰ ਕੜਿਕੀ ਵਿਚ ਫਸਾ ਲੈਂਦੇ ਤੇ ਆਪਣੇ ਨਾਲ ਸਹਿਮਤ ਕਰਨ ਲਈ ਮਜਬੂਰ ਕਰਕੇ ਆਪਣੇ ਮਨੋਰਥ ਦੀ ਪੂਰਤੀ ਕਰਦੇ ਹਨ। ਉਸ ਦੇ ਪਾਤਰਾਂ ਵਿਚ ਕੋਈ ਅਜਿਹੀ ਇਨਕਲਾਬੀ ਦਲੇਰੀ ਨਹੀਂ ਹੈ ਕਿ ਉਹ ਸਿੱਧੇ ਸਮਾਜ ਨਾਲ ਟੱਕਰ ਲੈ ਸਕਣ।

'ਵਰ ਘਰ' ਸ਼ਹਿਰੀ ਜੀਵਨ ਉਤੇ ਆਧਾਰਤ ਨਾਟਕ ਹੈ। ਇਸ ਵਿਚ ਪ੍ਰੇਮ-ਵਿਆਹ ਉਤੇ ਬਲ ਦਿੱਤਾ ਗਿਆ ਹੈ। ਨੰਦੇ ਵਲੋਂ ਇਸ ਨਾਟਕ ਵਿਚ ਨੌਜਵਾਨਾਂ ਦੇ ਹੱਕ ਵਿਚ ਸਾਥੀ ਦੀ ਸੁਤੰਤਰ ਚੋਣ ਦਾ ਸੁਝਾਅ ਦਿੱਤਾ ਗਿਆ ਹੈ। ਨੌਜਵਾਨ ਲੜਕੇ ਲੜਕੀਆਂ ਦੀਆਂ ਆਸਾਂ ਤੇ ਉਮੰਗਾਂ ਦੀ ਤਰਜਮਾਨੀ ਕਰਦਾ ਹੋਣ ਕਰਕੇ, ਇਸ ਨਾਟਕ ਨੂੰ ਨਵੀਂ ਪੀੜ੍ਹੀ ਵਲੋਂ ਬਹੁਤ ਪਸੰਦ ਕੀਤਾ ਗਿਆ।

ਵਰ ਲੱਭਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਨਾਟਕ ਵਿਚ ਚਾਰ ਤਰ੍ਹਾਂ ਦੇ ਵਿਚਾਰਾਂ ਦੀ ਟੱਕਰ ਪੇਸ਼ ਹੈ। ਪਹਿਲਾ ਵਿਚਾਰ ਬਜ਼ੁਰਗ ਪੀੜ੍ਹੀ ਦਾ ਹੈ, ਜਿਸ ਨੂੰ ਨਾਇਕਾ ਦੀ ਦਾਦੀ ਪੇਸ਼ ਕਰਦੀ ਹੈ। ਉਸ ਅਨੁਸਾਰ ਪੋਤੀ ਲਈ ਵਰ ਲੱਭਣ ਦਾ ਹੱਕ ਉਸ ਦਾ ਹੈ। ਉਹ ਕੁੜੀ ਮੁੰਡੇ ਦੀ ਪੜ੍ਹਾਈ ਦੀ ਬਰਾਬਰੀ ਦੀ ਥਾਂ ਖ਼ਾਨਦਾਨਾਂ ਦੀ ਬਰਾਬਰੀ ਉਤੇ ਜ਼ੋਰ ਦੇਂਦੀ ਹੈ। ਵਰ ਨਾਲੋਂ ਘਰ ਨੂੰ ਵਧੇਰੇ ਮਹੱਤਾ ਦੇਂਦੀ ਹੈ। ਬੇਬੇ ਦਾ ਪੁੱਤਰ ਬੀ.ਡੀ. ਕਪੂਰ ਘਰ ਤੇ ਖਾਨਦਾਨ ਦੀ ਬਰਾਬਰੀ ਵਿਚ ਤਾਂ ਮਾਂ ਦੀ ਹਾਮੀ ਭਰਦਾ ਹੈ ਪਰ ਇਸ ਦੇ ਨਾਲ ਉਹ ਜਵਾਈ ਇੰਗਲੈਂਡ ਰੀਟਰਨਡ ਚਾਹੁੰਦਾ ਹੈ। ਕੰਵਲ ਦਾ ਦਾਦਾ ਰੀਟਾਇਰਡ ਇੰਜੀਨੀਅਰ ਹੈ ਤੇ ਖੁਲ੍ਹੇ ਵਿਚਾਰਾਂ ਦਾ ਮਾਲਕ ਹੈ ਉਸ ਦਾ ਵਿਚਾਰ ਹੈ ਕਿ ਘਰ ਨਾਲੋਂ ਵਰ ਉਤੇ ਵਧੇਰੇ ਬਲ ਦਿੱਤਾ ਜਾਵੇ। ਜੇ ਵਰ ਚੰਗਾ ਹੋਵੇਗਾ ਤਾਂ ਘਰ ਆਪਣੇ ਆਪ ਬਣ ਜਾਵੇਗਾ। ਨੌਜਵਾਨ ਮੁੰਡੇ ਕੁੜੀਆਂ ਦਾ ਵਿਚਾਰ ਹੈ ਕਿ ਵਿਆਹ ਕਰਨਾ ਉਨ੍ਹਾਂ ਦਾ ਨਿੱਜੀ ਮਸਲਾ ਹੈ। ਜਿਥੇ ਦਿਲ ਮਿਲੇ ਉਹ ਵਿਆਹ ਕਰਵਾ ਲੈਣ, ਮਾਪਿਆਂ ਨੂੰ ਇਸ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।

ਇੰਜ ਨਾਟਕ ਵਿਚ ਨਵੀਂ ਤੇ ਪੁਰਾਣੀ ਪੀੜ੍ਹੀ ਦੀ ਟੱਕਰ ਤਾਂ ਹੈ ਪਰ ਇਸ ਟੱਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਨੌਜਵਾਨ ਇਨਕਲਾਬੀ ਨਹੀਂ ਬਣਦੇ। ਉਹ ਛਲ-ਕਪਟ ਰਾਹੀਂ ਆਪਣੇ ਮਨੋਰਥ ਦੀ ਸਿਧੀ ਕਰਦੇ ਹਨ।

ਪਲਾਟ

'ਵਰ ਘਰ' ਦਾ ਨਾਇਕ ਜੈ ਕਿਸ਼ਨ ਐਮ.ਏ. ਦਾ ਵਿਦਿਆਰਥੀ ਹੈ ਪਰੰਤੂ ਉਸ ਵਲੋਂ ਆਪਣੀ ਅਨਪੜ੍ਹ ਮੰਗੇਤ੍ਰ ਅਸਵੀਕਾਰ ਕਰਨ ਉਤੇ ਮਾਪੇ ਉਸ ਦਾ ਖ਼ਰਚਾ ਬੰਦ ਕਰ ਦੇਂਦੇ ਹਨ। ਉਹ ਆਪਣੇ ਗੁਜ਼ਾਰੇ ਲਈ ਮਦਨ ਨੂੰ ਟਿਊਸ਼ਨ ਪੜ੍ਹਾ ਕੇ ਤੀਹ ਰੁਪਏ ਅਤੇ ਭਗਤ ਗਣੇਸ਼ੀ ਲਾਲ ਦੇ ਦਫ਼ਤਰ ਦਾ ਚਿੱਠੀ-ਪੱਤਰ ਲਿਖ ਕੇ ਪੰਝੀ ਰੁਪਏ ਕਮਾਉਂਦਾ ਹੈ। ਉਹ ਚਾਹੁੰਦਾ ਹੈ ਕਿ ਉਸਦਾ ਵਿਆਹ ਮਦਨ ਦੀ ਵੱਡੀ ਭੈਣ ਲਿਲ੍ਹੀ ਨਾਲ ਹੋ ਜਾਵੇ ਜੋ ਬੀ.ਏ. ਵਿਚ ਪੜ੍ਹਦੀ ਹੈ। ਲਿਲ੍ਹੀ ਦਾ ਦਾਦਾ ਰਾਇ ਸਾਹਿਬ ਹਰਸੁਖ ਲਾਲ ਉਸ ਦੇ ਗੁਣਾਂ ਤੇ ਕਾਬਲੀਅਤ ਕਰਕੇ ਉਸ ਉਤੇ ਬਹੁਤ ਖੁਸ਼ ਹੈ ਤੇ ਉਹ ਭਗਤ ਗਣੇਸ਼ੀ ਲਾਲ ਦੇ ਕਹਿਣ ਉਤੇ ਆਪਣੀ ਪੋਤਰੀ, ਲਿਲ੍ਹੀ, ਦਾ ਵਿਆਹ ਜੈ ਕਿਸ਼ਨ ਦੇ ਨਾਲ ਕਰਨਾ ਚਾਹੁੰਦਾ ਹੈ ਪਰ ਇਸ ਕਾਰਜ ਲਈ ਨਾ ਉਸ ਦਾ ਪੁੱਤਰ ਮੰਨਦਾ ਹੈ ਅਤੇ ਨਾ ਹੀ ਪਤਨੀ। ਲਿਲ੍ਹੀ ਦਾ ਪਿਤਾ ਸਾਹਿਬ ਉਸ ਲਈ ਕੋਈ ਇੰਗਲੈਂਡ ਰੀਟਰਨਡ ਵਰ ਚੁਣਨਾ ਚਾਹੁੰਦਾ ਹੈ ਜੋ ਮਿਲਦਾ ਨਹੀਂ। ਲਿਲ੍ਹੀ ਦੀ ਦਾਦੀ (ਬੇਬੇ) ਸਾਹਿਬ ਦਿਆਲ ਠੇਕੇਦਾਰ ਦੇ ਬੀ.ਏ. ਫੇਲ੍ਹ ਲੜਕੇ ਕੁੰਦਨ ਲਾਲ ਨਾਲ ਉਸ ਦੀ ਮੰਗਣੀ ਕਰਨ ਦੀ 'ਹਾਂ' ਕਰ ਆਈ ਹੈ ਤੇ ਪੁੱਤਰ ਨੂੰ ਧੌਂਸ ਦੇ ਕੇ ਆਪਣੇ ਨਾਲ ਸਹਿਮਤ ਕਰ ਲੈਂਦੀ ਹੈ। ਦਾਦਾ ਬੇਵੱਸ ਹੋਇਆ ਚੁਪ ਕਰ ਜਾਂਦਾ ਹੈ। ਆਖ਼ਰ ਸ਼ਗਨ ਭੇਜਣ ਅਤੇ ਛੇਤੀ ਵਿਆਹ ਕਰਨ ਦਾ ਪ੍ਰੋਗਰਾਮ ਬਣਦਾ ਹੈ। ਫ਼ੈਸਲਾ ਹੁੰਦਾ ਹੈ ਕਿ ਵਿਆਹ ਤੋਂ ਪਿੱਛੋਂ ਕੁੜੀ ਮੁੰਡੇ ਨੂੰ ਕੁਝ ਸਮੇਂ ਲਈ ਇੰਗਲੈਂਡ ਭੇਜ ਦਿੱਤਾ ਜਾਵੇ।

ਇਸ ਕੰਮ ਵਿਚ ਰੁਕਾਵਟ ਪਾਉਣ ਲਈ ਜੈ ਕਿਸ਼ਨ ਲਿਲ੍ਹੀ ਦੀ ਸਹਿਮਤੀ ਨਾਲ ਠੇਕੇਦਾਰ ਦੇ ਘਰ ਜਾ ਕੇ ਇਹ ਕਹਿ ਆਉਂਦਾ ਹੈ ਕਿ ਲਿਲ੍ਹੀ ਕਿਸੇ ਹੋਰ ਨੂੰ ਪਿਆਰ ਕਰਦੀ ਹੈ। ਉਸ ਦੀ ਇਕ ਸਾਲ ਤੋਂ ਪ੍ਰੇਮੀ ਨਾਲ ਚਿੱਠੀ-ਚਪੱਠੀ ਵੀ ਚਲਦੀ ਹੈ। ਠੇਕੇਦਾਰ ਦੀ ਪਤਨੀ (ਭਗਵਤੀ) ਇਸ ਨੂੰ ਬਹੁਤ ਬੁਰਾ ਮਨਾਉਂਦੀ ਹੈ। ਉਸ ਦੇ ਜ਼ੋਰ ਪਾਉਣ ਉੱਤੇ ਠੇਕੇਦਾਰ ਸ਼ਗਨ ਮੋੜ ਜਾਂਦਾ ਹੈ। ਅੰਤ ਕੁੜਿੱਕੀ ਵਿਚ ਫਸੇ ਮਾਂ-ਪੁੱਤ (ਬੇਬੇ ਤੇ ਸਾਹਬ) ਲਿਲ੍ਹੀ ਦਾ ਵਿਆਹ ਜੈ ਕਿਸ਼ਨ ਨਾਲ ਕਰਨ ਲਈ ਸਹਿਮਤ ਹੋ ਜਾਂਦੇ ਹਨ। ਐਨ ਇਸੇ ਵੇਲੇ ਭਗਤ ਜੀ ਵੀ ਆ ਜਾਂਦੇ ਹਨ ਤੇ ਉਹ ਆ ਕੇ ਇਹ ਐਲਾਨ ਕਰਦੇ ਹਨ ਕਿ ਉਨ੍ਹਾਂ ਨੇ ਜੈ ਕਿਸ਼ਨ ਨੂੰ ਮੁਤਬੰਨਾ ਬਣਾ ਲਿਆ ਹੈ। ਇਸ ਲਈ ਉਹ ਜੈ ਕਿਸ਼ਨ ਦੀ ਸ਼ਾਦੀ ਗੱਜ ਵੱਜ ਕੇ ਕਰਨਗੇ। ਫ਼ੈਸਲਾ ਹੁੰਦਾ ਹੈ ਕਿ ਲਿਲ੍ਹੀ ਤੇ ਜੈ ਕਿਸ਼ਨ, ਦੋਹਾਂ ਨੂੰ, ਵਿਆਹ ਤੋਂ ਪਿੱਛੋਂ ਇੰਗਲੈਂਡ ਭੇਜ ਦਿੱਤਾ ਜਾਵੇ। ਮੁੰਡਾ ਇੰਗਲੈਂਡ ਰੀਟਰਨਡ ਵੀ ਹੋ ਜਾਊ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਲਿਲ੍ਹੀ ਦੇ ਵਿਆਹ ਸੰਬੰਧੀ ਨੰਦੇ ਨੇ ਸਾਰੇ ਪਰਿਵਾਰ ਦੀਆਂ ਇਛਾਵਾਂ ਦੀ ਪੂਰਤੀ ਕਰ ਵਿਖਾਈ ਹੈ। ਜੈ ਕਿਸ਼ਨ ਨੂੰ ਭਗਤ ਜੀ ਵਲੋਂ ਮੁਤਬੰਨਾ ਬਣਾਏ ਜਾਣ ਕਰਕੇ, ਬੇਬੇ ਨੂੰ ਚੰਗੇ ਖ਼ਾਨਦਾਨ ਦਾ ਪੋਤ ਜਵਾਈ ਮਿਲ ਜਾਂਦਾ ਹੈ, ਰਾਏ ਸਾਹਿਬ ਨੂੰ ਆਪਣੇ ਪੈਰਾਂ ਉੱਤੇ ਖਲੋਣ ਵਾਲਾ ਮੁੰਡਾ, ਸਾਹਬ ਨੂੰ ਵਿਆਹ ਤੋਂ ਬਾਅਦ ਇੰਗਲੈਂਡ ਹੋ ਕੇ ਆਉਣ ਵਾਲਾ ਜਵਾਈ ਅਤੇ ਲਿਲ੍ਹੀ ਨੂੰ ਆਪਣਾ ਮਨ-ਪਸੰਦ ਪਤੀ।

ਇੰਜ 'ਵਰ ਘਰ' ਪੂਰਾ ਸੁਖਾਂਤ ਨਾਟਕ ਹੋ ਨਿੱਬੜਦਾ ਹੈ ਜੋ ਪੁਰਾਤਨ ਸਨਾਤਨੀ ਨਾਟਕਾਂ ਨਾਲ ਮੇਲ ਖਾਂਦਾ ਹੈ। ਨਾਟਕ ਦੇ ਆਰੰਭ ਵਿਚ ਦੁੱਖ ਅਤੇ ਸੰਕਟ ਭਰੀ ਸਥਿਤੀ ਪੇਸ਼ ਕੀਤੀ ਗਈ ਹੈ। ਲਿਲ੍ਹੀ ਦਾ ਸ਼ਗਨ ਭੇਜਣ ਨਾਲ ਇਹ ਸਮੱਸਿਆ ਡੂੰਘੀ ਹੋ ਜਾਂਦੀ ਹੈ ਅਤੇ ਅੰਤ ਵਿਚ ਸੁਲਝ ਕੇ ਸੁਖ-ਭਰਪੂਰ ਮਾਹੌਲ ਵਿਚ ਸਮੱਸਿਆ ਦਾ ਸਾਮਧਾਨ ਹੋ ਜਾਂਦਾ ਹੈ।

ਨਾਟ ਰਚਨਾ ਵਿਚ ਆਪਣੇ ਨਾਟਕਾਂ ਦੀ ਗੋਂਦ ਬਾਰੇ ਨੰਦੇ ਦਾ ਵਿਚਾਰ ਹੈ ਕਿ ਨਾਟਕ ਦੀ ਕਹਾਣੀ ਮਨਘੜਤ ਨਾ ਹੋਵੇ। ਕਹਾਣੀ ਦਾ ਸੁਭਾਵਕ ਜਾਪਣਾ ਬਹੁਤ ਜ਼ਰੂਰੀ ਹੈ। ਹਰੇਕ ਘਟਨਾ ਆਪਸ ਵਿਚ ਜੁੜੀ ਹੋਈ ਹੋਵੇ ਤੇ ਦੂਜੀ ਘਟਨਾ ਪਹਿਲੀ ਵਿਚੋਂ ਨਿਕਲੀ ਜਾਪੇ। ਨਾਟਕ ਸਟੇਜ ਉੱਤੇ ਸਫਲਤਾ ਨਾਲ ਖੇਡਿਆ ਜਾ ਸਕੇ। ਝਾਕੀਆਂ ਦੀ ਗਿਣਤੀ ਤਿੰਨ ਜਾਂ ਚਾਰ ਤੋਂ ਵਧ ਨਾ ਹੋਵੇ। ਕਹਾਣੀ ਦੇ ਵੱਖੋ ਵੱਖਰੇ ਹਿੱਸੇ ਇਕ ਦੂਜੇ ਨਾਲ ਇੰਜ ਗੁੰਦੇ ਹੋਏ ਹੋਣ ਕਿ ਇਕ ਤੋਂ ਦੂਜਾ ਵੱਖ ਨਾ ਹੋ ਸਕੇ।

ਨੰਦੇ ਦੇ ਲਗਭਗ ਸਾਰੇ ਨਾਟਕਾਂ ਵਿਚ ਉਸ ਦਾ ਇਹ ਸਿਧਾਂਤ ਕੰਮ ਕਰਦਾ ਦ੍ਰਿਸ਼ਟੀ-ਗੋਚਰ ਹੁੰਦਾ ਹੈ। 'ਵਰ ਘਰ' ਤਿੰਨ ਅੰਕੀ ਨਾਟਕ ਹੈ। ਪਹਿਲੇ ਅੰਕ ਦੀ ਝਾਕੀ ਰਾਏ ਸਾਹਿਬ ਹਰਸੁਖ ਲਾਲ ਦੀ ਕੋਠੀ ਵਿਚ ਹੈ। ਦੂਜੇ ਅੰਕ ਦੀ ਝਾਕੀ ਠੇਕੇਦਾਰ ਸਾਹਿਬ ਦਿਆਲ ਦੇ ਘਰ ਵਿਚ ਪੇਸ਼ ਕੀਤੀ ਹੈ ਅਤੇ ਤੀਜੇ ਅੰਕ ਦੀ ਝਾਕੀ ਮੁੜ ਪਹਿਲੇ ਅੰਕ ਵਾਲੀ ਕੋਠੀ ਦੇ ਡਰਾਇੰਗ ਰੂਮ ਵਿਚ ਦਿਖਾਈ ਗਈ ਹੈ। ਇਸ ਤਰ੍ਹਾਂ ਸਾਰੇ ਨਾਟਕ ਦਾ ਕਾਰਜ-ਵਪਾਰ ਦੋ ਸਥਾਨਾਂ ਉੱਤੇ, ਤਿੰਨ ਝਾਕੀਆਂ ਵਿਚ, ਸਮਾਪਤ ਹੋ ਜਾਂਦਾ ਹੈ।

'ਵਰ ਘਰ' ਨਾਟਕ ਦਾ ਪਲਾਟ ਵਾਸਤਵਿਕ, ਕਾਰਜ ਭਰਪੂਰ, ਤੇ ਨਾਟਕੀ ਮੌਕਿਆਂ ਨਾਲ ਭਰਿਆ ਹੋਇਆ ਹੈ। ਆਰੰਭ ਤੋਂ ਲੈ ਕੇ ਅੰਤ ਤਕ ਇਹ ਇਕ ਰਸ ਤੇ ਇਕੋ ਚਾਲ ਚਲਦਾ ਹੈ। ਨਾਟਕ ਵਿਚ ਕਾਰਜ ਦੀ ਏਕਤਾ ਬੇ-ਮਿਸਾਲ ਹੈ। ਇਸ ਵਿਚ ਕੋਈ ਝਾਕੀ, ਕੋਈ ਘਟਨਾ, ਕੋਈ ਕਾਰਜ ਅਜਿਹਾ ਨਹੀਂ, ਜੋ ਪਲਾਟ ਨੂੰ ਅੱਗੇ ਤੋਰਨ ਵਿਚ, ਟੱਕਰ ਦੀ ਉਸਾਰੀ ਵਿਚ ਜਾਂ ਪਾਤਰਾਂ ਨੂੰ ਉਘਾੜਨ ਵਿਚ ਹਿੱਸਾ ਨਾ ਪਾਉਂਦਾ ਹੋਵੇ।

ਪਾਤਰ-ਉਸਾਰੀ

ਪਾਤਰਾਂ ਅਤੇ ਪਾਤਰ-ਉਸਾਰੀ ਬਾਰੇ ਨੰਦੇ ਦਾ ਵਿਚਾਰ ਹੈ ਕਿ ਪਾਤਰ ਘੜੇ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਸਕਦੇ, ਸਗੋਂ ਕੁਦਰਤ ਵਲੋਂ ਹੀ ਘੜੇ ਘੜਾਏ ਹੁੰਦੇ ਹਨ। ਨਾਟਕਕਾਰ ਨੇ ਤਾਂ ਉਨ੍ਹਾਂ ਨੂੰ ਗਹੁ ਨਾਲ ਵੇਖਣਾ, ਪਛਾਨਣਾ ਤੇ ਚਿਤਰਨਾ ਹੁੰਦਾ ਹੈ। ਇਹ ਪਾਤਰ ਜੀਉਂਦੇ-ਜਾਗਦੇ, ਹੱਸਦੇ-ਖੇਡਦੇ, ਰੋਂਦੇ-ਖੱਪਦੇ ਅਤੇ ਲੜਦੇ-ਝਗੜਦੇ ਹੋਣੇ ਚਾਹੀਦੇ ਹਨ। ਉਨ੍ਹਾਂ ਦੀ ਗੱਲ ਬਾਤ, ਕਾਰ ਵਿਹਾਰ ਤੇ ਵਰਤਾਉ ਅਸਲ ਜ਼ਿੰਦਗੀ ਦਾ ਨਮੂਨਾ ਹੋਵੇ। ਪਾਤਰ ਆਪੋ ਆਪਣੇ ਸਮਾਜਕ ਵਾਤਾਵਰਨ ਦੇ ਅਨੁਕੂਲ ਹੋਣ। ਉਹ ਮਨੁੱਖੀ ਸਭਾ ਦੇ ਨੇਮਾਂ ਦੀ ਪ੍ਰਤੀਨਿਧਤਾ ਕਰਦੇ ਦਿਸਣ।

'ਵਰ ਘਰ' ਸਮੇਤ ਸਾਰੇ ਨਾਟਕਾਂ ਵਿਚ ਹੀ ਨੰਦਾ ਆਪਣੇ ਇਨ੍ਹਾਂ ਸਿਧਾਂਤਾਂ ਉੱਤੇ ਪੂਰਾ ਉਤਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਪਾਤਰ-ਉਸਾਰੀ ਲਈ ਉਹ ਕਾਰਜ ਤੇ ਵਾਰਤਾਲਾਪ ਦੇ ਦੋਵੇਂ ਢੰਗ ਬਾਖ਼ੂਬੀ ਵਰਤਦਾ ਹੈ। ਉਸ ਨੇ ਆਪਣੇ ਪਾਤਰਾਂ ਦੀ ਚੋਣ ਭਾਵੇਂ ਸ਼ਹਿਰੀ ਤੇ ਭਾਵੇਂ ਪੇਂਡੂ ਜੀਵਨ ਵਿਚੋਂ ਕੀਤੀ ਹੋਵੇ, ਉਹ ਆਪੋ ਆਪਣੇ ਜੀਵਨ ਦੀ ਪ੍ਰਤੀਨਿਧਤਾ ਕਰਦੇ ਦਿਸਦੇ ਹਨ। 'ਵਰ ਘਰ' ਦੇ ਸਾਰੇ ਪਾਤਰ ਉੱਚ ਵਰਗ ਤੇ ਸ਼ਹਿਰੀ ਪੜ੍ਹੇ ਲਿਖੇ ਹਨ। ਨੰਦੇ ਨੇ ਇਨ੍ਹਾਂ ਨੂੰ ਬੜੀ ਸਫਲਤਾ ਨਾਲ ਚਿਤਰਿਆ ਹੈ।

ਉਸ ਦੀ ਪਾਤਰ ਉਸਾਰੀ ਯਥਾਰਥਕ ਹੁੰਦੀ ਹੈ। ਨੰਦਾ ਆਪਣੇ ਪਾਤਰਾਂ ਨੂੰ ਦੋ ਸ਼ਰੇਣੀਆਂ ਵਿਚ ਵੰਡ ਲੈਂਦਾ ਹੈ। 'ਵਰ ਘਰ' ਵਿਚ ਵੀ ਨਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਦੇ ਪਾਤਰਾਂ ਵਿਚ ਸਪੱਸ਼ਟ ਨਿਖੇੜ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦੇ ਇਕੋ ਸ਼ਰੇਣੀ ਦੇ ਪਾਤਰਾਂ ਵਿਚ ਵੀ ਵਿਚਾਰਾਂ ਦੀ ਸਪਸ਼ਟ ਭਿੰਨਤਾ ਹੁੰਦੀ ਹੈ ਜਿਵੇਂ ਬੇਬੇ ਦੇ ਤੇ ਰਾਇ ਸਾਹਿਬ ਦੇ ਵਿਚਾਰਾਂ ਵਿਚ। ਨੰਦੇ ਦੇ ਸਾਰੇ ਪਾਤਰ ਜੀਉਂਦੇ-ਜਾਗਦੇ ਤੇ ਦੇਖੇ-ਚਾਖੇ ਵਿਅਕਤੀ ਪ੍ਰਤੀਤ ਹੁੰਦੇ ਹਨ, ਉਹ ਅਨੋਖੇ ਤੇ ਇਕੱਲੇ ਨਹੀਂ, ਸਾਡੀ ਆਮ ਜ਼ਿੰਦਗੀ ਵਿਚ ਹਰ ਰੋਜ਼ ਮਿਲਦੇ ਹਨ।

ਉਸ ਦੇ ਪਾਤਰ ਵਧੇਰੇ 'ਨਮੂਨਾ' ਪਾਤਰ ਹੁੰਦੇ ਹਨ। ਸਮਾਜ ਸੁਧਾਰ ਲਈ ਇਹ ਜ਼ਰੂਰੀ ਵੀ ਹੈ। ਨਮੂਨਾ ਪਾਤਰ ਸਮਾਜ ਦੇ ਕਿਸੇ ਵਰਗ ਜਾਂ ਸ਼ਰੇਣੀ ਦਾ ਪ੍ਰਤਿਨਿਧ ਰੂਪ ਹੁੰਦਾ ਹੈ। ਉਸ ਦੇ ਕਾਰਜ ਰਾਹੀਂ ਉਸ ਸ਼ਰੇਣੀ-ਵਿਸ਼ੇਸ਼ ਦੇ ਸੁਭਾ ਤੇ ਰੁਚੀਆਂ ਦਾ ਪਤਾ ਲੱਗਦਾ ਹੈ। ਉਨ੍ਹਾਂ ਦੀ ਪੇਸ਼ਕਾਰੀ ਦੁਆਰਾ ਸਮਾਜ ਦੀ ਜੀਉਂਦੀ ਜਾਗਦੀ ਝਲਕ ਮਿਲਦੀ ਹੈ। 'ਵਰ ਘਰ' ਵਿਚ ਬੇਬੇ, ਰਾਇ ਸਾਹਿਬ, ਕਪੂਰ ਸਾਹਿਬ ਆਦਿ ਆਪਣੇ ਵਰਗ ਦੇ ਪ੍ਰਤੀਨਿਧ ਰੂਪ ਹਨ। ਪਰ ਨੰਦੇ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਦੇ ਪਾਤਰਾਂ ਵਿਚ ਨਿਖੇੜ ਸਾਫ਼ ਦਿਸਦਾ ਹੈ। ਇਕੋ ਉਮਰ ਦੇ ਪਾਤਰਾਂ ਵਿਚ ਵੀ ਵੱਖਰੇਵਾਂ ਪ੍ਰਤੱਖ ਹੈ। 'ਵਰ ਘਰ' ਵਿਚ ਰਾਇ ਸਾਹਿਬ ਹਰਸੁੱਖ ਲਾਲ ਤੇ ਵੱਡੀ ਬੇਬੇ ਅਤੇ ਭਗਤ ਗਣੇਸ਼ੀ ਲਾਲ ਇਕੋ ਉਮਰ ਦੇ ਹੋਣ ਦੇ ਬਾਵਜੂਦ ਉਹਨਾਂ ਦੇ ਸੁਭਾਅ ਵਿਚ ਅੰਤਰ ਹੈ।

ਨਾਟਕਕਾਰ ਨੇ ਆਪਣੇ ਨਾਟਕ ਵਿਚ ਪਾਤਰਾਂ ਨੂੰ ਉਨ੍ਹਾਂ ਦੀ ਹੈਸੀਅਤ ਅਨੁਸਾਰ ਅਤੇ ਨਾਟਕ ਵਿਚ ਉਨ੍ਹਾਂ ਦੇ ਰੋਲ ਅਨੁਸਾਰ ਚਿਤਰਨਾ ਹੁੰਦਾ ਹੈ। ਪਰੰਤੂ 'ਵਰ ਘਰ' ਵਿਚ ਇੰਜ ਨਹੀਂ ਹੋਇਆ। ਨਾਟਕ ਦਾ ਨਾਇਕ ਜੋ ਕਿਸ਼ਨ ਹੈ ਪਰ ਨੰਦੇ ਨੇ ਉਸ ਦੀ ਪਾਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਾਰੀ ਉੱਤੇ ਵਧੇਰੇ ਜ਼ੋਰ ਨਹੀਂ ਦਿੱਤਾ। ਉਸ ਦੀ ਬਜਾਏ ਵੱਡੀ ਬੇਬੇ ਤੇ ਰਾਇ ਸਾਹਿਬ ਦੇ ਪਾਤਰ-ਚਿਤ੍ਰਣ ਉੱਤੇ ਵਧੇਰੇ ਬਲ ਦਿੱਤਾ ਹੈ। ਇਹ ਨੰਦੇ ਦੀ ਇਕ ਤਰੁੱਟੀ ਕਹੀ ਜਾ ਸਕਦੀ ਹੈ। ਦੂਜੀ ਤਰੁੱਟੀ ਇਹ ਹੈ ਕਿ ਉਸ ਦੇ ਪਾਤਰਾਂ ਵਿਚ ਵਿਕਾਸਸ਼ੀਲ ਰੁਚੀਆਂ ਦੀ ਅਣਹੋਂਦ ਹੈ।

ਬੋਲੀ ਤੇ ਵਾਰਤਾਲਾਪ

ਨੰਦੇ ਅਨੁਸਾਰ ਨਾਟਕ ਦੀ ਬੋਲੀ ਅਜਿਹੀ ਹੋਵੇ ਕਿ ਪਾਤਰ ਦੇ ਮੂੰਹੋਂ ਉਹ ਓਪਰੀ ਤੇ ਬਨਾਵਟੀ ਨਾ ਜਾਪੇ। ਇਹ ਸੁਭਾਵਕ ਤੇ ਕੁਦਰਤੀ ਹੋਣੀ ਚਾਹੀਦੀ ਹੈ। ਪਾਤਰ ਨੂੰ ਉਘਾੜਨ ਤੇ ਚਿਤਰਨ ਵਿਚ ਵੱਡਾ ਹੱਥ ਬੋਲੀ ਦਾ ਹੀ ਹੁੰਦਾ ਹੈ। ਇਸ ਲਈ ਜਿਹੋ ਜਿਹਾ ਪਾਤਰ ਹੋਵੇ ਤੇ ਜਿਸ ਸ਼੍ਰੇਣੀ ਜਾਂ ਵਰਗ ਵਿਚੋਂ ਆਇਆ ਹੋਵੇ, ਉਸੇ ਵਰਗ ਦੀ ਬੋਲੀ ਉਸ ਦੇ ਮੂੰਹੋਂ ਪੇਸ਼ ਹੋਣੀ ਚਾਹੀਦੀ ਹੈ। ਨਾਟਕ ਦੀ ਬੋਲੀ ਸਾਡੀ ਆਮ ਵਿਦਿਅਕ ਬੋਲੀ ਤੋਂ ਭਿੰਨ ਹੋ ਕੇ ਨਿੱਤ ਦੇ ਕਾਰ-ਵਿਹਾਰ ਦੀ ਬੋਲੀ ਦੇ ਨੇੜੇ ਹੋਣੀ ਚਾਹੀਦੀ ਹੈ। ਆਪਣੀ ਬੋਲੀ ਰਾਹੀਂ ਹੀ ਹਰੇਕ ਪਾਤਰ ਆਪਣੇ ਅਸਲ ਰੂਪ ਵਿਚ ਪਾਠਕਾਂ/ਦਰਸ਼ਕਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ।

ਵਾਰਤਾਲਾਪ ਦੀ ਰੋਚਕਤਾ ਅਤੇ ਬੋਲੀ ਦੀ ਠੇਠਤਾ ਨੰਦੇ ਦੇ ਸਭ ਤੋਂ ਵੱਡੇ ਗੁਣ ਹਨ। ਉਸ ਦੇ ਪਾਤਰਾਂ ਦੀ ਬੋਲੀ ਉਨ੍ਹਾਂ ਦੇ ਪੱਧਰ, ਕਿੱਤੇ, ਸੁਭਾਅ, ਅਤੇ ਵਾਤਾਵਰਣ ਦੇ ਅਨੁਕੂਲ ਹੁੰਦੀ ਹੈ। ਪੇਂਡੂ ਪਾਤਰਾਂ ਦੀ ਬੋਲੀ ਸਾਧਾਰਨ ਠੇਠ ਤੇ ਮੁਹਾਵਰੇਦਾਰ ਹੁੰਦੀ ਹੈ। ਸ਼ਹਿਰੀ ਪੜ੍ਹਿਆਂ ਲਿਖਿਆਂ ਦੀ ਬੋਲੀ ਵਿਚ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਆਮ ਹੀ ਕੀਤੀ ਗਈ ਹੁੰਦੀ ਹੈ। ਕਈ ਥਾਵਾਂ ਉੱਤੇ ਤਾਂ ਪੂਰੇ ਦੇ ਪੂਰੇ ਵਾਕ ਹੀ ਅੰਗਰੇਜ਼ੀ ਦੇ ਸ਼ਾਮਲ ਕੀਤੇ ਗਏ ਹੁੰਦੇ ਹਨ। 'ਵਰ ਘਰ' ਨਾਟਕ ਸ਼ਹਿਰੀ ਮਧ ਸ਼੍ਰੇਣੀ ਨੂੰ ਪੇਸ਼ ਕਰਦਾ ਹੈ। ਇਸ ਲਈ ਇਸ ਵਿਚ ਲਿਲ੍ਹੀ, ਲਿਲ੍ਹੀ ਦੀਆਂ ਸਹੇਲੀਆਂ, ਕਪੂਰ ਸਾਹਿਬ, ਜੈ ਕਿਸ਼ਨ ਲਗਭਗ ਸਾਰੇ ਹੀ ਅੰਗਰੇਜ਼ੀ ਮਿਲੀ ਪੰਜਾਬੀ ਬੋਲਦੇ ਹਨ। ਫ਼ਾਰਸੀ ਪੜ੍ਹੇ ਰਾਇ ਸਾਹਿਬ ਦੇ ਮੂੰਹੋਂ ਨੰਦੇ ਨੇ ਕਈ ਸ਼ਬਦ ਤੇ ਸ਼ਿਅਰ ਫ਼ਾਰਸੀ ਦੇ ਸੁਭਾਵਿਕ ਹੀ ਬੁਲਵਾਏ ਹਨ। ਅੰਗਰੇਜ਼ੀ ਤੇ ਫ਼ਾਰਸੀ ਸ਼ਬਦਾਂ, ਵਾਕਾਂ ਜਾਂ ਸ਼ਿਅਰਾਂ ਦਾ ਵਰਤਣਾ ਦੋਸ਼-ਪੂਰਨ ਹੈ ਕਿਉਂਕਿ ਨਾਟਕ ਅੰਗਰੇਜ਼ੀ ਜਾਂ ਫ਼ਾਰਸੀ ਵਿਚ ਨਹੀਂ, ਪਰੰਤੂ ਪੜ੍ਹੇ-ਲਿਖੇ ਲੋਕਾਂ ਦੀ ਬੋਲੀ ਵਿਚ ਦੂਜੀ ਭਾਸ਼ਾ ਦੇ ਸ਼ਬਦ ਵਰਤਣ ਦੀ ਆਦਤ ਆਮ ਹੋ ਗਈ ਹੈ, ਇਸ ਲਈ ਇਹਨਾਂ ਦੀ ਵਰਤੋਂ ਇਥੇ ਅਸੁਭਾਵਿਕ ਨਹੀਂ ਜਾਪਦੀ। ਸਾਧਾਰਣ ਬੋਲ ਚਾਲ ਅਤੇ ਤਲਖੀ ਦੇ ਮੌਕਿਆਂ ਦੀ ਬੋਲੀ ਦੇ ਫ਼ਰਕ ਨੂੰ ਵੀ ਨੰਦਾ ਸਮਝਦਾ ਹੈ। ਉਸ ਦੇ ਅੰਗਰੇਜ਼ੀ ਪੜ੍ਹੇ ਪਾਤਰ ਜਦੋਂ ਤਲਖੀ ਵਿਚ ਆ ਜਾਂਦੇ ਹਨ ਤਾਂ ਵਾਕਾਂ ਦੇ ਵਾਕ ਅੰਗਰੇਜ਼ੀ ਦੇ ਬੋਲਣੇ ਆਰੰਭ ਦੇਂਦੇ ਹਨ। ਉਹ ਬੋਲੀ ਨੂੰ ਉਚੇਚ ਨਾਲ ਨਹੀਂ ਘੜਦਾ, ਪਾਤਰਾਂ ਦੇ ਮੂੰਹੋਂ ਸਹਿਜ ਸੁਭਾਅ ਜੋ ਝਰਦਾ ਹੈ, ਉਹ ਪੇਸ਼ ਕਰ ਦੇਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਜ

ਉਸ ਦੇ ਲਗਭਗ ਸਾਰੇ ਨਾਟਕਾਂ ਵਿਚ ਆਰੰਭ ਤੋਂ ਲੈ ਕੇ ਅੰਤ ਤਕ ਕਾਰਜ ਭਖਦਾ ਰਹਿੰਦਾ ਹੈ। ਨਾਟਕੀ ਟੱਕਰਾਂ, ਭੰਗੜਿਆਂ, ਗਿਧਿਆਂ, ਕੁਟਕੁਟਾਪਿਆਂ, ਗੁਸੈਲੇ ਜਾਂ ਕੌੜੇ ਬੋਲਾਂ ਤੇ ਮਖ਼ੌਲਾਂ ਰਾਹੀਂ ਪਾਤਰ ਕੁਝ ਨਾ ਕੁਝ ਕਰਦੇ ਪ੍ਰਤੀਤ ਹੁੰਦੇ ਹਨ। ਕਿਤੇ ਵੀ ਸਟੇਜ ਖ਼ਾਲੀ ਨਹੀਂ ਦਿਸਦੀ ਅਤੇ ਨਾ ਹੀ ਕਿਤੇ ਕਾਰਜ ਦੀ ਘਾਟ ਦ੍ਰਿਸ਼ਟੀਗੋਚਰ ਹੁੰਦੀ ਹੈ। 'ਵਰ ਘਰ' ਦੀਆਂ ਤਿੰਨਾਂ ਝਾਕੀਆਂ ਵਿਚ ਵੀ ਕਾਰਜ ਪੂਰੀ ਤਰ੍ਹਾਂ ਭਖਿਆ ਰਹਿੰਦਾ ਹੈ।

ਰੰਗ ਮੰਚ

ਨੰਦੇ ਦੇ ਸਾਰੇ ਨਾਟਕ ਸਟੇਜ ਉੱਤੇ ਸਫਲਤਾ ਨਾਲ ਖੇਡੇ ਜਾ ਸਕਦੇ ਹਨ। ਉਸ ਦੇ ਨਾਟਕਾਂ ਦੀ ਗੋਂਦ ਇਕਹਿਰੀ ਤੇ ਦ੍ਰਿਸ਼ ਏਨੇ ਸਰਲ ਤੇ ਸਾਦੇ ਹੁੰਦੇ ਹਨ ਕਿ ਉਨ੍ਹਾਂ ਨੂੰ ਮੰਚ ਉੱਤੇ ਖੇਡਣ ਲਈ ਬਹੁਤੇ ਆਡੰਬਰ ਦੀ ਲੋੜ ਨਹੀਂ ਪੈਂਦੀ। ਝਾਕੀਆਂ ਵੀ ਬਹੁਤ ਘਟ ਹੁੰਦੀਆਂ ਹਨ। 'ਵਰ ਘਰ' ਨਾਟਕ ਦੀਆਂ ਤਿੰਨਾਂ ਵਿਚੋਂ ਦੋ ਝਾਕੀਆਂ ਰਾਇ ਸਾਹਿਬ ਦੀ ਬੈਠਕ ਵਿਚ ਵਾਪਰਦੀਆਂ ਹਨ ਅਤੇ ਤੀਜੀ ਠੇਕੇਦਾਰ ਸਾਹਿਬ ਦਿਆਲ ਦੇ ਘਰ। ਇਸ ਨਾਟਕ ਨੂੰ ਸਟੇਜ ਕਰਨ ਲਈ ਕੋਈ ਵਿਸ਼ੇਸ਼ ਦਿੱਕਤ ਪੇਸ਼ ਨਹੀਂ ਆਉਂਦੀ। ਮੌਕੇ 'ਤੇ ਵਿਸ਼ੇ ਅਨੁਸਾਰ ਢੁੱਕਵਾਂ ਵਾਤਾਵਰਣ ਪੈਦਾ ਕਰਨ ਲਈ ਆਧੁਨਿਕ ਭਾਂਤ ਦੇ ਫ਼ਰਨੀਚਰ ਦੀ ਲੋੜ ਪੈਂਦੀ ਹੈ ਜੋ ਲਗਭਗ ਸਾਰੇ ਹੀ ਪੜ੍ਹੇ ਲਿਖੇ ਮਧ-ਸ਼੍ਰੇਣਿਕ ਘਰਾਂ ਵਿਚ ਉਪਲਬਧ ਹੁੰਦਾ ਹੈ। ਜੇ ਕੋਈ ਚੀਜ ਘਰ ਵਿਚੋਂ ਨਾ ਵੀ ਮਿਲੇ ਤਾਂ ਕਿਰਾਏ ਉੱਤੇ ਲਈ ਜਾ ਸਕਦੀ ਹੈ। ਨਾਟਕ ਦੇ ਸਾਰੇ ਪਾਤਰ ਸ਼ਹਿਰੀ ਤੇ ਪੜ੍ਹੇ-ਲਿਖੇ ਹੋਣ ਕਰਕੇ ਉਨ੍ਹਾਂ ਦਾ ਪਹਿਰਾਵਾ ਲੱਭਣ ਵਿਚ ਵੀ ਕੋਈ ਵਿਸ਼ੇਸ਼ ਦਿੱਕਤ ਨਹੀਂ। ਸਟੇਜ ਉੱਤੇ ਫ਼ਰਨੀਚਰ ਤੇ ਵਾਤਾਵਰਨ ਦੀ ਥੋੜ੍ਹੀ ਜਿਹੀ ਤਬਦੀਲੀ ਕਰਕੇ ਸਾਰਾ ਨਾਟਕ ਆਸਾਨੀ ਨਾਲ ਖੇਡਿਆ ਜਾ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਬੰਧਕਾਰ ਪੂਰਨ ਸਿੰਘ

ਪੰਜਾਬੀ ਸਾਹਿਤ ਵਿਚ ਨਿਬੰਧ ਦੀ ਉਪਜ ਦਾ ਸੋਮਾ ਤੇ ਆਧਾਰ ਹੋਰ ਭਾਰਤੀ ਸਾਹਿਤਾਂ ਵਾਂਗ ਨਿਰੋਲ ਪੱਛਮੀ ਨਿਬੰਧ ਸਾਹਿਤ ਹੈ। ਇਸ ਲਈ ਇਸ ਦੇ ਮੁੱਢਲੇ ਸ੍ਰੋਤ ਪੁਰਾਤਨ ਪੰਜਾਬੀ ਵਾਰਤਕ ਵਿਚੋਂ ਲੱਭਣੇ ਅਸਲੋਂ ਵਿਅਰਥ ਹਨ। ਪੱਛਮ ਵਿਚ ਪ੍ਰਸਿੱਧ ਫਰਾਂਸੀਸੀ ਲੇਖਕ ਮੌਨਟੇਨ ਨੇ ਸਭ ਤੋਂ ਪਹਿਲਾਂ 1571 ਈ. ਵਿਚ ਇਸ ਸਾਹਿਤ ਰੂਪ ਨੂੰ ਜਨਮ ਦਿੱਤਾ। ਪਹਿਲਾ ਅੰਗਰੇਜ਼ੀ ਨਿਬੰਧਕਾਰ ਬੇਕਨ ਵੀ ਸੋਲ੍ਹਵੀਂ ਸਦੀ ਵਿਚ ਹੋਇਆ ਹੈ। ਉਪਰੰਤ ਯੂਰਪ ਵਿਚ ਲਗਭਗ ਤਿੰਨ ਸਦੀਆਂ ਇਹ ਸਾਹਿਤ ਰੂਪ ਵਿਕਸਿਤ ਹੁੰਦਾ ਰਿਹਾ। ਫਲਸਰੂਪ ਇਸ ਦੇ ਮੁੱਢਲੇ ਤੇ ਅਜੋਕੇ ਰੂਪ ਵਿਚ ਢੇਰ ਅੰਤਰ ਆ ਗਿਆ। ਆਰੰਭਕ ਨਿਬੰਧ ਗਲਪ ਸਾਹਿਤ ਦੇ ਵਧੇਰੇ ਨੇੜੇ ਹੋਣ ਕਾਰਣ ਇਕ ਮਿਲ ਗੋਭਾ ਜੇਹੀ ਰਚਨਾ ਹੁੰਦਾ ਸੀ, ਸਗੋਂ ਅਠਾਰਵੀਂ ਸਦੀ ਦੇ ਅੰਤ ਤਕ ਇਸ ਸਾਹਿਤ ਰੂਪ ਅਤੇ ਨਾਵਲ ਵਿਚ ਲੰਮਾ ਚੌੜਾ ਅੰਤਰ ਕਰਨਾ ਮੁਸ਼ਕਿਲ ਸੀ। ਸਟੀਲ ਤੇ ਐਡੀਸ਼ਨ ਦੇ ਨਿਬੰਧ ਇਨ੍ਹਾਂ ਗੁਣਾਂ ਵਾਲੇ ਹੀ ਸਨ। ਚਾਰਲਸ ਲੈਂਬ (1775–1834 ਈ.), ਪਹਿਲਾ ਵਿਅਕਤੀ ਹੈ ਜਿਸ ਨੇ ਸਾਹਿਤ ਰੂਪ ਵਜੋਂ ਨਿਬੰਧ ਨੂੰ ਵਿਸ਼ੇਸ਼ਤਾ ਪ੍ਰਦਾਨ ਕੀਤੀ। ਉਸ ਨੇ ਅਨੁਭਵ ਕੀਤਾ ਕਿ ਨਿਬੰਧ ਦਾ ਵੱਡਾ ਗੁਣ ਲੇਖਕ ਦੇ ਆਪ ਜਾਂ ਨਿੱਜੀ ਰੰਗਣ ਵਿਚ ਡੁੱਬਾ ਹੋਣਾ ਹੈ। ਫਿਰ ਵੀ ਲਗਪਗ ਤਿੰਨ ਸਦੀਆਂ ਨਿੱਜੀ ਤੇ ਗ਼ੈਰ-ਨਿੱਜੀ ਦੋਹਾਂ ਰੰਗਾਂ ਵਾਲੇ ਨਿਬੰਧ ਲਿਖੇ ਜਾਂਦੇ ਰਹੇ ਅਤੇ ਵੀਹਵੀ ਸਦੀ ਵਿਚ ਜਾ ਕੇ ਨਿਬੰਧ ਨੇ ਆਪਣਾ ਨਿੱਖਰਵਾਂ ਤੇ ਅਜੋਕਾ ਰੂਪ ਧਾਰਨ ਕੀਤਾ।[1]

ਨਿੱਜੀ ਰੰਗਣ ਵਾਲੇ ਨਿਬੰਧਾਂ ਵਿਚ ਲੇਖਕ ਦਾ ਆਪਾ ਪੂਰੀ ਤਰ੍ਹਾਂ ਲੋਤ ਪੋਤ ਹੋਇਆ ਮਿਲਦਾ ਹੈ। ਉਸ ਦੇ ਕਹਿਣ ਦਾ ਅੰਦਾਜ਼, ਉਸ ਦੇ ਸ਼ਬਦਾਂ ਦੀ ਟੁਣਕਾਰ, ਉਸ ਦੀ ਸੋਚਣ ਵਿਧੀ, ਉਸ ਦਾ ਲਬੋ-ਲਹਿਜਾ ਆਦਿ ਵਿਚ ਉਸ ਦੀ ਆਤਮਾ ਦਾ ਪ੍ਰਕਾਸ਼ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਅਜਿਹੇ ਨਿਬੰਧਾਂ ਵਿਚ ਇਕ ਵਿਸ਼ਿਸ਼ ਭਾਂਤ ਦੀ ਸੂਖਮਤਾ, ਕੋਮਲਤਾ ਤੇ ਭਾਵਾਤਮਕਤਾ ਵਿਦਵਾਨ ਹੁੰਦੀ ਹੈ । ਇਨ੍ਹਾਂ ਗੁਣਾਂ ਵਾਲੇ ਨਿਬੰਧਾਂ ਨੂੰ ਹੀ ਠੀਕ ਅਰਥਾਂ ਵਿਚ "ਸਾਹਿਤਿਕ" ਹੋਣ ਦਾ ਮਾਣ ਪ੍ਰਾਪਤ ਹੈ ।

ਪੂਰਨ ਸਿੰਘ ਨੂੰ ਪੰਜਾਬੀ ਸਾਹਿਤ ਵਿਚ ਅਜਿਹੇ ਸਾਹਿਤਿਕ ਨਿਬੰਧ ਲਿਖਣ ਵਿਚ ਮੋਢੀ ਮੰਨਿਆ ਜਾਂਦਾ ਹੈ । ਉਸ ਤੋਂ ਪਹਿਲਾ ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਭਾਵੇਂ ਪੰਡਿਤ ਸ਼ਰਧਾ ਰਾਮ ਫ਼ਿਲੌਰੀ, ਲਾਲਾ ਬਿਹਾਰੀ ਲਾਲ ਪੁਰੀ, ਗਿਆਨੀ ਦਿੱਤ ਸਿੰਘ, ਡਾ. ਚਰਨ ਸਿੰਘ, ਗਿਆਨੀ ਗਿਆਨ ਸਿੰਘ ਤੇ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਕੁਝ ਲੇਖ ਤੇ ਅਖਬਾਰੀ ਨੋਟ ਨਿਬੰਧ ਦੀ ਨੁਹਾਰ ਵਾਲੇ ਮਿਲ ਜਾਂਦੇ ਹਨ ਪਰੰਤੂ ਰੂਪਕ ਪੱਖ ਤੋਂ ਉਹ ਨਿਬੰਧ ਦੀ ਪਰਿਭਾਸ਼ਾ ਉੱਤੇ ਪੂਰੇ ਨਹੀਂ ਸਨ ਉਤਰਦੇ ।

ਇਸ ਤਰ੍ਹਾਂ ਪੂਰਨ ਸਿੰਘ ਰਚਿਤ 'ਖੁਲ੍ਹੇ ਲੇਖ' ਪੰਜਾਬੀ ਵਿਚ ਪ੍ਰਥਮ ਨਿਬੰਧ ਸੰਗ੍ਰਹਿ ਹੈ । ਪੂਰਨ ਸਿੰਘ ਇਸ ਰਚਨਾਂ ਤੋਂ ਪਹਿਲਾਂ ਹਿੰਦੀ ਤੇ ਅੰਗਰੇਜ਼ੀ ਵਿਚ ਰਚਨਾ ਕਰਦਾ ਰਿਹਾ ਸੀ ਅਤੇ ਹਿੰਦੀ ਵਿਚ ਉਸ ਦੇ ਛੇ ਨਿਬੰਧ ਪ੍ਰਕਾਸ਼ਿਤ ਹੋ ਕੇ ਪ੍ਰਸ਼ੰਸਾ ਵੀ ਹਾਸਲ ਕਰ ਚੁੱਕੇ ਸਨ । 'ਖੁਲ੍ਹੇ ਲੇਖ' ਦੀ ਰਚਨਾ ਬਾਰੇ ਕਿਹਾ ਜਾਂਦਾ ਹੈ ਕਿ ਲਾਹੌਰ ਵਿਚ ਕਿਸੇ ਸਾਹਿਤਿਕ ਇਕੱਤਰਤਾ ਸਮੇਂ ਸਕੂਲਾਂ ਦੇ ਇਨਸਪੈਕਟਰ ਸ. ਦੇਵਾ ਸਿੰਘ ਨੇ ਪੰਜਾਬੀ ਵਿਚ ਨਿਰੋਲ ਸਾਹਿਤਿਕ ਲੇਖਾਂ ਦੀ ਕਿਸੇ ਪੁਸਤਕ ਦੀ ਅਣਹੋਂਦ ਬਾਰੇ ਗਿਲਾ ਕੀਤਾ । ਇਹ ਗੱਲ ਪੂਰਨ ਸਿੰਘ ਨੂੰ ਖਾ ਗਈ, ਸਿੱਟੇ ਵਜੋਂ ਉਸ ਨੇ ਦੋ ਤਿੰਨ ਦਿਨਾਂ ਅੰਦਰ ਹੀ 'ਖੁਲ੍ਹੇ ਲੇਖ' ਨਾਂ ਦੀ ਪੁਸਤਕ ਲਿਖ ਕੇ ਉਸ ਦੇ ਹਵਾਲੇ ਕਰ ਦਿੱਤੀ । ਪੂਰਨ ਸਿੰਘ ਨੇ 1912 ਵਿਚ ਧਾਰਮਿਕ ਲੇਖ ਲਿਖਣੇ ਸ਼ੁਰੂ ਕੀਤੇ । ਉਸ ਦੇ ਅਜਿਹੇ ਨਿਬੰਧ ਉਦੋਂ ਤੋਂ 1930 ਤਕ ਸਮੇਂ ਸਮੇਂ 'ਖਾਲਸਾ ਸਮਾਚਾਰ' ਵਿਚ ਛਪਦੇ ਰਹੇ ।

ਪੂਰਨ ਸਿੰਘ ਇਕ ਵਚਿਤ੍ਰ ਤੇ ਅਸਾਧਾਰਣ ਵਿਅਕਤੀ ਸੀ । ਉਹ ਭਾਵੇਂ ਕਿਸੇ ਵਿਸ਼ੇ ਉੱਤੇ ਲਿਖਦਾ ਹੋਵੇ, ਉਹ ਆਪਣੇ ਵਿਚਾਰ ਭਾਵਾਂ ਵਿਚ ਲਪੇਟ ਕੇ ਮੌਲਿਕ ਰੂਪ ਵਿਚ ਪੇਸ਼ ਕਰਦਾ ਹੈ । ਇਸ ਕਰਕੇ ਉਸ ਦੀ ਵਾਰਤਕ ਵੀ ਕਵਿਤਾ ਵਾਂਗ ਹੀ ਜਾਪਦੀ ਹੈ । ਉਹ ਭਾਵੇਂ ਕਵਿਤਾ ਕਹਿ ਰਿਹਾ ਹੋਵੇ, ਭਾਵੇਂ ਵਾਰਤਕ, ਉਹ ਆਪਣੇ ਨਿੱਜੀ ਅਨੁਭਵ ਦਾ ਬੜੀ ਮੌਲਿਕਤਾ ਨਾਲ ਪ੍ਰਗਟਾ ਕਰਦਾ ਹੈ । ਸੁਹਜ ਸਵਾਦ ਦੇਣ ਦੇ ਨਾਲ ਨਾਲ ਉਸ ਦੇ ਨਿਬੰਧ ਉਸ ਦੀ ਆਪਣੀ ਸ਼ਖ਼ਸੀਅਤ ਦਾ ਦਰਪਣ ਹਨ । ਉਸ ਦੀ ਵਾਰਤਕ ਸ਼ੈਲੀ ਦਾ ਨੁਹਾਰ ਰਹੱਸਮਈ, ਪੇਚਵੀਂ ਅਤੇ ਧੁੰਧਲੀ ਹੁੰਦੀ ਹੈ ।

ਪੂਰਨ ਸਿੰਘ ਦੇ ਨਿਬੰਧਾਂ ਵਿਚ ਵਿਸ਼ੇ ਦੀ ਵੰਨਗੀ ਨੂੰ ਸਾਮ੍ਹਣੇ ਰੱਖ ਕੇ ਉਸ ਦੇ ਵਿਸ਼ਾਲ ਅਨੁਭਵ ਦੇ ਡੂੰਘੇ ਅਧਿਐਨ ਦੀ ਪੁਸ਼ਟੀ ਹੁੰਦੀ ਹੈ । ਉਸ ਦੇ ਨਿਬੰਧਾਂ ਦੇ ਵਿਸ਼ੇ ਬਹੁ ਭਾਂਤੀ ਹਨ ਪਿਆਰ, ਕਵਿਤਾ, ਕਵੀ ਦਾ ਦਿਲ, ਵਤਨ ਦਾ ਪਿਆਰ, ਮਜ਼੍ਹਬ, ਆਰਟ, ਇਕ ਜਾਪਾਨੀ ਨਾਇਕਾ ਦੀ ਜੀਵਨ ਕਥਾ, ਕਿਰਤ, ਮਿੱਤ੍ਰਤਾ, ਕੀਰਤ ਤੇ ਮਿੱਠਾ ਬੋਲਣਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੇ ਮਨ ਨਾਲ ਗੱਲਾਂ, ਵੋਟ ਤੇ ਪਾਲੇਟਿਕਸ, ਪੰਜਾਬੀ ਸਾਹਿਤਯ ਪਰ ਕਟਾਖਯ, ਆਦਿ ਵਿਸ਼ਿਆ ਉੱਤੇ ਕਲਮ ਚਲਾਈ ਹੈ ਪਰ ਇਨ੍ਹਾਂ ਸਭਨਾਂ ਵਿਚ ਇਕ ਸੂਖਮ ਆਦਰਸ਼ਵਾਦ ਕੰਮ ਕਰ ਰਿਹਾ ਹੈ। ਪੂਰਨ ਸਿੰਘ ਦਾ ਮਨੋਰਥ ਜੀਵਨ ਅਨੁਭਵ ਦਾ ਇਕ ਸੱਚਾ ਸੁੱਚਾ ਆਦਰਸ਼ ਪੇਸ਼ ਕਰਨਾ ਹੈ। ਓਪਰੀ ਨਜ਼ਰੇ ਭਾਵੇਂ ਪਿਆਰ, ਕਵਿਤਾ, ਮਜ਼ੁਬ ਤੇ ਆਰਟ ਵੱਖਰੇ ਵੱਖਰੇ ਵਿਸ਼ੇ ਜਾਪਦੇ ਹਨ ਪਰੰਤੂ ਇਨ੍ਹਾਂ ਦਾ ਨੀਝ ਨਾਲ ਕੀਤਾ ਅਧਿਐਨ ਇਨ੍ਹਾਂ ਵਿਚ ਇਕ ਪ੍ਰਤੱਖ ਸਾਂਝ ਪ੍ਰਗਟ ਕਰਦਾ ਹੈ। ਪੂਰਨ ਸਿੰਘ ਦੇ ਅਧਿਐਨ ਦੇ ਘੇਰੇ ਵਿਚ ਸੰਸਾਰ ਪ੍ਰਸਿੱਧ ਧਰਮਾਂ—ਬੁੱਧ ਧਰਮ, ਈਸਾਈ ਮੱਤ, ਇਸਲਾਮ ਧਰਮ, ਹਿੰਦੂ ਮੱਤ, ਆਦਿ ਦਾ ਵਿਸ਼ਲੇਸ਼ਣ ਮਿਲਦਾ ਹੈ। ਅਧਿਆਤਮਵਾਦੀ ਹੋਣ ਕਰਕੇ ਉਸ ਨੇ ਹਰੇਕ ਵਿਸ਼ੇ ਨੂੰ ਅਧਿਆਤਮਕ ਰੰਗਣ ਵਿਚ ਪੇਸ਼ ਕੀਤਾ ਹੈ। ਉਹ ਆਪ ਗੁਰਮਤਿ ਦਾ ਅਨੁਯਾਈ ਹੈ ਪਰ ਜਿਥੇ ਕੁਝ ਹੋਰ ਵਿਦਵਾਨ ਦੂਜੇ ਧਰਮਾਂ ਦੀ ਗੱਲ ਕਰਕੇ ਆਪਣੇ ਧਰਮ ਨੂੰ ਉਚਿਆਉਂਦੇ ਹਨ, ਉਥੇ ਪੂਰਨ ਸਿੰਘ ਨੇ ਦੂਸਰੇ ਧਰਮਾਂ ਨੂੰ ਤੁਲਨਾਤਮਕ ਪੱਖ ਤੋਂ ਨਹੀਂ ਲਿਆ ਸਗੋਂ ਦੂਸਰੇ ਮੱਤਾਂ ਨਾਲ ਇਕ ਸੁਰ ਹੋ ਕੇ ਹੀ ਆਪਣੇ ਧਰਮ ਦੀ ਗੱਲ ਕੀਤੀ ਹੈ। ਉਸਦੀ ਵਾਰਤਕ ਰਚਨਾ ਦੇ ਖੇਤਰ ਵਿਚ ਧਰਮ ਤੋਂ ਬਿਨਾਂ ਪਿਆਰ, ਰਾਜਨੀਤੀ, ਇਤਿਹਾਸ, ਯਾਤਰਾ, ਜੀਵਨ ਜਾਚ, ਸਾਹਿਤ ਕਲਾ, ਕੋਮਲ ਹੁਨਰ, ਆਦਿ ਵਿਸ਼ੇ ਵੀ ਆਏ ਹਨ। ਸਾਹਿਤਿਕ ਦ੍ਰਿਸ਼ਟੀ ਤੋਂ ਇਹ ਲੇਖ ਆਪਣੇ ਆਪ ਵਿਚ ਕੇਵਲ ਉੱਚੇ ਨਿਬੰਧ ਦਾ ਨਮੂਨਾ ਹੀ ਨਹੀਂ ਸਗੋਂ ਇਨ੍ਹਾਂ ਵਿਚੋਂ ਸਾਹਿਤ ਦੀਆਂ ਬੁਨਿਆਦੀ ਸਮੱਸਿਆਵਾਂ ਤੇ ਦ੍ਰਿਸ਼ਟੀਕੋਣਾਂ ਨੂੰ ਸੇਧ ਵੀ ਮਿਲਦੀ ਹੈ। ਉਸ ਨੇ "ਪੰਜਾਬੀ ਸਾਹਿਤਯ ਪਰ ਕਟਾਖਯ" ਜਿਹੇ ਲੇਖਾਂ ਰਾਹੀਂ ਇਕ ਤਰ੍ਹਾਂ ਪੰਜਾਬੀ ਵਿਚ ਸਿਧਾਂਤਕ ਸਮਲੋਚਨਾ ਦੀ ਆਧਾਰ-ਸ਼ਿਲਾ ਰੱਖੀ।

ਪੂਰਨ ਸਿੰਘ ਦੇ ਨਿਬੰਧਾਂ ਦੀ ਵਿਚਾਰਧਾਰਾ ਦਾ ਧੁਰਾ ਪਿਆਰ ਹੈ। ਉਸ ਦਾ ਪਿਆਰ ਸਿਧਾਂਤ ਆਦਰਸ਼ਕ ਹੁੰਦਾ ਹੋਇਆ ਵੀ ਸੰਸਾਰੀ ਪਿਆਰ ਨੂੰ ਯੋਗ ਥਾਂ ਦੇਂਦਾ ਹੈ। ਉਸ ਦਾ ਪਿਆਰ ਸਿਧਾਂਤ ਬੇਸ਼ਕ ਗੁਰਮਤਿ ਤੋਂ ਪ੍ਰਭਾਵਿਤ ਹੈ, ਪਰ ਇਸ ਨੂੰ ਪੂਰਨ ਸਿੰਘ ਨੇ ਆਪਣੇ ਵਿਅਕਤੀਗਤ ਅਨੁਭਵ ਰਾਹੀਂ ਪੇਸ਼ ਕੀਤਾ ਹੈ। ਪੂਰਨ ਸਿੰਘ ਲਈ ਪਿਆਰ ਆਪੇ ਦੀ ਪਛਾਣ ਤੇ ਅੰਦਰਲੇ ਦੀ ਸੋਝੀ ਹੈ। ਉਹ ਕਹਿੰਦਾ ਹੈ ਪਿਆਰ ਸਹਿਜ ਗੁਣ, ਦਿਵਯ ਗੁਣ, ਰੂਪ ਵਿਚ ਵਿਚਰਣ ਵਾਲਾ ਹੈ। ਉਸ ਅਨੁਸਾਰ ਪਿਆਰ ਮਲੋਮੱਲੀ ਰਾਹ ਜਾਂਦਿਆਂ ਪੈਂਦੇ ਹਨ, ਨਿਹੁੰ ਨਾ ਲਗਦੇ ਜੋਰੀ। ਪਿਆਰ ਆਤਮ ਸਮਰਪਣ, ਤਿਆਗ ਤੇ ਵੈਰਾਗ ਵਿਚ ਪਲਦਾ ਹੈ। ਪਿਆਰ ਗਿਆਨਵਾਨ, ਅਬੁਝ ਬੁਝਣ ਵਾਲਾ ਹੈ। ਪਿਆਰ ਦੀ ਛੋਹ ਜੀਅ-ਦਾਨ ਦੇਣ ਵਾਲੀ ਹੁੰਦੀ ਹੈ। ਇਹ ਰੂਹ ਦਾ ਇਕ ਪ੍ਰਭਾਵ ਹੈ ਆਪਣੇ ਅੰਦਰ ਦਾ ਨਿੱਖਰਿਆ ਅਨੁਭਵ ਹੈ। ਪਿਆਰ ਦਾ ਸਥਾਨ ਸਾਡੇ ਅੰਦਰ ਹੈ, ਬਾਹਰ ਨਹੀਂ। ਪਿਆਰ ਇਕ ਨੇਮ ਦਾ ਵਿਕਾਸ ਹੈ। ਇਹ ਇਕ ਕਵਿਤਾ ਹੈ। ਪਿਆਰ ਹੀ ਰੱਬ ਹੈ, ਪਿਆਰ ਜਿਸਮ ਦੀ ਮੌਤ ਹੈ। ਬਿਨਾਂ ਪਿਆਰ ਗਿਆਨ ਵੀ ਇਕ ਹਨੇਰਾ ਹੀ ਹੈ। ਪਿਆਰ ਜੀਵ ਦੀ ਚੇਤੰਨਤਾ ਹੈ ਅਤੇ ਮਨ ਦੀ ਜਾਗਤ੍ਰੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨ ਸਿੰਘ ਦਾ ਧਰਮ ਗੁਰਮਤਿ ਅਨੁਕੂਲ ਸਰਬ ਸਾਂਝਾ ਤੇ ਸਰਬਤ ਦੇ ਭਲੇ ਵਾਲਾ ਵਿਸ਼ਾਲ ਧਰਮ ਹੈ ਜੋ ਉੱਚੀ ਸੁੱਚੀ ਜੀਵਨ ਜਾਂਚ ਸਿਖਾਉਂਦਾ ਹੈ। ਉਸ ਲਈ ਮਜ਼੍ਹਬ ਸਭ ਥੀਂ ਉੱਚਾ, ਸੁੱਚਾ, ਤੀਖਣ ਤੇ ਜੀਂਦਾ ਧਿਆਨੀ ਪਿਆਰ ਹੈ। ਪੂਰਨ ਸਿੰਘ ਦਾ ਵਿਚਾਰ ਹੈ ਕਿ ਮਜ਼੍ਹਬ ਤਾਂ ਅੰਦਰ ਗੂੰਜਦਾ ਕੋਈ ਪ੍ਰਕਾਸ਼ ਵਰਗਾ ਇਸ਼ਕ ਹੈ ਜੋ ਛੁਪਿਆ ਨਹੀਂ ਰਹਿੰਦਾ ਉਸ ਲਈ ਮਜ਼੍ਹਬ ਇਕ ਦਾਤ ਇਕ ਆਵੇਸ਼ ਹੈ ਅਤੇ ਇਹ ਸਕੂਲਾਂ ਵਿਚ ਨਹੀਂ ਪੜ੍ਹਾਇਆ ਜਾ ਸਕਦਾ ਉਹ ਕਹਿੰਦਾ ਹੈ :

> ਇਉਂ ਮਜ਼੍ਹਬ ਦਾਤ ਹੈ। ਇਕ ਆਵੇਸ਼ ਹੈ, ਇਹ ਸਕੂਲਾਂ ਵਿਚ ਪੜ੍ਹਾਇਆ ਨਹੀਂ ਜਾ ਸਕਦਾ, ਇਹ ਉਪਦੇਸ਼ਕਾਂ ਦੇ ਵਿਖਿਆਨਾਂ ਨਾਲ ਸਿਖਾਇਆ ਨਹੀਂ ਜਾ ਸਕਦਾ...ਇਹ ਮੌਲਵੀਆਂ, ਮੌਲਾਣਿਆਂ, ਪਾਦਰੀਆਂ ਤੇ ਭਾਈਆਂ ਦੇ ਮਜ਼੍ਹਬੀ ਪੋਥੀਆਂ ਦੀਆਂ ਵਾਹਜਾਂ ਨਾਲ ਸਮਝ ਨਹੀਂ ਆ ਸਕਦਾ।[2]

ਪੂਰਨ ਸਿੰਘ ਦੀਆਂ ਕਿਰਤਾਂ ਵਿਚੋਂ ਜੀਵਨ ਜਾਂਚ ਸਪਸ਼ਟ ਭਾਂਤ ਪ੍ਰਗਟ ਹੁੰਦੀ ਹੈ ਉਸਨੇ ਚੜ੍ਹਦੀ ਕਲਾ ਵਾਲੇ ਆਸ਼ਾਵਾਦੀ ਦ੍ਰਿਸ਼ਟੀਕੋਣ ਨੂੰ ਆਪਣੇ ਜੀਵਨ ਤੇ ਵਿਚਾਰਾਂ ਵਿਚ ਸਮੋ ਕੇ ਵਿਖਾਇਆ ਹੈ। ਉਹ ਬੰਦਸ਼ਾਂ ਨੂੰ ਤੋੜਨਾ ਚਾਹੁੰਦਾ ਹੈ ਅਤੇ ਰਸਮਾਂ ਰਿਵਾਜ਼ਾਂ, ਰੋਕਾਂ ਤੇ ਬੰਦਸ਼ਾਂ ਤੋਂ ਮੁਕਤ ਹੋ ਕੇ ਜੀਵਨ ਜਿਉਣ ਦਾ ਢੰਗ ਦਸਦਾ ਹੈ। ਉਹ ਉੱਚਾ ਸੁੱਚਾ ਤੇ ਸਵੱਛ ਜੀਵਣ ਜੀਉਣ ਦੀ ਜਾਚ ਸਿਖਾਂਦਾ ਹੈ। ਉਸ ਲਈ ਜਾਤ ਪਾਤ ਜਾਂ ਦੇਸ਼ ਭੇਸ ਦੇ ਕੋਈ ਅਰਥ ਨਹੀਂ। ਉਹ ਸਰਬ ਸਾਂਝੇ ਮਨੁੱਖੀ ਭਾਈਚਾਰੇ ਦੀ ਗੱਲ ਕਰਦਾ ਹੈ।

ਕਵਿਤਾ ਬਾਰੇ ਪੂਰਨ ਸਿੰਘ ਦੇ ਵਿਚਾਰ ਵਿਲੱਖਣ ਹਨ। ਉਹ ਕਹਿੰਦਾ ਹੈ ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਵਚਨ ਕਵਿਤਾ ਹਨ। ਕਾਵਿ ਦਾ ਮੂਲ ਸਰੋਤ ਪਿਆਰ ਬਿਨਾਂ ਨਾ ਕਵਿਤਾ ਜੀ ਸਕਦੀ ਹੈ, ਨਾ ਫੁੱਲ ਅਤੇ ਨਾ ਸੁਹਣੇ। ਕਵਿਤਾ ਅਗਹਿ ਸੁਖ ਦੀ ਅਨੁਭਵੀ ਅਵਸਥਾ ਹੈ। ਕਵਿਤਾ ਦਾ ਰੰਗ ਆਪ ਮੁਹਾਰਾ ਆਉਂਦਾ ਹੈ। ਪੂਰਨ ਸਿੰਘ ਦਾ ਮੱਤ ਹੈ ਕਿ ਕਵਿਤਾ ਆਪਣੀ ਬੋਲੀ ਵਿਚ ਹੀ ਰਚੀ ਜਾ ਸਕਦੀ ਹੈ। ਵਾਕ ਰਚਨਾ ਤਾਂ ਹਰ ਬੋਲੀ ਵਿਚ ਹੋ ਸਕਦੀ ਪਰ ਕਵਿਤਾ ਪਰਾਈ ਬੋਲੀ ਵਿਚ ਨਹੀਂ ਹੋ ਸਕਦੀ। ਉੱਚੀ ਕਵਿਤਾ ਦਾ ਰਸ ਕੇਵਲ ਸੁਹਿਰਦ ਮਨੁੱਖ ਹੀ ਮਾਣ ਸਕਦਾ ਹੈ। ਕਵਿਤਾ ਪਿਆਰ ਦਾ ਕੰਵਾਰਾਪਣ ਹੈ, ਇਹ ਰੱਬੀ ਦਰਬਾਰ ਦਾ ਪ੍ਰਕਾਸ਼ ਹੈ ਅਤੇ ਜੀਵਨ ਰੰਗ ਹੈ। ਕਵੀ ਦੇ ਚਿਤ ਨੂੰ ਪੂਰਨ ਸਿੰਘ ਪਾਰਦਰਸ਼ੀ ਸ਼ੀਸ਼ਾ ਕਹਿੰਦਾ ਹੈ। ਕਵੀ ਦੀ ਆਵਾਜ਼ ਸਦੀਆਂ ਦੇ ਕੰਨ ਖੜੇ ਕਰ ਦਿੰਦੀ ਹੈ। ਇਹ ਮਨੁੱਖ ਦਾ ਦੈਵੀਕਰਨ ਕਰਦੀ ਹੈ। ਅਰਥਾਤ ਉਸ ਨੂੰ ਅਨੰਤ ਗਗਨ ਮੰਡਲਾਂ ਵਿਚ ਲੈ ਜਾਂਦੀ ਹੈ। ਜਿਸਮ ਤੋਂ ਚੁੱਕ ਕੇ ਰੂਹ ਵਿਚ ਲੈ ਆਉਂਦੀ ਹੈ।

ਪੂਰਨ ਸਿੰਘ ਨੇ ਉਚੇਰੇ ਸਾਹਿਤ ਦੇ ਲੱਛਣ ਵੀ ਦੱਸੇ ਹਨ। ਉਸ ਅਨੁਸਾਰ ਚੰਗੇਰਾ ਸਾਹਿਤ ਨਾ ਵਧੇਰੇ ਪੁਸਤਕਾਂ ਰਚਨ ਨਾਲ ਪੈਦਾ ਹੋ ਸਕਦਾ ਹੈ ਅਤੇ ਨਾ ਹੀ ਦੂਜੀਆਂ ਬੋਲੀਆਂ ਤੋਂ ਰਚਨਾਵਾਂ ਤੇ ਖਿਆਲ ਉਧਾਰੇ ਲੈ ਕੇ। ਪੂਰਨ ਸਿੰਘ ਦਾ ਮੱਤ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਲੀ ਤੇ ਸੁੱਚਾ ਸਾਹਿਤਯ ਮਹਾਤਮਾਂ ਲੋਕਾਂ ਦੇ ਅੰਮ੍ਰਿਤ ਬਚਨ ਹੁੰਦੇ ਹਨ ਬੰਦੇ ਜਿਸ ਕੌਮ ਵਿਚ ਪੈਦਾ ਹੋਣ ਉਸ ਵਿਚ ਸਾਹਿਤਯ ਦਾ ਧਨ, ਆਪ-ਮੁਹਾਰਾ ਮੀਂਹ ਵਾਂਗ ਵਰ੍ਹਦਾ ਹੈ। ਜਿਸ ਤਰ੍ਹਾਂ ਉੱਚੇ ਮਹਿਲਾਂ ਨਾਲ ਕੋਈ ਕੌਮ ਉੱਚੀ ਨਹੀਂ ਹੁੰਦੀ। ਜੇ ਉਹਦੇ ਬੰਦੇ ਵੱਡੇ ਦਿਲਾਂ ਵਾਲੇ, ਉੱਚੀਆਂ ਸੁਰਤਾਂ ਵਾਲੇ ਹੋਣ ਤਾਂ ਭਾਵੇਂ ਕੱਖਾਂ ਦੀਆਂ ਝੁੱਗੀਆਂ ਵਿਚ ਰਹਿਣ, ਉਹ ਕੌਮ ਨੂੰ ਵੱਡਾ ਤੇ ਉੱਚਾ ਕਰਦੇ ਹਨ, ਇਸੀ ਤਰ੍ਹਾਂ ਸਾਹਿਤਯ ਵੀ ਉਨ੍ਹਾਂ ਮਹਾਂ ਪੁਰਖਾਂ ਦੇ ਪ੍ਰਛਾਵਿਆਂ ਵਿਚ ਪਲਦਾ ਹੈ।[3]

ਪੂਰਨ ਸਿੰਘ ਨੇ ਆਪਣੇ ਵਤਨ ਨਾਲ ਪਿਆਰ ਕਰਨਾ ਦੱਸਿਆ ਹੈ। ਉਸ ਦਾ ਵਤਨ ਪਿਆਰ ਕਿਸੇ ਨਾਲ ਨਫ਼ਰਤ ਕਰਨਾ ਨਹੀਂ ਸਿਖਾਉਂਦਾ ਪਰ ਅੰਗਰੇਜ਼ਾਂ ਦੇ ਜ਼ੁਲਮ ਤੇ ਅਤਿਅਚਾਰ ਦੇ ਉਹ ਵਿਰੁਧ ਸੀ। ਵਤਨ ਪਿਆਰ ਬਾਰੇ ਉਹ ਲਿਖਦਾ ਹੈ :

ਵਤਨ ਦੇ ਪਿਆਰ ਦਾ ਮੁਢ ਆਪਣੇ ਘਰ, ਮਾਂ ਭੈਣ, ਤੇ ਆਪਣੇ ਬੱਚਿਆਂ ਦਾ ਗੂਹੜਾ, ਸਾਦਾ, ਪਰ ਅਸਗਾਹ ਜਿਹਾ ਖਸਮਾਨਾ ਹੈ। ਇਸ ਮੁੱਢ ਥੀਂ ਵਤਨ ਦੇ ਪਿਆਰ ਦਾ ਬ੍ਰਿਛ ਉਪਜਦਾ ਹੈ, ਜੇ ਜੜ੍ਹ ਹੀ ਨਾ ਹੋਵੇ ਉਥੇ ਜ਼ਿੰਦਗੀ ਦਾ ਫੈਲਾਓ ਕਿਸ ਤਰ੍ਹਾਂ ਹੋ ਸਕਦਾ ਹੈ।[4]

ਪੂਰਨ ਸਿੰਘ ਦਾ ਵਿਚਾਰ ਹੈ ਕਿ ਦੇਸ਼ ਦੇ ਪਿਆਰ ਨੂੰ ਜਗਾਣ ਲਈ ਜ਼ਰੂਰੀ ਹੈ ਕਿ ਘਰ ਦੇ ਜੀਵਨ ਦੀ ਨੀਂਹ ਜ਼ਿੰਦਗੀ ਦੀਆਂ ਡੂੰਘੀਆਂ ਤਹਿਆਂ ਉੱਤੇ ਰੱਖੀ ਜਾਵੇ। "ਘਰ ਦਾ ਜੀਵਨ ਤੇ ਵਤਨ ਦਾ ਪਿਆਰ ਇਸਤ੍ਰੀ ਜਾਤੀ ਦੇ ਬੇਹੱਦ ਸਤਿਕਾਰ ਤੇ ਪਿਆਰ ਬਿਨਾਂ ਜੀਂਦਾ ਨਹੀਂ ਹੋ ਸਕਦਾ।[5]

ਪੂਰਨ ਸਿੰਘ ਇਕ ਵਿਲੱਖਣ ਵਾਰਤਕ ਸ਼ੈਲੀ ਦਾ ਮਾਲਕ ਹੈ। ਉਸ ਦਾ ਲਿਖਣ ਢੰਗ ਅਸਲੋਂ ਅਨੋਖਾ, ਨਿਵੇਕਲਾ ਤੇ ਸਜਰਾ ਹੈ ਜੋ ਉਸ ਦੇ ਸੁਭਾਅ ਤੇ ਸ਼ਖ਼ਸੀਅਤ ਨਾਲ ਮਿਲਦਾ ਹੈ। ਚੰਗੀ ਵਾਰਤਕ ਸ਼ੈਲੀ ਵਿਚ-ਲੇਖਕ ਦੇ ਆਪੇ ਦੀ ਮਹਿਕ, ਆਪਣੇ ਵਿਸ਼ੇ ਬਾਰੇ ਪੂਰੀ ਸੋਝੀ ਤੇ ਢੁਕਵੇਂ ਸ਼ਬਦਾਂ ਵਿਚ ਭਾਵਾਂ ਨੂੰ ਪ੍ਰਗਟਾਉਣ ਦੀ ਜਾਚ-ਤਿੰਨੇ ਗੁਣ ਹੋਣੇ ਚਾਹੀਦੇ ਹਨ। ਪੂਰਨ ਸਿੰਘ ਦੀ ਸ਼ੈਲੀ ਵਿਚ ਬਹੁਤ ਥਾਵਾਂ ਉੱਤੇ ਇਹ ਤਿੰਨੇ ਗੁਣ ਇਕੱਠੇ ਮਿਲਦੇ ਹਨ। ਉਸ ਦੀ ਸ਼ੈਲੀ ਦੇ ਬਹੁਤੇ ਗੁਣ ਨਿੱਜੀ ਹਨ। ਉਹ ਲਿਖਦਾ ਲਿਖਦਾ ਪਾਠਕ ਨਾਲ ਨਿੱਜੀ ਸਾਂਝ ਪਾ ਲੈਂਦਾ ਹੈ ਅਤੇ ਸਹਿਜ ਸੁਭਾ, ਬਿਨਾ ਕਿਸੇ ਉਚੇਚ ਦੇ, ਗੱਲਾਂ ਗੱਲਾਂ ਵਿਚ ਆਪਣੀ ਗੱਲ ਕਹਿ ਜਾਂਦਾ ਹੈ। ਬਹੁਤ ਥਾਵਾਂ ਉੱਤੇ ਲਿਖਦਾ ਲਿਖਦਾ ਉਹ ਪਾਠਕ ਨਾਲ ਗੱਲਾਂ ਕਰਦਾ ਪ੍ਰਤੀਤ ਹੁੰਦਾ ਹੈ :

ਖਾਲਸਾ ਜੀ, ਮੈਂ ਤੁਹਾਡਾ ਛੋਟਾ ਜਿਹਾ ਵੀਰ ਤੇ ਨਿੱਕਾ ਜਿਹਾ ਵੀਰ ਤੁਹਾਡੇ ਸਾਹਮਣੇ ਹੁਕਮ ਲੈ ਕੇ ਆਇਆ ਹਾਂ, ਚਿੱਠੀ ਰਸਾਣ ਬਣ ਕੇ ਆਇਆ ਹਾਂ। ਚਿੱਠੀ ਰਸਾਣ ਆਪਣੇ ਆਪ ਵਿਚ ਕੋਈ ਚੀਜ਼ ਨਹੀਂ ਤੇ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਉਹ ਕਿਸੇ ਤਰ੍ਹਾਂ ਦਾ ਆਪਣੇ ਆਪ ਤੇ ਮਾਣ ਕਰ ਸਕਦਾ ਹੈ। ਕਿੰਤੂ ਜੋ ਪ੍ਰੀਤਮ ਦਾ ਸੁਨੇਹਾ ਲੈ ਕੇ ਆਵੇ ਉਸ ਦਾ ਮਾਣ ਰਖੀਦਾ ਹੈ, ਪਿਆਰ ਕਰੀਦਾ ਹੈ ਤੇ ਚਾਈਂ ਚਾਈਂ ਆਵਨ ਦੇਈਦਾ ਹੈ। ਮੈਂ ਉਸੇ ਮਾਣ ਤੇ ਤਾਣ ਨਾਲ ਚਾਈਂ ਚਾਈਂ ਪ੍ਰੀਤਮ ਦਾ ਸੰਦੇਸ਼ਾ ਲੈ ਕੇ ਖੜਾ ਹਾਂ।[6]

ਪੂਰਨ ਸਿੰਘ ਵਲਵਲੇ ਦਾ ਕਵੀ ਹੈ। ਇਸ ਲਈ ਕਈ ਵਾਰੀ ਉਹ ਵਲਵਲੇ ਦੇ ਅਧੀਨ ਹੋ ਕੇ ਲੰਮੇ ਲੰਮੇ ਵਾਕ ਰਚੀ ਜਾਂਦਾ ਹੈ ਅਤੇ ਉਸ ਦੇ ਕਈ ਵਾਕ ਆਮ ਪੈਰਿਆਂ ਤੋਂ ਵੀ ਲੰਬੇ ਹੋ ਜਾਂਦੇ ਹਨ। ਇਹ ਲੰਮੇ ਵਾਕ ਅਲੰਕਾਰਾਂ ਤੇ ਉਦਾਹਰਣਾਂ ਨਾਲ ਮਿਲ ਕੇ ਕਈ ਵਾਰ ਅਸਪਸ਼ਟਤਾ ਤੇ ਧੁੰਧਲਾਪਨ ਪੈਦਾ ਕਰ ਦਿੰਦੇ ਹਨ। ਇਸ ਤਰ੍ਹਾਂ ਪੂਰਨ ਸਿੰਘ ਦੀ ਵਾਰਤਕ ਦੀ ਪੈਰਾ ਵੰਡ ਵੀ ਵਿਆਕਰਣਕ ਨਹੀਂ। ਬਹੁਤ ਥਾਵਾਂ ਉੱਤੇ ਉਹ ਭਾਵਾਂ ਅਧੀਨ ਲਿਖਦਾ ਲਿਖਦਾ ਆਪਣੇ ਵਿਚਾਰਾਂ ਨੂੰ ਪੈਰਿਆਂ ਵਿਚ ਵੰਡਣਾ ਹੀ ਭੁੱਲ ਜਾਂਦਾ ਹੈ।

ਉਹ ਅਲੰਕਾਰਾਂ ਦੀ ਵਰਤੋਂ ਬਹੁਤ ਕਰਦਾ ਹੈ। ਇਹੋ ਵਰਤੋਂ ਕੁਝ ਥਾਵਾਂ ਉੱਤੇ ਉਸਦੀ ਵਾਰਤਕ ਸ਼ੈਲੀ ਦਾ ਦੋਸ਼ ਸਿੱਧ ਹੁੰਦੀ ਹੈ। ਉਹ ਅਲੰਕਾਰਾਂ ਦੀ ਵਰਤੋਂ ਵਿਚ ਏਨਾ ਮੁਗਧ ਹੋ ਜਾਂਦਾ ਹੈ ਕਿ ਆਪਣਾ ਅਸਲੀ ਭਾਵ ਹੀ ਅਲੰਕਾਰਾਂ ਵਿਚ ਲਪੇਟ ਦਿੰਦਾ ਹੈ। ਫਲਸਰੂਪ ਕਿਤੇ ਕਿਤੇ ਉਸ ਦੀ ਵਾਰਤਕ ਅਸਪਸ਼ਟਤਾ ਦੀ ਦੋਸ਼ੀ ਹੋ ਜਾਂਦੀ ਹੈ। ਆਮ ਤੌਰ ਤੇ ਉਸ ਦੁਆਰਾ ਵਰਤੀਆਂ ਉਪਮਾਵਾਂ ਅਤੇ ਅਲੰਕਾਰ ਮੌਲਿਕ ਹਨ। ਉਹ ਪ੍ਰਕ੍ਰਿਤੀ ਨਾਲ ਇਕ ਸੁਰ ਹੋ ਗੱਲ ਕਰਦਾ ਹੈ :

8121

> ਗੁਲਾਬ ਦੇ ਫੁੱਲ ਦੀ ਲਾਲ ਚਲੂਲਾ ਖੇੜਾ ਉਹ ਦੇ ਆਪਣੇ ਅੰਦਰ ਦੇ ਖੇੜੇ ਦਾ ਵੰਨ ਹੈ। ਤਾਰੇ ਉਹ ਨੂੰ ਕਿਸੇ ਦੀ ਸੰਹਸ੍ਰ ਨੈਣ ਦਿਸਦੇ ਹਨ। ਚਲਦੀ ਨਦੀ ਉਹਦੇ ਮਨ ਦਾ ਇਕ ਸੁਫਨਾ ਗਾਉਂਦੀ ਭਾਸਦੀ ਹੈ। ਪੱਥਰਾਂ ਵਿਚ ਰੂਪ ਬਣਦੇ ਤੇ ਬਿਨਸਦੇ ਹਨ। ਅਚਰਜ ਮਾਯਾ ਦੇ ਰੰਗਾਂਦੇ ਭੇਤ ਉਹ ਦੇ ਦਿਲਾਂ ਦੇ ਚਾ ਵਿਚ ਖੁਲ੍ਹਦੇ ਹਨ।[7]

ਪੂਰਨ ਸਿੰਘ ਨੇ ਜੀਵਨ ਤੇ ਸਾਹਿਤ ਨੂੰ ਅਮੀਰਕ ਰਨ ਲਈ ਰੂਸੀ, ਅੰਗਰੇਜ਼ੀ ਤੇ ਜਾਪਾਨੀ ਵਿਚੋਂ ਕਈ ਅਨੁਵਾਦ ਕੀਤੇ ਅਤੇ ਆਪਣੀਆਂ ਰਚਨਾਵਾਂ ਵਿਚ ਇਨ੍ਹਾਂ, ਜ਼ਬਾਨਾਂ ਦੇ ਸਾਹਿਤਾਂ ਵਿਚੋਂ ਅਨੇਕਾਂ ਉਦਾਹਰਣਾਂ ਦਿੱਤੀਆਂ ਹਨ। ਇਸ ਤਰ੍ਹਾਂ ਉਸ ਨੇ ਪੂਰਬੀ ਤੇ ਪੱਛਮੀ ਸਾਹਿਤਿਕ ਪਰੰਪਰਾਵਾਂ ਨਾਲ ਸਾਡੀ ਜਾਣ-ਪਛਾਣ ਕਰਵਾਈ ਅਤੇ ਪੱਛਮੀ ਵਿਦਵਾਨਾਂ ਦੇ ਵਿਚਾਰਾਂ ਤੋਂ ਸਾਨੂੰ ਜਾਣੂ ਕਰਵਾਇਆ।

ਉਸ ਦੀ ਵਾਰਤਕ ਵਿਚ ਕਹਿਣ ਦੀ ਦਲੇਰੀ ਤੇ ਨਿਝੱਕਤਾ ਹੈ। ਉਹ ਨਿਰਸੰਕੋਚ ਆਪਣੀ ਗੱਲ ਕਹਿ ਦਿੰਦਾ ਹੈ। ਉਹ ਇਕ ਥਾਂ ਲਿਖਦਾ ਹੈ :

> ਜਿਹੜੇ ਅੱਜ ਕਲ ਸਰਮਾਏ ਉੱਤੇ ਹੀ ਲੋਕਾਂ ਦੀ ਛਾਤੀ ਤੇ ਮੂੰਗ ਦਲਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ, ਉਨ੍ਹਾਂ ਨੂੰ ਰੋਟੀ ਕਪੜਾ ਵੀ ਮਿਲਣਾ ਮੁਸ਼ਕਿਲ ਹੋ ਜਾਵੇਗਾ। ਕੁਲ ਜਾਇਦਾਦ ਨੇ ਮਾਲ ਦੀ ਹੈਸੀਅਤ ਆਖਰ ਹੱਥਾਂ ਪੈਰਾਂ, ਆਪਣੇ ਨੈਣ ਪ੍ਰਾਣਾਂ ਤੇ ਰਹਿ ਜਾਏਗੀ, ਕੋਈ ਆਦਮੀ ਦਾ ਅਮੀਰ ਜਨਮ ਥੀਂ ਨਹੀਂ ਹੋ ਸਕੇਗਾ। ਆਪਣੀ ਕਿਰਤ ਕਰਕੇ ਆਪਣੇ ਜੀਵਣ ਪ੍ਰਯੰਤ ਹੀ ਅਮੀਰ ਯਾ ਗਰੀਬ ਹੋ ਸਕੇਗਾ ਅਮੀਰੀ ਗ਼ਰੀਬੀ ਨਸਲ ਬਨਸਲ ਨਹੀਂ ਚਲ ਸਕੇਗੀ।[8]

ਸਪਸ਼ਟਤਾ ਤੇ ਸੰਕੋਚਤਾ ਵੀ ਉਸ ਦੀ ਸ਼ੈਲੀ ਦੇ ਵਿਸ਼ੇਸ਼ ਗੁਣ ਹਨ। ਉਹ ਘਟ ਤੋਂ ਘੱਟ ਸ਼ਬਦਾਂ ਵਿਚ ਭਾਵ ਭਰੇ ਵਿਚਾਰਾਂ ਨੂੰ ਪੇਸ਼ ਕਰਨ ਵਿਚ ਨਿਪੁੰਨ ਹੈ। ਸੰਕੋਚਤਾ ਪੈਦਾ ਕਰਨ ਲਈ ਅਲੰਕਾਰਾਂ, ਅਖਾਣਾਂ ਜਾਂ ਮਿਥਿਹਾਸਕ ਸੰਕੇਤਾਂ ਦੀ ਸਹਾਇਤਾ ਲੈਂਦਾ ਹੈ। ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਉਹ ਆਪਣੇ ਜੀਵਨ ਵਿਚੋਂ ਉਦਾਹਰਣਾਂ ਲੱਭ ਕੇ ਦਿੰਦਾ ਹੈ ਅਤੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਗੁਰਬਾਣੀ ਵਿਚੋਂ ਹਵਾਲੇ ਦਿੰਦਾ ਜਾਂ ਸੰਸਾਰ ਪ੍ਰਸਿਧ ਵਿਦਵਾਨਾਂ ਦੇ ਵਿਚਾਰਾਂ ਦਾ ਸਹਾਰਾ ਲੈਂਦਾ ਹੈ।

ਭਾਸ਼ਾ, ਵਾਰਤਕ ਸ਼ੈਲੀ ਦਾ ਇਕ ਹੋਰ ਮਹੱਤਵਪੂਰਨ ਅੰਗ ਹੁੰਦਾ ਹੈ। ਇਹ ਭਾਸ਼ਾ ਸਾਹਿਤਿਕ ਵੀ ਹੋ ਸਕਦੀ ਹੈ ਅਤੇ ਆਮ ਬੋਲ ਚਾਲ ਦੀ ਸਾਧਾਰਣ ਵੀ। ਪੂਰਨ ਸਿੰਘ ਆਮ ਬੋਲ ਚਾਲ ਦੀ ਭਾਸ਼ਾ ਨਾਲੋਂ ਸਾਹਿਤਿਕ ਭਾਸ਼ਾ ਦੀ ਵਰਤੋਂ ਵਧੇਰੇ ਕਰਦਾ ਹੈ। ਉਸ ਦੀ ਸ਼ਬਦਾਵਲੀ ਕਈ ਥਾਈਂ ਵੇਗਮਈ ਹੈ ਅਤੇ ਉਸ ਦੇ ਕਈ ਸ਼ਬਦ ਵਿਆਕਰਣ ਦੇ ਨਿਯਮਾਂ ਅਨੁਸਾਰ ਸ਼ੁਧ ਨਹੀਂ। ਬਹੁਤੀਆਂ ਜਬਾਨਾਂ ਤੋਂ ਜਾਣੂ ਹੋਣ ਕਰਕੇ ਉਸ ਦੀ ਸ਼ਬਦਾਵਲੀ ਬਹੁਭਾਂਤੀ ਹੈ। ਉਸ ਦੀ ਭਾਸ਼ਾ ਵਿਚ ਪੰਜਾਬੀ ਤੋਂ ਬਿਨਾਂ ਉਰਦੂ, ਹਿੰਦੀ, ਫ਼ਾਰਸੀ, ਅੰਗਰੇਜ਼ੀ, ਸੰਸਕ੍ਰਿਤ, ਸਾਧ ਭਾਸ਼ਾ ਅਤੇ ਲਹਿੰਦੀ ਤੇ ਸਥਾਨਿਕ ਬੋਲੀ ਪੋਠੋਹਾਰੀ ਦੇ ਸ਼ਬਦ ਨਿਰਸੰਕੋਚ ਵਰਤੇ ਮਿਲਦੇ ਹਨ। ਉਸ ਦੀ ਭਾਸ਼ਾ ਆਧੁਨਿਕ ਹੁੰਦੇ ਹੋਏ ਵੀ ਪੁਰਾਤਨਤਾ ਦੀ ਧਾਰਨੀ ਹੈ। ਉਸ ਦੀ ਰਚਨਾ ਵਿਚ ਸ਼ਬਦ-ਜੋੜਾਂ ਤੇ ਸ਼ਬਦ-ਰੂਪਾਂ ਦੇ ਦੋਵੇਂ ਰੂਪ ਮਿਲਦੇ ਹਨ। ਕੁਝ ਥਾਵਾਂ ਉੱਤੇ ਸ਼ਬਦਾਂ ਦੇ ਜੋੜ ਵੀ ਗ਼ਲਤ ਲਿਖੇ ਹਨ। ਫ਼ਾਰਸੀ ਉਰਦੂ ਤੇ ਅੰਗਰੇਜ਼ੀ ਦੇ ਤਤਸਮ ਸ਼ਬਦਾਂ ਦੀ ਵਰਤੋਂ ਦੇ ਕਾਰਣ ਪੂਰਨ ਸਿੰਘ ਦੀ ਭਾਸ਼ਾ ਔਖੀ ਹੋ ਗਈ ਹੈ। ਸਮੁੱਚੇ ਤੌਰ ਤੇ ਉਸ ਦੀ ਭਾਸ਼ਾ ਨੂੰ ਸ਼ੁਧ ਤੇ ਪ੍ਰਮਾਣਿਕ ਨਹੀਂ ਕਿਹਾ ਜਾ ਸਕਦਾ।

ਪੂਰਨ ਸਿੰਘ ਇਕ ਅਲਬੇਲਾ, ਵਿਦਵਾਨ, ਭਾਵੁਕ ਤੇ ਅਨੁਭਵੀ ਲੇਖਕ ਹੈ। ਉਸ ਨੇ ਆਪਣੇ ਨਿਬੰਧਾਂ ਰਾਹੀਂ ਪੰਜਾਬੀ ਵਿਚ ਕਾਵਿਮਈ ਵਾਰਤਕ ਲਿਖਣ ਦੀ ਪ੍ਰਥਾ ਤੋਰੀ। ਉਸ ਦੀ ਵਾਰਤਕ ਵਿਚ ਬੁੱਧੀ ਤੇ ਭਾਵ ਨਾਲੋ ਨਾਲ ਚਲਦੇ ਹਨ ਪਰੰਤੂ ਕਈ ਥਾਵੀਂ ਬੁੱਧੀ ਨਾਲੋਂ ਭਾਵਾਂ ਦੀ ਪ੍ਰਬਲਤਾ ਦਿੱਸਦੀ ਹੈ। ਉਸ ਦੁਆਰਾ ਵਰਤੇ ਰੂਪਕ, ਅਲੰਕਾਰ, ਚਿੰਨ੍ਹ ਅਤੇ ਉਦਾਹਰਣਾ ਜਿਥੇ ਲਿਖਤ ਨੂੰ ਸਪਸ਼ਟਤਾ ਲਈ ਉਪਯੋਗੀ ਹਨ ਉਥੇ ਇਨ੍ਹਾਂ ਦੀ ਵਧੇਰੇ ਵਰਤੋਂ ਰਚਨਾ ਵਿਚ ਧੁੰਧਲਾਪਨ ਵੀ ਲੈ ਆਉਂਦੀ ਹੈ। ਵਾਕ ਬਣਤਰ ਢਿੱਲੀ, ਪੇਚਦਾਰ ਅਤੇ ਵਿਆਕਰਣਕ ਨਿਯਮਾਂ ਤੋਂ ਨੁਕਸਦਾਰ ਹੈ, ਭਾਸ਼ਾ ਬਹੁਭਾਂਤੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਉੱਤੇ ਗੁਰਬਾਣੀ, ਉਰਦੂ, ਫ਼ਾਰਸੀ, ਹਿੰਦੀ, ਪੋਠੋਹਾਰੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਗੂੜਾ ਪ੍ਰਭਾਵ ਨੂੰ । ਲਿਖਤ ਵਿਚ ਸੁਭਾਵਿਕਤਾ ਤੇ ਰੋਚਿਕਤਾ ਅਥਾਹ ਹੈ । ਪੂਰਨ ਸਿੰਘ ਦੇ ਭਾਵ ਉਸ ਦੇ ਅੰਦਰੋਂ ਚਸ਼ਮੇ ਵਾਂਗ ਉਭਰਦੇ ਤੇ ਸ਼ਬਦਾਂ ਦੇ ਹੜ੍ਹ ਵਿਚ ਨਦੀ ਦੇ ਤੇਜ਼ ਵੇਗ ਵਾਂਗ ਰੁੜ੍ਹੇ ਆਉਂਦੇ ਪ੍ਰਤੀਤ ਹੁੰਦੇ ਹਨ ।

ਹਵਾਲੇ ਤੇ ਟਿੱਪਣੀਆਂ

1. ਪਿਆਰ ਸਿੰਘ, ''ਭੂਮਿਕਾ'', 'ਨਿਬੰਧ ਮਣੀਆ', ਪੰਨਾ 6
2. ''ਮਜ਼੍ਹਬ'', 'ਪੂਰਨ ਸਿੰਘ ਦੀ ਵਾਰਤਕ' ਪੰਨਾ 52
3. ''ਪੰਜਾਬੀ ਸਾਹਿਤਯ ਪਰ ਕਟਾਖਯ'', ਉਹੀ ਰਚਨਾ, ਪੰਨਾ 127
4. ''ਵਤਨ ਦਾ ਪਿਆਰ'', ਉਹੀ ਰਚਨਾ, ਪੰਨਾ 81
5. ਉਹੀ ।
6. 'ਖਾਲਸਾ ਸਮਾਚਾਰ' ਨੰਬਰ 7, 14 ਜਨਵਰੀ, 1913 (ਅੱਠਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਚ ਪੂਰਨ ਸਿੰਘ ਦੇ ਪੰਜ ਮਿੰਟ)
7. ''ਪਿਆਰ'', 'ਪੂਰਨ ਸਿੰਘ ਦੀ ਵਾਰਤਕ' ਪੰਨਾ 39
8. ''ਵੋਟ ਤੇ ਪਾਲਿਟਿਕਸ'', 'ਪੂਰਨ ਸਿੰਘ ਦੀ ਵਾਰਤਕ', ਪੰਨਾ 115

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਜਾ ਸਿੰਘ : ਜੀਵਨ ਤੇ ਸ਼ਖ਼ਸੀਅਤ

'ਪ੍ਰਿੰਸੀਪਲ ਤੇਜਾ ਸਿੰਘ ਵਰਤਮਾਨ ਪੰਜਾਬੀ ਸਾਹਿਤ ਦੇ ਇਕ ਮਹਾਨ ਉਸਰੱਈਏ ਸਨ। ਉਹ ਅਜੋਕੇ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਕ ਅਤੇ ਵਿਦਿਅਕ ਤੇ ਧਾਰਮਿਕ ਖੇਤਰਾਂ ਵਿਚ ਵੀ ਇਕ ਉੱਘਾ ਨਾਂ ਸਨ। ਉਹ ਇਕ ਸਰਬਾਂਗੀ ਵਿਦਵਾਨ, ਪ੍ਰਸਿਧ ਪਾਰਖੂ ਅਣਥਕ ਖੋਜੀ ਅਤੇ ਰਸਿਕ ਕਲਾਵਾਨ ਸ਼ਖ਼ਸੀਅਤ ਸਨ।'[1] ਸਵੈ-ਵਿਸ਼ਵਾਸੀ ਤੇ ਮਿਹਨਤੀ ਉਹ ਮੁੱਢ ਤੋਂ ਹੀ ਸਨ। ਉਹ ਕੇਵਲ ਮਾਂ ਬੋਲੀ ਵਿਚ ਹੀ ਨਿਪੁੰਨ ਨਹੀਂ ਸਨ ਸਗੋਂ 'ਅੰਗਰੇਜ਼ੀ ਤੇ ਪੰਜਾਬੀ ਦੇ ਮੰਨੇ-ਪਰਮੰਨੇ ਵਿਦਵਾਨ ਸਨ। ਸਾਹਿਤ ਤੇ ਸੰਸਕ੍ਰਿਤੀ ਦੀਆਂ ਬਰੀਕੀਆਂ ਤੇ ਡੂੰਘਾਣਾ, ਲੋਕ-ਵਿਦਿਆ ਤੇ ਪਰੰਪਰਾ, ਸਿੱਖ ਧਰਮ ਤੇ ਆਮ ਧਾਰਮਿਕ ਲਹਿਰਾਂ ਦੀ ਵਾਕਫ਼ੀ, ਸਾਹਿਤ ਕਲਾ ਤੇ ਸੁਹਜ ਨੂੰ ਪਰਖਣ ਤੇ ਮਾਨਣ ਦੀ ਇਕ ਤੀਬਰ ਤੇ ਭਾਵੁਕ ਸ਼ੈਲੀ—ਇਨ੍ਹਾਂ ਸਾਰਿਆਂ ਗੁਣਾਂ ਦਾ ਸਮੂਹ ਹੋਣ ਕਰਕੇ ਪ੍ਰਿੰਸੀਪਲ ਸਾਹਿਬ ਦੀ ਸ਼ਖ਼ਸੀਅਤ ਇਕ ਬਹੁ-ਅੰਗੀ ਸੰਸਕ੍ਰਿਤੀ ਦਾ ਸਾਰ ਹੈ। ਇਸ ਦੇ ਨਾਲ ਹੀ ਹਾਸਰਸ ਦੀ ਇਕ ਬਹੁਤ ਸੂਖਮ ਭਾਵੁਕਤਾ ਵੀ ਇਨ੍ਹਾਂ ਅੰਦਰ ਹੈ ਜੋ ਨਿਰੋਲ ਹਾਸੇ, ਵਿਅੰਗ, ਸਿੱਠ ਆਦਿਕ ਸਭ ਆਕਾਰ ਧਾਰ ਸਕਦੀ ਹੈ।'[2] ਉਨ੍ਹਾਂ ਦੇ ਸੁਭਾਅ ਵਿਚਲੀ ਨਿਮਰਤਾ ਤੇ ਸੁਹਿਰਦਤਾ ਦੀਆਂ ਅਣਗਿਣਤ ਮਿਸਾਲਾਂ ਉਨ੍ਹਾਂ ਦੇ ਜੀਵਨ ਵਿਚੋਂ ਮਿਲਦੀਆਂ ਹਨ। ਇਸ ਤਰ੍ਹਾਂ ਦੀ ਇਕ ਪ੍ਰਤੱਖ ਉਦਾਹਰਣ ਉਨ੍ਹਾਂ ਦੀ ਸਵੈ-ਜੀਵਨੀ 'ਆਰਸੀ' ਦੇ ਮੁੱਢ ਵਿਚ ਕੀਤੀ ਗਈ ਇਕ ਪ੍ਰਾਰਥਨਾ ਤੋਂ ਮਿਲਦੀ ਹੈ। ਇਥੇ ਉਹ ਲਿਖਦੇ ਹਨ, 'ਮੇਰੇ ਰੱਬ ਜੀ! ਮੇਰੀ ਯਾਦ ਦੀ ਆਰਸੀ ਸਾਫ਼ ਕਰਕੇ ਰੱਖਣੀ। ਮੈਥੋਂ ਆਪਣੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ, ਸਗੋਂ ਬਹੁਤ ਕੁਝ ਉਨ੍ਹਾਂ ਘਟਨਾਵਾਂ ਅਤੇ ਵਿਅਕਤੀਆਂ ਸੰਬੰਧੀ ਲਿਖਵਾਉਣਾ ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ। ਸਮਰੱਥਾ ਬਖਸ਼ੇ ਕਿ ਜੋ ਕੁਝ ਮੈਂ ਲਿਖਾਂ ਸੱਚੋ ਸੱਚ ਹੋਵੇ, ਪਰ ਇਸ ਲਿਖਣ ਵਿਚ ਕੋਈ ਕੁੜੱਤਣ, ਲਾਗਤਬਾਜ਼ੀ ਜਾਂ ਦਿਲ ਦੁਖਾਵੀਂ ਗੱਲ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਵੇ।' ਤੇਜਾ ਸਿੰਘ ਦੀ ਇਹ ਪ੍ਰਾਰਥਨਾ ਉਸ ਦੀ ਇਸ ਰਚਨਾ ਵਿਚ ਸੌ ਫ਼ੀ ਸਦੀ ਸਫਲ ਹੋਈ ਪ੍ਰਤੱਖ ਦਿੱਸਦੀ ਹੈ। ਭਾਵੇਂ 'ਆਰਸੀ' ਉਸ ਦੀ ਆਤਮ ਕਥਾ ਹੈ ਪਰ ਇਹ ਪੰਜਾਬ ਦੇ ਪਿਛਲੀ ਅੱਧੀ ਸਦੀ ਦੇ ਇਤਿਹਾਸ ਦਾ ਦਰਪਣ ਹੋ ਨਿੱਬੜੀ ਹੈ।'[3]

ਨਿਰਾਲੀ ਤੇ ਸਨੇਹਮਈ ਸ਼ਖ਼ਸੀਅਤ ਦੇ ਮਾਲਕ ਤੇਜਾ ਸਿੰਘ ਦਾ ਜਨਮ[4] 2 ਜੂਨ 1894 ਨੂੰ ਪਿਤਾ ਭਾਈ ਭਲਾਕਰ ਸਿੰਘ ਤੇ ਮਾਤਾ ਸੁਰੱਸਤੀ ਦੇ ਘਰ ਪਿੰਡ 'ਅਡਿਆਲਾ' ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਖੇ ਹੋਇਆ। ਉਹ ਪਿੰਡ ਰਾਵਲਪਿੰਡੀ ਤੋਂ ਅਠ ਕੋਹ ਦੱਖਣ ਵਲ ਦਰਿਆ ਸੁਹਾਂ ਦੇ ਕੰਢੇ ਸਥਿਤ ਹੈ। ਤੇਜਾ ਸਿੰਘ ਦੇ ਦਾਦਾ ਜੀ ਦਾ ਨਾਂ ਸਰਦਾਰ ਨਰਾਇਣ ਸਿੰਘ ਸੀ ਜੋ ਆਪਣੇ ਦੋ ਭਰਾਵਾਂ ਤੋਂ ਛੋਟਾ ਸੀ। ਉਸ ਦੇ ਭਰਾਵਾਂ ਨੇ ਆਪ ਤਾਂ ਚੰਗੇ ਪੱਕੇ ਮਕਾਨ ਤੇ ਖੂਹ ਵਾਲੀ ਜ਼ਮੀਨ ਰੱਖ ਲਈ ਪਰ ਉਸ ਦੇ ਪੱਲੇ ਇਕ ਕੱਚੀ ਹਨੇਰੀ ਕੋਠੜੀ ਤੇ ਸੁਹਾਂ ਕੰਢੇ ਥੋੜਾ ਜਿਹਾ ਖ਼ਰਾਬਾ ਪਾ ਦਿੱਤਾ, ਜਿਸ ਨੂੰ ਛੇਤੀ ਪਿੱਛੋਂ ਹੜ੍ਹ ਦਾ ਪਾਣੀ ਰੋੜ੍ਹ ਕੇ ਲੈ ਗਿਆ। ਉਹ ਪਿੰਡੋਂ ਅੱਧ ਮੀਲ ਬਾਹਰ ਕਬਰਾਂ ਕੋਲ ਆ ਵਸਿਆ ਤੇ ਉਥੇ ਹੀ ਨਾਲ ਦੀਆਂ ਪਹਾੜੀਆਂ ਤੋਂ ਪੱਥਰ ਕੱਢ ਕੇ ਤੇ ਆਪਣੇ ਸਿਰ ਉਤੇ ਢੋ ਕੇ ਇਕ ਖੁੱਲ੍ਹਾ ਜਿਹਾ ਮਕਾਨ ਕੰਜੂਰ ਦੇ ਪੱਥਰਾਂ ਦਾ ਆਪਣੇ ਹੱਥੀਂ ਬਣਾ ਲਿਆ ਅਤੇ ਆਪਣੇ ਜੀਵਨ ਦੀ ਨਵ ਉਸਾਰੀ ਕਰਨ ਲੱਗਾ। ਉਸ ਦੇ ਅੰਗ ਨਰੋਏ ਹੋਣ ਕਰਕੇ ਉਹ ਕਾਫੀ ਤਕੜਾ ਸੀ। ਦੋ ਦੋ ਤਿੰਨ ਤਿੰਨ ਮਣ ਦਾ ਭਾਰ ਉਸ ਲਈ ਮਾਮੂਲੀ ਗੱਲ ਸੀ। ਜਦ ਮੀਂਹ ਪੈਣ ਨਾਲ ਗਲੀਆਂ ਦੀ ਮਿੱਟੀ ਖੁਰ ਕੇ ਟੋਏ ਛੱਡ ਜਾਂਦੀ ਤਾਂ ਉਹ ਉਨ੍ਹਾਂ ਖੱਪਿਆਂ ਨੂੰ ਪੂਰਨ ਲਈ ਦੂਰ ਦੂਰ ਤੋਂ ਪੱਥਰ ਚੁੱਕ ਲਿਆਉਂਦਾ। ਉਸ ਦੀ ਸੇਵਾ ਵੇਖ ਕੇ ਲੋਕੀਂ ਖੁਸ਼ ਹੁੰਦੇ ਤੇ ਕਹਿੰਦੇ, 'ਸ਼ਾਵਾ ਸੇ ਨਰੈਣ ਸਿੰਘ। ਤੂੰ ਸਾਰੀ ਉਮਰ ਟੋਏ ਟਿੱਬੇ ਸਵਾਹਰ ਕੇ ਲੋਕਾਂ ਦੇ ਰਸਤੇ ਸਾਫ਼ ਕਰਦਾ ਰਹਿਓਂ।'[5] ਉਸਦਾ ਸਵੇਰੇ ਸਵੱਖਤੇ ਉੱਠ ਕੇ ਅਸ਼ਨਾਨ ਆਦਿ ਕਰ ਕੇ ਰੋਟੀ ਖਾਣ ਤੋਂ ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕਰਨਾ ਨਿੱਤ ਦਾ ਨੇਮ ਸੀ। ਉਹ ਆਪ ਭਾਵੇਂ ਬਿਲਕੁਲ ਅਨਪੜ੍ਹ ਸੀ ਪਰੰਤੂ ਹੋਰਨਾਂ ਨੂੰ ਪੜ੍ਹਦਾ ਵੇਖਣ ਦਾ ਬਹੁਤ ਚਾਹਵਾਨ ਸੀ। ਇਹੋ ਕਾਰਨ ਸੀ ਕਿ ਉਸ ਨੇ ਤੇਜਾ ਸਿੰਘ ਦੇ ਪਿਤਾ ਨੂੰ ਫ਼ਾਰਸੀ, ਉਰਦੂ ਤੇ ਪੰਜਾਬੀ ਦੀ ਚੋਖੀ ਵਿਦਿਆ ਦਵਾਈ ਅਤੇ ਤੇਜਾ ਸਿੰਘ ਨੂੰ ਵੀ ਉਸੇ ਨੇ ਹੀ ਪੜ੍ਹਣ ਪਾਇਆ ਸੀ।

ਤੇਜਾ ਸਿੰਘ ਦੇ ਸੁਭਾਅ ਉਤੇ ਉਸਦੇ ਦਾਦਾ ਜੀ ਦੇ ਸਖ਼ਤ ਮਿਹਨਤ ਕਰਨ, ਰੱਬ ਦਾ ਭਾਣਾ ਮੰਨਣ, ਨਿਤਨੇਮ ਕਰਨ, ਲੋਕ ਭਲਾਈ ਤੇ ਸੁਹਿਰਦਤਾ ਵਾਲੇ ਸੁਭਾਅ ਦਾ ਡੂੰਘੇਰਾ ਅਸਰ ਹੋਇਆ। ਸ਼ਾਇਦ ਤੇਜਾ ਸਿੰਘ ਅੰਦਰ ਬਚਪਨ ਵਿਚ ਹੀ ਉਚੇਰੀ ਵਿਦਿਆ ਪ੍ਰਾਪਤ ਕਰਨ ਦੀ ਰੀਝ ਉਤਪੰਨ ਹੋਣਾ, ਉਸ ਦੇ ਦਾਦਾ ਜੀ ਦੇ ਵਿਦਿਆ ਸੰਬੰਧੀ ਡੂੰਘੇ ਸਨੇਹ ਦਾ ਹੀ ਇਕ ਸਿੱਟਾ ਸੀ।

ਤੇਜਾ ਸਿੰਘ ਦੀ ਮਾਤਾ ਤਾਕਤ ਵਿਚ ਬਹੁਤ ਤਕੜੀ ਸੀ। ਉਸ ਦੇ ਪਿਤਾ ਰਾਵਲ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਿੰਡੀ ਰਿਹਾ ਕਰਦੇ ਸਨ ਤੇ ਉਥੇ ਉਘੇ ਰਈਸ ਸਰਦਾਰ ਸੁਜਾਨ ਸਿੰਘ ਦਾ ਕੰਮ ਕਾਜ ਕਰਦੇ ਸਨ। ਉਨ੍ਹਾਂ ਦੇ ਪਿੱਛੋਂ, ਪਿੰਡੋਂ ਬਾਹਰ ਦੂਰ ਸੁੰਞੇਂ ਘਰ ਦੀ ਉਹ ਹੀ ਰਾਖੀ ਕਰਦੀ ਸੀ। ਉਸ ਦੀ ਦਲੇਰੀ ਬਾਰੇ ਇਕ ਗੱਲ ਪ੍ਰਸਿੱਧ ਹੈ ਕਿ ਇਕ ਵਾਰ ਜਦ ਰਾਤ ਨੂੰ ਈਦ ਤੋਂ ਪਹਿਲੀ ਰਾਤ ਕੁਝ ਮੁਸਲਮਾਨ ਉਨ੍ਹਾਂ ਦੇ ਘਰ ਚੋਰੀ ਕਰਨ ਆ ਪਏ ਤਾਂ ਉਹ ਇਕੱਲੀ ਘਰ ਸੀ। ਚੋਰ ਬਾਹਰੋਂ ਕੁੰਡੀ ਲਾ ਕੇ ਪਿਛਲੀ ਕੰਧ ਨੂੰ ਪਾੜ ਲਾਉਣ ਲੱਗੇ ਤਾਂ ਉਸਨੂੰ ਜਾਗ ਆ ਗਈ। ਉਸ ਨੇ ਅੰਦਰਵਾਰ ਕੰਧ ਦੇ ਨਾਲ ਵੱਡੀਆਂ ਵੱਡੀਆਂ ਲਕੜਾਂ ਦੇ ਮੁੱਢ ਚਿਣ ਦਿੱਤੇ ਤੇ ਜਦ ਚੋਰਾਂ ਨੇ ਕੰਧ ਵਿਚ ਚੋਖਾ ਮਘੋਰਾ ਕਰ ਲਿਆ ਤਾਂ ਉਹ ਅਗੋਂ ਲਲਕਾਰ ਕੇ ਬੋਲੀ, 'ਸੂਰੋ ! ਇਹ ਤੁਸੀਂ ਈਦ ਮਨਾ ਰਹੇ ਹੋ ? ਮੈਂ ਵੀ ਕੁਹਾੜਾ ਲੈ ਕੇ ਤੁਹਾਡੀ ਸੰਨ੍ਹ ਦੇ ਮੂਹਰੇ ਖਲੋਤੀ ਹਾਂ, ਜਿਹੜਾ ਤੁਹਾਡੇ ਵਿੱਚੋਂ ਪਹਿਲਾਂ ਅੰਦਰ ਵੜਨ ਦੀ ਕੋਸ਼ਿਸ਼ ਕਰੇਗਾ ਉਸ ਦਾ ਸਿਰ ਤਾਂ ਵੱਢ ਦਿਊਂਗੀ।' (ਆਰਸੀ, ਪੰਨਾ 13) ਫੇਰ ਚੋਰਾਂ ਦਾ ਅਗੇ ਅੰਦਰ ਵੜਨ ਦਾ ਹੌਂਸਲਾ ਨਾ ਪਿਆ ਤੇ ਉਸ ਨੇ ਆਪਣੀ ਦਲੇਰੀ ਨਾਲ ਘਰ ਦੀ ਰਖਿਆ ਕਰ ਲਈ। ਇਸ ਤਰ੍ਹਾਂ ਦੀ ਸਵੈ ਭਰੋਸੇ ਤੇ ਨਿੱਡਰ ਸ਼ਖਸੀਅਤ ਵਾਲੀ ਮਾਤਾ ਦੇ ਵਿਅਕਤਿ-ਤਵ ਦਾ ਪ੍ਰਭਾਵ ਤੇਜਾ ਸਿੰਘ ਉਤੇ ਪੈਣਾ ਸੁਭਾਵਿਕ ਹੀ ਸੀ।

ਤੇਜਾ ਸਿੰਘ ਨੂੰ ਤਿੰਨ ਸਾਲ ਦੀ ਉਮਰ ਵਿਚ ਪਿੰਡ ਦੀ ਧਰਮਸਾਲਾ ਵਿਖੇ ਗੁਰਮੁੱਖੀ ਪੜ੍ਹਨ ਲਈ ਅਤੇ ਫੇਰ ਮਸੀਤੇ ਉਰਦੂ-ਫ਼ਾਰਸੀ ਦੀ ਪੜ੍ਹਾਈ ਲਈ ਭੇਜਿਆ ਗਿਆ। ਉਥੇ ਹੀ ਉਸ ਦੀ ਅਤਿ ਸੁੰਦਰ ਲਿਖਤ ਦਾ ਮੁੱਢ ਬੱਝਾ। ਉਸ ਵੇਲੇ ਉਸ ਦੇ ਕੇਸ ਨਹੀਂ ਸਨ ਹੁੰਦੇ ਤੇ ਨਾਂ ਵੀ 'ਤੇਜ ਰਾਮ' ਸੀ। ਪਿੱਛੋਂ 1898 ਈ. ਵਿਚ ਬਾਬਾ ਖੇਮ ਸਿੰਘ ਜੀ ਬੇਦੀ ਤੋਂ ਪਾਹੁਲ ਲੈ ਕੇ ਉਹ ਸਿੱਖ ਬਣ ਗਿਆ ਤੇ ਨਾਂ ਵੀ ਤੇਜਾ ਸਿੰਘ ਰਖਵਾ ਲਿਆ। 1899 ਵਿਚ ਜਦ ਉਸ ਨੂੰ ਪ੍ਰਾਇਮਰੀ ਸਕੂਲ ਢੱਲਾ ਵਿਖੇ ਦੂਜੀ ਜਮਾਤ ਵਿਚ ਪੜ੍ਹਨੇ ਪਾਇਆ ਗਿਆ ਤਾਂ ਉਸ ਦੀ ਉਰਦੂ ਦੀ ਲਿਖਾਈ ਵੇਖ ਕੇ ਮੁਨਸ਼ੀ ਖੁਸ਼ੀ ਵਿਚ ਉੱਛਲਦਾ ਹੋਇਆ ਮੌਲਵੀ ਕੋਲ ਜਾ ਕੇ ਕਹਿਣ ਲੱਗਾ, 'ਦੇਖੋ, ਮੌਲਵੀ ਸਾਹਿਬ, ਇਸ ਬੱਚੇ ਕੀ ਲਿਖਾਈ। ਯਿਹ ਲੜਕਾ ਕੁਛ ਬਨ ਕਰ ਰਹੇਗਾ।' (ਆਰਸੀ, ਪੰਨਾ 14)

ਉਸ ਦੇ ਸੁਭਾਅ ਦੀ ਨਿੱਡਰਤਾ ਦੀ ਇਕ ਉਦਾਹਰਣ ਮੁੱਢ ਤੋਂ ਹੀ ਮਿਲਦੀ ਹੈ। ਸਕੂਲ ਵਿਚ ਪੜ੍ਹਦੇ ਸਮੇਂ ਜਦ ਇਕ ਵਾਰ ਉਸ ਦੇ ਇਕ ਜਮਾਤੀ ਨੇ ਉਸ ਦੀ ਇਕ ਝੂਠੀ ਸੱਚੀ ਸ਼ਕਾਇਤ ਮੌਲਵੀ ਪਾਸ ਕੀਤੀ ਤਾਂ ਉਸ ਨੇ ਅੱਧੀ ਛੁੱਟੀ ਵੇਲੇ ਤਖ਼ਤੀ ਸੂਤ ਕੇ ਉਸ ਜਮਾਤੀ ਦੇ ਮੱਥੇ ਵਿਚ ਮਾਰੀ, ਜ਼ਖ਼ਮ ਤਕੜਾ ਹੋ ਗਿਆ। ਉਸ ਮੁੰਡੇ ਦੇ ਮਾਪੇ ਇਸ ਨੂੰ ਕੁੱਟਣ ਲਈ ਇਸ ਦੇ ਪਿੱਛੇ ਪੈ ਗਏ, ਕਈ ਦਿਨ ਤਾਂ ਉਹ ਆਪਣੀ ਰਾਖੀ ਲਈ ਕੋਈ ਆਦਮੀ ਆਪਣੇ ਨਾਲ ਲਿਆਉਂਦਾ ਰਿਹਾ ਤੇ ਇਕ ਦਿਨ ਉਸ ਨੇ ਸੋਚਿਆ ਕਿ ਇਹ ਖੇਡ ਕਦ ਤੱਕ ਜਾਰੀ ਰਹੇਗੀ। ਕਿਉਂ ਨਾ ਮੈਂ ਇਕ ਵੇਰ ਮਾਰ ਖਾ ਕੇ ਸਦਾ ਲਈ ਖਹਿੜਾ ਛੁਡਾ ਲਵਾਂ ? ਤੇ ਸਿੱਧਾ ਉਨ੍ਹਾਂ ਦੇ ਘਰ ਚਲਾ ਗਿਆ। ਉਥੇ ਜਦ ਉਸ ਜਮਾਤੀ ਦੇ ਭਰਾ ਇਸ ਨੂੰ ਕੁਟਣ ਲਈ ਵਧੇ ਤਾਂ ਉਨ੍ਹਾਂ ਦੀ ਮਾਂ ਇਸ ਨੂੰ ਗੋਦ ਵਿਚ ਲੈ ਕੇ ਕਹਿਣ ਲੱਗੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਨਾ ਵੇ ਮੁੰਡਿਓ ! ਬੱਸ ਹੱਥ ਨਹੀਂ ਚੁੱਕਣਾ। ਤੇਜ ਵੀ ਮੇਰਾ ਪੁੱਤਰ ਹੈ ਜਿਵੇਂ ਮੁੱਖਾ ਮੇਰਾ ਪੁੱਤਰ ਹੈ। ਕੀ ਹੋਇਆ ਜੇ ਭਰਾ ਭਰਾ ਲੜ ਪਏ।' (ਆਰਸੀ, ਪੰਨਾ 17) ਤੇ ਇਸ ਤਰ੍ਹਾਂ ਇਕ ਵਾਰ ਹੌਂਸਲਾ ਕਰਦੇ ਹੋਏ ਜੀਵਨ ਨੂੰ ਰਿਸਕ ਵਿਚ ਪਾ ਕੇ ਆਪਣੇ ਅੰਦਰੋਂ ਡਰ ਤੇ ਤੌਖਲੇ ਨੂੰ ਸਦਾ ਲਈ ਦੂਰ ਕਰਨ ਦਾ ਸੁਭਾਅ ਉਸ ਦਾ ਮੁੱਢ ਤੋਂ ਹੀ ਹੈ।

ਪੰਜਵੀਂ ਜਮਾਤ ਪਾਸ ਕਰਨ ਉਪਰੰਤ ਘਰਦਿਆਂ ਨੇ ਉਸ ਨੂੰ ਅਗੇ ਪੜ੍ਹਨੋਂ ਹਟਾ ਲਿਆ ਤੇ ਉਹ ਸਮੇਂ ਮੁਤਾਬਕ ਬਥੇਰੀ ਵਿਦਿਆ ਸਮਝ ਕੇ ਕਹਿਣ ਲੱਗੇ, 'ਸਾਡਾ ਪਟਵਾਰੀ ਤਿੰਨ ਜਮਾਤਾਂ ਪਾਸ ਹੈ ਤੇ ਨੰਬਰਦਾਰ ਚਾਰ। ਤੈਨੂੰ ਅਸੀਂ ਪੰਜ ਕਰਾ ਦਿੱਤੀਆਂ ਹਨ। ਹੋਰ ਕੀ ਲੈਣਾ ਈ ?' (ਆਰਸੀ, ਪੰਨਾ 17) ਇਸ ਉਪਰੰਤ ਉਹ ਘਰ ਬਹਿ ਗਿਆ। ਡੰਗਰ ਚਾਰੇ, ਹੱਟੀ ਕੀਤੀ, ਆਟਾ ਪਿਆਹਿਆ, ਬਾਲਣ ਲਿਆਂਦਾ ਆਦਿ ਨਿੱਕੇ ਮੋਟੇ ਕੰਮ ਜੋ ਪੇਂਡੂ ਘਰਾਂ ਵਿਚ ਹੁੰਦੇ ਹਨ, ਕਰਦਾ ਰਿਹਾ। ਉਸ ਵੇਲੇ ਉਸ ਕੋਲ ਇਕ ਵੱਡੀ ਸਾਰੀ ਕਿੱਸਿਆਂ ਦੀ ਕਿਤਾਬ ਤੇ ਇਕ 'ਮਸ਼ਹੂਰ ਆਲਮ ਜੰਤਰੀ' ਹੁੰਦੀ ਸੀ, ਜਿਨ੍ਹਾਂ ਨੂੰ ਆਪਣੇ ਵਾਗੀਆਂ ਨੂੰ ਪੜ੍ਹ ਪੜ੍ਹ ਕੇ ਸੁਣਾਇਆ ਕਰਦਾ ਸੀ। ਦੱਸਦੇ ਹਨ ਕਿ ਜਦੋਂ ਉਹ ਸਕੂਲ ਪੜ੍ਹਦਾ ਹੁੰਦਾ ਸੀ ਤਾਂ ਉਸ ਦੇ ਬਸਤੇ ਵਿਚ ਵਾਰਿਸ ਦੀ ਹੀਰ ਤੇ ਇਕ ਪੰਜ ਗਰੰਥੀ ਇਕੋ ਥਾਂ ਬੰਨ੍ਹੀਆਂ ਹੁੰਦੀਆਂ ਸਨ। ਤੇ ਜੇ ਕੋਈ ਬੁੱਢਾ ਉਸ ਨੂੰ ਕੁਝ ਸੁਣਾਉਣ ਲਈ ਕਹਿੰਦਾ ਤਾਂ ਉਹ ਪੰਜ ਗਰੰਥੀ ਸੁਣਾ ਦਿੰਦਾ ਜੇ ਕੋਈ ਜਵਾਨ ਕਹਿੰਦਾ ਤਾਂ ਹੀਰ ਸੁਣਾ ਦਿੰਦਾ। ਇਸੇ ਕਾਰਨ ਹੀ ਉਸਦੇ ਜੀਵਨ ਵਿਚ ਰੁਮਾਂਸ ਤੇ ਧਰਮ ਲਈ ਇਕੋ ਜਿਹਾ ਪਿਆਰ ਤੇ ਸਤਿਕਾਰ ਸੀ। ਤੇ ਇਸੇ ਸਦਕਾ ਬਾਅਦ ਵਿਚ ਉਸ ਦੇ ਧਾਰਮਿਕ ਲੇਖਾਂ ਵਿਚ ਰੁਮਾਂਸ ਦੀ ਝਲਕ ਤੇ ਸਾਹਿਤਕ ਲੇਖਾਂ ਵਿਚ ਧਾਰਮਿਕ ਰੰਗਣ ਵੀ ਪ੍ਰਤੱਖ ਪ੍ਰਗਟ ਹੋਈ ਹੈ।

ਪਰੰਤੂ, ਤੇਜਾ ਸਿੰਘ ਉਸ ਵੇਲੇ ਦੀ ਅਜਿਹੀ ਪੇਂਡੂ ਜ਼ਿੰਦਗੀ ਤੋਂ ਖੁਸ਼ ਨਹੀਂ ਸੀ ਤੇ ਉਹ ਹਰ ਵੇਲੇ ਇਹੋ ਸੋਚਦਾ ਕਿ ਕਿਵੇਂ ਇਥੋਂ ਛੁਟਕਾਰਾ ਪਾਵਾਂ ਤੇ ਸ਼ਹਿਰ ਜਾ ਕੇ ਉਚੇਰੀ ਵਿਦਿਆ ਹਾਸਲ ਕਰਾਂ। ਉਸ ਦੇ ਮੰਨ ਵਿਚ ਮੁੱਢ ਤੋਂ ਹੀ ਇਹ ਰੀਝ ਸੀ ਕਿ ਉਸ ਨੇ ਹੋਰ ਪੜ੍ਹ ਕੇ ਪੜ੍ਹਾਉਣ ਲੱਗਣਾ ਹੈ। ਇਸ ਸਮੇਂ ਦੇ ਦੌਰਾਨ ਹੀ ਉਸ ਨੂੰ ਪਿੰਡ ਦੇ ਨੰਬਰਦਾਰ ਨੂਰਖਾਨ ਤੋਂ ਚਿੱਤਰਕਾਰੀ ਦਾ ਸ਼ੌਂਕ ਤੇ ਗੁਆਂਢੀ ਦੁਕਾਨਦਾਰ ਪੰਡਤ ਈਸ਼ਰ ਦਾਸ ਤੋਂ ਪੁਰਾਤਨ ਸਾਹਿਤ ਦੀ ਚਾਟ ਲੱਗੀ। ਉਸ ਨੇ ਰਾਮਾਇਣ, ਮਹਾਂਭਾਰਤ, ਭਾਗਵਤ ਆਦਿ ਦੀਆਂ ਕਥਾ ਕਹਾਣੀਆਂ ਪੜ੍ਹ ਕੇ ਆਪਣੇ ਮਾਨਸਿਕ ਵਿਕਾਸ ਵਿਚ ਤਕੜਾ ਹਿੱਸਾ ਪਾਇਆ। ਉਸ ਵੇਲੇ ਦੀ ਹਿੰਦੂ ਮੱਤ ਸੰਬੰਧੀ ਵਾਕਫੀਅਤ ਤੇ ਲਗਨ ਨੇ ਉਸ ਦੇ ਅਗਲੇਰੇ ਸਾਹਿਤਕ ਜੀਵਨ ਵਿਚ ਬਹੁਤ ਮਦਦ ਕੀਤੀ। ਹਿੰਦ ਦੇ ਇਤਿਹਾਸ ਤੇ ਨਾਟਕ ਦੀ ਰੁਚੀ ਵੀ ਤੇਜਾ ਸਿੰਘ ਨੂੰ ਉਨ੍ਹਾਂ ਦਿਨਾਂ ਵਿਚ ਪੇਂਡੂ ਜੀਵਨ ਵਿਚੋਂ ਹੀ ਪ੍ਰਾਪਤ ਹੋਈ। ਇਕ ਵਾਰ ਹੋਲੀਆਂ ਦੇ ਦਿਨਾਂ ਸਮੇਂ ਪਿੰਡ ਵਿਚ ਜਦ ਉਹ ਰਾਜਾ ਹਰੀਸ਼ ਚੰਦਰ ਦੀ ਰਾਣੀ ਤਾਰਾ ਮਤੀ ਦਾ ਪਾਰਟ ਅਦਾ ਕਰ ਰਿਹਾ ਸੀ ਤਾਂ ਉਸ ਦੇ ਮੂੰਹੋਂ ਇਹ ਲਫਜ਼ ਨਿਕਲੇ, 'ਰੇ ਪੰਡਤ ! ਕਾਂਸ਼ੀ ਦਾ ਰਸਤਾ 'ਕਿਹੜਾ' ਹੈ ?' ਤੇ ਇਹ ਸੁਣ ਕੇ ਉਸ ਦਾ ਇਕ ਸੰਬੰਧੀ ਸਰੋਤਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚੋਂ ਉਠਿਆ ਤੇ ਥੱਪੜ ਜੜ ਕੇ ਕਹਿਣ ਲੱਗਾ। 'ਹੱਤ ਤੇਰੀ ! ਸਹੁਰੇ ਨੂੰ ਕਿਤਨੇ ਵਰ੍ਹੇ ਪੜ੍ਹਦਿਆਂ ਹੋਏ ਨੇ, ਅਜੇ ਵੀ 'ਕਿਹੜਾ' ਹੀ ਕਹਿੰਦਾ ਹੈ।' (ਆਰਸੀ, ਪੰਨਾ 19) ਉਸ ਵੇਲੇ ਜੋ ਰਾਸ ਧਾਰੀਆਂ ਦੀਆਂ ਮੰਡਲੀਆਂ ਪਿੰਡਾਂ ਵਿਚ ਆਇਆ ਕਰਦੀਆਂ ਸਨ, ਉਨ੍ਹਾਂ ਨੂੰ ਮਿਲਣ ਗਿਲਣ ਨਾਲ ਤੇਜਾ ਸਿੰਘ ਦਾ ਪੁਰਾਤਨ ਕਥਾ-ਕਹਾਣੀਆਂ ਵੱਲ ਬਹੁਤ ਸ਼ੌਕ ਵਧ ਗਿਆ।

ਤੇਜਾ ਸਿੰਘ ਇਸ ਪੇਂਡੂ ਤੇ ਘਰੋਗੀ ਜੀਵਨ ਤੋਂ ਸੰਤੁਸ਼ਟ ਨਾ ਹੋਣ ਕਰ ਕੇ 1905 ਵਿਚ ਇਕ ਦਿਨ ਸਵੇਰੇ ਸਵੇਰੇ ਘਰਦਿਆਂ ਤੋਂ ਚੋਰੀ ਕੁਝ ਥੋੜੀਆਂ ਨਾਲ ਰਲ ਕੇ ਰਾਵਲ ਪਿੰਡੀ ਭੱਜ ਗਿਆ। ਉਥੇ ਉਹ ਜਦ ਉਸ ਨੂੰ ਇਕੱਲੇ ਛੱਡ ਕੇ ਆਪੋ ਆਪਣੇ ਆਹਰ ਲੱਗ ਗਏ ਤਾਂ ਉਸ ਨੂੰ ਭੁੱਖ ਲੱਗੀ। ਉਸ ਵੇਲੇ ਉਸ ਦੀ ਜੇਬ ਵਿਚ ਕੇਵਲ ਦੋ ਹੀ ਪੈਸੇ ਸਨ ਪਰੰਤੂ ਰੁੱਤ ਸਰਦੀ ਦੀ ਸੀ ਤੇ ਉਸ ਦੇ ਗਲ ਵੀ ਸਿਰਫ਼ ਇਕ ਕੁਰਤਾ ਤੇ ਇਕ ਚਾਦਰ ਹੀ ਸੀ। ਉਸ ਨੇ ਇਕ ਪੈਸੇ ਦੇ ਦੋ 'ਸੁੰਦਰ ਫਲ' ਲਾਲ ਟਮਾਟਰ ਲੈ ਲਏ ਪਰੰਤੂ ਜਦ ਉਹ ਸੁਆਦ ਨਾ ਲੱਗੇ ਤਾਂ ਉਸ ਨੇ ਸੁੱਟ ਦਿਤੇ ਤੇ ਦੂਸਰੇ ਪੈਸੇ ਦੀਆਂ ਦੋ ਮੂਲੀਆਂ ਲੈ ਕੇ ਪੇਟ ਭਰਿਆ। ਉਸ ਦਿਨ ਉਹ ਪਹਿਲੀ ਵੇਰ ਸ਼ਹਿਰ ਆਇਆ ਸੀ ਤੇ ਨਾ ਹੀ ਉਥੇ ਉਸਦੀ ਕੋਈ ਜਾਣ ਪਛਾਣ ਸੀ। ਉਹ ਸਾਰਾ ਦਿਨ ਭੌਂਦਾ ਰਿਹਾ। ਉਸ ਨੂੰ ਤਾਂ ਪੜ੍ਹਨ ਦਾ ਸ਼ੌਕ ਸੀ ਪਰ ਢੋਅ ਕਿਵੇਂ ਲੱਗੇ ? ਤੇ ਫੇਰ ਉਸ ਦਿਨ ਦੇ ਲੱਗੇ ਢੋਅ ਬਾਰੇ ਤੇਜਾ ਸਿੰਘ 'ਆਰਸੀ' ਵਿਚ ਇੰਜ ਲਿਖਦਾ ਹੈ, 'ਸ਼ਾਮ ਦੇ ਚਾਰ ਕੁ ਵਜੇ ਇਕ ਧਰਮਸਾਲਾ ਦੇ ਥੜ੍ਹੇ ਕੋਲੋਂ ਲੰਘ ਰਿਹਾ ਸਾਂ ਉਸ ਉਤੇ ਇਕ ਬਿਰਧ ਸਿੰਘ ਬੈਠਾ ਸੀ ਤੇ ਦੂਜਾ ਬਿਰਧ ਹਿੰਦੂ। ਸਿੰਘ ਨੇ ਮੈਨੂੰ ਓਪਰਾ ਜਿਹਾ ਵੇਖ ਕੇ ਪੁੱਛਿਆ, 'ਕਾਕਾ ! ਕੇ ਢੂੰਡਨਾ ਵੇਂ ?' ਮੈਂ ਕਿਹਾ, 'ਜੀ ਮੈਂ ਕੋਈ ਕੰਮ ਲੱਭਨਾਂ ਵਾਂ।' 'ਕਿਹੜੀ ਨੌਕਰੀ ਕਰਨੀ ਆਂ ?' 'ਜੀ, ਜਿਹੜੀ ਲੱਭ ਪਏ।' ਬਿਰਧ ਹਿੰਦੂ ਕਹਿਣ ਲੱਗਾ, 'ਘਰੈ ਨੀ ਨੌਕਰੀ ਕਰਸੇਂ ? ਭਾਂਡੇ ਮਾਂਜਸੇਂ ? ਕਪੜੇ ਧੋਸੇਂ ?' 'ਜੀ ਹਾਂ, ਹਭੋ ਕੁਝ ਕਰਸਾਂ।' 'ਕੇ ਲੈਸੇਂ ?' 'ਸਿਰਫ ਰੋਟੀ ਤੇ ਪੜ੍ਹਨ ਜੋਗੀ ਖੁੱਲ੍ਹ ਤੇ ਸਮਾਂ।' ਸੋ ਉਹ ਬਿਰਧ ਹਿੰਦੂ ਮੈਨੂੰ ਆਪਣੇ ਨਾਲ ਲੈ ਗਿਆ ਅਤੇ ਮੈਂ ਉਸ ਦੇ ਘਰ ਨੌਕਰੀ ਕਰਨ ਲੱਗਾ।' (ਆਰਸੀ, ਪੰਨਾ 22) ਉਥੇ ਉਹ ਸੁਬ੍ਹਾ-ਸ਼ਾਮ ਇਹ ਸਾਰੇ ਕੰਮ ਕਰਦਾ ਤੇ ਦਿਨੇ ਦੱਸ ਵਜੇ ਮਿਸ਼ਨ ਸਕੂਲ ਪੜ੍ਹਨ ਚਲਿਆ ਜਾਂਦਾ। ਫੇਰ ਰਾਤ ਨੂੰ ਘਰ ਦਾ ਸਾਰਾ ਕੰਮ ਨਿਬੇੜ ਕੇ ਗਿਆਰਾਂ ਵਜੇ ਪੜ੍ਹਾਈ ਕਰਨ ਬਹਿੰਦਾ ਤੇ ਇਕ ਦੋ ਵਜੇ ਜਾ ਕੇ ਸੌਂਦਾ। ਉਨ੍ਹਾਂ ਦਿਨਾਂ ਤੋਂ ਹੀ ਉਸ ਨੂੰ ਉਨੀਂਦਰੇ ਕੱਟਣ ਦੀ ਵਾਦੀ ਪਈ ਜੋ ਪਿੱਛੋਂ ਸਾਰੀ ਉਮਰ ਉਸ ਦੇ ਨਾਲ ਰਹੀ। ਇਸੇ ਸਦਕਾ ਉਹ ਸਾਰੀ ਉਮਰ ਸ਼ਾਇਦ ਹੀ ਕਦੇ ਤਿੰਨ ਘੰਟੇ ਤੋਂ ਵੱਧ ਸੁੱਤਾ ਹੋਵੇ। ਬਾਅਦ ਵਿਚ ਉਸੇ ਸ਼ਹਿਰ ਵਿਚ ਰਹਿੰਦੇ ਉਸ ਦੇ ਨਾਨਕਿਆਂ ਨੂੰ ਉਸਦੀ ਹੋਂਦ ਦਾ ਪਤਾ ਲੱਗਾ ਤਾਂ ਉਹ ਉਸ ਨੂੰ ਆਪਣੇ ਘਰ ਲੈ ਗਏ ਇਸ ਉਪਰੰਤ ਉਹ ਪਿੰਡ ਵੀ ਆਉਣ ਜਾਣ ਲੱਗ ਪਿਆ। ਉਨ੍ਹੀਂ ਦਿਨੀਂ ਸਭ ਤੋਂ ਵੱਧ ਨਿੱਘ ਤੇ ਪਿਆਰ ਉਸ ਨੂੰ ਆਪਣੀ ਇਕ ਮਾਮੀ ਤੋਂ ਮਿਲਿਆ ਜੋ ਉਸ ਤੋਂ ਪਾਠ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਣਿਆ ਕਰਦੀ ਸੀ। ਉਸ ਮਾਮੀ ਦਾ ਵੀ ਤੇਜਾ ਸਿੰਘ ਦੀ ਸ਼ਖ਼ਸੀਅਤ ਉਤੇ ਚੋਖਾ ਅਸਰ ਪਿਆ।

ਉਹ 1906 ਤੋਂ 1908 ਤੱਕ ਡਿਸਟ੍ਰਿਕ ਬੋਰਡ ਦੇ ਮਿਡਲ ਸਕੂਲ ਵਿਚ ਸਰਗੋਧੇ ਪੜ੍ਹਦਾ ਰਿਹਾ। ਉਥੋਂ ਦੇ ਹੈਡਮਾਸਟਰ ਲਾਲਾ ਕੁੰਦਨ ਲਾਲ ਨੇ ਉਸਦੀ ਅੰਗਰੇਜ਼ੀ ਠੀਕ ਕਰਨ ਤੋਂ ਛੁੱਟ ਉਸ ਦੀ ਅੰਗਰੇਜ਼ੀ ਵਿਚ ਡੂੰਘੀ ਦਿਲਚਸਪੀ ਵੀ ਪੁਆਈ ਅਤੇ ਉਸ ਨੇ ਸੱਤਵੀਂ ਜਮਾਤ ਦੇ ਅੰਤ ਤਕ ਤੇਜਾ ਸਿੰਘ ਤੋਂ 'ਗ੍ਰਿਮਜ਼ ਫੇਅਰੀ ਟੇਲਜ਼', 'ਰਾਬਿੰਨਸਨ ਕਰੂਸੋ', 'ਹੈਰੀਵਰਡ ਦੀ ਵੇਕ', 'ਅਰੇਬੀਅਨ ਨਾਈਟਜ਼' 'ਮੈਕਾਲੇ ਦੇ ਲੇਖਾਂ ਦੀ ਕਿਤਾਬ' ਆਦਿ ਪੁਸਤਕਾਂ ਵੀ ਪੜ੍ਹਾ ਲਈਆਂ ਸਨ। ਇਸ ਸਮੇਂ ਦੀ ਯੋਗ ਅਗਵਾਈ ਨੇ ਹੀ ਉਸ ਨੂੰ ਪਿੱਛੋਂ ਅੰਗਰੇਜ਼ੀ ਦਾ ਪ੍ਰਸਿਧ ਵਿਦਵਾਨ ਬਣਾਇਆ। ਉਪਰੰਤ ਉਸ ਹੈਡਮਾਸਟਰ ਨੇ ਤੇਜਾ ਸਿੰਘ ਨੂੰ ਇਕ ਸਥਾਨਕ ਥੀਏਟਰ ਦਾ ਪਾਸ ਵੀ ਲੈ ਕੇ ਦੇ ਦਿੱਤਾ ਜਿਸ ਸਦਕਾ ਉਹ ਤੀਹਾਂ ਵਿਚੋਂ ਛੱਬੀ ਦਿਨ ਜ਼ਰੂਰ ਥੀਏਟਰ ਜਾਂਦਾ। ਉਸ ਵੇਲੇ ਚੰਦਰ ਹਾਂਸ, ਬਿਕ੍ਰਮਾਜੀਤ, ਰਾਣਾ ਪ੍ਰਤਾਪ ਆਦਿ ਦੇ ਕੌਮੀ ਉੱਚਤਾ ਦੇ ਵੇਖੇ ਨਾਟਕਾਂ ਦਾ ਤੇਜਾ ਸਿੰਘ ਉਤੇ ਬਹੁਤ ਡੂੰਘਾ ਅਸਰ ਹੋਇਆ। ਅਜਿਹੇ ਸੁਹਿਰਦ ਦੇ ਅਗਵਾਈ ਭਰਪੂਰ ਵਾਤਾਵਰਨ ਸਦਕਾ ਉਸ ਨੂੰ ਉਸ ਵੇਲੇ ਤੋਂ ਹੀ ਕਲਮ ਵਾਹੁਣ ਦੀ ਆਦਤ ਪੈ ਗਈ। ਉਸ ਨੇ ਸਤਵੀਂ ਜਮਾਤ ਵਿਚ ਪੜ੍ਹਦੇ ਸਮੇਂ ਹੀ ਚਿਤਰਕਾਰੀ ਉਤੇ ਅੰਗਰੇਜ਼ੀ ਵਿਚ ਇਕ ਕਿਤਾਬ ਲਿਖੀ ਤੇ ਫੇਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਦਸ਼ਮੇਸ਼ ਜੀ ਦੀ ਅਦੁੱਤੀ ਸ਼ਖ਼ਸੀਅਤ ਉਤੇ ਇਕ ਅੰਗਰੇਜ਼ੀ ਨਾਟਕ ਲਿਖਿਆ ਜੋ ਪਿੱਛੋਂ 'ਸਿੱਖ ਰੀਵੀਉ' ਵਿਚ ਛਪਿਆ। 1908 ਵਿਚ ਉਹ ਪਿੰਡੀ ਡਵੀਜ਼ਨ ਦੇ ਸਾਰੇ ਮਿਡਲ ਸਕੂਲਾਂ ਦੇ ਇਮਤਿਹਾਨ ਮੁਕਾਬਲੇ ਵਿਚੋਂ ਸਰਬੋਤਮ ਰਿਹਾ ਤੇ ਉਸਦਾ ਵਜੀਫ਼ਾ ਲੱਗ ਗਿਆ।

ਹੁਣ ਉਹ ਸਰਗੋਧਾ ਛੱਡ ਕੇ ਨੌਂਵੀ ਜਮਾਤ ਵਿਚ ਖ਼ਾਲਸਾ ਕਾਲਜ ਦੇ ਸਕੂਲ ਵਿਚ ਅੰਮ੍ਰਿਤਸਰ ਵਿਖੇ ਆ ਦਾਖਲ ਹੋਇਆ। ਅੰਮ੍ਰਿਤਸਰ ਆਉਂਦੇ ਸਮੇਂ ਵੀ ਉਹ ਆਪਣੇ ਨਾਲ ਕੇਵਲ ਇਕ ਕਪੜਿਆਂ ਦਾ ਜੋੜਾ ਤੇ ਇਕ ਕਿਤਾਬ (ਰਾਇਲ ਡਿਕਸ਼ਨਰੀ) ਹੀ ਲਿਆਇਆ ਸੀ ਤੇ ਉਸ ਕੋਲ ਹੋਰ ਕੋਈ ਪੈਸਾ ਟਕਾ ਨਹੀਂ ਸੀ। ਪਰੰਤੂ, ਆਪਣੀ ਹਿੰਮਤ ਤੇ ਸਵੈ-ਵਿਸ਼ਵਾਸ ਨਾਲ ਉਸ ਨੇ ਆਮਦਨ ਦੇ ਵਸੀਲੇ ਕਾਇਮ ਕਰ ਲਏ ਸਨ। ਰਘਬੀਰ ਸਿੰਘ ਨਾਂ ਦੇ ਮੁੰਡੇ ਰਾਹੀਂ ਉਸ ਦੀ ਇਥੇ ਚੰਗੀ ਵਾਕਫ਼ੀਅਤ ਹੋ ਗਈ। ਉਸ ਦੀ ਆਮਦਨ ਦੇ ਵਸੀਲਿਆਂ ਵਿਚੋਂ ਇਕ ਸਕੂਲੋਂ ਵਜ਼ੀਫ਼ਾ ਮਿਲਦਾ ਸੀ, ਦੂਜਾ ਵੀਹ ਰੁਪਏ ਲਾਲਾ ਨੰਦ ਲਾਲ ਟੈਂਪਰੈਂਸ ਸੁਸਾਇਟੀ ਵਾਲੇ ਇਕ ਦੋ ਟਰੈਕਟ ਲਿਖਣ ਲਈ ਦਿੰਦੇ ਸਨ। ਤੀਜਾ ਇਨੈਮਲ ਵਰਕਸ ਵਾਲੇ ਸਰਕਾਰ ਮਹਿੰਦਰ ਸਿੰਘ ਵੀਹ ਰੁਪਏ ਦੀ ਰਕਮ ਦਿੰਦੇ ਸਨ ਜਿਸ ਦੇ ਬਦਲੇ ਵਿਚ ਤੇਜਾ ਸਿੰਘ ਉਨ੍ਹਾਂ ਨੂੰ ਨਹੇਰਨੇ ਨਾਲ ਗੱਤੇ ਉਤੇ ਡੀਜ਼ਾਈਨ ਕੱਟ ਕੱਟ ਕੇ ਦਿੰਦਾ ਸੀ। ਚੌਥਾ ਉਸ ਨੂੰ ਸਰਦਾਰ ਨਰਾਇਣ ਸਿੰਘ ਹੈਡਮਾਸਟਰ ਦੀ ਮਿਹਰਬਾਨੀ ਨਾਲ ਵੀਹ ਰੁਪਏ ਦੀ ਇਕ ਟਿਊਸ਼ਨ ਵੀ ਮਿਲ ਗਈ ਸੀ। ਐਂਟਰੰਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਾਸ ਕਰਨ ਤੇ ਵੀ ਉਸ ਦਾ ਵਜ਼ੀਫਾ ਲੱਗ ਗਿਆ ਸੀ। ਜੇ ਇਥੇ ਉਸ ਦੀ ਆਮਦਨ ਦੇ ਕਈ ਸਾਧਨ ਸਨ ਤਾਂ ਉਸ ਦਾ ਖਰਚ ਵੀ ਧਨਾਡਾਂ ਦੇ ਪੁੱਤਰਾਂ ਤੋਂ ਘੱਟ ਨਹੀਂ ਸੀ। ਉਹ ਨੈਕਟਾਈ, ਕਾਲਰ ਤੇ ਪਤਲੂਣ ਵਾਲੀ ਖੁੱਲ੍ਹ ਖ਼ਰਚੀ ਆਮ ਕਰਦਾ ਸੀ। ਕਿਤਾਬਾਂ ਤੇ ਤਸਵੀਰਾਂ ਉਤੇ ਚੋਖਾ ਖ਼ਰਚ ਕਰਨ ਦਾ ਵੀ ਉਸ ਨੂੰ ਸ਼ੌਕ ਸੀ। ਉਸ ਦੇ ਖ਼ਰਚ ਇਥੋਂ ਤਕ ਵਧੇ ਹੋਏ ਸਨ ਕਿ ਉਸ ਨੇ ਇਕ ਸਰੰਗੀ ਵਾਲਾ ਰਖਿਆ ਹੋਇਆ ਸੀ ਜੋ ਹਰ ਰੋਜ਼ ਕਾਲੇ ਪਿੰਡ ਤੋਂ ਆ ਕੇ ਉਸ ਨੂੰ ਸਰੰਗੀ ਵਜਾ ਕੇ ਸੁਣਾ ਜਾਂਦਾ। ਤੇਜਾ ਸਿੰਘ ਲਾਂਗਰੀਆਂ ਨੂੰ ਵਾਧੂ ਪੈਸੇ ਦੇ ਕੇ ਉਨ੍ਹਾਂ ਤੋਂ ਨਹਾਉਣ ਲਈ ਗਰਮ ਪਾਣੀ ਤੇ ਰੋਟੀ ਕਮਰੇ ਵਿਚ ਮੰਗਵਾਉਣ ਦੀ ਸਹੂਲਤ ਵੀ ਲੈਂਦਾ ਸੀ। ਉਪਰੰਤ ਉਹ ਥੀਏਟਰ ਤਮਾਸ਼ਾ ਵੀ ਹਰ ਰੋਜ਼ ਜ਼ਰੂਰ ਵੇਖਦਾ ਸੀ।

ਇਕ ਵਾਰ ਜਦ ਉਹ ਕਾਫੀ ਚਿਰ ਬਿਮਾਰ ਹੋ ਗਿਆ ਤੇ ਕਈ ਪਾਸਿਆਂ ਤੋਂ ਆਮਦਨ ਖੜ੍ਹੋ ਗਈ ਤਾਂ ਉਸ ਦੀ ਆਰਥਕ ਹਾਲਤ ਬਹੁਤ ਮੰਦੀ ਹੋ ਗਈ। ਉਨ੍ਹਾਂ ਦਿਨਾਂ ਵਿਚ ਜਕੋ-ਤਕੀ ਪਿੱਛੋਂ ਉਹ ਇਕ ਦਿਨ ਆਪਣੇ ਇਕ ਉਸਤਾਦ ਪਾਸ ਗਿਆ ਤੇ ਆਪਣੀ ਲੋੜ ਦੱਸੀ। ਜਦ ਅਗੋਂ ਉਸਤਾਦ ਹੋਰਾਂ ਨੇ ਕਿਹਾ, 'ਭਾਈ ਜੀ ਜੇ ਇਤਨੀ ਸਮਰੱਥਾ ਨਹੀਂ ਸੀ, ਤਾਂ ਪੜ੍ਹਨ ਕਿਉਂ ਆਏ ਸਾਓ।' ਤਾਂ ਉਸ ਦੇ ਦਿਲ ਤੇ ਡੂੰਘਾ ਅਸਰ ਹੋਇਆ ਤੇ ਉਸ ਨੇ ਅੱਖਾਂ ਭਰ ਕੇ ਕਿਹਾ, 'ਜੀ ਮਾਫ਼ ਕਰਨਾ, ਹੋਰ ਸਭ ਕੁਝ ਕਹੋ, ਪਰ ਮੇਰੀ ਪੜ੍ਹਾਈ ਦੇ ਉਲਟ ਕੁਝ ਨਾ ਕਹੋ। ਮੈਂ ਪੜ੍ਹਾਈ ਲਈ ਘਰੋਂ ਬੇਘਰ ਹੋਇਆ, ਵੱਡੇ ਵੱਡੇ ਤਸੀਹੇ ਸਹੇ, ਪਰ ਪੜ੍ਹਾਈ ਤੋਂ ਮੂੰਹ ਨਹੀਂ ਮੋੜਿਆ। ਪੜ੍ਹਾਈ ਜ਼ਰੂਰ ਕਰਨੀ ਹੈ। ਮੈਨੂੰ ਅਫਸੋਸ ਹੈ ਕਿ ਮੈਂ ਆਪ ਦਾ ਦਰ ਤੱਕਿਆ। ਮੈਂ ਇਉਂ ਮਹਿਸੂਸ ਪਿਆ ਕਰਦਾ ਹਾਂ ਜਿਵੇਂ ਕੋਈ ਅਛੋਹ ਕੁਆਰੀ ਲੜਕੀ ਆਪਣਾ ਨੰਗੇਜ ਕਿਸੇ ਓਪਰੇ ਮਰਦ ਨੂੰ ਵਿਖਾ ਬਹਿੰਦੀ ਹੈ। ਹੁਣ ਮੇਰੇ ਤੇ ਇਹ ਕਿਰਪਾ ਕਰੋ ਕਿ ਇਹ ਗੁੱਲ ਕਿਸੇ ਹੋਰ ਨੂੰ ਨਾ ਦੱਸਣੀ। ਮੈਂ ਆਪਣੀ ਗਰੀਬੀ ਦਾ ਭੇਤ ਕਿਸੇ ਨੇੜੇ ਤੋਂ ਨੇੜੇ ਦੋਸਤ ਨੂੰ ਵੀ ਨਹੀਂ ਦੱਸਿਆ ਹੋਇਆ।' (ਆਰਸੀ, ਪੰਨਾ 33) ਤੇ ਉਹ ਆਪਣੀ ਗਰੀਬੀ ਦੇ ਭੇਤ ਨੂੰ ਲਕੋ ਕੇ ਰਖਦਾ ਰਿਹਾ ਅਤੇ ਸਖ਼ਤ ਮਿਹਨਤ ਤੇ ਸਵੈ-ਵਿਸ਼ਵਾਸ ਸਦਕਾ ਆਪਣੇ ਖ਼ਰਚਾਂ ਉਤੇ ਕਾਬੂ ਪਾਉਂਦਾ ਰਿਹਾ।

ਮਾਸਟਰ ਸੰਤ ਸਿੰਘ ਤੇ ਲਾਲਾ ਨੰਦ ਲਾਲ ਦੀ ਸੰਗਤ ਨਾਲ ਉਹ ਨਸ਼ੇ ਦਾ ਵਿਰੋਧੀ ਹੋ ਗਿਆ ਤੇ ਉਸ ਨੇ ਸਾਰੀ ਉਮਰ ਸ਼ਰਾਬ ਜਾਂ ਕੋਈ ਹੋਰ ਨਸ਼ਾ ਨਹੀਂ ਵਰਤਿਆ। ਉਨ੍ਹਾਂ ਦਿਨਾਂ ਵਿਚ ਉਸ ਨੇ ਕਈ ਟਰੈਕਟ ਨਸ਼ਿਆਂ ਦੀ ਨਿਖੇਧੀ ਵਿਚ ਲਿਖੇ। 'ਸ਼ਹਿਰ ਦਾ ਨਲਕਾ' ਵੀ ਉਨ੍ਹਾਂ ਦਿਨਾਂ ਵਿਚ ਖ਼ਾਲਸਾ ਕਾਲਜ ਦੇ ਮੈਗਜ਼ੀਨ 'ਦਰਬਾਰ' ਦੇ ਉਰਦੂ ਭਾਗ ਵਿਚ ਛਪਿਆ। ਉਸ ਵੇਲੇ ਉਸ ਨੇ ਕਈ ਅੰਗਰੇਜ਼ੀ ਕਵਿਤਾਵਾਂ ਟੈਂਪ੍ਰੈਂਸ ਦੇ ਹੱਕ ਵਿਚ ਲਿਖੀਆਂ। ਉਨ੍ਹਾਂ ਦਿਨਾਂ ਵਿਚ ਕਵਿਤਾ ਤੇ ਹੋਰ ਸਾਹਿਤ ਦੇ ਨਾਲ ਨਾਲ ਉਸ ਦਾ ਰੁਝਾਨ ਚਿੱਤਰਕਾਰੀ ਤੇ ਡਰਾਇੰਗ ਵੱਲ ਵੀ ਕਾਫ਼ੀ ਰਿਹਾ ਹੈ ਉਸਦੀ ਇਕ ਤਸਵੀਰ 'ਕੁੱਤੇ ਤੇ ਬਿੱਲੀ ਵਾਲੀ ਲੜਕੀ' ਨੂੰ ਸਰਬ ਹਿੰਦ ਚਿੱਤ੍ਰਕਾਰੀ ਪ੍ਰਦਰਸ਼ਨੀ ਵਲੋਂ ਸੋਨੇ ਦਾ ਤਕਮਾ ਵੀ ਮਿਲਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੇ ਇਸ ਹੁਨਰ ਸਦਕਾ ਉਹ ਬਹੁਤ ਹੀ ਸੁੰਦਰ ਨਕਸ਼ੇ ਭਰਿਆ ਕਰਦਾ ਸੀ। ਉਸ ਨੂੰ ਰੁੜਕੀ ਵਿਚ ਡਰਾਇੰਗ ਦੀ ਉਚੇਰੀ ਪੜ੍ਹਾਈ ਲਈ ਦਾਖ਼ਲਾ ਤੇ ਵਜ਼ੀਫਾ ਵੀ ਪ੍ਰਵਾਨ ਹੋ ਗਿਆ ਸੀ ਪਰੰਤੂ ਉਸ ਦਾ ਉਥੇ ਜਾਣ ਨੂੰ ਦਿਲ ਨਾ ਕੀਤਾ ਤੇ ਉਸ ਦੇ ਸ਼ਬਦਾਂ ਵਿਚ ਉਸ ਵੇਲੇ 'ਮੈਂ ਆਪਣੇ ਆਪ ਨੂੰ ਇਹ ਆਖ ਕੇ ਕੋਸਣ ਲੱਗਾ ਕਿ ਮੈਂ ਕਿਵੇਂ ਨਹਿਰਾਂ ਦੇ ਕੰਡੇ ਮਿੱਟੀ ਮਿਣਦਾ ਫਿਰਾਂਗਾ ? ਮੈਂ ਕਿਵੇਂ ਮਿਲਟਨ ਤੇ ਸ਼ੈਕਸਪੀਅਰ ਨੂੰ ਛੱਡ ਸਕਾਂਗਾ ?' ਮੈਂ ਤਾਂ ਬਣਿਆ ਹੀ ਪ੍ਰੋਫੈਸਰੀ ਕਰਨ ਲਈ ਹਾਂ ?' (ਆਰਸੀ, ਪੰਨਾ 36) ਇਹ ਸੀ ਉਸ ਦਾ ਸਾਹਿਤ ਤੇ ਅਧਿਆਪਨ ਪ੍ਰਤੀ ਨਿੱਘਾ ਸਨੇਹ ਤੇ ਪਿਆਰ। ਕਾਲਜ ਵਿਚ ਪੜ੍ਹਦੇ ਸਮੇਂ ਉਸ ਨੂੰ ਚਿੱਤਰਕਾਰੀ ਦੇ ਸ਼ੌਕ ਸਦਕਾ ਤਸਵੀਰਾਂ ਬਣਾਉਣ ਦਾ ਵੀ ਤਕੜਾ ਸ਼ੌਕ ਸੀ। ਇਕ ਵਾਰ ਛੁਟੀਆਂ ਵਿਚ ਉਸ ਨੇ ਇਕ ਔਰਤ ਦਾ ਚਿੱਤਰ ਖਿੱਚ ਕੇ ਆਪਣੇ ਇਕ ਵਹਿਮੀ ਅਤੇ ਅੰਤਾਂ ਦੇ ਸਾਊ ਮਿੱਤਰ ਨੂੰ ਉਨ੍ਹਾਂ ਦੇ ਪਿੰਡ ਡਾਕ ਰਾਹੀਂ ਭੇਜਿਆ। ਇਸ ਗੱਲ ਬਾਰੇ ਤੇਜਾ ਸਿੰਘ 'ਆਰਸੀ' ਵਿਚ ਬੜੇ ਨਾਟਕੀ ਅੰਦਾਜ਼ ਨਾਲ ਇੰਜ ਅੰਕਿਤ ਕਰਦਾ ਹੈ 'ਛੁਟੀਆਂ ਤੋਂ ਬਾਅਦ ਜਦ ਉਹ ਕਾਲਜ ਆਇਆ ਤਾਂ ਮੇਰੇ ਵਿਰੁਧ ਪ੍ਰਿੰਸੀਪਲ ਪਾਸ ਸ਼ਕਾਇਤ ਕਰ ਦਿੱਤੀ, 'ਤੇਜਾ ਸਿੰਘ ਮੈਨੂੰ ਬੁੱਢੀਆਂ ਦੀਆਂ ਤਸਵੀਰਾਂ ਭੇਜਦਾ ਹੈ। ਮੈਂ ਤਾਂ ਨਾਵਲ ਵੀ ਨਹੀਂ ਪੜ੍ਹਦਾ।' ਮੈਂ ਕਿਹਾ, 'ਜੇ ਨਾਵਲ ਨਹੀਂ ਪੜ੍ਹਦਾ ਤਾਂ ਪੜ੍ਹਨ ਕਿਉਂ ਆਇਆ ਹੈਂ ? ਕਿਸੇ ਮੱਠ ਵਿਚ ਬਹਿ ਕੇ ਤਪਸਿਆ ਕਰ।' ਪ੍ਰਿੰਸੀਪਲ ਨੇ ਹੱਸ ਛੱਡਿਆ ਤੇ ਕਿਹਾ, 'ਤੂੰ ਖ਼ੁਸ਼ ਨਹੀਂ ਹੁੰਦਾ ਕਿ ਤੇਰੀ ਕੌਮ ਵਿਚ ਇਕ ਮੁਸੱਵਰ ਪੈਦਾ ਹੋਇਆ ਹੈ।' (ਪੰਨਾ 37) ਸਪੱਸ਼ਟ ਹੈ ਕਿ ਉਹ ਬਹੁਤ ਹੀ ਹਾਜ਼ਰ ਜਵਾਬ ਸੀ ਅਤੇ ਉਸ ਦਾ ਆਪਣੇ ਅਧਿਆਪਕਾਂ ਉਤੇ ਚੋਖਾ ਪ੍ਰਭਾਵ ਰਿਹਾ ਹੈ।

ਉਨ੍ਹੀਂ ਦਿਨੀਂ ਖ਼ਾਲਸਾ ਕਾਲਜ ਵਿਚ ਪੜ੍ਹਦੇ ਸਮੇਂ 1911 ਵਿਚ ਉਸਦਾ ਵਿਆਹ ਗੁਜਰਖਾਨ ਦੇ ਮਾਸਟਰ ਪ੍ਰੇਮ ਸਿੰਘ ਦੀ ਸਪੁੱਤਰੀ ਧੰਨ ਕੌਰ ਨਾਲ ਹੋ ਗਿਆ। ਉਸ ਵੇਲੇ ਤੇਜਾ ਸਿੰਘ ਦੀ ਉਮਰ 18 ਸਾਲ ਦੀ ਸੀ ਤੇ ਧੰਨ ਕੌਰ ਦੀ ਉਮਰ 14 ਸਾਲ ਸੀ। ਐਫ.ਏ. ਦਾ ਇਮਤਿਹਾਨ ਦੇ ਕੇ ਉਹ ਸੰਤ ਸਿੰਘ ਸੁਖਾ ਸਿੰਘ ਸਕੂਲ ਵਿਚ ਹੈਡਮਾਸਟਰ ਲੱਗ ਗਿਆ।

ਤੇਜਾ ਸਿੰਘ ਇਥੋਂ ਐਫ. ਏ. ਪਾਸ ਕਰਨ ਉਪਰੰਤ ਰਾਵਲਪਿੰਡੀ ਦੇ ਗਾਰਡਨ ਕਾਲਜ ਵਿਚ ਵਜ਼ੀਫ਼ਾ ਲੈ ਕੇ ਉਥੇ ਤੇਰ੍ਹਵੀਂ ਜਮਾਤ ਵਿਚ ਪੜ੍ਹਨ ਲੱਗ ਪਿਆ। ਉਥੇ ਪੜ੍ਹਦਿਆਂ ਉਸ ਉਤੇ ਪ੍ਰੋਫੈਸਰ ਪਾਨਸਬੀ ਦੀ ਨੇਕ ਸ਼ਖ਼ਸੀਅਤ ਦਾ ਬਹੁਤ ਅਸਰ ਪਿਆ। ਸਾਦੀ ਤੇ ਸਪਸ਼ਟ ਅੰਗਰੇਜ਼ੀ ਵੀ ਉਸ ਪ੍ਰੋਫੈਸਰ ਦੇ ਪ੍ਰਭਾਵ ਨਾਲ ਹੀ ਤੇਜਾ ਸਿੰਘ ਨੇ ਲਿਖਣੀ ਸਿੱਖੀ। ਬੀ.ਏ. ਵਿਚ ਉਸ ਕੋਲ ਅੰਗਰੇਜ਼ੀ ਤੋਂ ਬਿਨਾਂ ਮੈਥੇਮੈਟਿਕਸ 'ਬੀ' ਅਤੇ ਇਤਿਹਾਸ ਦੇ ਵਿਸ਼ੇ ਸਨ। ਉਸ ਦੀ ਕਾਬਲੀਅਤ ਸਦਕਾ ਉਸ ਨੂੰ ਬੀ.ਏ. ਦਾ ਨਤੀਜਾ ਨਿਕਲਣ ਤੋਂ ਪਹਿਲਾਂ ਹੀ ਉਥੋਂ ਦੇ ਪ੍ਰਿੰਸੀਪਲ ਨੇ ਬੀ.ਏ. ਪਾਸ ਹੋਣ ਦੀ ਸ਼ਰਤ ਉਤੇ ਅੰਗਰੇਜ਼ੀ ਤੇ ਇਤਿਹਾਸ ਦਾ ਲੈਕਚਰਾਰ ਨਿਯੁਕਤ ਕਰ ਦਿੱਤਾ। ਉਸ ਵੇਲੇ ਉਸ ਦੀ ਤਨਖ਼ਾਹ ਨੱਬੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੁਪਏ ਸੀ ਤੇ ਐਮ.ਏ. ਪਾਸ ਕਰਨ ਉਪਰੰਤ ਉਹ ਇਕ ਸੌ ਵੀਹ ਹੋ ਸਕਦੀ ਸੀ। ਇਸ ਤਰ੍ਹਾਂ ਤੇਜਾ ਸਿੰਘ ਵੀਹ ਸਾਲ ਦੀ ਛੋਟੀ ਉਮਰ ਵਿਚ ਹੀ ਕਾਲਜ ਦਾ ਪ੍ਰੋਫੈਸਰ ਬਣ ਗਿਆ। ਤੇਜਾ ਸਿੰਘ ਉਨ੍ਹੀਂ ਦਿਨੀਂ ਪੜ੍ਹਾਉਣ ਦੇ ਨਾਲ ਨਾਲ ਸ਼ਹਿਰ ਵਿਚ 'ਸਿੰਘ ਸਭਾ' ਦਾ ਕੰਮ ਵੀ ਕਰਦਾ ਹੁੰਦਾ ਸੀ। ਉਥੋਂ ਦੇ ਗਿਆਨੀ ਸ਼ੇਰ ਸਿੰਘ ਹੁਰਾਂ ਦੀ ਸੰਗਤ ਨੇ ਉਸ ਦੀ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਖੋਜ ਵਿਚ ਰੁਚੀ ਪੈਦਾ ਕਰ ਦਿੱਤੀ ਤੇ ਉਨ੍ਹਾਂ ਦੇ ਮੇਲ ਜੋਲ ਨੇ ਹੀ ਉਸ ਨੂੰ ਸਿੱਖ ਸਾਹਿਤ ਪੈਦਾ ਕਰਨ ਲਈ ਉਤਸ਼ਾਹ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੋਹਾਂ ਦੇ ਖ਼ਿਆਲ ਮਿਲ ਗਏ। ਗੁਰਦੁਆਰਾ ਸੁਧਾਰ ਤੇ ਕ੍ਰਿਪਾਨ ਦੀ ਖੁੱਲ੍ਹ ਬਾਬਤ ਉਨ੍ਹਾਂ ਦੋਹਾਂ ਨੇ ਲਾਹੌਰ ਦੇ ਅਖ਼ਬਾਰ 'ਪੰਥ ਸੇਵਕ' ਲਈ ਲੇਖ ਲਿਖੇ ਤੇ ਸੰਤ-ਵਾਧੇ ਅਤੇ ਗੁਰੂ ਡੰਮ ਦੇ ਵਿਰੁੱਧ ਪ੍ਰਚਾਰ ਕੀਤੇ। ਇਸੇ ਵੇਲੇ ਹੀ ਉਸ ਦੀ ਸੰਗਤ ਸਰਦਾਰ ਨਿਹਾਲ ਸਿੰਘ ਸੂਰੀ ਨਾਲ ਹੋਈ ਜਿਨ੍ਹਾਂ ਦਾ 'ਸ੍ਰੀ ਗੁਰੂ ਗਰੰਥ ਸਾਹਿਬ ਦਾ ਟੀਕਾ' ਸਭ ਤੋਂ ਪਹਿਲਾ ਸਹੀ ਟੀਕਾ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਤੇਜਾ ਸਿੰਘ ਦੀਆਂ ਸਾਹਿਤਕ ਰੁਚੀਆਂ ਦੀ ਤਕੜੀ ਅਗਵਾਈ ਕੀਤੀ। ਉਨ੍ਹਾਂ ਦਿਨਾਂ ਵਿਚ ਰਾਵਲਪਿੰਡੀ ਵਿਖੇ ਇਕ ਸਾਹਿਤਕ ਤੇ ਇਤਿਹਾਸਕ ਸੰਸਥਾ ਖੋਲ੍ਹੀ ਜਿਸ ਦੇ ਪ੍ਰਧਾਨ ਸਰਦਾਰ ਹੁਰੀਂ ਸਨ ਤੇ ਸਕੱਤਰ ਤੇਜਾ ਸਿੰਘ ਸੀ। ਭਗਤ ਲਛਮਣ ਸਿੰਘ ਨਾਲ ਰਲ ਕੇ ਤੇਜਾ ਸਿੰਘ ਨੇ ਰਾਵਲਪਿੰਡੀ ਵਿਚ ਇਕ 'ਮੈਕਾਲਫ ਮੈਮੋਰੀਅਲ ਫੰਡ' ਵੀ ਜਾਰੀ ਕੀਤਾ। ਭਗਤ ਜੀ ਨੌਜਵਾਨ ਲਿਖਾਰੀਆਂ ਨੂੰ ਬਹੁਤ ਪਰੇਰਨਾ ਦਿੰਦੇ ਸਨ ਸ਼ਾਇਦ ਉਨ੍ਹਾਂ ਦੀ ਰੁਚੀ ਨੂੰ ਗ੍ਰਹਿਣ ਕਰਦੇ ਹੋਏ ਹੀ ਤੇਜਾ ਸਿੰਘ ਨੇ ਅਗੋਂ ਇਹ ਕੰਮ ਜਾਰੀ ਰਖਿਆ ਤੇ ਦਰਜਨਾਂ ਨੌਜਵਾਨ ਪੰਜਾਬੀ ਸਾਹਿਤਕਾਰਾਂ ਨੂੰ ਪਰੇਰਨਾ ਤੇ ਅਗਵਾਈ ਦਿੱਤੀ।

1917 ਵਿਚ ਤੇਜਾ ਸਿੰਘ ਨੇ ਐਮ.ਏ. (ਅੰਗਰੇਜ਼ੀ) ਪਾਸ ਕੀਤੀ। ਪ੍ਰਿੰਸੀਪਲ ਵਾਦਨ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੇਨਤੀ ਉਤੇ ਤੇਜਾ ਸਿੰਘ ਨੂੰ ਖ਼ਾਲਸਾ ਕਾਲਜ ਵਿਖੇ 3 ਮਾਰਚ 1916 ਨੂੰ ਲਿਆਂਦਾ ਗਿਆ ਤੇ ਉਹ ਇਥੇ ਅੰਗਰੇਜ਼ੀ, ਇਤਿਹਾਸ ਤੇ ਧਰਮ ਵਿਦਿਆ ਦਾ ਪ੍ਰੋਫੈਸਰ ਬਣਿਆ। ਉਸ ਨੂੰ ਇਥੇ ਬਾਵਾ ਹਰਕਿਸ਼ਨ ਸਿੰਘ ਤੇ ਪ੍ਰੋਫੈਸਰ ਚਰਨ ਸਿੰਘ ਜਹੇ ਸਾਥੀ ਮਿਲ ਗਏ। ਉਸ ਵੇਲੇ ਸਰਕਾਰ ਵਲੋਂ ਤੇਜਾ ਸਿੰਘ ਨੂੰ ਪੰਜਾਬ ਐਜੂਕੇਸ਼ਨ ਸਰਵਿਸ ਦੀ ਆਫਰ ਵੀ ਆਈ ਪਰ ਉਸ ਨੇ ਉੱਤਰ ਵਜੋਂ ਇਹ ਲਿਖ ਭੇਜਿਆ, 'Thank you, quite happy here' ਕਿਉਂਕਿ ਉਨ੍ਹਾਂ ਦਾ ਖਿਆਲ ਸੀ ਕਿ ਅਸੀਂ ਖ਼ਾਲਸਾ ਕਾਲਜ ਅਤੇ ਦਰਬਾਰ ਸਾਹਿਬ ਦੇ ਇੰਤਜ਼ਾਮ ਵਿਚੋਂ ਸਰਕਾਰੀ ਦਾਬਾ ਕੱਢਣਾ ਹੈ। ਜੇ ਸਰਕਾਰੀ ਨੌਕਰੀ ਕਰ ਲਈ ਤਾਂ ਦੇਸ਼ ਦੀ ਕਿਸੇ ਸੇਵਾ ਵਿਚ ਹਿੱਸਾ ਨਹੀਂ ਲੈ ਸਕਾਂਗੇ, ਸਗੋਂ ਜਪੁਜੀ ਸਾਹਿਬ ਦੀ ਤੁਕ 'ਅਸੰਖ ਅਮਰ ਕਰ ਜਾਹਿ ਜੋਰ' ਦਾ ਖੋਲ੍ਹ ਕੇ ਅਰਥ ਵੀ ਨਹੀਂ ਕਰ ਸਕਾਂਗੇ।' (ਆਰਸੀ, ਪੰਨਾ 54) ਤੇ ਤੇਜਾ ਸਿੰਘ ਨੇ ਖ਼ਾਲਸਾ ਕਾਲਜ ਨੂੰ ਸਰਕਾਰੀ ਦਬਾ ਹੇਥੋਂ ਖਲਾਸੀ ਕਰਾਉਣ ਲਈ ਹੁਣ ਵਾਲੀ 150/– ਦੀ ਨੌਕਰੀ ਨੂੰ ਸਰਕਾਰ ਦੀ 300/– ਦੀ ਪੱਕੀ ਨੌਕਰੀ ਨਾਲੋਂ ਤਰਜੀਹ ਦਿੱਤੀ। ਇਸ ਉਤੇ ਪ੍ਰਿੰਸੀਪਲ ਵਾਦਨ ਬਹੁਤ ਖੁਸ਼ ਹੋਏ ਤੇ ਅਗੋਂ ਤੋਂ ਪ੍ਰਿੰਸੀਪਲ ਵਾਦਨ, ਬਾਵਾ ਹਰਕਿਸ਼ਨ ਸਿੰਘ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇਜਾ ਸਿੰਘ ਨੇ ਮਨੋਰਥ ਸਾਂਝਾ ਕਰ ਲਿਆ ਤੇ ਉਹ ਖਾਲਸਾ ਕਾਲਜ ਨੂੰ ਸਰਕਾਰੀ ਦਬਾ ਹੇਠੋਂ ਕੱਢਣ ਵਿਚ ਕਾਮਯਾਬ ਹੋਏ।

ਤੇਜਾ ਸਿੰਘ ਇਕ ਜਾਗ੍ਰਿਤੀ ਦਾ ਜੀਵਨ ਜੀਵਿਆ ਹੈ। ਦਰਬਾਰ ਸਾਹਿਬ ਦੇ ਪ੍ਰਬੰਧ ਨੂੰ ਪੁਜਾਰੀਆਂ ਹੇਠੋਂ ਕੱਢਣ ਵਿਚ ਤੇਜਾ ਸਿੰਘ ਨੇ ਚੋਖਾ ਹਿੱਸਾ ਪਾਇਆ ਹੈ। ਅਕਾਲੀ ਲਹਿਰ ਦੀਆਂ ਸਾਰੀਆਂ ਘਟਨਾਵਾਂ ਉਸਦੀਆਂ ਅੱਖਾਂ ਅਗੋਂ ਦੀ ਲੰਘੀਆਂ ਤੇ ਗੁਰਦੁਆਰਾ ਕਮੇਟੀ ਦੇ ਏਲਾਨ ਉਸ ਦੇ ਹਥੋਂ ਨਿਕਲਦੇ ਰਹੇ ਹਨ। ਗੁਰਦੁਆਰਾ ਸੁਧਾਰ ਲਹਿਰ ਦੇ ਸਬੰਧ ਵਿਚ ਉਹ 1923-24 ਵਿਚ ਜੇਲ੍ਹ ਗਿਆ। ਹੋਰ ਸਾਥੀਆਂ ਸਮੇਤ ਪਹਿਲਾਂ ਉਨ੍ਹਾਂ ਨੂੰ ਅੰਮ੍ਰਿਤਸਰ ਦੀ ਜੇਲ੍ਹ ਵਿਚ ਰਖਿਆ ਗਿਆ ਪਰ ਫਿਰ ਵੀ ਉਹ ਅਕਾਲੀ ਲਹਿਰ ਨੂੰ ਅੰਦਰੋ ਅੰਦਰ ਹੀ ਚਲਾਉਂਦੇ ਰਹੇ ਤਾਂ ਸਰਕਾਰ ਨੂੰ ਪਤਾ ਲੱਗਣ ਉੱਤੇ ਉਨ੍ਹਾਂ ਨੂੰ ਲਾਹੌਰ ਜੇਲ੍ਹ ਵਿਚ ਭੇਜ ਦਿੱਤਾ। ਉਥੇ ਤੇਜਾ ਸਿੰਘ ਬਹੁਤ ਜ਼ਿਆਦਾ ਬਿਮਾਰ ਹੋ ਗਿਆ ਤਾਂ ਉਸਦੀ ਰਿਹਾਈ ਕੀਤੀ ਗਈ ਤੇ ਉਸਦਾ ਇਲਾਜ ਅੰਮ੍ਰਿਤਸਰ ਦੇ ਵੱਡੇ ਹਸਪਤਾਲ ਵਿਚ ਹੋਇਆ।

1925 ਵਿਚ ਸਿਹਤ ਠੀਕ ਹੋਣ ਉਪਰੰਤ ਉਸ ਨੇ ਫੇਰ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਅੰਗਰੇਜ਼ੀ ਤੇ ਇਤਿਹਾਸ ਦੀ ਪ੍ਰੋਫੈਸਰੀ ਸਾਂਭ ਲਈ ਤੇ ਉਥੇ ਕੋਈ ਛੱਬੀ ਸਤਾਈ ਸਾਲ ਕੰਮ ਕਰਦੇ ਰਹੇ। ਹੁਣ ਉਸ ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਅੰਤਰੰਗ ਕਮੇਟੀ ਦਾ ਮੈਂਬਰ ਵੀ ਲਿਆ ਗਿਆ। ਸਰਦੂਲ ਸਿੰਘ ਕਵੀਸ਼ਰ, ਹਰਨਾਮ ਸਿੰਘ, ਅਭੈ ਸਿੰਘ ਆਦਿ ਸੱਜਣਾਂ ਨਾਲ ਰਲ ਕੇ ਤੇਜਾ ਸਿੰਘ ਨੇ ਇਕ ਹੋਰ ਉਦਮ ਚਿਰ ਜੀਵੀ ਫਲ ਵਾਲਾ ਕੀਤਾ ਕਿ ਉਸ ਨੇ ਬਾਵਾ ਹਰਕ੍ਰਿਸ਼ਨ ਸਿੰਘ ਤੇ ਪ੍ਰੋਫੈਸਰ ਨਰਾਇਣ ਸਿੰਘ ਦੀ ਮੱਦਦ ਨਾਲ 1936-41 ਤਕ ਸ੍ਰੀ ਗੁਰੂ ਗਰੰਥ ਸਾਹਿਬ ਦਾ 'ਸ਼ਬਦਾਰਥ' ਟੀਕਾ ਪੂਰਾ ਕੀਤਾ। ਇਸ ਮਹਾਨ ਕਾਰਜ ਲਈ ਆਰਥਕ ਮੱਦਦ ਵਾਸਤੇ ਉਸ ਨੂੰ 1936 ਦੀ ਗਰਮੀ ਦੀਆਂ ਛੁੱਟੀਆਂ ਵਿਚ ਮਲਾਇਆ ਭੇਜਿਆ ਗਿਆ। ਉਥੇ ਉਸ ਦਾ ਬਹੁਤ ਹੀ ਸਵਾਗਤ ਹੋਇਆ। ਤੇਜਾ ਸਿੰਘ ਨੇ ਉਥੋਂ ਦੇ ਸਿੱਖਾਂ ਵਿਚਲੇ ਮਾਝੇ ਮਾਲਵੇ ਦੇ ਸਵਾਲ ਨੂੰ ਖਤਮ ਕਰਕੇ ਏਕਤਾ ਪ੍ਰਦਾਨ ਕੀਤੀ। ਉਸ ਨੇ ਉਥੇ 60 ਦਿਨਾਂ ਵਿਚ ਕੋਈ 300 ਧਾਰਮਕ, ਸੁਧਾਰਕ, ਇਤਿਹਾਸਕ ਤੇ ਸਭਿਆਚਾਰਕ ਲੈਕਚਰ ਦਿੱਤੇ। ਮਲਾਇਆ ਦੇ ਦੌਰੇ ਨੇ ਤੇਜਾ ਸਿੰਘ ਦਾ ਮਨ ਸਾਹਿਤਕ ਤੌਰ ਤੇ ਬਹੁਤ ਉਪਜਾਊ ਬਣਾ ਦਿੱਤਾ। ਉਸ ਤੋਂ ਪਹਿਲਾਂ ਵੀ ਭਾਵੇਂ ਉਸ ਨੇ ਕਈ ਨਿੱਕੀਆਂ ਨਿੱਕੀਆਂ ਕਿਤਾਬਾਂ ਲਿਖੀਆਂ ਪਰੰਤੂ ਉਸ ਉਪਰੰਤ ਉਸ ਨੇ ਚੋਖਾ[6] ਕੰਮ ਕੀਤਾ ਹੈ। ਤੇਜਾ ਸਿੰਘ ਦੀ ਸਭ ਤੋਂ ਪਹਿਲੀ ਲਿਖਤ 1914 ਵਿਚ 'ਗੁਰੂ ਨਾਨਕ ਸਾਹਿਬ ਦਾ ਮਿਸ਼ਨ' ਪੰਜਾਬੀ ਵਿਚ ਛਪੀ ਤੇ ਫੇਰ ਕਈ ਲੇਖ ਤੇ ਟਰੈਕਟ ਵੱਖ ਵੱਖ ਪਤ੍ਰਿਕਾਵਾਂ ਵਿਚ ਛਪਦੇ ਰਹੇ ਹਨ, ਜਿਨ੍ਹਾਂ ਵਿਚੋਂ ਕੁਝ ਲੇਖ 'ਸਿਖ ਰੀਵੀਊ' ਵਿਚ ਵੀ ਛਪੇ ਹਨ। 1919 ਤੋਂ ਉਹ ਵੱਡੀਆਂ ਕਿਤਾਬਾਂ ਲਿਖਣ ਲੱਗ ਪਿਆ ਸੀ ਤੇ ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਉਸ ਨੇ ਜਪੁਜੀ ਸਾਹਿਬ ਦਾ ਟੀਕਾ ਲਿਖਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

13 ਦਸੰਬਰ 1945 ਨੂੰ ਤੇਜਾ ਸਿੰਘ ਨੇ ਖ਼ਾਲਸਾ ਕਾਲਜ, ਮਤੂੰਗਾ, ਬੰਬਈ ਵਿਚ ਪ੍ਰਿੰਸੀਪਲ ਦਾ ਅਹੁਦਾ ਸੰਭਾਲ ਲਿਆ ਤੇ ਉਥੇ 13 ਅਗਸਤ 1948 ਤਕ ਕੰਮ ਕੀਤਾ। ਉਥੇ ਜਾ ਕੇ ਉਸ ਨੇ ਉਸ ਕਾਲਜ ਦਾ ਨਾਂ ਉੱਚਾ ਕਰਨ ਲਈ ਵਿਦਿਆਰਥੀਆਂ ਦੀ ਗਿਣਤੀ ਇਕ ਹਜ਼ਾਰ ਤੋਂ ਢਾਈ ਹਜ਼ਾਰ ਤਕ ਵਧਾਉਣ ਤੋਂ ਛੁੱਟ, ਪੜ੍ਹਾਈ ਦਾ ਮਿਆਰ ਵੀ ਉਚੇਰਾ ਕੀਤਾ ਤੇ ਸਿੱਖੀ ਦਾ ਵੱਖ ਵੱਖ ਫਿਰਕਿਆਂ ਦੇ ਲੋਕਾਂ ਵਿਚ ਪ੍ਰਚਾਰ ਕੀਤਾ। ਤੇਜਾ ਸਿੰਘ ਦਾ ਇਹ ਵਿਚਾਰ ਸੀ ਕਿ ਹੋਰ ਭਾਰਤੀ ਭਾਸ਼ਾਵਾਂ ਤੇ ਅੰਗਰੇਜ਼ੀ ਰਾਹੀਂ ਸਿੱਖੀ ਨੂੰ ਪੰਜਾਬ ਤੋਂ ਬਾਹਰ ਦੂਰ ਦੁਰਾਡੇ ਦੇਸ਼ਾਂ ਤਕ ਹਵਾ ਲਵਾਈ ਜਾਵੇ। ਉਸ ਨੇ ਇਸ ਗੱਲ ਦੀ ਪ੍ਰਾਪਤੀ ਲਈ ਪੰਜਾਬੀ ਤੋਂ ਛੁਟ ਅੰਗਰੇਜ਼ੀ ਵਿਚ ਵੀ ਸਿੱਖੀ ਪ੍ਰਚਾਰ ਲਈ ਕਈ ਰਚਨਾਵਾਂ ਰਚੀਆਂ ਤੇ ਕਈ ਥਾਵਾਂ ਉੱਤੇ ਲੈਕਚਰ ਦਿੱਤੇ।

ਤੇਜਾ ਸਿੰਘ ਨੂੰ ਕਿਸੇ ਕਾਰਨ ਉਪਰੋਕਤ ਕਾਲਜ ਤੋਂ ਅਸਤੀਫਾ ਦੇਣਾ ਪਿਆ। ਫੇਰ ਉਸ ਨੂੰ ਜਸਟਸ ਤੇਜਾ ਸਿੰਘ ਦੁਆਰਾ ਪੰਜਾਬ ਯੂਨੀਵਰਸਿਟੀ ਵਿਚ ਪਬਲੀਕੇਸ਼ਨ ਬਿਊਰੋ ਦਾ 19 ਅਗਸਤ 1949 ਨੂੰ ਪਹਿਲਾ ਸਕੱਤਰ ਥਾਪਿਆ ਗਿਆ। ਇਥੇ ਕੰਮ ਕਰਦਿਆਂ ਗਿਆਨ ਸਿੰਘ ਰਾੜੇਵਾਲਾ ਰਾਹੀਂ ਉਸ ਨੂੰ ਪਟਿਆਲੇ ਦੀ ਪੈਪਸੂ ਸਰਕਾਰ ਵਲੋਂ ਤਿੰਨ ਅਸਾਮੀਆਂ ਪੇਸ਼ ਕੀਤੀਆਂ ਗਈਆਂ—ਇਕ ਵਿਦਿਅਕ ਮਹਿਕਮੇ ਦੀ ਡਾਇਰੈਕਟਰੀ, ਦੂਜੀ ਪੰਜਾਬੀ ਮਹਿਕਮੇ ਦੀ ਸਕੱਤਰੀ ਤੇ ਤੀਜੀ ਮਹਿੰਦਰਾ ਕਾਲਜ ਪਟਿਆਲਾ ਦੀ ਪ੍ਰਿੰਸੀਪਲੀ। ਇਨ੍ਹਾਂ ਵਿਚੋਂ ਤੇਜਾ ਸਿੰਘ ਨੂੰ ਪ੍ਰਿੰਸੀਪਲੀ ਠੀਕ ਲੱਗੀ ਤੇ ਉਸ ਨੇ 2 ਜਨਵਰੀ 1949 ਨੂੰ ਮਹਿੰਦਰਾ ਕਾਲਜ ਦੀ ਪ੍ਰਿੰਸੀਪਲੀ ਸੰਭਾਲ ਲਈ। ਇਥੇ ਉਹ ਜਿੰਨਾ ਚਿਰ ਰਹੇ ਕਾਲਜ ਦੇ ਸਮੁੱਚੇ ਵਿਕਾਸ ਲਈ ਸਖਤ ਮਿਹਨਤ ਨਾਲ ਕੰਮ ਕਰਦੇ ਰਹੇ। ਬਾਅਦ ਵਿਚ ਤੇਜਾ ਸਿੰਘ ਦੇ ਜ਼ੁੰਮੇਂ ਪ੍ਰਿੰਸੀਪਲ ਦੇ ਨਾਲ ਨਾਲ ਪੰਜਾਬੀ ਵਿਭਾਗ ਦੀ ਸਕੱਤਰੀ ਤੇ ਡਾਇਰੈਕਟਰੀ ਵੀ ਸੌਂਪੀ ਗਈ। 1951 ਵਿਚ ਉਹ ਪੈਪਸੂ ਦੀ ਨੌਕਰੀ ਤੋਂ ਰਟਾਇਰ ਹੋਇਆ। ਪਟਿਆਲੇ ਵਿਚ ਰਹਿੰਦਿਆਂ ਉਸ ਦਾ ਜੀਵਨ ਰੁਝੇਂਵਿਆਂ ਦਾ ਜੀਵਨ ਸੀ, ਜਿਸ ਬਾਰੇ ਗਿਆਨੀ ਲਾਲ ਸਿੰਘ ਲਿਖਦੇ ਹਨ, 'ਆਪ ਵਿਆਹ ਵਾਲੇ ਘਰ ਦੀ ਪ੍ਰਧਾਨ ਮਾਂ ਵਾਂਗ ਦਿਨ ਰਾਤ ਕੰਮ ਵਿਚ ਜੁੱਟੇ ਰਹਿੰਦੇ, ਕਾਲਜ ਦਾ ਦਫਤਰ ਭਗਤਾਉਂਦੇ, ਐਮ. ਏ. ਦੀਆਂ ਕਲਾਸਾਂ ਪੜ੍ਹਾਉਂਦੇ, ਪੰਜਾਬੀ ਡਾਇਰੈਕਟੋਰੇਟ ਦਾ ਕੰਮ ਨਿਬੇੜਦੇ, ਪੰਜਾਬੀ ਸਕੱਤਰੇਤ ਵਿਚ ਫੈਸਲੇ ਦਿੰਦੇ, ਪਰਵਾਨ ਹੋਈਆਂ ਸਕੀਮਾਂ ਨੂੰ ਸਫਲਤਾ ਸਹਿਤ ਨਜਿੱਠਣ ਦਾ ਪ੍ਰਬੰਧ ਕਰਦੇ ਤੇ ਰਾਤ ਨੂੰ ਪੰਜਾਬ ਪਬਲੀਕੇਸ਼ਨ ਬਿਊਰੋ ਦੇ ਕੋਸ਼ ਦਾ ਸੰਪਾਦਨ ਕਰਦੇ।'[7] ਪਿਆਰਾ ਸਿੰਘ ਪਦਮ ਤੇਜਾ ਸਿੰਘ ਪ੍ਰਤਿ ਸਤਿਕਾਰ ਤੇ ਪੰਜਾਬੀਆਂ ਦੇ ਸਨੇਹ ਨੂੰ ਪ੍ਰਗਟ ਕਰਦੇ ਹੋਏ ਉਸ ਦੀ ਸ਼ਖ਼ਜ਼ੀਅਤ ਉਤੇ ਇੰਜ ਚਾਨਣਾ ਪਾਉਂਦੇ ਹਨ, 'ਲੰਮੀ ਚਿੱਟੀ ਦਾੜ੍ਹੀ ਵਾਲਾ ਤੇਜਾ ਸਿੰਘ ਬੁਢੇ ਬੋਹੜ ਹੇਠ ਉਸ ਧੂਣੇ ਵਾਲੇ ਸੰਤ ਬਾਬੇ ਵਾਂਗ ਹੈ ਜਿਸ ਦੇ ਧੂਣੇ ਦੀ ਭਸਮ ਲੋਕ ਆਦਰ ਨਾਲ ਮਸਤਕ ਤੇ ਲਾਉਂਦੇ ਹਨ ਤੇ ਆਪਣੇ ਧੰਨ ਭਾਗ ਸਮਝਦੇ ਹਨ।[8] 30 ਮਾਰਚ 1956 ਨੂੰ ਪੈਪਸੂ ਸਰਕਾਰ ਵਲੋਂ ਤੇਜਾ ਸਿੰਘ ਨੂੰ ਸਤਿਕਾਰ ਵਜੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਭਿਨੰਦਨ ਗ੍ਰੰਥ ਭੇਟ ਕਰਕੇ ਸਨਮਾਨਿਆ ਗਿਆ।

ਤੇਜਾ ਸਿੰਘ ਦਾ ਘਰੇਲੂ ਜੀਵਨ ਬੜਾ ਹੀ ਸੁਖਾਵਾਂ ਤੇ ਪਿਆਰ ਭਰਿਆ ਸੀ। ਉਹ ਆਪਣੀ ਸੁਪਤਨੀ ਧਨ ਕੌਰ ਤੇ ਬੱਚਿਆਂ ਨੂੰ ਲੋਹੜੇ ਦਾ ਪਿਆਰ ਕਰਦਾ ਸੀ। ਉਸ ਦੇ ਸਤ ਬੱਚੇ ਹਨ ਜਿਨ੍ਹਾਂ ਵਿਚੋਂ ਤਿੰਨ ਲੜਕੇ ਤੇ ਚਾਰ ਲੜਕੀਆਂ। ਉਸਦੀ ਪਹਿਲੀ ਲੜਕੀ ਕਿਸ਼ਨ ਕੌਰ 1913 ਵਿਚ ਪੈਦਾ ਹੋਈ ਜਦੋਂ ਉਹ ਹਾਲੇ ਤੇਰ੍ਹਵੀਂ ਜਮਾਤ ਵਿਚ ਹੀ ਪੜ੍ਹਦਾ ਸੀ ਤੇ ਸਭ ਤੋਂ ਛੋਟਾ ਬੱਚਾ ਪਰਮਜੀਤ ਸਿੰਘ 1932 ਵਿਚ ਪੈਦਾ ਹੋਇਆ। ਦੂਸਰੇ ਬੱਚਿਆਂ ਦੇ ਨਾਂ ਤੇ ਜਨਮ ਸਾਲ ਇੰਜ ਹਨ : ਇੰਦਰ ਕੌਰ 1915, ਇੰਦਰਜੀਤ ਸਿੰਘ 1919, ਅਮਰ ਕੌਰ 1922, ਸੁਰਜੀਤ ਸਿੰਘ 1924, ਮਨਜੀਤ ਕੌਰ 1926। ਤੇਜਾ ਸਿੰਘ ਨੇ ਆਪਣੇ ਬੱਚਿਆਂ ਨੂੰ ਚੰਗੇਰੀ ਵਿਦਿਆ ਦੇ ਕੇ ਚੰਗੇ ਚੰਗੇ ਕੰਮਾਂ ਤੇ ਲਵਾਇਆ ਤੇ ਵਿਆਹਿਆ। ਪਰੰਤੂ, ਮਨਜੀਤ ਕੌਰ (ਮਾਨਾ) ਜਿਸ ਨੇ ਤੇਜਾ ਸਿੰਘ ਦੀ ਬੀਮਾਰੀ ਸਮੇਂ ਬਹੁਤ ਸੇਵਾ ਕੀਤੀ ਸੀ ਤੇ ਉਹ ਸੰਗੀਤ ਵਿਦਿਆ ਨਾਲ ਗਰੈਜੂਏਟ ਸੀ, ਉਹ ਕਾਫੀ ਬੀਮਾਰ ਰਹਿਣ ਉਪਰੰਤ ਸੁਰਗਵਾਸ ਹੋ ਗਈ, ਉਸ ਦੀ ਮ੍ਰਿਤੂ ਨੇ ਤੇਜਾ ਸਿੰਘ ਦੀ ਸਿਹਤ ਉੱਤੇ ਬਹੁਤ ਬੁਰਾ ਅਸਰ ਪਾਇਆ। ਤੇਜਾ ਸਿੰਘ ਅਜੇ ਸਾਹਿਤ ਦੀ ਬਹੁਤ ਸੇਵਾ ਕਰਨੀ ਚਾਹੁੰਦਾ ਸੀ। 'ਸ੍ਰੀ ਗੁਰੂ ਗਰੰਥ ਸਾਹਿਬ' ਦਾ ਅੰਗਰੇਜ਼ੀ ਵਿਚ ਉਸ ਨੇ ਉਲਥਾ ਕਰਨਾ ਆਰੰਭਿਆ ਹੋਇਆ ਸੀ ਪਰੰਤੂ ਅਫਸੋਸ ਕਿ ਸਿਹਤ ਦੇ ਸਾਥ ਨਾ ਦੇਣ ਕਾਰਨ ਉਹ ਬਹੁਤ ਕੁਝ ਕਰਨ ਦੀਆਂ ਤਾਂਘਾਂ ਦੇ ਸੁਫਨਿਆਂ ਸਮੇਤ 10 ਜਨਵਰੀ 1958 ਨੂੰ ਸਾਡੇ ਤੋਂ ਸਦਾ ਲਈ ਵਿੱਛੜ ਗਿਆ।

ਤੇਜਾ ਸਿੰਘ ਦੀ ਸ਼ਖ਼ਸੀਅਤ ਇਕ ਖੇੜਾ ਜਾਂ ਬਹਾਰ ਸੀ। ਉਹ ਜਿਥੇ ਵੀ ਗਿਆ ਖੁਸ਼ੀਆਂ ਤੇ ਰੌਣਕਾਂ ਹੀ ਵੰਡਦਾ ਰਿਹਾ। ਉਸ ਨੂੰ ਨਿੱਕੀ ਜਿਹੀ ਚਿੱਟੀ ਪੱਗ ਹੇਠਾਂ ਚੌੜੇ ਤੇ ਖੁਲ੍ਹੇ ਮੱਥੇ ਅਤੇ ਗੋਰੇ ਚਿਹਰੇ ਨੇ ਇਕ ਅਨੋਖੀ ਸ਼ਖ਼ਸੀਅਤ ਦਿੱਤੀ ਹੋਈ ਸੀ। ਉਹ ਹਮੇਸ਼ਾਂ ਨਿੰਮ੍ਹੀ ਨਿੰਮ੍ਹੀ ਮੁਸਕ੍ਰਾਹਟ ਛੱਡਦਾ ਰਹਿੰਦਾ। ਉਹ ਆਮ ਕਰਕੇ ਅਚਕਨ ਤੇ ਘੁੱਟਵਾਂ ਰੇਬ ਪਜ਼ਾਮਾ ਪਹਿਨਦਾ ਸੀ। ਜਵਾਨੀ ਵੇਲੇ ਭਾਵੇਂ ਉਹ ਕੋਟ ਪਤਲੂਣ ਤੇ ਟਾਈ ਦਾ ਸ਼ੁਕੀਨ ਸੀ ਪਰੰਤੂ ਜਦੋਂ ਖਾਲਸਾ ਕਾਲਜ ਦਾ ਪ੍ਰੋਫੈਸਰ ਬਣਿਆ ਉਦੋਂ ਤੋਂ ਉਹ ਅਚਕਨ ਪਜ਼ਾਮੇ ਨੂੰ ਪਹਿਨਦਾ ਆ ਰਿਹਾ ਸੀ। ਉਸ ਦਾ ਪੱਗੜੀ ਬੰਨ੍ਹਣ ਦਾ ਵੀ ਆਪਣਾ ਇਕੋ ਇਕ ਢੰਗ ਸੀ। ਪੈਰੀਂ ਉਹ ਹਮੇਸ਼ਾਂ ਜ਼ਰਾਬਾਂ ਪਾ ਕੇ ਬੂਟ ਪਹਿਨਦਾ ਪਰ ਪਿਛਲੇ ਦਿਨਾਂ ਵਿਚ ਗੁਰਗਾਬੀ ਦੀ ਵੀ ਆਦਤ ਪੈ ਗਈ ਸੀ। ਉਹ ਆਪਣੇ ਇਸ ਪਹਿਰਾਵੇ ਵਿਚ ਬੜਾ ਹੀ ਚੁਸਤ ਤੇ ਫ਼ੁਰਤੀਲਾ ਜਾਪਦਾ ਸੀ ਤੇ ਚਿਹਰੇ ਦੇ ਖੇੜੇ ਨੇ ਪਿਛਲੇ ਦਿਨਾਂ ਤਕ ਵੀ ਉਸ ਲਈ 'ਬਿਰਧ' ਜਾਂ 'ਬੁੱਢਾ' ਸ਼ਬਦ ਵਰਤਨ ਤੋਂ ਵਰਜੀ ਰਖਿਆ।

ਉਸ ਨੇ ਆਪਣੀ ਨਿਰਾਲੀ ਸ਼ਖ਼ਸੀਅਤ, ਮਿੱਠੀ ਬੋਲੀ ਅਤੇ ਸਨੇਹਮਈ ਵਤੀਰੇ ਸਦਕਾ ਸਭ ਥਾਈਂ ਪ੍ਰੋਫੈਸਰਾਂ, ਵਿਦਿਆਰਥੀਆਂ ਤੇ ਪ੍ਰਬੰਧਕਾਂ ਦੀ ਪ੍ਰਸੰਸਾ ਪ੍ਰਾਪਤ ਕਰ ਲਈ ਸੀ। ਉਹ ਹਮੇਸ਼ਾਂ ਮਿੱਠੀ ਮਿੱਠੀ ਬੋਲੀ ਵਿਚ ਲੈਕਚਰ ਦਿੰਦਾ ਤੇ ਇੰਜ ਜਾਪਦਾ ਜਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੂੰਹੋਂ ਫੁੱਲ ਕਿਰਦੇ ਹੋਣ। ਅੰਗਰੇਜ਼ੀ ਦਾ ਵਿਦਵਾਨ ਹੋਣ ਤੋਂ ਛੁੱਟ ਉਹ ਪੰਜਾਬੀ ਦਾ ਬੜਾ ਹੀ ਪ੍ਰੇਮੀ ਜੁਸੀ। ਇਸੇ ਕਾਰਨ ਉਸ ਨੇ ਪੰਜਾਬੀ ਸਾਹਿਤਕਾਰਾਂ ਨੂੰ ਹਮੇਸ਼ਾਂ ਉਤਸ਼ਾਹਤ ਕੀਤਾ। ਅਸਲ ਵਿਚ ਉਸ ਦਾ ਜੀਵਨ ਪਿਆਰ ਤੇ ਉਤਸ਼ਾਹ ਦਾ ਸੋਮਾ ਸੀ। ਜੇ ਉਸ ਨੂੰ ਕੋਈ ਓਪਰਾ ਆਦਮੀ ਮਿਲਦਾ ਤਾਂ ਉਹ ਉਸ ਨੂੰ ਇਸ ਤਰ੍ਹਾਂ ਸਨੇਹ ਤੇ ਨਿੱਘ ਭਰੇ ਵਤੀਰੇ ਨਾਲ ਮਿਲਦਾ, ਜਿਵੇਂ ਉਸ ਨੂੰ ਕਈ ਸਾਲਾਂ ਤੋਂ ਜਾਣਦਾ ਹੋਵੇ। ਪਹਿਲੀ ਮਿਲਣੀ ਨਾਲ ਹੀ ਉਸ ਨਾਲ ਇਕ ਵਿਸ਼ੇਸ਼ ਅਪਣੱਤ ਪਾ ਲੈਣਾ ਉਸ ਦੇ ਸੁਭਾਅ ਦਾ ਇਕ ਉੱਤਮ ਗੁਣ ਸੀ। ਉਸ ਦਾ ਜੀਵਨ ਇਕ ਸਹਾਇਕ ਵਾਂਗ ਰਿਹਾ ਹੈ। ਅਸਲ ਗੱਲ ਇਹ ਹੈ ਕਿ ਬਚਪਨ ਤੇ ਜਵਾਨੀ ਵਿਚ ਉਸ ਨੇ ਆਪ ਗਰੀਬੀ ਵੇਖੀ ਸੀ ਇਸ ਲਈ ਉਹ ਲੋੜਮੰਦਾਂ ਦਾ ਹਮੇਸ਼ਾ ਮੱਦਦਗਾਰ ਰਿਹਾ। ਸੁਭਾਅ ਦਾ ਰਸੀਲਾ ਹੋਣ ਕਰਕੇ ਉਹ ਸਭ ਮਿਲਣ ਵਾਲਿਆਂ ਨਾਲ ਗੱਲਾਂ ਬਾਤਾਂ ਕਰਕੇ ਰਸ ਮਾਣਿਆ ਕਰਦਾ ਸੀ। ਇਸੇ ਰਸ ਮਾਣਨ ਦੇ ਸੁਭਾਅ ਸਦਕਾ ਉਹ ਆਪਣੇ ਆਪ ਨੂੰ 'ਚਾਖਾ' ਕਿਹਾ ਕਰਦਾ ਸੀ।

ਉਸ ਦਾ ਰੋਜ਼ਾਨਾ ਜੀਵਨ ਬੜਾ ਮਸ਼ੀਨੀ ਕਿਸਮ ਦਾ ਸੀ। ਭਾਵੇਂ ਕੁਝ ਵੀ ਹੋਵੇ, ਉਹ ਹਰ ਰੋਜ਼ ਸਵੇਰੇ ਚਾਰ ਵਜੇ ਉੱਠਦਾ ਤੇ ਹਮੇਸ਼ਾਂ ਗਰਮ ਪਾਣੀ ਨਾਲ ਇਸ਼ਨਾਨ ਕਰਦਾ ਹੋਇਆ ਨਿਤਨੇਮ ਦਾ ਪਾਠ ਕਰਦਾ। ਚਾਹ ਵੀ ਭਾਵੇਂ ਉਹ ਕਿਤੇ ਕਿਤੇ ਪੀ ਲੈਂਦਾ ਸੀ ਪਰ ਦੁੱਧ ਦਾ ਵਧੇਰੇ ਸ਼ੌਕੀਨ ਸੀ ਤੇ ਸਵੇਰ ਵੇਲੇ ਆਦਤਨ ਉਹ ਦੁੱਧ ਹੀ ਪੀਂਦਾ। ਇਸ ਤਰ੍ਹਾਂ ਤਿਆਰ ਹੋ ਕੇ ਪੰਜ ਵਜੇ ਤੋਂ ਪਹਿਲਾਂ ਪੜ੍ਹਣ ਬੈਠ ਜਾਣਾ ਉਸ ਦਾ ਨਿਯਮ ਸੀ। ਤੇ ਨੌਂ ਵਜੇ ਤਕ ਆਪਣੇ ਕੰਮ ਵਿਚ ਰੁਝਿਆ ਰਹਿੰਦਾ। ਦਸਿਆ ਜਾਂਦਾ ਹੈ ਕਿ ਉਸੇ ਮੇਜ਼ ਉੱਤੇ ਉਸ ਨੂੰ ਕੋਈ ਮਿਲਣ ਆ ਸਕਦਾ ਸੀ ਤੇ ਬੱਚੇ ਪਿਆਰ ਲੈ ਸਕਦੇ ਸਨ। ਉਥੇ ਬੈਠਾ ਬੈਠਾ ਹੀ ਉਹ ਛਾਹ ਵੇਲਾ ਕਰ ਲੈਂਦਾ। ਜਵਾਨੀ ਤੋਂ ਅੰਤਲੇ ਦਿਨਾਂ ਤਕ ਲਗਭਗ ਉਸਦਾ ਇਹੋ ਨਿਯਮ ਰਿਹਾ। ਜਵਾਨੀ ਵਿਚ ਉਹ ਭਾਵੇਂ ਮੀਟ ਦਾ ਤਕੜਾ ਸ਼ੌਕੀਨ ਸੀ ਪਰੰਤੂ ਅੰਤਲੇ ਦਿਨਾਂ ਵਿਚ ਬੀਮਾਰੀ ਦਾ ਜ਼ੋਰ ਪੈਣ ਸਦਕਾ ਉਸ ਨੂੰ ਨਿਰੋਲ ਵੈਸ਼ਨਵ ਹੋਣਾ ਪਿਆ।[9] ਸਿਹਤ ਦੀ ਰਖਿਆ ਖਾਤਰ ਉਹ ਕਿਤੇ ਕਿਤੇ ਵਰਤ ਵੀ ਰੱਖ ਲੈਂਦਾ ਸੀ। ਉਹ ਸਫਾਈ ਭਗਤ ਵੀ ਬਹੁਤ ਸੀ। ਜਿਥੇ ਉਹ ਆਪ ਹਮੇਸ਼ਾਂ ਸਵੱਛ ਰਹਿਣਾ ਪਸੰਦ ਕਰਦਾ ਸੀ ਉਥੇ ਉਹ ਸਜੇ ਸੁਥਰੇ ਕਮਰਿਆਂ ਤੇ ਸਵੱਛ ਕੱਪੜਿਆਂ ਵਿਚ ਸਜੇ ਹੋਏ ਬੱਚਿਆਂ ਦਾ ਵੀ ਪ੍ਰੇਮੀ ਸੀ। ਉਹ ਆਪ ਬਰਫ ਦਾ ਬੜਾ ਸ਼ੌਕੀਨ ਸੀ। ਕਹਿੰਦੇ ਹਨ ਕਿ ਇਕ ਗਲਾਸ ਪਾਣੀ ਵਿਚ ਦੋ ਗਲਾਸ ਵਜ਼ਨ ਦੀ ਬਰਫ ਪਾ ਕੇ ਪੀਂਦਾ ਸੀ।[10]

ਉਹ ਕਈ ਸਾਲ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦਾ ਮੈਂਬਰ ਰਿਹਾ ਤੇ ਭਾਰਤੀ ਸਾਹਿਤ ਅਕਾਡਮੀ ਨੇ ਉਸ ਨੂੰ ਪੰਜਾਬੀ ਲਈ ਆਪਣਾ ਸਲਾਹਕਾਰ ਵੀ ਬਣਾਈ ਰਖਿਆ ਹੈ। ਇਨ੍ਹਾਂ ਸੰਸਥਾਵਾਂ ਵਿਚ ਉਹ ਬੜੇ ਸ਼ਲਾਘਾਯੋਗ ਮਸ਼ਵਰੇ ਦਿੰਦਾ ਰਿਹਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਵਾਰਤਕ ਵਾਂਗ ਉਹ ਇਕ ਸਭਿਅ ਵਿਅਕਤੀ ਸੀ। ਉਸਨੇ ਨਾ ਕਿਤੇ ਆਪਣੀ ਜ਼ਬਾਨ ਨੂੰ ਕੌੜੀ ਹੋਣ ਦਿੱਤਾ ਸੀ ਤੇ ਨਾ ਹੀ ਆਪਣੇ ਗੁੱਸੇ ਨੂੰ ਵਧਣ ਦਿੱਤਾ ਸੀ। ਉਸ ਨੂੰ ਤਾਂ ਆਪਣੇ ਦੁਸ਼ਮਣ ਨਾਲ ਵੀ ਸਹਿਨਸ਼ੀਲਤਾ ਨਾਲ ਨਿੱਭਣ ਦਾ ਹੁਨਰ ਆਉਂਦਾ ਸੀ। ਜਿਵੇਂ ਉਹ ਅਕਸਰ ਆਪ ਕਿਹਾ ਕਰਦਾ ਸੀ, 'ਮੈਨੂੰ ਨਿੱਖੜਨ ਦੀ ਜਾਚ ਆਉਂਦੀ ਹੈ।' ਉਸ ਨੇ ਭਾਵੇਂ ਕਈ ਥਾਵਾਂ ਤੋਂ ਨਰਾਜ਼ ਹੋ ਕੇ ਵੀ ਨੌਕਰੀਆਂ ਛੱਡੀਆਂ ਸਨ ਪਰ ਵਦਾਇਗੀ ਵੇਲੇ ਉਸ ਨੇ ਕਿਸੇ ਨੂੰ ਕਦੇ ਨਾ ਕੌੜਾ ਸ਼ਬਦ ਬੋਲਿਆ ਸੀ ਅਤੇ ਨਾ ਹੀ ਅਜਿਹਾ ਵਾਤਾਵਰਨ ਪੈਦਾ ਹੋਣ ਦਿੱਤਾ ਸੀ। 'ਤੇਜਾ ਸਿੰਘ[11] ਜੀ ਇਕ ਦਾਨੇ ਦੁਸ਼ਮਣ ਸਨ ਜਿਨ੍ਹਾਂ ਦੀ ਦੁਸ਼ਮਣੀ ਤੋਂ ਉਨ੍ਹਾਂ ਦੇ ਵੈਰੀਆਂ ਨੂੰ ਕਦੇ ਡਰਨ ਦੀ ਲੋੜ ਨਹੀਂ ਹੁੰਦੀ ਅਤੇ ਇਸੇ ਲਈ ਜੇ ਕੋਈ ਤੇਜਾ ਸਿੰਘ ਦੇ ਵਿਰੁਧ ਹੋਣਾ ਚਾਹੇ, ਉਸ ਨੂੰ ਕਿਸੇ ਤਰ੍ਹਾਂ ਦੀ ਝਕਣ ਤੇ ਡਰਨ ਦੀ ਲੋੜ ਨਹੀਂ। ਉਹ ਮਿੱਤਰਾਂ ਦੇ ਮਿੱਤਰ ਸਨ। ਵੈਰੀਆਂ ਦੇ ਵੈਰੀ ਨਹੀਂ। ਉਹ ਮਾਫ਼ ਕਰ ਸਕਦੇ ਸਨ, ਉਹ ਭੁੱਲ ਸਕਦੇ ਸਨ ਤੇ ਉਹ ਆਪਣੀ ਵਡਿਆਈ ਬਦਲਾ ਲੈਣ ਵਿਚ ਨਹੀਂ ਸਗੋਂ ਖੁਲ੍ਹ-ਦਿਲੀ ਦੇ ਪ੍ਰਗਟਾ ਵਿਚ ਸਮਝਦੇ ਸਨ।' ਉਹ ਧੀਰਜ, ਸ਼ਾਂਤੀ ਤੇ ਸਭਿਆਚਾਰ ਨੂੰ ਸਰਬੋਤਮ ਦਰਜਾ ਦਿੰਦਾ ਸੀ ਇਥੋਂ ਤਕ ਕਿ ਜੇ ਜੀਵਨ ਵਿਚ ਕਿਸੇ ਨੇ ਉਸ ਨੂੰ ਗਾਲ੍ਹਾਂ ਵੀ ਕੱਢ ਲਈਆਂ ਤਾਂ ਉਸ ਨੇ ਅਗੋਂ ਮੁਸਕਰਾ ਛਡਿਆ ਜਾਂ ਅਗੋਂ ਕੇਵਲ ਇੰਨਾ ਹੀ ਕਿਹਾ, 'ਮੈਂ ਨਹੀਂ ਜੇ ਤੁਹਾਡੇ ਨਾਲ ਲੜਨਾ, ਤੁਸੀਂ ਆਪਣਾ ਯਤਨ ਜਾਰੀ ਰਖੋ।' ਅੰਤ ਲੜਨ ਵਾਲੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਜਾਂਦਾ। ਉਸ ਦੀ ਬੋਲੀ ਇੰਨੀ ਮਿੱਠੀ ਤੇ ਸਭਿਅ ਸੀ ਕਿ ਗੁਸੇ ਵਿਚ ਆ ਕੇ ਵੀ ਉਸ ਨੇ ਕਦੇ ਆਪਣੇ ਮੂੰਹੋਂ ਕੋਈ ਅਸਭਯ ਸ਼ਬਦ ਨਹੀਂ ਸੀ ਕੱਢਿਆ। ਇਹੋ ਗੁਣ ਹੀ ਉਸਦੀ ਵਾਰਤਕ ਵਿਚੋਂ ਪ੍ਰਤੱਖ ਦਿਸਦਾ ਹੈ। ਉਸ ਨੇ ਸਿਧੀ ਸਾਦੀ ਪਰ ਸਪਸ਼ਟ ਬੋਲੀ ਰਾਹੀਂ ਆਪਣਾ ਜੀਵਨ ਦਰਸ਼ਨ ਲੋਕਾਂ ਤਕ ਪਹੁੰਚਾਇਆ ਹੈ ਤੇ 'ਤੇਜਾ ਸਿੰਘ ਨੇ ਆਪਣੇ ਆਪ ਨੂੰ ਸਿਧਾਂਤਾਂ ਦੇ ਖਲਜਗਨ ਤੋਂ ਸੁਤੰਤਰ ਰੱਖ ਕੇ, ਬਾਕੀ ਲੇਖਕਾਂ ਤੋਂ ਵਧੇਰੇ ਬਹੁਪੱਖੀ ਵਿਸ਼ਿਆਂ ਨੂੰ ਅਪਣਾਉਣ ਤੇ ਪ੍ਰਗਟਾਉਣ ਲਈ ਸਮਰਥਾ ਦਿਖਾਈ ਹੈ।'[12]

ਅੰਮ੍ਰਿਤਾ ਪ੍ਰੀਤਮ ਦੀਆਂ ਦਰਦਮਈ ਕਵਿਤਾਵਾਂ ਪੜ੍ਹਾਉਂਦੇ ਪੜ੍ਹਾਉਂਦੇ ਕਈ ਵਾਰ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਇਆ ਕਰਦੇ ਸਨ। ਉਹ ਅਕਸਰ ਭਾਵੁਕ ਹੋ ਜਾਂਦਾ ਸੀ। ਇਸੇ ਤਰ੍ਹਾਂ ਕਿਤੇ ਕਿਤੇ ਭਾਵੁਕਤਾ ਵੱਸ ਹੋ ਕੇ, ਉਹ ਦੂਸਰੇ ਦੀ ਖੁਸ਼ੀ ਜਾਂ ਗਮੀ ਵੇਖ ਕੇ ਜਾਂ ਕਈ ਵਾਰ ਲੈਕਚਰ ਦਿੰਦੇ ਦਿੰਦੇ, ਉਸ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਸਨ। ਕੰਮ ਕਰਨ ਦਾ ਉਸ ਵਿਚ ਅਥਾਹ ਜਜ਼ਬਾ ਸੀ। ਔਖੇ ਤੋਂ ਔਖੇ ਕੰਮ ਤੇ ਭਾਰੀ ਤੋਂ ਭਾਰੀ ਜ਼ੁਮੇਂਵਾਰੀ ਨੂੰ ਉਹ ਖਿੜੇ ਮੱਥੇ ਸੰਭਾਲ ਲਿਆ ਕਰਦਾ ਸੀ। ਇਹੋ ਕਾਰਨ ਹੈ ਕਿ ਪਟਿਆਲੇ ਰਹਿੰਦੇ ਸਮੇਂ ਸਾਰਾ ਵਾਤਾਵਰਨ ਹੀ ਉਸ ਦੇ ਰੰਗ ਵਿਚ ਰੰਗਿਆ ਗਿਆ। ਅਸਲ ਵਿਚ ਉਸ ਦੇ ਜੀਵਨ ਦਾ ਇਕ ਮਾਟੋ ਸੀ 'ਮੇਰੀ ਆਦਤ ਹੀ ਇਹ ਹੈ ਕਿ ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੰਮ ਕਰੋ, ਇੰਨੀ ਰੀਝ ਨਾਲ ਕਰੋ, ਤੇ ਇੰਨਾ ਸੋਹਣਾ ਕਰੋ ਕਿ ਉਸ ਤੋਂ ਚੰਗਾ ਤੁਸੀਂ ਨਾ ਕਰ ਸਕਦੇ ਹੋਵੋ ।'

ਹਵਾਲੇ ਤੇ ਟਿੱਪਣੀਆਂ

1. ਹਰਨਾਮ ਸਿੰਘ ਸ਼ਾਨ, 'ਪਰਖ ਪੜਚੋਲ', ਪੰਜਾਬ ਯੂਨੀਵਰਸਟੀ, ਪੰਨਾ 230
2. ਗੁਰਬਚਨ ਸਿੰਘ ਤਾਲਿਬ, 'ਆਧੁਨਿਕ ਪੰਜਾਬੀ ਵਾਰਤਕ', ਦੂਜੀ ਵਾਰ 1968, ਪੰਨਾ 5
3. ਪ੍ਰਿਤਪਾਲ ਸਿੰਘ, 'ਪੰਜਾਬੀ ਸਾਹਿਤ ਦੀ ਜਾਣ ਪਛਾਣ', ਪੰਨਾ 127
4. 'ਪਿੱਛੋਂ ਜਾ ਕੇ ਉਮਰ ਵਿਚ ਇਕ ਸਾਲ ਵਧਾਉਣ ਲਈ ਕਈ ਯਤਨਾਂ ਨਾਲ 1893 ਕਰਵਾਇਆ' —'ਆਰਸੀ', ਕ੍ਰਿਤ ਤੇਜਾ ਸਿੰਘ, ਪੰਨਾ 12
5. 'ਆਰਸੀ', ਪੰਨਾ 11
6. ਉਸ ਦੀਆਂ ਸਾਰੀਆਂ ਰਚਨਾਵਾਂ ਦਾ ਵੇਰਵਾ ਇਸ ਪੁਸਤਕ ਦੇ ਇਕ ਵੱਖਰੇ ਲੇਖ ਹੇਠ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ।
7. 'ਸਾਹਿਤ ਸਮਾਚਾਰ' (ਤੇਜਾ ਸਿੰਘ ਅੰਕ), ਪੰਨਾ 157 ਦੇ ਹਵਾਲੇ ਅਨੁਸਾਰ ।
8. 'ਸਾਹਿਤ ਸਮਾਚਾਰ' (ਤੇਜਾ ਸਿੰਘ ਅੰਕ), ਪੰਨਾ 158 ਦੇ ਹਵਾਲੇ ਅਨੁਸਾਰ ।
9. 'ਪੰਜਾਬੀ ਦੁਨੀਆਂ' (ਦਰਬਾਰ ਅੰਕ), ਮਈ-ਜੂਨ 1956, ਵਿਚਲੇ ਸ. ਸ. ਅਮੋਲ ਦੇ ਲੇਖ ਅਨੁਸਾਰ ।
10. ਇਸ ਲੇਖ ਦੇ ਲੇਖਕ ਜੀ ਸ. ਸ. ਅਸ਼ੋਕ ਨਾਲ 30-5-72 ਨੂੰ ਇਕ ਮੁਲਾਕਾਤ ਹੋਈ ਜਿਸ ਵਿਚ ਅਸ਼ੋਕ ਜ਼ੀ ਤੋਂ ਲੇਖਕ ਨੂੰ ਪ੍ਰਿੰ. ਤੇਜਾ ਸਿੰਘ ਦੀ ਜੀਵਨੀ, ਸ਼ਖ਼ਸੀਅਤ ਤੇ ਸਾਹਿਤਕ ਪ੍ਰਾਪਤੀ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਹੋਈ ।
11. 'ਪੰਜਾਬੀ ਦੁਨੀਆਂ' (ਦਰਬਾਰ ਅੰਕ), ਮਈ-ਜੂਨ 1956, ਵਿਚਲੇ ਸ. ਸ. ਅਮੋਲ ਦੇ ਲੇਖ ਅਨੁਸਾਰ ।
12. ਦੀਵਾਨ ਸਿੰਘ ਦੇ "ਤੇਜਾ ਸਿੰਘ ਅਤੇ ਪੰਜਾਬੀ ਲੇਖ" ਅਨੁਸਾਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਜਾ ਸਿੰਘ ਦੀ ਰਚਨਾ

ਪ੍ਰਿੰਸੀਪਲ ਤੇਜਾ ਸਿੰਘ ਸਰਬਾਂਗੀ ਸਾਹਿਤਕਾਰ ਹੈ। ਉਸ ਦੀ ਖੋਜ, ਆਲੋਚਨਾ, ਲੇਖ ਰਚਨਾ ਤੇ ਵਾਰਤਕ ਪੰਜਾਬੀ ਸਾਹਿਤ ਵਿਚ ਇਕ ਮੀਲ-ਪੱਥਰ ਹੈ। ਪੁਰਾਤਨ ਇਤਿਹਾਸ ਦੀ ਪੇਸ਼ਕਾਰੀ ਤੇ ਗੁਰਮਤਿ ਦੀ ਵਿਆਖਿਆ ਦੇ ਖੇਤਰ ਵਿਚ ਉਸ ਦਾ ਥਾਂ ਨਵੇਕਲਾ ਹੈ। ਸਿੱਖ ਧਰਮ ਤੇ ਸਿੱਖੀ ਜੀਵਨ ਦੇ ਆਦਰਸ਼ਾਂ ਨੂੰ ਉਸ ਨੇ ਪੰਜਾਬੀ ਤੋਂ ਛੁਟ ਅੰਗਰੇਜ਼ੀ ਸਾਹਿਤ ਰਾਹੀਂ ਵੀ ਦੇਸ਼ਾਂ-ਦੇਸਾਂਤਰਾਂ ਤਕ ਪਹੁੰਚਾਇਆ ਹੈ। 'ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ, ਪੰਜਾਬੀ ਦਾ ਸਾਹਿਤਕ ਭੰਡਾਰ ਭਰਨ ਤੇ ਉਸ ਦੀ ਨਰੋਈ ਆਲੋਚਨਾਤਮਕ ਰੀਤ ਬੰਨ੍ਹਣ ਲਈ ਜਿਸ ਯੋਗਤਾ, ਸੁਹਿਰਦਤਾ, ਪ੍ਰਮਾਣੀਕਤਾ, ਨਿਰਪੱਖਤਾ ਤੇ ਵਿਸ਼ਾਲ-ਚਿਤੱਤਾ ਨਾਲ ਉਨ੍ਹਾਂ ਨੇ ਆਪਣਾ ਫਰਜ਼ ਨਿਬਾਹਿਆ, ਉਹ ਸਾਡੇ ਸਾਹਿਤ ਦੀ ਸਿਰਜਨਾ ਤੇ ਆਲੋਚਨਾ ਦੇ ਇਤਿਹਾਸ ਦੀ ਇਕ ਅਭੁੱਲ ਯਾਦ ਬਣ ਗਈ ਹੈ।'[1]

ਤੇਜਾ ਸਿੰਘ ਦੀ ਪੁਸਤਕ ਰੂਪ ਵਿਚ ਭਾਵੇਂ ਸਾਡੇ ਕੋਲ ਕੋਈ ਬਹੁਤੀ ਰਚਨਾ ਨਹੀਂ ਹੈ ਪਰੰਤੂ ਉਸ ਨੇ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਚੋਖੀ ਤੇ ਕਈ ਪ੍ਰਕਾਰ ਦੀ ਰਚਨਾ ਕੀਤੀ ਹੈ। ਪ੍ਰਿੰਸੀਪਲ ਸਾਹਿਬ ਦੀਆਂ ਬਹੁਤ ਸਾਰੀਆਂ ਲਿਖਤਾਂ ਅਜੇ ਤਕ ਵੱਖ ਵੱਖ ਅਖ਼ਬਾਰਾਂ, ਰਸਾਲਿਆਂ ਤੇ ਟਰੈਕਟਾਂ ਵਿਚ ਲੇਖਾਂ, ਰੀਵੀਊਆਂ, ਰੇਖਾ ਚਿਤਰਾਂ ਤੇ ਮੁਖਬੰਦਾਂ ਆਦਿ ਦੇ ਰੂਪ ਵਿਚ ਬੰਦ ਪਈਆਂ ਹਨ ਜੋ ਵਿਦਵਾਨ ਖੋਜੀਆਂ ਤੇ ਸਾਹਿਤ ਦੇ ਪਾਰਖੂਆਂ ਦੀ ਉਡੀਕ ਕਰ ਰਹੀਆਂ ਹਨ। ਕਿੰਨਾ ਚੰਗਾ ਹੋਵੇ ਜੇ ਉਸ ਦੀਆਂ ਸਾਰੀਆਂ ਕਿਰਤਾਂ ਨੂੰ ਇਕੱਤਰ ਕਰ ਕੇ ਉਨ੍ਹਾਂ ਨੂੰ ਕਿਸੇ ਸੁਚੱਜੇ ਢੰਗ ਨਾਲ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾਵੇ ਤੇ ਉਨ੍ਹਾਂ ਦੀ ਸਮੁੱਚੀ ਸਾਹਿਤ ਸੇਵਾ ਨੂੰ ਪੰਜਾਬੀ ਜਗਤ ਦੇ ਸਾਹਮਣੇ ਲਿਆਂਦਾ ਜਾਵੇ।

'ਬਹੁਤ ਸਾਰੇ ਵਰਤਮਾਨ ਪੰਜਾਬੀ ਸਾਹਿਤਕਾਰਾਂ ਦੀਆਂ ਲਿਖਤਾਂ ਸੋਧਣ ਤੇ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ 'ਭੂਮਿਕਾ' ਲਿਖਣ ਤੋਂ ਛੁਟ ਭਾਈ ਕਾਹਨ ਸਿੰਘ ਜੀ ਦੇ 'ਮਹਾਨ ਕੋਸ਼', ਪੰਜਾਬ ਯੂਨੀਵਰਸਿਟੀ ਲਾਹੌਰ ਦੇ 'ਪੰਜਾਬੀ-ਅੰਗਰੇਜ਼ੀ ਕੋਸ਼' ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ 'ਅੰਗਰੇਜ਼ੀ ਪੰਜਾਬੀ ਕੋਸ਼' ਜਹੀਆਂ ਮਹਾਨ ਤੇ ਯਾਦਗਾਰੀ ਰਚਨਾਵਾਂ ਦੀ ਸੁਧਾਈ ਤੇ ਸੰਪਾਦਨ ਆਦਿ ਵਿਚ ਵੀ ਆਪ ਦਾ ਚੋਖਾ ਹੱਥ ਹੈ। 'ਐਂਗਲੋ-ਪੰਜਾਬੀ ਡਿਕਸ਼ਨਰੀ' ਪੰਜਾਬ ਤੇ ਪੰਜਾਬੀਆਂ ਲਈ ਆਪ ਦੀ ਅੰਤ੍ਰਮ ਪਰ ਅਤਿ ਲੋੜੀਂਦੀ ਤੇ ਲਾਭਦਾਇਕ ਸੁਗਾਤ ਹੈ।'[2] ਤੇਜਾ ਸਿੰਘ ਦੇ ਖੋਜ ਭਰਪੂਰ ਆਲੋਚਨਾਤਮਕ ਤੇ ਹੋਰ ਸਾਹਿਤਕ ਲੇਖ ਉਸ ਦੀਆਂ ਰਚਨਾਵਾਂ ਵਿਚ ਰਲੇ ਮਿਲੇ ਮਿਲਦੇ ਹਨ। 'ਉਸ ਦੇ ਕਈ ਆਲੋਚਨਾਤਮਕ ਲੇਖ 'ਸਹਿਜ ਸੁਭਾ', 'ਨਵੀਆਂ ਸੋਚਾਂ' ਆਦਿ ਵਿਚ ਮਿਲਦੇ ਹਨ। ਇਕ ਹੋਰ ਪੁਸਤਕ 'ਸਾਹਿੱਤ ਦਰਸ਼ਨ' ਲਿਖ ਕੇ ਉਸ ਨੇ ਪੜਚੋਲ ਦਾ ਪਿੜ ਵਧਾਇਆ ਹੈ। ਤੇਜਾ ਸਿੰਘ ਦੀ ਆਲੋਚਨਾ ਵਿਗਿਆਨਕ ਆਸ਼ੇ ਤੋਂ ਅਤੇ ਬੋਲੀ ਦੀ ਸਰਲਤਾ ਵਜੋਂ ਬੇਮਿਸਾਲ ਹੈ। ਉਸ ਦੀ ਆਲੋਚਨਾ-ਪੱਧਰ, ਵਿਸ਼ੇਸ਼ ਕਰਕੇ ਪ੍ਰਮਾਣੀਕ ਮੰਨੀ ਜਾਂਦੀ ਹੈ।'[3]

ਤੇਜਾ ਸਿੰਘ ਦੇ 'ਲੇਖਾਂ ਵਿਚ ਬੇਕਨ ਦੀ ਸਾਹਿਤ ਸ਼ੈਲੀ ਦੀ ਸੰਜਮਤਾ ਦੇ ਨਾਲ ਨਾਲ ਵੀਹਵੀਂ ਸਦੀ ਦੇ ਗੱਦ ਲੇਖਕਾਂ ਵਾਲੀ ਸਮਾਜਕ ਸੂਝ ਵੀ ਹੈ। ਆਪ ਕਿਸੇ ਵਸਤੂ ਜਾਂ ਸਾਧਾਰਨ ਘਟਨਾ ਨੂੰ ਆਪਣੀ ਵਿਚਾਰਧਾਰਾ ਦਾ ਤੁਲ ਬਣਾ ਕੇ ਭਾਈਚਾਰਕ ਤੇ ਸਮਾਜਕ ਅਧਿਐਨ ਪੇਸ਼ ਕਰਨ ਵਿਚ ਨਾ ਕੇਵਲ ਸਫਲ ਹੀ ਸਨ, ਸਗੋਂ ਆਪ ਦੇ ਟਾਕਰੇ ਦਾ ਕੋਈ ਲਿਖਾਰੀ ਪੰਜਾਬੀ ਸਾਹਿਤ ਵਿਚ ਨਹੀਂ ਹੈ।'[4] ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਤੇਜਾ ਸਿੰਘ ਦੀ ਵਾਰਤਕ ਪੰਜਾਬੀ ਲਈ ਕਲਾਸੀਕਲ ਵਾਰਤਕ ਤੋਂ ਕਿਸੇ ਤਰ੍ਹਾਂ ਘਟ ਹੈ। ਉਸ ਦੀ ਵਾਰਤਕ ਉਸੇ ਤਰ੍ਹਾਂ ਕਲਾਸੀਕਲ ਹੈ ਜਿਸ ਤਰ੍ਹਾਂ ਅੰਗਰੇਜ਼ੀ ਲਈ ਐਡੀਸ਼ਨ ਦੀ ਵਾਰਤਕ ਨੂੰ ਕਲਾਸੀਕਲ ਮੰਨਿਆ ਜਾਂਦਾ ਹੈ।

ਤੇਜਾ ਸਿੰਘ ਬਾਰੇ ਸਮੁੱਚੇ ਅਧਿਐਨ ਲਈ ਉਸ ਦੀ ਸਾਰੀ ਰਚਨਾਵਲੀ ਤੋਂ ਗਿਆਤ ਹੋਣਾਂ ਅਵੱਸ਼ਕ ਹੈ। ਇਸ ਲਈ ਅਸੀਂ ਉਸ ਦੀ ਸਾਰੀ ਸਾਹਿਤਕ ਸੇਵਾ ਦਾ ਵੇਰਵਾ ਰਚਨਾਵਾਂ ਛਪਣ ਦੇ ਕ੍ਰਮ ਅਨੁਸਾਰ ਦਿੰਦੇ ਹਾਂ :

ਪੰਜਾਬੀ ਰਚਨਾਵਾਂ

1.	ਗੁਰੂ ਨਾਨਕ ਸਾਹਿਬ ਦਾ ਮਿਸ਼ਨ	1914 (ਪਹਿਲੀ ਕ੍ਰਿਤ)
2.	ਸ਼ਬਦਾਂਤਕ ਲੱਗਾਂ ਮਾਤਰਾਂ	1924
3.	ਜਪੁਜੀ ਸਟੀਕ	1925
4.	ਨਵਾਂ ਪੰਜਾਬੀ ਪਿੰਗਲ	1932 (ਸਹਿ ਲੇਖਕ : ਮਾ. ਕਰਮ ਸਿੰਘ)
5.	ਪੰਜਾਬੀ ਭੌਰੇ	1932 (ਸਹਿ ਲੇਖਕ : ਸ. ਸ. ਅਮੋਲ)
6.	ਚੋਣਵੀਂ ਪੰਜਾਬੀ ਕਵਿਤਾ (ਸੰਪਾਦਿਤ)	1933 (ਇਸ ਵਿਚ ਤੇਜਾ ਸਿੰਘ ਦੀ ਇਕ ਭੂਮਿਕਾ ਹੈ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7. ਸਿਲਵਰ ਜੁਬਲੀ ਬੁੱਕ 1935 (ਸਹਿ ਲੇਖਕ : ਭਾਈ ਨਾਨਕ ਸਿੰਘ)
8. ਸ਼ਬਦਾਰਥ 1936 (ਸਟੀਕ ਆਦਿ ਗ੍ਰੰਥ, ਚਾਰ ਜਿਲਦਾਂ ਵਿਚ)
9. ਆਸਾ ਦੀ ਵਾਰ ਸਟੀਕ 1938
10. ਨਵੀਆਂ ਸੋਚਾਂ (16 ਲੇਖਾਂ ਦਾ ਸੰਗ੍ਰਹਿ) 1942 (ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ)
11. ਸਹਿਜ ਸੁਭਾ (12 ਲੇਖਾਂ ਦਾ ਸੰਗ੍ਰਹਿ) 1942 —ਉਹੀ—
12. ਸੰਸਾਰ ਦੇ ਆਗੂ 1942 (ਸਹਿ ਲੇਖਕ : ਮਾ. ਮਹਿਤਾਬ ਸਿੰਘ)
13. ਪੰਜਾਬੀ ਸ਼ਬਦ ਜੋੜ 1949
14. ਸਾਹਿਤ ਦਰਸ਼ਨ 1951 (ਪ੍ਰਕਾਸ਼ ਪੁਸਤਕਾਲਾ, ਪਟਿਆਲਾ)
15. ਸਿੱਖ ਧਰਮ 1952 —ਉਹੀ—
16. ਸਭਿਆਚਾਰ 1952 (ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ)
17. ਆਰਸੀ (ਸਵੈ-ਜੀਵਨੀ) 1952
18. ਪੰਜਾਬੀ ਕਿਵੇਂ ਲਿਖੀਏ ? 1954 (ਹਿੰਦ ਪਬਲਿਸ਼ਰਜ਼, ਜਲੰਧਰ)
19. ਮਹਾਂ ਪੁਰਖ (ਜੀਵਨੀਆਂ ਸੰਪਾਦਿਤ) 1956 (ਸਹਿ ਸੰਪਾਦਕ : ਹਰਨਾਮ ਸਿੰਘ ਸ਼ਾਨ)
20. ਤੇਜਾ ਸਿੰਘ ਦੇ ਚੋਣਵੇਂ ਲੇਖ 1957 (ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼)
21. ਗੁਸਲਖਾਨਾ ਤੇ ਹੋਰ ਲੇਖ 1958 (ਕਸਤੂਰੀ ਲਾਲ ਐਂਡ ਸਨਜ਼)
22. ਘਰ ਦਾ ਪਿਆਰ 1958
23. ਸਿਮਰਤੀਆਂ
24. ਤਿਆਰ-ਬਰ-ਤਿਆਰ (ਇਹ ਰਚਨਾ ਅਣਛਪੀ ਦੱਸੀ ਜਾਂਦੀ ਹੈ)

ਡਿਕਸ਼ਨਰੀਆਂ

1. ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ (ਸੰਪਾਦਿਤ ਪੰਜਾਬ ਯੂਨੀਵਰਸਿਟੀ ਲਾਹੌਰ ਲਈ)
2. ਅੰਗਰੇਜ਼ੀ-ਪੰਜਾਬੀ-ਡਿਕਸ਼ਨਰੀ (ਸੰਪਾਦਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1953)
3. ਐਂਗਲੋ-ਪੰਜਾਬੀ ਡਿਕਸ਼ਨਰੀ (ਲਾਹੌਰ ਬੁੱਕ ਸ਼ਾਪ, ਲੁਧਿਆਣਾ 1955)

ਅੰਗਰੇਜ਼ੀ ਰਚਨਾਵਾਂ

1. 'ਗ੍ਰੋਥ ਆਫ ਰਿਸਪਾਨਸਿਬਿਲਟੀ ਇਨ ਸਿਖਿਜ਼ਮ'
(ਜੋ ਗੋਕਲ ਚੰਦ ਨਾਰੰਗ ਦੀ ਕਿਤਾਬ 'ਟਰਾਨਸਫਾਰਮੇਸ਼ਨ ਆਫ ਸਿਖਿਜ਼ਮ' ਦਾ ਪ੍ਰਤਿਉੱਤਰ ਹੈ)
2. 'ਗੁਰਦੁਆਰਾ ਰੀਫਾਰਮ ਮੂਵਮੈਂਟ'
3. 'ਸਾਮ ਆਫ਼ ਪੀਸ' (ਸੁਖਮਨੀ ਸਾਹਿਬ ਦਾ ਅੰਗਰੇਜ਼ੀ ਉਲਥਾ)
ਪ੍ਰਕਾਸ਼ਕ : ਔਕਸਫੋਰਡ ਯੂਨੀਵਰਸਿਟੀ ਪ੍ਰੈਸ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. 'ਸਿਖਿਜ਼ਮ' (ਸਿੱਖ ਧਰਮ ਦੀ ਦਾਰਸ਼ਨਿਕਤਾ ਸਬੰਧੀ)
ਪ੍ਰਕਾਸ਼ਕ : ਲਾਂਗ ਮੈਨਜ਼ ਗਰੀਨ ਐਂਡ ਕੋ ।

5. 'ਹਾਈ ਰੋਡਜ਼ ਆਫ ਸਿੱਖ ਹਿਸਟਰੀ' (ਤਿੰਨ ਜਿਲਦਾਂ ਵਿਚ)
ਪ੍ਰੋ. ਦੀਵਾਨ ਚੰਦ ਸ਼ਰਮਾ ਨਾਲ ਰਲ ਕੇ ਲਿਖੀ ਹੈ । ਇਹ ਪੁਸਤਕ ਪਹਿਲਾਂ ਲਾਹੌਰ ਵਿਚ ਸਰਦਾਰ ਸ਼ਮਸ਼ੇਰ ਸਿੰਘ ਨੇ ਤੇ ਫੇਰ 'ਲਾਂਗ ਮੈਨਜ਼ ਗਰੀਨ ਐਂਡ ਕੋ' ਨੇ ਛਾਪੀ ਹੈ ।

6. 'ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਜ਼'
ਡਾ. ਗੰਡਾ ਸਿੰਘ ਨਾਲ ਰਲ ਕੇ ਲਿਖੀ ਹੈ । ਪ੍ਰਕਾਸ਼ਕ : ਓਰੀਐਂਟਲ ਲਾਂਗ ਮੈਨਜ਼।

7. ਸ੍ਰੀ ਗੁਰੂ ਗਰੰਥ ਸਾਹਿਬ ਦਾ ਅੰਗਰੇਜ਼ੀ ਉਲਥਾ : ਇਸ ਗਰੰਥ ਦਾ ਕਾਫ਼ੀ ਕੰਮ ਹੋ ਗਿਆ ਸੀ ਪਰੰਤੂ ਤੇਜਾ ਸਿੰਘ ਨੂੰ ਵਿਚਕਾਰੋਂ ਹੀ ਧੁਰੋਂ ਸੱਦਾ ਆ ਗਿਆ । (ਇਹ ਰਚਨਾ ਅਣਛਪੀ ਪਈ ਹੈ)

ਉਸ ਦੀ ਪੰਜਾਬੀ ਰਚਨਾ ਨੂੰ ਸਾਹਿਤਕ ਤੇ ਆਲੋਚਨਾਤਮਕ ਲੇਖਾਂ, ਜੀਵਨੀ ਸਾਹਿਤ, ਸ਼ਬਦਾਰਥ ਟੀਕੇ, ਬੋਲੀ ਤੇ ਵਿਆਕਰਣਾਂ ਆਦਿ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ । ਹੁਣ ਅਸੀਂ ਉਸਦੀਆਂ ਪ੍ਰਮੁੱਖ ਤੇ ਮਹੱਤਵਪੂਰਨ ਰਚਨਾਵਾਂ ਬਾਰੇ ਸੰਖੇਪ ਜਾਣ-ਪਛਾਣ ਦਿੰਦੇ ਹਾਂ :

ਲੇਖਾਂ ਬਾਰੇ ਮੁੱਖ ਰੂਪ ਵਿਚ ਤੇਜਾ ਸਿੰਘ ਦੀਆਂ ਦੋ ਪੁਸਤਕਾਂ 'ਨਵੀਆਂ ਸੋਚਾਂ' (1942) ਤੇ 'ਸਹਿਜ ਸੁਭਾ' (1942) ਵਿਚ ਪ੍ਰਕਾਸ਼ਤ ਹੋਈਆਂ ਸਨ । ਇਨ੍ਹਾਂ ਕਿਤਾਬਾਂ ਵਿਚ ਆਲੋਚਨਾਤਮਕ ਤੇ ਹੋਰ ਸਾਹਿਤਕ ਲੇਖ ਰਲੇ ਮਿਲੇ ਛਪੇ ਸਨ । ਬਾਅਦ ਵਿਚ ਤੇਜਾ ਸਿੰਘ ਨੇ ਇਨ੍ਹਾਂ ਨੂੰ ਵਿਸ਼ੇ ਤੇ ਰੂਪ ਅਨੁਸਾਰ ਵੰਡ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਕੁਝ ਹੋਰ ਲੇਖ ਪਾ ਕੇ ਤਿੰਨ ਨਵੀਆਂ ਰਚਨਾਵਾਂ ਪ੍ਰਕਾਸ਼ਤ ਕਾਰਵਾਈਆਂ ਹਨ ਜਿਨ੍ਹਾਂ ਦੇ ਸਿਰਲੇਖ 'ਸਭਿਆਚਾਰ' (1952—ਸਭਿਆਚਾਰਕ ਲੇਖਾਂ ਦਾ ਸੰਗ੍ਰਹਿ), 'ਸਾਹਿਤ ਦਰਸ਼ਨ' (1951—ਆਲੋਚਨਾਤਕ ਤੇ ਸਾਹਿਤਕ-ਖੋਜ ਦੇ ਲੇਖਾਂ ਦਾ ਸੰਗ੍ਰਹਿ) ਤੇ ਸਿੱਖ ਧਰਮ (1952—ਧਾਰਮਿਕ ਲੇਖਾਂ ਦਾ ਸੰਗ੍ਰਹਿ) ਹਨ । ਪੁਸਤਕ ਵਾਰ ਮੂਲ ਰੂਪ ਤੇਜਾ ਸਿੰਘ ਦੇ ਹੇਠ ਲਿਖੇ ਲੇਖ ਦਰਜ ਹਨ ।

ਨਵੀਆਂ ਸੋਚਾਂ—(ਸੋਲ੍ਹਾਂ ਲੇਖਾਂ ਦਾ ਸੰਗ੍ਰਹਿ) ਇਸ ਵਿਚ 'ਨਵਾਂ ਜ਼ਮਾਨਾ', 'ਹੱਸਣਾ ਤੇ ਕੂਕਣਾ', 'ਹਾਸ ਰਸ', 'ਹਾਸ ਰਸ ਤੇ ਧਰਮ', 'ਘਰ ਦਾ ਪਿਆਰ', 'ਪੰਜਾਬੀ ਵਿਚ ਕਾਫ਼ੀ', 'ਗੰਗਾ ਦੀਨ', 'ਗੁਰੂ ਨਾਨਕ ਦੇਵ ਦਾ ਦੇਸ਼ ਪਿਆਰ', 'ਸ਼ਹਿਰ ਦਾ ਨਲਕਾ', 'ਪ੍ਰੀਤਮ ਸਿੰਘ ਦਾ ਸੁਭਾ', 'ਸਭਿਆਚਾਰਾਂ ਦਾ ਮੇਲਾ', 'ਕੀ ਗੁਰੂ ਨਾਨਕ ਦੇਵ ਪੜ੍ਹੇ ਹੋਏ ਸਨ ?', 'ਖ਼ਾਲਸਾ ਕਾਲਜ ਅੰਮ੍ਰਿਤਸਰ', 'ਸਾਊ ਪੁਣਾ', 'ਵਿਹਲੀਆਂ ਗੱਲਾਂ' ਤੇ 'ਕਰਾਮਾਤ' ਨਾਂ ਦੇ ਲੇਖ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਿਜ ਸੁਭਾ—(ਬਾਰ੍ਹਾਂ ਲੇਖਾਂ ਦਾ ਸੰਗ੍ਰਹਿ) ਇਸ ਵਿਚ 'ਆਮ ਵਾਕਫ਼ੀ ਤੇ ਸਭਿਆਚਾਰ ਦਾ ਘਾਟਾ', 'ਸਰਬ-ਸੰਮਤੀ ਜਾਂ ਬਹੁ-ਸੰਮਤੀ', 'ਸ਼ਿੱਖ ਤੇ ਸ਼ਾਂਤ ਮਈ', ਨਿੱਕੀ ਜਿਹੀ ਕਹਾਣੀ', 'ਲੋਕ ਭਰਮ' (ਜਨੌਰਾਂ ਬਾਬਤ), ਚਿੱਟਾ ਲਹੂ' (ਨਾਨਕ ਸਿੰਘ ਦੇ ਨਾਵਲ ਚਿੱਟਾ ਲਹੂ ਬਾਰੇ ਪੜਚੋਲ), 'ਰਾਜਾ ਰਸਾਲੂ' (ਜੀਵਨੀ), 'ਰੋਡਾ ਜਲਾਲੀ' (ਜੀਵਨੀ), 'ਪੰਜਾਬੀ ਦਾ ਇਤਿਹਾਸ' (ਪੰਜਾਬੀ ਦਾ ਭਾਸ਼ਾਈ ਇਤਿਹਾਸ), 'ਚੰਗਾ ਮੰਦਾ', 'ਸਿੱਖ ਯੂਨੀਵਰਸਿਟੀ' (ਖ਼ਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਬਣਾ ਦੇਣ ਦੇ ਵਿਚਾਰ), 'ਕਵੀ ਦਾ ਸੁਆਗਤ' (ਹਰਦਿਆਲ ਸਿੰਘ ਦੀ ਕਵਿਤਾ ਉਤੇ ਆਲੋਚਨਾ) ਨਾਂ ਦੇ ਲੇਖ ਹਨ।

ਗੁਸਲਖਾਨਾ ਤੇ ਹੋਰ ਲੇਖ—(ਪੰਦਰਾਂ ਲੇਖਾਂ ਦਾ ਸੰਗ੍ਰਹਿ) ਇਸ ਸੰਗ੍ਰਹਿ ਦੇ ਲੇਖਾਂ ਵਿਚੋਂ ਨੌਂ ਲੇਖ 'ਨਵੀਆਂ ਸੋਚਾਂ' ਵਿਚਲੇ, ਚਾਰ 'ਸਹਿਜ ਸੁਭਾ' ਵਿਚਲੇ ਅਤੇ ਕੇਵਲ ਚਾਰ ਲੇਖ ਹੋਰ ਨਵੇਂ ਹਨ। ਉਨ੍ਹਾਂ ਦੇ ਨਾਂ ਹਨ, 'ਮੇਰਾ ਵਿਆਹ', 'ਗੁਸਲਖਾਨਾ', ਅਗਲੇ ਜ਼ਮਾਨੇ' ਤੇ 'ਮਾਨਾਂ ਦਾ ਅੰਤ'।

ਤੇਜਾ ਸਿੰਘ ਦੇ ਚੋਣਵੇਂ ਲੇਖ—(ਵੀਹ ਲੇਖਾਂ ਦਾ ਸੰਗ੍ਰਹਿ) ਇਸ ਸੰਗ੍ਰਹਿ ਦੇ ਲੇਖਾਂ ਵਿਚ ਦਸ 'ਨਵੀਆਂ ਸੋਚਾਂ' ਵਿਚੋਂ, ਦੋ 'ਸਹਿਜ ਸੁਭਾ' ਵਿਚੋਂ ਤੇ ਅੱਠ ਹੋਰ ਸਾਹਿਤ ਦਰਸ਼ਨ ਦੇ ਤੇ ਕੁਝ ਨਵੇਂ ਲੇਖ ਹਨ। ਉਨ੍ਹਾਂ ਦੇ ਨਾਂ ਹਨ; 'ਪੰਜਾਬੀਅਤ ਅਤੇ ਪੰਜਾਬੀ ਰਚਨਾ', 'ਪੰਜਾਬੀ ਤੇ ਇਤਿਹਾਸਕਾਰ ਕਵੀ', 'ਹੀਰ ਦਮੋਦਰ', 'ਪੰਜਾਬੀ ਬੋਲੀ ਦੀ ਬਣਤਰ', 'ਪੰਜਾਬੀ ਦੇ ਇਤਿਹਾਸਕ ਅਖਾਣ', 'ਪੰਜਾਬੀ ਲੋਕ ਗੀਤ', ਮਹਾਂ ਕਾਵਿ', 'ਮਾਨਾਂ ਦਾ ਅੰਤ'। ਸਾਹਿਤਕ ਲੇਖਾਂ ਦੀਆਂ ਹੋਰ ਪੁਸਤਕਾਂ 'ਘਰ ਦਾ ਪਿਆਰ', 'ਸਭਿਆਚਾਰ', ਸਿੱਖ ਧਰਮ' ਆਦਿ ਵਿਚ ਲਗ ਪਗ ਉਪਰੋਕਤ ਅੰਕਿਤ ਚਾਰੇ ਲੇਖ ਸੰਗ੍ਰਹਿਆਂ ਵਿਚਲੇ ਲੇਖਾਂ ਵਿਚੋਂ ਹੀ ਕਿਸੇ ਨਾ ਕਿਸੇ ਤਰ੍ਹਾਂ ਦੀ ਚੋਣ ਹੈ।

ਸਾਹਿਤ ਦਰਸ਼ਨ—ਇਹ ਆਲੋਚਨਾਤਮਕ ਤੇ ਖੋਜ ਭਰਪੂਰ ਲੇਖਾਂ ਦੀ ਪੁਸਤਕ ਹੈ। ਇਸ ਦੇ ਨਿਮਨ ਸਿਰਲੇਖਾਂ ਹੇਠ ਭਾਗ ਕੀਤੇ ਗਏ ਹਨ: 'ਪੰਜਾਬੀ ਬੋਲੀ', 'ਪੰਜਾਬੀ ਸਾਹਿਤ', 'ਪੁਰਾਤਨ ਪੰਜਾਬੀ ਕਾਵਿ', 'ਨਾਵਲ', 'ਨਵੀਨ ਪੰਜਾਬੀ ਕਾਵਿ', 'ਮਹਾਂ ਕਾਵਿ'। ਹਰ ਇਕ ਭਾਗ ਨੂੰ ਅੱਗੇ ਫਿਰ ਉੱਪ ਸਿਰਲੇਖਾਂ ਹੇਠ ਵਿਗਿਆਨਕ ਢੰਗ ਨਾਲ ਵੰਡਿਆ ਗਿਆ ਹੈ। ਇਸ ਤਰ੍ਹਾਂ ਤੇਜਾ ਸਿੰਘ ਨੇ ਇਸ ਪੁਸਤਕ ਵਿਚ ਸਮੁੱਚੇ ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੇ ਵੱਖ ਵੱਖ ਰੂਪਾਂ ਬਾਰੇ ਬੜੀ ਹੀ ਮਹੱਤਵਪੂਰਣ ਤੇ ਸ਼ਲਾਘਾਯੋਗ ਜਾਣਕਾਰੀ ਵਿਅਕਤ ਕੀਤੀ ਹੈ।

ਪੰਜਾਬੀ ਕਿਵੇਂ ਲਿਖੀਏ ?—ਇਸ ਪੁਸਤਕ ਦੇ ਸੱਤ ਅਧਿਆਇ ਹਨ। ਇਨ੍ਹਾਂ ਵਿਚ ਪੰਜਾਬੀ ਬੋਲੀ ਦੇ ਭੂਗੋਲਕ ਤੇ ਇਤਿਹਾਸਕ ਪਿਛੋਕੜ ਤੋਂ ਬਿਨਾਂ ਸ਼ਬਦ-ਜੋੜਾਂ, ਵਿਆਕਰਣ, ਸਾਹਿਤਕ ਸ਼ਬਦਾਵਲੀ, ਬੋਲੀ ਦੀ ਠੇਠਤਾ, ਸਾਹਿਤ ਸਿਧਾਂਤ ਤੇ ਪੰਜਾਬੀ ਨੂੰ ਨਿਰੋਲ ਪੰਜਾਬੀ ਰੂਪ ਵਿਚ ਰੱਖਣ ਆਦਿ ਉਤੇ ਵਿਗਿਆਨਕ ਢੰਗ ਨਾਲ ਚਰਚਾ ਕੀਤੀ

CC-0. In Public Domain. Gurukul Kangri Collection, Haridwar

ਗਈ ਹੈ। Digitized by Arya Samaj Foundation Chennai and eGangotri

ਜੀਵਨੀ ਸਾਹਿਤ—'ਆਰਸੀ' ਉਸ ਦੀ ਸਵੈ-ਜੀਵਨੀ ਹੈ ਜੋ ਪੰਜਾਬੀ ਜੀਵਨੀ ਸਾਹਿਤ ਵਿਚ ਆਪਣੀ ਕਿਸਮ ਦੀ ਇਕ ਨਵੇਕਲੀ ਤੇ ਪੰਜਾਬੀ ਵਾਰਤਕ ਦਾ ਇਕ ਉੱਤਮ ਨਮੂਨਾ ਹੈ। ਇਸ ਪੁਸਤਕ ਵਿਚ ਮੁੱਢਲੀ ਅਵਸਥਾ ਤੋਂ ਲੈ ਕੇ ਮਹਿੰਦਰਾ ਕਾਲਜ ਪਟਿਆਲਾ ਤੋਂ ਰੀਟਾਇਰ ਹੋਣ ਤੱਕ ਦੇ ਜੀਵਨ ਦਾ ਸੁਚੱਜਾ ਚਿਤਰਣ ਮਿਲਦਾ ਹੈ। 'ਮਹਾਂਪੁਰਖ' ਨਾਂ ਦੀ ਪੁਸਤਕ ਤੇਜਾ ਸਿੰਘ ਨੇ ਹਰਨਾਮ ਸਿੰਘ ਸ਼ਾਨ ਨਾਲ ਰਲ ਕੇ ਸੰਸਾਰ ਦੇ ਪ੍ਰਸਿਧ ਵਿਅਕਤੀਆਂ ਦੀਆਂ ਜੀਵਨੀਆਂ ਬਾਰੇ ਸੰਪਾਦਿਤ ਕੀਤੀ ਹੈ। ਇਸ ਵਿਚ ਤੇਜਾ ਸਿੰਘ ਨੇ 'ਗੁਰੂ ਨਾਨਕ ਦੇਵ' ਜੀ ਦੀ ਸੰਖੇਪਤ ਜੀਵਨੀ ਨਾਂ ਦਾ ਲੇਖ ਸ਼ਾਮਲ ਕੀਤਾ ਹੈ। ਇਸ ਉਪਰੰਤ ਉਸਦੇ ਲੇਖਾਂ ਵਿਚੋਂ ਇਕ ਦੋ ਲੇਖਾਂ ਵਿਚ ਜੀਵਨ ਬ੍ਰਿਤਾਂਤ ਉਲੀਕਿਆ ਗਿਆ ਹੈ।

ਟੀਕਿਆਂ ਵਿਚੋਂ 'ਜਪੁਜੀ ਦਾ ਟੀਕਾ', 'ਆਸਾ ਦੀ ਵਾਰ ਦਾ ਟੀਕਾ', ਸ੍ਰੀ ਗੁਰੂ ਗਰੰਥ ਸਾਹਿਬ ਦਾ 'ਸ਼ਬਦਾਰਥ' ਪ੍ਰਸਿੱਧ ਹਨ। ਤੇਜਾ ਸਿੰਘ ਨੇ ਇਹ ਟੀਕੇ ਰਚ ਕੇ ਪੰਜਾਬੀ ਖੋਜ, ਪੜਚੋਲ, ਵਿਆਖਿਆ ਦੇ ਸੰਪਾਦਨਾ ਦੇ ਖੇਤਰ ਵਿਚ ਨਵਾਂ ਮਿਆਰ ਨਿਸ਼ਚਿਤ ਕੀਤਾ।

ਪਰ ਤੇਜਾ ਸਿੰਘ ਦੀ ਬਹੁਤ ਸਾਰੀ ਰਚਨਾ ਜਿਵੇਂ ਕਿ ਉੱਪਰ ਵੀ ਪ੍ਰਗਟ ਕਰ ਚੁੱਕੇ ਹਾਂ ਕਿ ਉਹ ਮੁਖ-ਬੰਦਾਂ, ਰਿਵਿਊਆਂ, ਰੇਡੀਓ ਵਾਰਤਾਵਾਂ, ਲੇਖਾਂ, ਰੇਖਾ ਚਿੱਤਰਾਂ, ਚਿੱਠੀਆਂ, ਕਾਲਜਾਂ ਦੇ ਮੈਗਜ਼ੀਨਾਂ (ਜਿਹੜੇ ਜਿਹੜੇ ਕਾਲਜਾਂ ਦੇ ਵਿਚ ਉਹ ਰਹੇ ਹਨ) ਆਦਿ ਦੇ ਰੂਪ ਵਿਚ ਮਿਲਦੀਆਂ ਹਨ। ਇਨ੍ਹਾਂ ਦਾ ਬਹੁਤ ਵੱਡਾ ਭਾਗ ਫੁਲਵਾੜੀ, ਪੰਜ ਦਰਿਆ, ਦਰਬਾਰ, ਅਕਾਲੀ ਪਤ੍ਰਿਕਾ, ਖਾਲਸਾ ਸਮਾਚਾਰ, ਆਦਿ ਪਤ੍ਰਿਕਾਵਾਂ ਦੇ ਪੁਰਾਣੇ ਪਰਚਿਆਂ ਵਿਚ ਨੱਪਿਆ ਤੇ ਖਿਲਰਿਆ ਪਿਆ ਹੈ।

ਹਵਾਲੇ ਤੇ ਟਿੱਪਣੀਆਂ

1. ਹਰਨਾਮ ਸਿੰਘ ਸ਼ਾਨ, 'ਪਰਖ ਪੜਚੋਲ', ਪੰਜਾਬ ਯੂਨੀਵਰਸਿਟੀ, ਪੰਨਾ 37
2. ਉਹੀ, ਪੰਨਾ 232
3. ਦੀਵਾਨ ਸਿੰਘ, 'ਸੂਫੀਵਾਦ ਤੇ ਹੋਰ ਲੇਖ' (1967) ਪੰਨਾ 109
4. ਸ. ਸ. ਨਰੂਲਾ, 'ਪੰਜਾਬੀ ਸਾਹਿਤ ਦਾ ਇਤਿਹਾਸ' ਪੰਨਾ 242

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਜਾ ਸਿੰਘ ਦਾ ਸਾਹਿਤਿਕ ਪ੍ਰਭਾਵ

ਪ੍ਰਿੰਸੀਪਲ ਤੇਜਾ ਸਿੰਘ ਨੇ ਆਧੁਨਿਕ ਪੰਜਾਬੀ ਸਾਹਿਤ ਨੂੰ ਮੁੱਖ ਰੂਪ ਵਿਚ ਦੋ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ। ਪਹਿਲਾਂ ਉਸ ਨੇ ਸਮਕਾਲੀ ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਤੇ ਖਾਸ ਕਰਕੇ ਖੋਜ ਤੇ ਆਲੋਚਨਾ ਅਤੇ ਵਾਰਤਕ ਤੇ ਨਿਬੰਧ ਕਲਾ ਦੀ ਅਗਵਾਈ ਕਰਦੇ ਹੋਏ ਸੁਚੱਜੀ ਰਚਨਾ ਕੀਤੀ ਹੈ। ਦੂਸਰਾ ਉਸ ਨੇ ਪੰਜਾਬੀ ਦੇ ਅਨੇਕਾਂ ਨਵੇਂ ਸਾਹਿਤ-ਕਾਰ ਪੈਦਾ ਕੀਤੇ, ਉਨ੍ਹਾਂ ਦੀ ਅਗਵਾਈ ਕੀਤੀ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੀਆਂ ਭੂਮਿਕਾਵਾਂ ਤੇ ਰੀਵਿਊ ਲਿਖ ਕੇ, ਉਨ੍ਹਾਂ ਨੂੰ ਉਤਸ਼ਾਹਤ ਕੀਤਾ। ਇਸ ਤਰ੍ਹਾਂ ਤੇਜਾ ਸਿੰਘ ਵਰਤਮਾਨ ਪੰਜਾਬੀ ਸਾਹਿਤ ਦੇ ਵਿਕਾਸ ਦੀ ਇਕ ਮਹੱਤਵਪੂਰਣ ਕੜੀ ਹੈ।

1.

ਤੇਜਾ ਸਿੰਘ ਦੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪੰਜਾਬੀ ਖੋਜ ਤੇ ਆਲੋਚਨਾ ਦਾ ਮਿਆਰ ਬਹੁਤ ਹੀ ਨੀਵਾਂ ਸੀ। ਭਾਵੇਂ ਪੰਜਾਬੀ ਦੇ ਮੱਢੀ ਖੋਜੀ ਤੇ ਆਲੋਚਕਾਂ-ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ ਆਦਿ ਨੇ ਇਸਦਾ ਮੁੱਢ ਤਾਂ ਬੰਨ੍ਹ ਦਿੱਤਾ ਸੀ ਪਰ ਉਨ੍ਹਾਂ ਦੀ ਆਲੋਚਨਾ ਇਕ ਤਾਂ ਸਾਰੇ ਸਾਹਿਤ ਰੂਪਾਂ ਦੀ ਪ੍ਰਤਿਨਿਧਤਾ ਨਹੀਂ ਕਰਦੀ ਸੀ ਤੇ ਦੂਜਾ ਉਹ ਕਿਸੇ ਵਿਗਿਆਨਕ ਲੀਹ ਉਤੇ ਆਧਾਰਤ ਨਹੀਂ ਸੀ। ਉਨ੍ਹਾਂ ਦੀ ਆਲੋਚਨਾ ਵਧੇਰੇ ਕਰਕੇ ਨਿਰੀ ਕਾਵਿ ਆਲੋਚਨਾ ਤਕ ਹੀ ਸੀਮਤ ਸੀ। ਪੂਰਨ ਸਿੰਘ, ਭਾਈ ਵੀਰ ਸਿੰਘ, ਜੀ.ਬੀ. ਸਿੰਘ, ਡਾ. ਮੋਹਨ ਸਿੰਘ, ਤੇਜਾ ਸਿੰਘ ਆਦਿ ਵਿਦਵਾਨਾਂ ਦੇ ਆਗਮਨ ਨਾਲ 'ਨਿਰੀ ਕਾਵਿ ਆਲੋਚਨਾ ਤਕ ਸੀਮਿਤ ਪੰਜਾਬੀ ਪਰਖ-ਪੜਚੋਲ ਨੂੰ ਵਾਰਤਕ ਦੇ ਮਗਰ ਵੀ ਲਾ ਦਿੱਤਾ।'[1] ਤੇਜਾ ਸਿੰਘ ਦੇ ਭਰਪੂਰ ਯਤਨਾਂ ਨਾਲ ਪੰਜਾਬੀ ਦੀ ਵਰਤਮਾਨ ਸਮੇਂ ਦੀ ਸਾਹਿਤਕ ਤੇ ਵਿਗਿਆਨਿਕ ਆਲੋਚਨਾ ਦੀ ਨੀਂਹ ਰੱਖੀ ਗਈ। ਹਰਨਾਮ ਸਿੰਘ ਸ਼ਾਨ ਦੇ ਸ਼ਬਦਾਂ ਵਿਚ ਪ੍ਰਿੰਸੀਪਲ ਤੇਜਾ ਸਿੰਘ ਦੇ ਪ੍ਰਵੇਸ਼ ਨਾਲ ਤਾਂ ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਖ ਪੜਚੋਲ ਦੇ ਇਤਿਹਾਸ ਵਿਚ ਇਕ ਨਵੇਂ ਮੰਚ, ਇਕ ਨਵੇਂ ਯੁੱਗ ਤੇ ਨਵੀਆਂ ਕਦਰਾਂ ਦਾ ਮੁੱਢ ਬੱਝਿਆ। ਉਨ੍ਹਾਂ ਨੇ ਤੁਲਵੀਂ, ਸੁਹਿਰਦ, ਸੱਜੀਵਾਨ ਤੇ ਉਤਸ਼ਾਹ ਜਨਕ ਆਲੋਚਨਾ ਦੀ ਨੀਂਹ ਰੱਖੀ। 'ਵਰਤਮਾਨ ਸਮੇਂ ਦੀ ਪੰਜਾਬੀ ਪੜਚੋਲ ਸਭ ਤੋਂ ਪਹਿਲੋਂ ਅਤੇ ਸਹੀ ਅਰਥਾਂ ਵਿਚ ਆਪ ਨੇ ਹੀ ਨਿਰੂਪਣ ਕੀਤੀ ਅਤੇ ਪੜਚੋਲ ਦੀ ਤੱਕੜੀ ਵਿਚ ਪਏ ਹੋਏ ਪਾਸਕੂਆਂ ਨੂੰ ਲਾਂਭੇ ਕਰ ਕੇ ਪਰਖ ਦੇ ਸੁੱਚੇ ਤੋਲ ਕਾਇਮ ਕੀਤੇ।' ਨਾਲੇ ਪੰਜਾਬੀ ਪਰਖ ਪੜਚੋਲ ਨੂੰ ਨਵੀਨ ਪੱਛਮੀ ਆਲੋਚਨਾ ਦੇ ਨੇਮਾਂ ਤੇ ਨਮੂਨਿਆਂ ਉਤੇ ਢਾਲਣ ਦਾ ਉਪਰਾਲਾ ਕੀਤਾ।'[2] ਇਸ ਤਰ੍ਹਾਂ ਤੇਜਾ ਸਿੰਘ ਦੇ ਉਪਰਾਲੇ ਨਾਲ ਪੰਜਾਬੀ ਆਲੋਚਨਾ ਤੇ ਖੋਜ ਦਾ ਨਵਾਂ ਪੱਧਰ ਕਾਇਮ ਹੋਇਆ।

ਤੇਜਾ ਸਿੰਘ ਨੇ ਅਨੇਕਾਂ ਆਲੋਚਨਾਤਮਕ ਲੇਖ ਲਿਖ ਕੇ (ਜੋ ਉਸ ਦੀਆਂ ਰਚਨਾਵਾਂ ਵਿਚ ਰਲੇ ਮਿਲੇ ਮਿਲਦੇ ਹਨ) ਪੰਜਾਬੀ ਦੇ ਖੋਜੀਆਂ ਤੇ ਆਲੋਚਕਾਂ ਲਈ ਨਵੇਂ ਨਿਸ਼ਾਨਿਆਂ ਤੇ ਉਚੇ ਮਿਆਰਾਂ ਦੀ ਲੀਹ ਤੋਰੀ। 'ਸਾਹਿਤ ਦਰਸ਼ਨ' ਉਸ ਦੀ ਇਕ ਨਿਰੋਲ ਆਲੋਚਨਾਤਮਕ ਲੇਖਾਂ ਦੀ ਪੁਸਤਕ ਹੈ। ਇਸ ਤੋਂ ਪਿੱਛੋਂ ਉਸ ਨੇ 1936 ਵਿਚ ਆਦਿ ਗਰੰਥ ਦਾ 'ਸ਼ਬਦਾਰਥ' ਲਿਖ ਕੇ ਪੰਜਾਬੀ ਦੇ ਸੰਪਾਦਕਾਂ ਤੇ ਵਿਦਵਾਨਾਂ ਲਈ ਇਕ ਨਵਾਂ ਤੇ ਨਵੇਕਲਾ ਨਮੂਨਾ ਕਾਇਮ ਕੀਤਾ। ਪ੍ਰੋਫੈਸਰ ਹਰਬੰਸ ਸਿੰਘ ਪੰਜਾਬੀ ਸਾਹਿਤ ਦੇ ਖੋਜੀ ਆਲੋਚਕਾਂ ਉਤੇ ਵਿਚਾਰ ਕਰਦੇ ਹੋਏ ਲਿਖਦੇ ਹਨ, 'ਪ੍ਰਭਾਵਵਾਦੀ ਆਲੋਚਨਾ, ਜਿਸ ਵਿਚ ਆਲੋਚਕ ਕਿਸੇ ਲਿਖਤ ਬਾਰੇ ਆਪਣੇ ਵਿਅਕਤੀਗਤ ਵਿਚਾਰਾਂ ਨੂੰ ਸਾਫ਼ ਸ਼ਬਦਾਂ ਵਿਚ ਬਿਆਨ ਕਰਦਾ ਹੈ, ਸਭ ਤੋਂ ਪਹਿਲਾਂ ਤੇਜਾ ਸਿੰਘ ਦੁਆਰਾ ਲਿਖੀ ਗਈ ਸੀ। ਆਲੋਚਕ ਦੇ ਤੌਰ ਤੇ, ਉਹ ਨੌਜਵਾਨ ਲਿਖਾਰੀਆਂ ਨੂੰ ਉਤਸ਼ਾਹ ਦੇਣ ਦੀ ਭਾਵਨਾ ਵਿਚ ਯਕੀਨ ਰੱਖਦਾ ਸੀ। ਵਾਸਤਵ ਵਿਚ, ਬਹੁਤ ਸਾਰੇ ਅਜਿਹੇ ਵਿਅਕਤੀ ਜਿਨ੍ਹਾਂ ਨੇ ਬਾਅਦ ਵਿਚ ਪੰਜਾਬੀ ਵਿਚ ਸਥਾਈ ਰੂਪ ਵਿਚ ਪ੍ਰਸਿਧਤਾ ਪ੍ਰਾਪਤ ਕੀਤੀ, ਉਹ ਆਪਣੀ ਸਫ਼ਲਤਾ ਲਈ ਤੇਜਾ ਸਿੰਘ ਦੀ ਸਰਪ੍ਰਸਤੀ ਤੇ ਅਗਵਾਈ ਦੇ ਰਿਣੀ ਹਨ।'[3] ਅਸਲ ਗੱਲ ਇਹ ਹੈ ਕਿ 'ਆਪ ਨੇ ਸਾਹਿਤ ਪਰਖ ਜਾਂ ਸਿਧਾਂਤਾਂ ਆਦਿ ਬਾਰੇ ਕੋਈ ਲੰਮੀਆਂ ਚੌੜੀਆਂ ਪੁਸਤਕਾਂ ਲਿਖਣ ਦੀ ਥਾਂ, ਪੁਰਾਣੇ ਸਾਹਿਤ ਨਾਲ ਜਾਣਕਾਰੀ ਕਰਵਾਉਣ ਤੇ ਉਸ ਦੇ ਸੁਆਦ ਚਖਾਉਣ, ਅਤੇ ਸਾਹਿਤ ਦੇ ਗੁਣ ਔਗੁਣ ਦੱਸ ਕੇ ਨਵੇਂ ਸਾਹਿਤਕਾਰਾਂ ਨੂੰ ਉਤਸ਼ਾਹ ਤੇ ਅਗਵਾਈ ਦੇਣ ਲਈ ਜੋ ਲੇਖ, ਰੀਵੀਊ ਤੇ ਮੁਖ ਬੰਧ ਲਿਖੇ ਹਨ, ਉਹ ਸਾਡੇ ਸਮੁਚੇ ਸਾਹਿਤ ਦਾ ਗੌਰਵ ਹਨ। ਇਨ੍ਹਾਂ ਵਿਚ ਅੰਕਿਤ ਆਲੋਚਨਾ, ਪ੍ਰੋਫੈਸਰ ਦੀਵਾਨ ਸਿੰਘ ਅਨੁਸਾਰ 'ਵਿਗਿਆਨਕ ਆਸ਼ੇ ਤੋਂ ਅਤੇ ਬੋਲੀ ਦੀ ਸਰਲਤਾ ਵਜੋਂ ਬੇਮਿਸਾਲ ਹੈ। ਉਨ੍ਹਾਂ ਦੀ ਆਲੋਚਨਾ ਪੱਧਰ, ਵਿਸ਼ੇਸ਼ ਕਰ ਕੇ ਪ੍ਰਮਾਣੀਕ ਜਾਂ ਸਟੈਂਡਰਡ ਮੰਨੀ ਜਾਂਦੀ ਹੈ।[4] ਨਾਲੇ ਇਹ ਬੜੇ ਸਰਲ, ਸਾਊ, ਚੁਸਤ, ਸੰਤੁਲਤ ਤੇ ਰੌਚਕ ਜਹੀ ਸ਼ੈਲੀ ਵਿਚ ਲਿਖੇ ਹੋਏ ਹਨ। ਇਨ੍ਹਾਂ ਦੀ ਸ਼ੁੱਧਤਾ ਤੇ ਸਪੱਸ਼ਟਤਾ, ਮੌਲਿਕਤਾ ਤੇ ਕਲਾ-ਕੌਸ਼ਲਤਾ ਪੰਜਾਬੀ ਵਿਚ 'ਕਲਾਸੀਕਲ' ਹੋਣ ਦਾ ਦਾਅਵਾ ਕਰ ਸਕਦੀ ਹੈ। ਇਨ੍ਹਾਂ ਵਿਚੋਂ ਕਈ ਤਾਂ ਇੰਨੇ ਗੁੰਦਵੇਂ, ਬੱਝਵੇਂ, ਰਸੀਲੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰੇ-ਭਕੂੰਨੇ ਹਨ ਕਿ ਸਾਹਿਤਕ ਕਾਰੀਗਰੀ ਦੇ ਨਮੂਨੇ ਜਾਪਦੇ ਹਨ।[5] ਇਸ ਤਰ੍ਹਾਂ ਤੇਜਾ ਸਿੰਘ ਨੇ ਆਪਣੀ ਅਗਵਾਈ ਦੇ ਕੇ, ਵਿਚਾਰ ਦੇ ਕੇ, ਬੋਲੀ ਤੇ ਪ੍ਰਗਟਾ ਢੰਗ ਦੇ ਕੇ ਅਤੇ ਅੰਗਰੇਜ਼ੀ ਵਿਚਾਰਾਂ ਤੇ ਆਲੋਚਨਾ ਪੱਧਰ ਨੂੰ ਪੰਜਾਬੀ ਲਿਖਾਰੀਆਂ ਦੇ ਸਾਹਮਣੇ ਪੇਸ਼ ਕਰਕੇ ਪੰਜਾਬੀ ਸਾਹਿਤ ਨੂੰ ਸੰਸਾਰ ਦੇ ਉੱਨਤ ਸਾਹਿਤਾਂ ਦੇ ਸਾਹਮਣੇ ਖੜ੍ਹਾ ਕਰਨ ਦਾ ਮਹੱਤਵਪੂਰਣ ਉੱਦਮ ਕੀਤਾ।

ਪੰਜਾਬੀ ਕਵਿਤਾ ਉਤੇ ਤੇਜਾ ਸਿੰਘ ਦਾ ਪ੍ਰਬਲ ਅਸਰ ਇਹ ਹੈ ਕਿ ਉਸ ਨੇ 'ਪੰਜਾਬੀ ਕਵਿਤਾ ਨੂੰ ਕਵੀ ਦਰਬਾਰਾਂ ਵਿਚੋਂ ਕੱਢ ਕੇ ਵਿਹਲੇ ਬਹਿ ਕੇ ਪੜ੍ਹਨ ਲਈ ਤਿਆਰ ਕੀਤਾ। ਕਵਿਤਾ ਵਿਚੋਂ ਧਾਰਮਿਕ ਜਜ਼ਬੇ ਦੀ ਥਾਂ ਮਨੁੱਖੀ ਜਜ਼ਬੇ ਭਰਨ ਲਈ ਕਵੀਆਂ ਨੂੰ ਪ੍ਰੇਰਤ ਕੀਤਾ।[6] ਇਸ ਪੱਖ ਤੋਂ ਉਸਨੇ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਧਨੀ ਰਾਮ ਚਾਤ੍ਰਿਕ, ਗੋਪਾਲ ਸਿੰਘ ਦਰਦੀ ਆਦਿ ਕਵੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਤੇਜਾ ਸਿੰਘ ਨੇ ਜਦ ਸ. ਸ. ਅਮੋਲ ਦੇ ਸਹਿਯੋਗ ਨਾਲ 'ਪੰਜਾਬੀ ਭੌਰੇ' ਨਾਂ ਦੀ ਪੁਸਤਕ ਲਿਖੀ ਤਾਂ ਇਹ ਆਮ ਚਰਚਾ ਹੋਣ ਲੱਗ ਪਿਆ ਸੀ ਕਿ ਇਕ ਪ੍ਰਸਿਧ ਧਾਰਮਿਕ ਪ੍ਰੋਫੈਸਰ ਕਿਵੇਂ ਪ੍ਰੇਮ ਕਹਾਣੀਆਂ ਉਲੀਕਣ ਲੱਗ ਪਿਆ ਜਾਂ ਇਨ੍ਹਾਂ ਨੂੰ ਬਿਆਨ ਕਰਨ ਤੇ ਲਿਖਣ ਵਾਲਿਆਂ ਨੂੰ ਕਿਵੇਂ ਉਤਸ਼ਾਹ ਜਾਂ ਪਰੇਰਨਾ ਦੇਣ ਲੱਗ ਪਿਆ? ਡਾਕਟਰ ਦਰਦੀ ਲਿਖਦੇ ਹਨ ਕਿ ਤੇਜਾ ਸਿੰਘ ਨੇ ਕਵਿਤਾ ਨੂੰ ਕਵੀ ਦਰਬਾਰੀ ਅਸਰ ਥੱਲਿਉਂ ਕੱਢ ਕੇ, ਸਾਹਿਤ ਨੂੰ ਮਨੁੱਖੀ ਸ਼ਕਲ ਦਿਵਾ ਕੇ, ਹਿੰਦੂ ਮੁਸਲਮਾਨਾਂ ਦੀ ਸਰਪ੍ਰਸਤੀ ਪੰਜਾਬੀ ਲਈ ਹਾਸਲ ਕਰਕੇ ਤੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਨਾਲ ਵਾਕਫ਼ੀ ਕਰਵਾ ਕੇ, ਕਵਿਤਾ ਵਿਚ ਖ਼ਿਆਲ ਪ੍ਰਧਾਨ ਬਣਵਾ ਕੇ, ਨਾਵਲ, ਨਾਟਕ ਤੇ ਕਹਾਣੀ ਨੂੰ ਹੋਰ ਉੱਨਤ ਜ਼ਬਾਨਾਂ, ਖ਼ਾਸ ਕਰਕੇ ਅੰਗਰੇਜ਼ੀ ਦੇ ਪੂਰਨਿਆਂ ਤੇ ਚਲਾ ਕੇ ਸਾਹਿਤ ਦੀ ਨੁਹਾਰ ਹੀ ਬਦਲ ਦਿੱਤੀ। ਜਦ ਪਤਾ ਲੱਗਦਾ ਹੈ ਕਿ ਇਹ ਇਕ ਆਦਮੀ ਦਾ ਕੰਮ ਹੈ, ਜਿਸਦੇ ਰਾਹ ਵਿਚ ਹਰ ਕਦਮ ਤੇ ਰੁਕਾਵਟ ਸੀ (ਨਾ ਪਾਠਕ, ਨਾ ਲਿਖਾਰੀ, ਨਾ ਆਲਾ-ਦੁਆਲਾ ਹੌਂਸਲਾ ਬੰਨ੍ਹਾਊ ਸੀ) ਤਾਂ ਹੈਰਾਨ ਹੋ ਜਾਈਦਾ ਹੈ। ਇਹ ਕੰਮ ਪੂਰੀ ਸੰਸਥਾ ਦਾ ਹੈ। ਇਸ ਤੋਂ ਬਿਨਾਂ ਵਿਆਕਰਣ, ਬੋਲੀ ਦੀ ਖੋਜ, ਮਹਾਨ ਕੋਸ਼, ਗੁਰਬਾਣੀ ਵਿਆਕਰਣ ਤੇ ਟੀਕਾ ਸੰਬੰਧੀ ਜੋ ਮਹਾਨ ਕੰਮ ਆਪ ਨੇ ਕੀਤਾ ਹੈ, ਉਸ ਨੇ ਬੋਲੀ ਨੂੰ ਟਕਸਾਲੀ ਬਣਾਉਣ ਵਿਚ ਬਹੁਤ ਸਹਾਇਤਾ ਕੀਤੀ ਹੈ।'[7] ਪ੍ਰੋ. ਦੀਵਾਨ ਸਿੰਘ ਅਨੁਸਾਰ ਇਸ ਪ੍ਰਕਾਰ ਪ੍ਰਿੰਸੀਪਲ ਤੇਜਾ ਸਿੰਘ ਦੀ ਲੇਖਣੀ ਨੇ ਵਿਸ਼ੇ ਦੀ ਸਮੂਹਕਤਾ ਜਾਂ ਸਰਬਾਂਗਤਾ (universality) ਦਾ ਗੁਣ ਬਹੁਤ ਚੰਗੀ ਤਰ੍ਹਾਂ ਪ੍ਰਗਟਾਇਆ। (ਤੇਜਾ ਸਿੰਘ ਤੇ ਪੰਜਾਬੀ ਲੇਖ)

ਆਧੁਨਿਕ ਪੰਜਾਬੀ ਵਾਰਤਕ ਨੂੰ ਵਰਤਮਾਨ ਰੂਪ ਦੇਣ ਵਿਚ ਤੇਜਾ ਸਿੰਘ ਨੇ ਸਿਰਤੋੜ ਜਤਨ ਕੀਤੇ ਹਨ। ਉਸ ਨੇ ਅੰਗਰੇਜ਼ੀ ਦੀ ਹੁਨਰੀ ਵਾਰਤਕ ਦਾ ਰੂਪ ਦੇਣ ਲਈ ਪੰਜਾਬੀ ਵਾਰਤਕ ਵਿਚ ਆਪਣੀ ਵਾਰਤਕ ਰਾਹੀਂ ਸ਼ੁੱਧਤਾ, ਸਪੱਸ਼ਟਤਾ, ਸਰਲਤਾ, ਸੰਕੋਚਤਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਜਮਤਾ ਤੇ ਕਲਾਮਈ ਗੋਂਦ ਜਹੇ ਗੁਣ ਪ੍ਰਵੇਸ਼ ਕੀਤੇ। ਉਸ ਤੋਂ ਪਹਿਲਾਂ ਅਜੋਕੀ ਵਾਰਤਕ ਦਾ ਮੁੱਢ ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਪਿੱਛੋਂ 1850 ਦੇ ਲਗਪਗ ਬੱਝ ਜਾਂਦਾ ਹੈ। ਪਹਿਲਾਂ ਪਹਿਲ ਈਸਾਈਆਂ ਨੇ ਬਾਈਬਲ ਦਾ ਉਲਥਾ ਪੰਜਾਬੀ ਵਾਰਤਕ ਵਿਚ ਕਰਵਾਇਆ, ਪੰਜਾਬੀ ਵਿਆਕਰਣ ਤੇ ਸ਼ਬਦ ਬੋਧ ਤਿਆਰ ਕਰਵਾਏ ਤੇ ਉਨ੍ਹਾਂ ਤੋਂ ਪਿੱਛੋਂ 'ਸਿੰਘ ਸਭਾ ਲਹਿਰ' ਦੇ ਮੋਢੀਆਂ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਵਿਸ਼ੇਸ਼ ਹਿੱਸਾ ਪਾਇਆ ਹੈ। ਭਾਈ ਦਿੱਤ ਸਿੰਘ, ਚਰਨ ਸਿੰਘ ਸ਼ਹੀਦ, ਭਾਈ ਵੀਰ ਸਿੰਘ, ਬਾਵਾ ਪ੍ਰੇਮ ਸਿੰਘ, ਮੋਹਨ ਸਿੰਘ ਵੈਦ, ਭਾਈ ਜੋਧ ਸਿੰਘ, ਪੂਰਨ ਸਿੰਘ, ਸਾਹਿਬ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਤੇਜਾ ਸਿੰਘ, ਆਦਿ ਮੋਢੀ ਵਾਰਤਕ ਲਿਖਾਰੀ ਹੋਏ ਹਨ। ਭਾਈ ਵੀਰ ਸਿੰਘ ਦਾ ਜਿਥੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਵਿਸ਼ੇਸ਼ ਹੱਥ ਹੈ, ਉਥੇ ਉਸ ਨੇ ਇਸ ਸਾਹਿਤ ਰੂਪ ਨੂੰ ਪ੍ਰਭਾਵਿਤ ਵੀ ਬਹੁਤ ਕੀਤਾ ਹੈ। ਉਸ ਤੋਂ ਪਿੱਛੋਂ ਪੰਜਾਬੀ ਵਾਰਤਕ ਨੂੰ ਅਜੋਕਾ ਰੂਪ ਦੇਣ ਵਾਲਾ ਵਾਰਤਕਕਾਰ ਤੇਜਾ ਸਿੰਘ ਹੋਇਆ ਹੈ। ਅਸਲ ਗੱਲ ਇਹ ਹੈ ਕਿ ਤੇਜਾ ਸਿੰਘ ਤੋਂ ਪਹਿਲਾਂ ਦੀ ਵਾਰਤਕ ਵਧੇਰੇ ਧਾਰਮਿਕ ਪ੍ਰਚਾਰ ਤੇ ਨਿਰੋਲ ਸੁਧਾਰਕ ਆਸ਼ੇ ਵਾਲੀ ਹੁੰਦੀ ਸੀ। ਪੂਰਨ ਸਿੰਘ ਨੇ ਪਹਿਲੀ ਵਾਰ ਲੇਖ ਨੂੰ ਸਾਹਿਤ ਦੇ ਰੂਪ ਵਜੋਂ ਲਿਖਿਆ। ਮੋਹਨ ਸਿੰਘ ਵੈਦ ਨੇ ਪੰਜਾਬੀ ਵਾਰਤਕ ਨੂੰ ਇਕ ਨਵੀਂ ਸਾਹਿਤਕ ਬੋਲੀ ਦੇਣ ਵਿਚ ਪਹਿਲਾ ਸਫਲ ਯਤਨ ਕੀਤਾ। ਵਾਰਤਕ ਨੂੰ ਅਮੀਰ ਤੇ ਲਚਕਦਾਰ ਬਣਾਉਣ ਵਿਚ ਭਾਈ ਵੀਰ ਸਿੰਘ, ਤੇਜਾ ਸਿੰਘ, ਜੋਧ ਸਿੰਘ ਤੇ ਗੁਰਬਖਸ਼ ਸਿੰਘ ਦਾ ਤਕੜਾ ਹੱਥ ਹੈ। ਜੇ ਡੂੰਘੀ ਨਜ਼ਰ ਮਾਰ ਕੇ ਵੇਖੀਏ ਤਾਂ ਇਹ ਪਤਾ ਲੱਗਦਾ ਹੈ ਕਿ ਤੇਜਾ ਸਿੰਘ ਦੀ ਵਾਰਤਕ ਕਲਪਨਾ ਤੇ ਸ਼ਖਸੀਅਤ ਦੇ ਨੇੜ ਦੇ ਨਿੱਘ ਨੂੰ ਵਧੇਰੇ ਪ੍ਰਗਟਾਣ ਵਾਲੀ ਹੈ। ਤੇਜਾ ਸਿਘ ਨੇ ਇਕ ਤਰ੍ਹਾਂ ਨਾਲ ਪੰਜਾਬੀ ਵਾਰਤਕ ਦਾ ਪੁਰਾਣਾ ਚੋਲਾ ਉਤਾਰ ਦਿੱਤਾ ਹੈ ਤੇ ਉਸਦੀ ਥਾਂ ਸੁਲਝੀ ਹੋਈ ਬੋਲੀ ਤੇ ਇਕ ਚੰਗੀ ਵਾਰਤਕ ਦੇ ਸਾਰੇ ਗੁਣ ਪ੍ਰਦਾਨ ਕਰਕੇ ਉਸ ਨੂੰ ਇਕ ਨਵੀਨ ਪੁਸ਼ਾਕ ਪਹਿਨਾ ਦਿੱਤੀ ਹੈ। ਗੁਰਬਚਨ ਸਿੰਘ ਤਾਲਿਬ ਅਨੁਸਾਰ, 'ਆਧੁਨਿਕ ਰੰਗ ਦੀ ਸੁਲਝੀ ਹੋਈ ਵਾਰਤਕ ਲਈ ਸਵਾਦ ਤੇ ਉਤਸ਼ਾਹ ਪੈਦਾ ਕਰਨ ਵਿਚ, ਇਕ ਤੁਲਵੀਂ ਤੇ ਸੋਝੀਵਾਨ ਪੜਚੋਲ ਦੀ ਨੀਂਹ ਧਰਨ ਵਿਚ ਅਤੇ ਨਵਿਆਂ ਲਿਖਾਰੀਆਂ ਦੇ ਹੌਂਸਲੇ ਵਧਾ ਕੇ ਉਨ੍ਹਾਂ ਨੂੰ ਪਰੇਰਨ ਅਤੇ ਉਨ੍ਹਾਂ ਦੀਆਂ ਲਿਖਤਾਂ ਦੀ ਹੋਂਦ ਤੇ ਗੁਣਾਂ ਤੋਂ ਆਮ ਪਾਠਕਾਂ ਨੂੰ ਜਾਣੂ ਕਰਾਉਣ ਵਿਚ ਜੋ ਪੰਜਾਬੀ ਸਾਹਿਤ ਦੀ ਭਾਰੀ ਸੇਵਾ ਪ੍ਰਿੰਸੀਪਲ ਤੇਜਾ ਸਿੰਘ ਨੇ ਕੀਤੀ ਹੈ, ਉਸ ਦਾ ਇਕ ਹਿੱਸਾ ਵੀ ਸਾਡੇ ਸਮਕਾਲੀਆਂ ਵਿਚੋਂ ਹੋਰ ਕਿਸੇ ਕੋਲੋਂ ਨਹੀਂ ਸਰਿਆ।'[8] 'ਤੇਜਾ ਸਿੰਘ ਨੇ ਨਿਰੋਲ ਸਾਹਿਤਕ ਨਿਬੰਧ ਦਾ ਮੁੱਢ ਬੰਨ੍ਹਿਆ ਅਤੇ ਆਪਣੀ ਸੂਝ ਬੂਝ ਅਤੇ ਹਾਸਰਸ ਦੀ ਬਿਨਾ ਤੇ ਪੰਜਾਬੀ ਸਾਹਿਤ ਨੂੰ ਪਹਿਲੀ ਵਾਰ ਸਿਰਜਣਾਤਮਕ ਵਾਰਤਕ ਦਿੱਤੀ। ਉਸ ਦੀ ਆਤਮ ਕਥਾ 'ਆਰਸੀ' ਸੁਥਰੀ ਵਾਰਤਕ ਦਾ ਇਕ ਵਧੀਆ ਨਮੂਨਾ ਹੈ। ਸ਼ਾਇਦ ਇਸ ਤੋਂ ਚੰਗੇਰੀ ਪੰਜਾਬੀ ਕਦੀ ਨਹੀਂ ਲਿਖੀ ਗਈ।[9] ਉਸ ਦੀ ਵਾਰਤਕ ਵਿਚ ਪ੍ਰੋਫੈਸਰ ਦੀਵਾਨ ਸਿੰਘ ਅਨੁਸਾਰ ਇਸ ਤਰ੍ਹਾਂ ਜਿਥੇ ਉਸਦੇ ਵਿਸ਼ੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤਕ, ਸਮਾਜਕ, ਧਾਰਮਿਕ, ਵਿਦਿਅਕ, ਕਲਾਤਮਕ, ਆਲੋਚਨਕ, ਰਾਜਸੀ, ਇਤਿਹਾਸਕ, ਸਥਾਨਕ ਆਦਿ ਸਭ ਵੰਨਗੀਆਂ ਦੇ ਹਨ, ਉਥੇ ਬਾਕੀ ਲੇਖਕਾਰਾਂ ਦੇ ਵਿਸ਼ੇ ਵਧੇਰੇ ਕਰਕੇ ਦਾਰਸ਼ਨਿਕ, ਸਮਾਜਕ ਜਾਂ ਧਾਰਮਿਕ ਹੀ ਰਹੇ ਹਨ।

ਉਸ ਨੇ 'ਸਾਧਾਰਣ ਵਿਸ਼ਿਆਂ ਤੇ ਨਿਬੰਧ ਲਿਖ ਕੇ ਪੰਜਾਬੀ ਨਿਬੰਧ ਸਾਹਿਤ ਵਿਚ ਨਵੀਂ ਪਿਰਤ ਪਾਈ ਹੈ। ਇਨ੍ਹਾਂ ਦੀ ਸ਼ੈਲੀ ਨਿਰਾਲੀ ਅਤੇ ਆਪਣੇ ਆਪ ਵਿਚ ਨਮੂਨਾ ਹੈ। ਤਕਨੀਕ ਸੰਬੰਧੀ ਇਹ ਪੂਰੀ ਤਰ੍ਹਾਂ ਚੇਤੰਨ ਹੈ।[10] ਅਸਲ ਵਿਚ ਪ੍ਰੋ. ਦੀਵਾਨ ਸਿੰਘ ਅਨੁਸਾਰ ਤੇਜਾ ਸਿੰਘ ਨੇ ਆਪਣੇ ਆਪ ਨੂੰ ਸਿਧਾਂਤਾਂ ਦੇ ਖਲਜਗਨ ਤੋਂ ਸੁਤੰਤਰ ਰੱਖ ਕੇ, ਬਾਕੀ ਲੇਖਾਂ ਤੋਂ ਵਧੇਰੇ ਬਹੁਪੱਖੀ ਵਿਸ਼ਿਆਂ ਨੂੰ ਅਪਣਾਉਣ ਤੇ ਪ੍ਰਗਟਾਉਣ ਦੀ ਸਮਰਥਾ ਦਿਖਾਈ ਹੈ। 'ਤੇਜਾ ਸਿੰਘ ਨੇ ਪੰਜਾਬੀ ਵਿਚ ਉਹੋ ਜਿਹੇ ਹੌਲੇ ਫੁੱਲ ਲੇਖਾਂ (Light Essays) ਦਾ ਰਿਵਾਜ ਪਾਇਆ ਹੈ ਜਿਹੋ ਜਿਹੇ ਅੰਗਰੇਜ਼ੀ ਵਿਚ ਚਾਰਲਸ ਲੈਂਬ ਨੇ ਲਿਖੇ ਹਨ। ਬੜੇ ਸਾਧਾਰਣ ਵਿਸ਼ਿਆਂ ਉੱਤੇ ਗਿਆਨ-ਭਰਪੂਰ ਤੇ ਕਲਾਮਈ ਲੇਖਾ ਦੀ ਆਸ ਕੇਵਲ ਤੇਜਾ ਸਿੰਘ ਤੋਂ ਕੀਤੀ ਜਾ ਸਕਦੀ ਹੈ।[11] ਉਸ ਵਿਚ ਇਹ ਸਾਰੇ ਗੁਣ ਵਧੇਰੇ ਇਸ ਲਈ ਉਤਪੰਨ ਹੋਏ ਹਨ ਕਿ ਉਸ ਨੇ ਪੱਛਮੀ ਲੇਖ ਸਾਹਿਤ ਦਾ ਪੂਰੀ ਤਰ੍ਹਾਂ ਰਸ ਮਾਣਿਆ ਹੈ।

ਸਪਸ਼ਟ ਹੈ ਕਿ ਬਿਹਾਰੀ ਲਾਲ ਪੁਰੀ ਆਦਿ ਨੇ ਪੰਜਾਬੀ ਵਿਚ ਭਾਵੇਂ ਨਿੱਕੇ ਨਿੱਕੇ ਲੇਖਾਂ ਦਾ ਆਰੰਭ ਤਾਂ ਕਰ ਦਿੱਤਾ ਹੋਇਆ ਸੀ, ਪਰ ਇਨ੍ਹਾਂ ਨੂੰ ਪੰਜਾਬੀ ਸਾਹਿਤ ਵਿਚ ਸਾਹਿਤ ਦਾ ਇਕ ਵੱਖਰਾ ਅੰਗ ਪ੍ਰਿੰਸੀਪਲ ਤੇਜਾ ਸਿੰਘ ਦੇ ਲੇਖਾਂ ਨੇ ਹੀ ਬਣਾਇਆ ਤੇ ਇਸ ਤਰ੍ਹਾਂ ਪੰਜਾਬੀ ਲੇਖ ਕਲਾ ਨੂੰ ਆਧੁਨਿਕ ਲੀਹਾਂ ਉੱਤੇ ਤੋਰਨ ਵਾਲਾ ਪਹਿਲਾ ਸਫਲ ਲਿਖਾਰੀ ਤੇਜਾ ਸਿੰਘ ਹੈ। ਉਸ ਨੇ ਲੇਖ ਨੂੰ ਅੰਗਰੇਜ਼ੀ ਲੇਖ ਰਚਨਾ ਦੇ ਢੰਗਾਂ ਅਤੇ ਅਸੂਲਾਂ ਉਪਰ ਲਿਖਿਆ ਹੈ। 'ਆਪ ਦੇ ਸਭਿਤਾ ਤੇ ਸਭਿਆਚਾਰ, ਧਰਮ ਤੇ ਇਤਿਹਾਸ, ਸਾਹਿਤ ਤੇ ਕਲਾ ਅਤੇ ਬੋਲੀ ਤੇ ਲਿੱਪੀ ਆਦਿ ਬਾਰੇ ਡਾਢੇ ਮੌਲਿਕ ਤੇ ਵਾਕਫ਼ੀ-ਭਰਪੂਰ, ਗੁੰਦਵੇਂ, ਬੱਝਵੇਂ ਤੇ ਭਰੇ-ਭਕੁੰਨੇ ਲੇਖ ਲਿਖੇ ਹਨ ਅਤੇ ਇਨ੍ਹਾਂ ਰਾਹੀਂ ਪੰਜਾਬੀ ਲੇਖਕਾਰੀ ਨੂੰ ਹੁਨਰੀ ਕਾਰੀਗਰੀ ਦਾ ਮੁਜੱਸਮਾ ਬਣਾ ਦਿੱਤਾ ਹੈ।'[12]

ਇਸ ਤਰ੍ਹਾਂ ਤੇਜਾ ਸਿੰਘ ਨੇ ਪੰਜਾਬੀ ਵਾਰਤਕ ਦੇ ਲੇਖ ਕਲਾ ਦੇ ਰੂਪਕ ਪਹਿਲੂ ਨੂੰ ਨਿਖਾਰਨ ਲਈ ਸਭ ਤੋਂ ਵੱਧ ਯਤਨ ਕੀਤਾ ਹੈ। ਉਸ ਦੀ ਵਾਰਤਕ ਉਸ ਦੀਆਂ ਪੁਸਤਕਾਂ ਨਵੀਆਂ ਸੋਚਾਂ, ਸਹਿਜ ਸੁਭਾ, ਸਭਿਆਚਾਰ, ਆਰਸੀ ਆਦਿ ਤੋਂ ਬਿਨਾਂ ਬਹੁਤ ਸਾਰੇ ਲੇਖਾਂ, ਰੀਵੀਊਆਂ ਤੇ ਮੁੱਖ ਬੰਧਾਂ ਆਦਿ ਦੇ ਰੂਪ ਵਿਚ ਲਿਖੀ ਹੋਈ ਵੀ ਮਿਲਦੀ ਹੈ। 'ਘਰ ਦਾ ਪਿਆਰ', 'ਗੰਗਾ ਦੀਨ'; 'ਸ਼ਹਿਰ ਦਾ ਨਲਕਾ', 'ਵਿਹਲੀਆਂ ਗੱਲਾਂ', 'ਨਵਾਂ ਜ਼ਮਾਨਾ', 'ਲੋਕ ਭਰਮ', 'ਗੁਸਲਖਾਨਾ' ਜਹੇ ਲੇਖ ਜਿਥੇ ਉਸ ਦੀ ਲੇਖ ਕਲਾ ਦੇ ਉੱਤਮ ਨਮੂਨੇ ਹਨ ਉਥੇ 'ਆਰਸੀ' ਪੰਜਾਬੀ ਵਾਰਤਕ ਸਾਹਿਤ ਵਿਚ ਇਕ ਮਾਡਲ ਦਾ ਕੰਮ ਦਿੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨ ਸਿੰਘ ਦੀ ਸ਼ੈਲੀ ਵਲਵਲੇ ਭਰਪੂਰ ਤੇ ਗੁਰਬਖਸ਼ ਸਿੰਘ ਦੀ ਸ਼ੈਲੀ ਕਾਵਿਮਈ ਹੈ ਪਰੰਤੂ ਸਪਸ਼ਟ, ਸਾਦਾ, ਠੇਠ ਤੇ ਸਾਵੀਂ ਪੱਧਰੀ ਸ਼ੈਲੀ ਪ੍ਰਚਲਤ ਕਰਨ ਵਾਲਾ ਤੇਜਾ ਸਿੰਘ ਹੋਇਆ ਹੈ। ਉਸ ਦਾ ਲਿਖਣ ਢੰਗ ਬਿਲਕੁਲ ਨਵੇਕਲਾ ਹੈ ਜਿਸ ਸਦਕਾ ਉਹ ਪੰਜਾਬੀ ਸ਼ੈਲੀਕਾਰਾਂ ਦੀ ਮੋਹਰਲੀ ਕਤਾਰ ਦਾ ਨੇਤਾ ਜਾਪਦਾ ਹੈ। ਗੁਰਬਚਨ ਸਿੰਘ ਤਾਲਿਬ ਅਨੁਸਾਰ 'ਵੇਗ ਪ੍ਰੋਫ਼ੈਸਰ ਪੂਰਨ ਸਿੰਘ ਵਿਚ ਵਧੇਰੇ ਹੈ; ਰਸ ਤੇ ਜਜ਼ਬਾਤੀ ਪੁਣਾ (Sentimentality) ਭਾਈ ਵੀਰ ਸਿੰਘ ਜ਼ਿਆਦਾ ਹੈ। ਪਰ ਆਦਰਸ਼ ਬਣਤਰ, ਤੁਲਣਾ ਆਕਾਰ ਤੇ ਨਿੰਮੇ ਤੇ 'ਸਭਯ' ਪਰਭਾਵ ਜੋ ਇਨ੍ਹਾਂ (ਤੇਜਾ ਸਿੰਘ) ਦੀ ਵਾਰਤਕ ਵਿਚ ਹਨ; ਪੰਜਾਬੀ ਦੇ ਹੋਰ ਕਿਸੇ ਲਿਖਾਰੀ ਵਿਚ ਨਹੀਂ। ਇਸੇ ਲਈ ਅਸੀਂ ਇਨ੍ਹਾਂ ਦੀ ਵਾਰਤਕ ਨੂੰ ਆਦਰਸ਼ਯ ਮੰਨਿਆ ਹੈ।'[13] ਉਸ ਦੀ ਸਾਦਾ, ਸਿਧੀ ਤੇ ਸੁਭਾਵਿਕ ਸ਼ੈਲੀ ਦਾ ਪ੍ਰਭਾਵ ਗੁਰਬਖਸ਼ ਸਿੰਘ, ਪੂਰਨ ਸਿੰਘ ਆਦਿ ਦੀ ਕਾਵਿਕ, ਅਲੰਕਾਰਯ ਤੇ ਕਲਾਮਈ ਸ਼ੈਲੀ ਤੋਂ ਸੁੱਤੇ ਸਿੱਧ ਹੀ ਵਧੇਰੇ ਪੈਂਦਾ ਹੈ। 'ਤੇਜਾ ਸਿੰਘ ਦੇ ਸਾਹਿਤਕ ਕੰਮ ਦੀ ਮਹਾਨਤਾ ਇਸ ਵਿਚ ਹੈ ਕਿ ਆਪ ਨੇ ਅੱਡ ਅੱਡ ਵਿਦਿਅਕ ਸੰਸਥਾਵਾਂ ਵਿਚ ਸੇਵਾ ਕਰਦਿਆਂ ਨਵੀਂ ਪੌਚ ਦੇ ਕਈ ਪ੍ਰਮੁੱਖ ਲਿਖਾਰੀਆਂ ਦੀ ਯੋਗ ਅਗਵਾਈ ਕੀਤੀ ਹੈ। ਨਵੀਂ ਪੌਚ ਦੇ ਚੋਣਵੇਂ ਲਿਖਾਰੀਆਂ ਦੀ ਸਾਹਿਤ ਸ਼ੈਲੀ ਨੂੰ ਮਾਂਜਣ ਤੇ ਸੰਵਾਰਨ ਵਿਚ ਆਪ ਦੀ ਗੁੱਝੀ ਸੇਵਾ ਨੂੰ ਜਿੰਨਾ ਵੀ ਸਲਾਹਿਆ ਜਾਏ ਥੋੜ੍ਹਾ ਹੈ।'[14]

ਤੇਜਾ ਸਿੰਘ ਦੀ ਸਾਹਿਤਕ ਸ਼ੈਲੀ ਦੀ ਮਹਾਨਤਾ ਨੂੰ ਜੀਤ ਸਿੰਘ ਸੀਤਲ ਨੇ ਇੰਜ ਪ੍ਰਗਟ ਕੀਤਾ ਹੈ ਕਿ ਪੂਰਨ ਸਿੰਘ ਨੇ ਉੱਚ ਪੱਧਰ ਦੇ ਨਿਬੰਧ ਸਾਹਿਤਕ ਸ਼ੈਲੀ ਤੇ ਕੇ ਦਰੀ ਸ਼ਬਦਾਵਲੀ ਵਿਚ ਰਚੇ। ਗੁਰਬਖਸ਼ ਸਿੰਘ ਨੇ ਸੁੰਦਰ, ਨਿਖਰੀ ਤੇ ਨਖ਼ਰੀਲੀ ਭਾਸ਼ਾ ਵਿਚ ਸਦਾਚਾਰੀ ਨਿਬੰਧ ਲਿਖਣੇ ਸ਼ੁਰੂ ਕੀਤੇ, ਪਰੰਤੂ ਸਾਹਿਤਕ ਸ਼ੈਲੀ ਤੇ ਸ਼ਬਦਾਵਲੀ ਵਿਚ ਕੇਵਲ ਪ੍ਰਿੰਸੀਪਲ ਤੇਜਾ ਸਿੰਘ (ਨਵੀਆਂ ਸੋਚਾਂ) ਹੀ ਸਰਵ-ਸਰੇਸ਼ਟ ਨਿਬੰਧ ਦੇ ਸਕਿਆ ਹੈ।[15]

ਇਸ ਤਰ੍ਹਾਂ ਤੇਜਾ ਸਿੰਘ ਨੇ ਸਮਕਾਲੀ ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਨੂੰ ਵੱਡੀ ਪੱਧਰ ਉੱਤੇ ਪ੍ਰਭਾਵਿਤ ਕੀਤਾ ਹੈ। ਸਾਦਾ, ਸਿੱਧੀ ਤੇ ਸੁਭਾਵਿਕ ਸ਼ੈਲੀ ਦਾ ਉਹ ਜਨਮ-ਦਾਤਾ ਹੈ। ਉਸ ਨੇ ਪੰਜਾਬੀ ਵਾਰਤਕ ਨੂੰ ਅਜੋਕਾ ਰੂਪ ਦੇਣ ਲਈ ਸਿਰਤੋੜ ਯਤਨ ਕੀਤਾ।

2.

ਤੇਜਾ ਸਿੰਘ ਇਕ ਪ੍ਰਸਿੱਧ ਸਾਹਿਤਕਾਰ, ਨਿਰਪੱਖ ਇਤਿਹਾਸਕਾਰ, ਮੌਲਿਕ ਕਲਾਕਾਰ, ਵਿਗਿਆਨਕ ਆਲੋਚਕ ਤੇ ਪ੍ਰਮੁੱਖ ਵਾਰਤਕਕਾਰ ਤੋਂ ਬਿਨਾਂ ਪੰਜਾਬੀ ਸਾਹਿਤਕਾਰਾਂ ਦਾ ਪ੍ਰਧਾਨ ਸਲਾਹਕਾਰ, ਦੀਖਿਆਕਾਰ ਅਤੇ ਸ਼ਾਸਤਰੀ ਬਣਿਆ ਰਿਹਾ ਹੈ। ਉਸ ਨੇ ਨਵੇਂ ਤੇ ਉੱਭਰਦੇ ਨੌਜਵਾਨ ਪੰਜਾਬੀ ਸਾਹਿਤਕਾਰਾਂ ਦੇ ਸਿਰ ਤੇ ਹੱਥ ਰੱਖਿਆ ਤੇ ਉਨ੍ਹਾਂ ਦੀ ਅਗਵਾਈ ਭੂਮਿਕਾਵਾਂ ਰਾਹੀਂ, ਲੈਕਚਰਾਂ ਰਾਹੀਂ, ਰਿਵਿਊਆਂ ਰਾਹੀਂ, ਰੇਡੀਓ ਤੋਂ ਚਰਚਾ ਰਾਹੀਂ, ਜਾਤੀ ਸਿਖਿਆਵਾਂ ਤੇ ਪ੍ਰੇਰਨਾ ਰਾਹੀਂ ਕਰਕੇ ਉਨ੍ਹਾਂ ਨੂੰ ਆਪਣੇ ਪੈਰਾਂ ਉੱਤੇ ਖੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ। ਇਸ ਤਰ੍ਹਾਂ ਉਹ ਸਮਕਾਲੀ ਪੰਜਾਬੀ ਸਾਹਿਤ ਦੀ ਅਗਵਾਈ ਕਰਨ ਵਾਲਾ ਸੁਹਿਰਦ ਆਲੋਚਕ ਹੋਇਆ ਹੈ।

ਉਸ ਤੋਂ ਪਹਿਲਾਂ ਘਟ ਵੱਧ ਹੀ ਕਿਸੇ ਪੰਜਾਬੀ ਪੁਸਤਕ ਦੀ ਭੂਮਿਕਾ ਜਾਂ ਮੁੱਖ ਬੰਧ ਲਿਖਿਆ ਜਾਂਦਾ ਸੀ। ਜੇ ਕਿਤੇ ਅਜਿਹਾ ਕੀਤਾ ਵੀ ਗਿਆ ਤਾਂ ਉਹ ਆਲੋਚਨਾ ਦੀ ਦ੍ਰਿਸ਼ਟੀ ਤੋਂ ਕੋਰਾ ਹੁੰਦਾ ਸੀ। ਤੇਜਾ ਸਿੰਘ ਦੇ ਮੁੱਖ ਬੰਧ ਜਿਥੇ ਸਮਕਾਲੀ ਸਾਹਿਤਕਾਰਾਂ ਦੀਆਂ ਰਚਨਾਵਾਂ ਦੀਆਂ ਕੀਮਤਾਂ ਪਾਉਂਦੇ ਹਨ ਤੇ ਉਨ੍ਹਾਂ ਨੂੰ ਉਤਸ਼ਾਹਤ ਕਰਦੇ ਹਨ ਉਥੇ ਉਹ ਉਨ੍ਹਾਂ ਦੀ ਯੋਗ ਅਗਵਾਈ ਵੀ ਕਰਦੇ ਹਨ। 'ਇਹੋ ਕਾਰਨ ਹੈ ਕਿ ਉਸ ਵੇਲੇ ਉਨ੍ਹਾਂ ਦਾ ਭਰਿਆ ਭੁਕੰਨਿਆ ਤੇ ਆਲੋਚਨਾਤਮਕ ਮੁੱਖਬੰਧ 'ਇਕ ਮੁਕਟ' ਸਮਝਿਆ ਜਾਣ ਲੱਗ ਪਿਆ ਜਿਸ ਨੂੰ ਹਰ ਸਾਹਿਤਕਾਰ ਆਪਣੇ ਸਿਰ ਸਜਾਉਣ ਲਈ ਫ਼ਖ਼ਰ ਤੇ ਸਨਮਾਨ ਦਾ ਕਾਰਨ ਮੰਨਦਾ ਰਿਹਾ ਤੇ ਇਕ ਸਨਦ ਜਾਂ ਸਰਟੀਫਿਕੇਟ ਵਾਂਗ ਵਰਤਦਾ ਰਿਹਾ।'[16] ਉਸ ਦਾ ਦਰਜਨਾਂ ਪੰਜਾਬੀ ਸਾਹਿਤਕਾਰਾਂ ਨੇ ਪ੍ਰਭਾਵ ਗ੍ਰਹਿਣ ਕੀਤਾ। ਇਨ੍ਹਾਂ ਵਿਚੋਂ ਪ੍ਰੋ. ਮੋਹਨ ਸਿੰਘ, ਭਾਈ ਨਾਨਕ ਸਿੰਘ, ਹਰਦਿਆਲ ਸਿੰਘ ਸੀਕਰੀ, ਸੁਰਿੰਦਰ ਸਿੰਘ ਨਰੂਲਾ, ਅੰਮ੍ਰਿਤਾ ਪ੍ਰੀਤਮ, ਸ. ਸ. ਅਮੋਲ, ਸ. ਸ. ਅਸ਼ੋਕ, ਦੇਵਿੰਦਰ ਸਤਿਆਰਥੀ, ਲਾਲਾ ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ, ਹੀਰਾ ਸਿੰਘ ਦਰਦ, ਗੁਪਾਲ ਸਿੰਘ ਦਰਦੀ, ਗੁਰਦਿਆਲ ਸਿੰਘ ਫੁੱਲ, ਹਰਨਾਮ ਸਿੰਘ ਸ਼ਾਨ ਆਦਿ ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ। 'ਤੇਜਾ ਸਿੰਘ ਜੀ ਦੇ ਸਭ ਤੋਂ ਪਹਿਲੇ 'ਮੁੱਖਬੰਧ' ਦਾ ਮਾਣ 1922 ਵਿਚ 'ਦਰਦ ਸੁਨੇਹੇ' ਕ੍ਰਿਤ ਗਿਆਨੀ ਹੀਰਾ ਸਿੰਘ ਦਰਦ ਨੂੰ ਮਿਲਿਆ ਤੇ ਅੰਤਲੀ ਭੂਮਿਕਾ 1956 ਵਿਚ 'ਸੱਸੀ ਹਾਸ਼ਮ' ਕ੍ਰਿਤ ਹਰਨਾਮ ਸਿੰਘ ਸ਼ਾਨ ਨੂੰ ਨਸੀਬ ਹੋਈ।'[17] ਇਨ੍ਹਾਂ ਤੋਂ ਬਿਨਾਂ ਤੇਜਾ ਸਿੰਘ ਨੇ ਨਾਨਕ ਸਿੰਘ (ਚਿੱਟਾ ਲਹੂ), ਮੋਹਨ ਸਿੰਘ (ਸਾਵੇ ਪੱਤਰ), ਕਪੂਰ ਸਿੰਘ ਆਈ. ਸੀ. ਐਸ. (ਬਹੁ ਵਿਸਥਾਰ), ਕਾਨ੍ਹ ਸਿੰਘ ਨਾਭਾ (ਮਹਾਨਕੋਸ਼) ਆਦਿ ਪੰਜਾਹ ਤੋਂ ਵੱਧ ਪੁਸਤਕਾਂ ਦੇ ਮੁੱਖ ਬੰਧ ਲਿਖੇ। ਮੁੱਖ ਬੰਧਾਂ ਤੋਂ ਬਿਨਾਂ ਉਸ ਨੇ ਨਾਨਕ ਸਿੰਘ, ਚਾਤ੍ਰਿਕ, ਕਿਰਪਾ ਸਾਗਰ ਦੇਵਿੰਦਰ ਸਤਿਆਰਥੀ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਆਦਿ ਦੀਆਂ ਪੁਸਤਕਾਂ ਦੇ ਰਿਵਿਊ ਕੀਤੇ ਤੇ ਇਨ੍ਹਾਂ ਦੀਆਂ ਰਚਨਾਵਾ ਦੇ ਗੁਣ ਦਸ ਕੇ ਪਾਠਕਾਂ ਲਈ ਖਿੱਚ ਪੈਦਾ ਹੋਈ।

ਪ੍ਰਿੰ. ਗੁਰਬਚਨ ਸਿੰਘ ਤਾਲਿਬ ਅਨੁਸਾਰ ਤੇਜਾ ਸਿੰਘ ਦੀ ਅਜਿਹੀ 'ਪੜਚੋਲ ਇਕ ਚੰਗੇ ਵਪਾਰੀ ਦੇ ਕਾਰਿੰਦੇ ਵਾਂਗ ਹੈ ਜੋ ਦੁਕਾਨ ਵਿਚ ਪਏ ਮਾਲ ਨੂੰ ਲਿਸ਼ਕਾ ਚਮਕਾ ਕੇ ਮਿੱਠੇ ਤੇ ਲੁਭਾਉਣੇ ਸ਼ਬਦਾਂ ਨਾਲ ਗਾਹਕ ਦੇ ਸਾਹਮਣੇ ਪੇਸ਼ ਕਰਦਾ ਹੈ ਅਤੇ ਉਸ ਨੂੰ ਪਸੰਦ ਕਰਨ ਉੱਪਰ ਗਦ ਗਦ ਹੁੰਦਾ ਹੈ।'[18] ਪ੍ਰਿੰਸੀਪਲ ਤਾਲਿਬ ਅੱਗੇ ਚਲ ਕੇ ਲਿਖਦੇ ਹਨ, 'ਤੇਜਾ ਸਿੰਘ ਦੀ ਰਸੀਲੀ ਜ਼ਬਾਨ ਨੇ ਚੰਗੇ ਮਾਲ ਦੇ ਨਾਲ ਕਿੰਨਾ ਹੀ ਹਲਕਾ ਮਾਲ ਵੀ ਇੰਜ ਵੇਚਿਆ ਹੈ। ਇਉਂ ਤੇਜਾ ਸਿੰਘ ਦੀ ਇੱਕ ਵੱਡੀ ਸੇਵਾ ਇਹ ਹੈ ਕਿ ਉਸ ਨੇ ਬਹੁਤ ਸਾਰੇ ਨਵੇਂ ਪੰਜਾਬੀ ਲੇਖਕਾਂ ਨੂੰ ਉਤਸ਼ਾਹਤ ਕੀਤਾ ਹੈ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਗੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਗਟ ਕਰ ਕੇ ਉਨ੍ਹਾਂ ਨੂੰ ਪਾਠਕਾਂ ਦੀਆਂ ਨਜ਼ਰਾਂ ਵਿਚ ਚੰਗੇ ਬਣਾ ਵਿਖਾਇਆ ਹੈ।' ਉਸ ਦੀਆਂ ਭੂਮਿਕਾਵਾਂ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਨ੍ਹਾਂ ਵਿਚ ਵਧੇਰੇ ਸਬੰਧਤ ਰਚਨਾ ਦੀ ਪ੍ਰਸੰਸਾ ਕੀਤੀ ਗਈ ਹੁੰਦੀ ਹੈ। ਕਈ ਵਾਰ ਉਹ ਬਿਲਕੁਲ ਨੀਵੇਂ ਪੱਧਰ ਦੀਆਂ ਪੁਸਤਕਾਂ ਦੀ ਭੂਮਿਕਾ ਲਿਖਣ ਉਤੇ ਵੀ ਰਜ਼ਾਮੰਦ ਹੋ ਜਾਂਦਾ ਸੀ। ਪਰੰਤੂ ਅਜਿਹਾ ਮੁਢਲੇ ਪੜਾਵਾਂ ਉਤੇ ਹੀ ਹੋਇਆ ਹੈ, ਦੂਸਰਾ ਉਸ ਵੇਲੇ ਪੰਜਾਬੀ ਸਾਹਿਤ ਅਜੇ ਆਪਣੇ ਆਰੰਭਿਕ ਕਦਮਾਂ ਉਤੇ ਸੀ। ਉਸ ਵੇਲੇ ਸ਼ਾਇਦ ਬਹੁਤ ਤਿੱਖੀ ਆਲੋਚਨਾ ਪੰਜਾਬੀ ਸਾਹਿਤ ਨੂੰ ਭਾਉਂਦੀ ਨਾ ਹੋਵੇ। ਬਾਅਦ ਵਿਚ ਤੇਜਾ ਸਿੰਘ ਨੇ ਇਨ੍ਹਾਂ ਮੁੱਖ ਬੰਧਾਂ ਤੇ ਰੀਵਿਊਆਂ ਆਦਿ ਵਿਚ ਬੜੀ ਤਿੱਖੀ ਤੇ ਉੱਚ ਪੱਧਰ ਦੀ ਆਲੋਚਨਾ ਕੀਤੀ ਹੈ।

ਹੁਣ ਉਸ ਨੇ ਇਕ ਨਿਰਪੱਖ ਆਲੋਚਕ ਵਾਂਗ ਕੰਮ ਕੀਤਾ ਹੈ। ਉਸ ਨੇ ਕਿਸੇ ਰਚਨਾ ਬਾਬਤ ਜੋ ਗੱਲ ਕਹੀ ਹੈ ਉਹ ਨਿਝੱਕ ਤੇ ਨਿਧੱੜਕ ਹੋ ਕੇ ਆਖੀ ਹੈ। ਉਸ ਨੇ ਪੰਜਾਬੀ ਦੇ ਪ੍ਰਮਾਣੀਕ ਸਾਹਿਤਕਾਰਾਂ ਦੀ ਲਿਖਤ ਦੀਆਂ ਸਾਹਿਤਕ ਤੇ ਵਿਆਕਰਣਕ ਉਕਾਈਆਂ ਨੂੰ 'ਪੰਜਾਬੀ ਕਿਵੇਂ ਲਿਖੀਏ' ਨਾਂ ਦੀ ਪੁਸਤਕ ਵਿਚ ਪ੍ਰਗਟਾਉਂਦੇ ਹੋਏ ਪੰਜਾਬੀ ਸਾਹਿਤਕਾਰਾਂ ਨੂੰ ਬੋਲੀ ਦੇ ਲਿਖਣ ਢੰਗਾਂ ਤੋਂ ਸੁਚੇਤ ਕੀਤਾ ਹੈ। ਤੇਜਾ ਸਿੰਘ 'ਜਿਹਾ ਬੋਲੋ ਤਿਹਾ ਲਿਖੋ, ਜੇਹੋ ਹੋਵੇ ਤੇਹੇ ਦੱਸੋ' ਸਿਧਾਂਤਾਂ ਦਾ ਧਾਰਨੀ ਸੀ। ਉਸ ਨੇ ਇਸੇ ਪੁਸਤਕ ਦੇ ਸੱਤਵੇਂ ਅਧਿਆਇ 'ਸਾਹਿਤਕ ਸ਼ਬਦਾਵਲੀ' ਰਾਹੀਂ ਪ੍ਰਚਲਤ ਅੰਗਰੇਜ਼ੀ ਦੇ ਪ੍ਰਚਲਤ ਸਾਹਿਤਕ ਸ਼ਬਦਾਂ ਲਈ ਪੰਜਾਬੀ ਦੇ ਸਮਾਨ ਅਰਥੀ ਸ਼ਬਦ ਦਿੱਤੇ ਹਨ। ਤੇ ਇਸ ਪੁਸਤਕ ਨੂੰ ਉਸ ਨੇ ਬਣਨ ਵਾਲੇ ਲਿਖਾਰੀਆਂ ਦਾ ਸਾਥੀ ਕਹਿੰਦੇ ਹੋਏ, ਉਨ੍ਹਾਂ ਨੂੰ ਇਸ ਨੂੰ ਗਹੁ ਨਾਲ ਪੜ੍ਹਨ ਦੀ ਸਫ਼ਾਰਿਸ਼ ਕੀਤੀ ਹੈ।

ਅਮਰੀਕ ਸਿੰਘ ਅਨੁਸਾਰ 'ਆਪ (ਤੇਜਾ ਸਿੰਘ) ਦੀ ਸਭ ਤੋਂ ਨਿੱਗਰ ਸੇਵਾ ਪੰਜਾਬੀ ਦੇ ਨਵੇਂ ਲਿਖਾਰੀ ਘੜਨ ਵਿਚ ਹੈ। ਪੰਜਾਬੀ ਦੇ ਸਭ ਤੋਂ ਮੂਹਰੇ ਸਮਾਲੋਚਕ ਦੀ ਹੈਸੀਅਤ ਵਿਚ ਨਵੇਂ ਪੂਰ ਦੇ ਬਹੁਤੇ ਲਿਖਾਰੀਆਂ ਨੂੰ ਆਪ ਨੇ ਬੜਾ ਕੁਝ ਦਿੱਤਾ ਹੈ। ਆਪ ਨੇ ਦਰਜਨਾਂ ਕਿਤਾਬਾਂ ਦੇ ਮੁਖਬੰਧ ਲਿਖੇ ਹਨ ਤੇ ਜੇਕਰ ਉਹ ਕੱਠੇ ਕਰਕੇ ਛਾਪ ਦਿਤੇ ਜਾਣ ਤਾਂ ਪੰਜਾਬੀ ਵਿਚ ਪੜਚੋਲ ਦਾ ਇਕ ਬੜਾ ਸ਼ਾਨਦਾਰ ਨਮੂਨਾ ਸਾਬਤ ਹੋਣਗੇ।[19] ਲਿਖਣ ਤੋਂ ਬਿਨਾਂ ਤੇਜਾ ਸਿੰਘ ਉਨ੍ਹਾਂ ਲੇਖਕਾਂ ਨੂੰ ਕਈ ਵਾਰ ਇਥੋਂ ਤੱਕ ਵੀ ਹਦਾਇਤ ਕਰ ਦਿੰਦਾ ਸੀ ਕਿ ਇਸ ਪੁਸਤਕ ਦੇ ਪਰੂਫ ਵੀ ਮੈਨੂੰ ਵਿਖਾਏ ਜਾਣ। ਕਈ ਵਾਰ ਤਾਂ ਸਾਰੇ ਦੇ ਸਾਰੇ ਪਰੂਫ ਪੜ੍ਹਨ ਲੱਗਿਆਂ ਵੀ ਖੇਚਲ ਮਹਿਸੂਸ ਨਹੀਂ ਕਰਦਾ ਸੀ। ਸ਼ਮਸ਼ੇਰ ਸਿੰਘ ਅਸ਼ੋਕ[20] ਦੱਸਦੇ ਹਨ ਕਿ 1934 ਵਿਚ ਜਦ ਸ਼ਮਸ਼ੇਰ ਸਿੰਘ ਅਸ਼ੋਕ ਨੇ ਸੰਸਕ੍ਰਿਤ ਨਾਟਕ 'ਮੁਦਰਾ ਰਾਖਸ' ਕ੍ਰਿਤ ਵਿਸ਼ਾਖ ਦੱਤ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਤਾਂ ਉਸ ਦੀ ਇਸ ਪੁਸਤਕ ਦੇ ਉਸ ਵੇਲੇ ਪਹਿਲੀ ਵਾਰ ਛਪਣ ਸਮੇਂ ਸਾਰੇ ਦੇ ਸਾਰੇ ਪਰੂਫ਼ ਤੇਜਾ ਸਿੰਘ ਹੁਰਾਂ ਨੇ ਆਪ ਬੜੀ ਦਿਲਚਸਪੀ ਨਾਲ ਪੜ੍ਹੇ ਤੇ ਸੋਧੇ। ਇਸੇ ਤਰ੍ਹਾਂ ਅਸ਼ੋਕ ਦੀ ਕ੍ਰਿਤ 'ਪ੍ਰਸਿੱਧ ਵਿਦਵਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਕਾਨ੍ਹ ਸਿੰਘ ਨਾਭਾ—ਸਚਿਤ੍ਰ ਜੀਵਨੀ ਜਦ ਪਹਿਲੀ ਵਾਰ 1938 ਵਿਚ ਛਪੀ ਤਾਂ ਉਸ ਪੁਸਤਕ ਨੂੰ ਸਰਲ ਕਰਨ, ਪਰੂਫ ਪੜ੍ਹਨ ਆਦਿ ਵੀ ਵਿਚ ਚੰਗੀ ਦਿਲਚਸਪੀ ਵਿਖਾਈ।

ਤੇਜਾ ਸਿੰਘ ਨੇ ਨਿੱਜੀ ਅਗਵਾਈ ਦੇ ਕੇ ਕਈ ਲੇਖਕਾਂ ਦੀਆਂ ਨੁਹਾਰਾਂ ਬਦਲੀਆਂ। ਹਰਨਾਮ ਸਿੰਘ ਸ਼ਾਨ ਜੋ ਪਹਿਲਾਂ ਕਵੀ ਸੀ ਤੇ ਉਸ ਦੀਆਂ ਕਵਿਤਾਵਾਂ 'ਪ੍ਰੀਤਮ', 'ਫੁਲੇਰਨ' ਤੇ 'ਗਾਰਡੋਨੀਅਨ' ਵਿਚ ਛਪਦੀਆਂ ਹੁੰਦੀਆਂ ਸਨ ਨੂੰ ਤੇਜਾ ਸਿੰਘ ਨੇ ਖੋਜ ਤੇ ਪੜਚੋਲ ਕਰਨ ਵੱਲ ਲਾਇਆ। ਇਸੇ ਤਰ੍ਹਾਂ ਸ਼ਮਸ਼ੇਰ ਸਿੰਘ ਅਸ਼ੋਕ ਵੀ ਪਹਿਲਾਂ ਕਵੀ ਹੁੰਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਜਿਥੇ ਉਸ ਨੂੰ ਸਾਧਾਰਨ ਪੁਸਤਕਾਂ ਤੇ ਲੇਖਾਂ ਵੱਲ ਲਾਇਆ ਉਥੇ ਤੇਜਾ ਸਿੰਘ ਨੇ ਉਸ ਨੂੰ ਖੋਜ ਪੜਚੋਲ ਦੇ ਗੰਭੀਰ ਵਿਸ਼ਿਆਂ ਉਤੇ ਕੰਮ ਕਰਨ ਦੀ ਪ੍ਰੇਰਨਾ ਅਤੇ ਸੇਧ ਦਿੱਤੀ। ਗੁਰਦਿਆਲ ਸਿੰਘ ਫੁੱਲ ਲਿਖਦੇ ਹਨ ਕਿ 1943-44 ਵਿਚ ਪ੍ਰਿੰਸੀਪਲ ਤੇਜਾ ਸਿੰਘ ਦੀ ਅਗਵਾਈ ਹੇਠਾਂ ਮੈਂ ਆਪਣਾ ਨਾਟਕ 'ਕਾਲਜੀਏਟ' ਤੇ 'ਬੀ.ਏ. ਪਾਸ' ਖੇਡੇ ਤੇ ਮੈਂ ਆਪ ਵੀ ਕੰਮ ਕੀਤਾ। ਪ੍ਰਿੰਸੀਪਲ ਤੇਜਾ ਸਿੰਘ ਨੇ ਮੰਚ ਜੜਤ ਸੰਬੰਧੀ ਕਈ ਗੁਰ ਦੱਸੇ। ਇਨ੍ਹਾਂ ਵਿਚ ਮੈਂ ਨਵੇਂ ਢੰਗ ਨਾਲ ਰੰਗ ਮੰਚ ਜੜਤ ਕੀਤੀ ਸੀ।'[21] ਇਸੇ ਤਰ੍ਹਾਂ ਉਹ ਹੋਰ ਸਾਹਿਤਕਾਰਾਂ ਨੂੰ ਵੀ ਆਪਣੀ ਨਿੱਜੀ ਅਗਵਾਈ ਦਿੰਦੇ ਰਹਿੰਦੇ ਸਨ।

ਪ੍ਰੋ. ਮੋਹਨ ਸਿੰਘ ਤੇ ਮਾਸਟਰ ਕਰਮ ਸਿੰਘ ਨੂੰ ਆਪਣਾ ਵਤਨ ਛੱਡ ਕੇ ਅੰਮ੍ਰਿਤਸਰ ਆਉਣ ਦੀ ਪ੍ਰੇਰਨਾ ਦੇਣ ਵਾਲਾ ਵੀ ਤੇਜਾ ਸਿੰਘ ਹੀ ਸੀ। ਮੋਹਨ ਸਿੰਘ ਪਹਿਲਾਂ ਖਾਲਸਾ ਕਾਲਜ ਦੇ ਸਕੂਲ ਵਿਚ ਅਤੇ ਫੇਰ ਕਾਲਜ ਵਿਚ ਲਾਏ ਗਏ। ਮੋਹਨ ਸਿੰਘ ਦੀ ਸਾਹਿਤਕ ਰੁਚੀ ਦੇ ਵਿਕਾਸ ਬਾਰੇ ਤੇਜਾ ਸਿੰਘ ਸਵੈ-ਜੀਵਨੀ[22] ਵਿਚ ਲਿਖਦੇ ਹਨ, ਉਨ੍ਹਾਂ ਨੂੰ ਆਇਆਂ ਚੋਖਾ ਚਿਰ ਹੋ ਗਿਆ ਸੀ, ਪਰ ਮੈਨੂੰ ਉਨ੍ਹਾਂ ਦੀ ਸਾਹਿਤਕ ਰੁਚੀ ਦਾ ਕੁਝ ਪਤਾ ਨਹੀਂ ਸੀ ਲੱਗਾ। ਉਹ ਕਈ ਦਿਨ ਮੈਨੂੰ ਕਹਿੰਦੇ ਰਹੇ ਕਿ ਮੇਰੀ ਕਵਿਤਾ ਸੁਣੋ, ਪਰ ਮੈਂ ਟਾਲਦਾ ਰਿਹਾ। ਇਕ ਦਿਨ ਮੈਂ ਕਿਹਾ, 'ਕਿਸੇ ਸ਼ਨਿਚਰਵਾਰ ਦੀ ਰਾਤ ਨੂੰ ਮੇਰੇ ਘਰ ਆਓ ਤੇ ਰੱਜ ਕੇ ਕਵਿਤਾ ਸੁਣਾਓ', ਉਹ ਆਏ ਤੇ ਕੁਝ ਕਵਿਤਾਵਾਂ ਸੁਣਾਈਆਂ। ਮੈਂ ਕਿਹਾ, 'ਕੀ ਚਾਹੁੰਦੇ ਹੋ ? ਰਾਏ ਦੇਵਾਂ ਜਾਂ ਸਲਾਹ ?' ਕਹਿਣ ਲੱਗੇ, 'ਰਾਏ ਵੀ ਤੇ ਸਲਾਹ ਵੀ।' ਮੈਂ ਕਿਹਾ, 'ਜੇ ਮੰਨੋ ਤਾਂ!' ਉਨ੍ਹਾਂ ਕਿਹਾ, 'ਜਿਵੇਂ ਕਹੋਗੇ, ਕਰਾਂਗਾ।' ਮੈਂ ਕ੍ਰਿਹਾ 'ਨਰਾਜ਼ ਤੇ ਨਹੀਂ ਹੋਵੋਗੇ ?' ਉਨ੍ਹਾਂ ਖੁਸ਼ੀ ਨਾਲ ਕਿਹਾ, 'ਨਹੀਂ ਕਦੀ ਨਹੀਂ।' ਮੈਂ ਕਿਹਾ, 'ਹੱਛਾ ਫਿਰ ਸੁਣੋ! ਤੁਹਾਡੇ ਵਿਚ ਕਵਿਤਾ ਦੀ ਰੁਚੀ ਤਾਂ ਹੈ ਪਰ ਅਜੇ ਕਵਿਤਾ ਆਈ ਨਹੀਂ। ਤੁਸੀਂ ਖਿੱਚਦੇ ਹੋ ਕੁਦਰਤ ਦੀਆਂ ਝਾਕੀਆਂ ਪਰ ਤੁਸੀਂ ਕੁਦਰਤ ਦੇ ਕਵੀ ਨਹੀਂ। ਫ਼ਾਰਸੀ ਉਰਦੂ ਨੇ ਤੁਹਾਡੀ ਬੋਲੀ ਤਾਂ ਸੁਆਰ ਦਿੱਤੀ ਹੈ, ਪਰ ਤੁਹਾਨੂੰ ਕੁਦਰਤ ਦਾ ਕਵੀ ਨਹੀਂ ਬਣਨ ਦਿੱਤਾ, ਤੁਸੀਂ ਮਨੁੱਖਤਾ ਦੇ ਕਵੀ ਹੋ। ਇਹ ਜੇ ਮੇਰੀ ਰਾਇ। ਹੁਣ ਮੇਰੀ ਸਲਾਹ ਵੀ ਸੁਣੋ—ਇਹ ਤਿੰਨੇ ਕਾਪੀਆਂ ਘਰ ਜਾ ਕੇ ਸਾੜ ਦਿਓ ਅਤੇ ਨਵੇਂ ਸਿਰਿਓਂ ਲਿਖੋ ਮਨੁੱਖੀ ਜੀਵਨ ਉਤੇ, ਮਨੁੱਖੀ ਪਿਆਰ ਉੱਤੇ, ਮਨੁੱਖੀ ਸਬੰਧਾਂ ਉਤੇ। ਉਸ ਨੇ ਦਲੇਰੀ ਕੀਤੀ ਅਤੇ ਆਪਣੀ ਸਾਰੀ ਕਵਿਤਾ ਸਾੜ ਦਿੱਤੀ।' ਇਸ ਤਰ੍ਹਾਂ ਤੇਜਾ ਸਿੰਘ ਬਿਲਕੁਲ ਸਪਸ਼ਟ ਢੰਗ ਨਾਲ ਨਿਝੱਕ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇ ਪੁੰਗਰਦੇ ਸਾਹਿਤਕਾਰਾਂ ਨੂੰ ਸਲਾਹ ਮਸ਼ਵਰਾ ਦਿੰਦਾ ਰਿਹਾ।

ਉਸ ਪਿੱਛੋਂ ਮੋਹਨ ਸਿੰਘ ਨੇ ਚਾਰ ਨਵੀਆਂ ਕਵਿਤਾਵਾਂ ਲਿਖੀਆਂ। ਉਸ ਉਤੇ ਤੇਜਾ ਸਿੰਘ ਨੇ ਸਲਾਹ ਦਿੱਤੀ ਕਿ ਹਰ ਇਕ ਕਵਿਤਾ ਦੇ ਮੁੱਢ ਵਿਚ ਇਕ ਸਲੋਕ ਵਾਂਗ ਛੋਟਾ ਜਿਹਾ ਬੰਦ ਦਿਓ ਜਿਸ ਵਿਚ ਸਾਰੀ ਕਵਿਤਾ ਦਾ ਸਾਰ ਹੋਵੇ। ਉਸੇ ਤਰ੍ਹਾਂ ਪੁਸਤਕ ਤਿਆਰ ਕੀਤੀ ਗਈ ਤੇ ਨਾਂ ਰੱਖਿਆ ਗਿਆ 'ਚਾਰ ਹੰਝੂ'। ਉਸ ਪੁਸਤਕ ਦੀ ਤੇਜਾ ਸਿੰਘ ਨੇ ਬਣਾ ਸੰਵਾਰ ਕੇ ਭੂਮਿਕਾ ਲਿਖੀ ਤੇ ਉਸ ਵੇਲੇ ਤੋਂ ਹੀ ਤੇਜਾ ਸਿੰਘ ਦੀ ਭੂਮਕਈ ਹੋਣ ਦੀ ਰਵਾਇਤ ਸ਼ੁਰੂ ਹੋਈ ਹੈ। ਤੇਜਾ ਸਿੰਘ ਆਪ ਲਿਖਦਾ ਹੈ, 'ਮੈਨੂੰ ਉਸ ਭੂਮਿਕਾ ਉਤੇ ਉਤਨਾ ਮਾਣ ਹੈ ਜਿਤਨਾ ਕਿ ਮੋਹਨ ਸਿੰਘ ਨੂੰ ਆਪਣੀ ਕਿਸੇ ਕਵਿਤਾ ਉਤੇ।' ਮੋਹਨ ਸਿੰਘ ਨੇ ਅਗਲੀ ਪੁਸਤਕ 'ਸਾਵੇ ਪੱਤਰ' ਲਿਖੀ। ਉਸ ਦੀ ਭੂਮਿਕਾ ਵੀ ਤੇਜਾ ਸਿੰਘ ਨੇ ਉਸੇ ਚਾਲ ਲਿਖੀ। ਤੇਜਾ ਸਿੰਘ ਇਸ ਪੁਸਤਕ ਬਾਰੇ ਲਿਖਦਾ ਹੈ, 'ਇਸ ਦੇ ਨਾਂ ਵਿਚ ਵਿਅੰਗ ਹੈ ਜੋ ਕਿਸੇ ਪੋਠੋਹਾਰੀ ਨੂੰ ਨਹੀਂ ਮਲੂਮ ਹੋਣਾ ਕਿਉਂਕਿ ਪੋਠੋਹਾਰ ਵਿਚ 'ਸਾਵੇ' ਤੇ 'ਹਰੇ' ਵਿਚ ਕੋਈ ਫ਼ਰਕ ਨਹੀਂ ਦਿੱਸਦਾ। ਪਰ ਮੈਂ ਉਸ ਨਾਂ ਵਿਚ ਕਿਤਾਬ ਦੀਆਂ ਕਵਿਤਾਵਾਂ ਦੇ ਗੁਣ ਔਗੁਣ ਦੋਵੇਂ ਜ਼ਾਹਿਰ ਕੀਤੇ ਹੋਏ ਵੇਖਦਾ ਹਾਂ। ਪੱਤਰ ਹਰੇ ਤਾਂ ਹਨ, ਪਲ ਅਜੇ ਸਾਵੇ-ਕਚੂਚ ਹਨ, ਰੰਗ ਵਾਹ ਵਾਹ ਤਰਾਵਤ ਦੇਣ ਵਾਲਾ ਹੈ ਪਰ ਅਜੇ ਕੱਚਾ ਹੈ। ਜਵਾਨੀ ਤੇ ਰੋਮਾਂਸ ਦੀਆਂ ਗੱਲਾਂ ਹਨ, ਪਰ ਉਹਨਾਂ ਵਿਚ ਕੋਈ ਉੱਚਾ ਜੀਵਨ ਸੰਦੇਸ਼ ਨਹੀਂ।'[23] ਇਸ ਪੁਸਤਕ ਦੀ ਭੂਮਿਕਾ ਵਿਚ ਉਹ ਲਿਖਦਾ ਹੈ: 'ਇਸ ਕਵੀ ਵਿਚ ਸਰਲਤਾ ਹੈ, ਨਿਰਛਲਤਾ ਹੈ, ਅਲਬੇਲੀ ਤਬੀਅਤ ਹੈ—ਇਸ ਲਈ ਰਾਗ ਹੈ। ਖ਼ਾਸ ਕਰਕੇ ਨੌਜਵਾਨੀ ਹੈ, ਬਚਪਨ ਅਜੇ ਦੂਰ ਨਹੀਂ ਗਿਆ, ਪੱਤਰ ਅਜੇ ਸਾਵੇ ਹਨ। ਹਰ ਪੱਤਰ ਵਿਚ ਇਲਾਹੀ ਕੋਮਲਤਾ, ਸਿਆਣਪ ਤੇ ਪਿਆਰ ਦੇ ਦਫਤਰ ਭਰੇ ਪਏ ਹਨ। ਪਰ ਪੱਤਰ ਹਵਾ ਦੇ ਹਰ ਫਰਾਟੇ ਨਾਲ ਹਿਲਦੇ ਜੁਲਦੇ ਹਨ, ਇਸ ਲਈ ਰਾਗ ਹੈ।[24] ਇਸ ਪਿੱਛੋਂ ਮੋਹਨ ਸਿੰਘ ਨੇ 'ਕਸੁੰਭੜਾ' ਨਾਂ ਦਾ ਕਾਵਿ ਸੰਗ੍ਰਹਿ ਲਿਖਿਆ। ਤੇਜਾ ਸਿੰਘ ਅਨੁਸਾਰ, ਇਸ ਨਾਂ ਵਿਚ ਵੀ ਉਹੋ ਵਿਅੰਗ ਹੈ—ਰੰਗ ਭੜਕਵਾਂ ਹੈ, ਪਰ ਛੇਤੀ ਲੱਥ ਜਾਣ ਵਾਲਾ ਹੈ। ਇਸ ਵਿਚ ਸਥਿਰਤਾ ਨਹੀਂ ਆਈ, ਉਹ ਪਕੇਜ ਨਹੀਂ ਆਇਆ, ਜ ਮਜੀਠੀ ਰੰਗ ਵਿਚ ਆਉਣਾ ਸੀ।' ਤੇ ਫੇਰ ਤੇਜਾ ਸਿੰਘ ਨੇ ਵਿਚਾਰ ਉਤਪੰਨ ਕੀਤਾ ਕਿ 'ਇਸ ਤੋਂ ਪਿੱਛੋਂ ਮੋਹਨ ਸਿੰਘ ਅਜੇਹੀ ਕਵਿਤਾ ਲਿਖੇਗਾ ਜਿਸ ਵਿਚ ਉਹ ਜੀਵਨ ਦੀਆ ਸਿਖਰਾਂ ਨੂੰ ਛੋਹ ਕੇ ਕੋਈ ਉਚੇਰਾ ਸਦੀਵੀ ਸੁਨੇਹਾ ਦੇਵੇਗਾ, ਜੋ ਮਨੁੱਖ ਦੀ ਸ਼ਖ਼ਸੀਅਤ ਨੂੰ ਪੂਰਣਤਾ ਦੇ ਰਾਹ ਪਾਉਣ ਵਾਲਾ ਹੋਵੇਗਾ। ਪਰ ਮੋਹਨ ਸਿੰਘ ਦੇ ਦਿਲ ਨੂੰ ਕੋਈ ਅਜੇਹੇ ਧੱਕੇ ਵਜੇ, ਜਿਨ੍ਹਾਂ ਨਾਲ ਉਸ ਦੀ ਰੂਹ 'ਅਧਵਾਟੇ' ਹੀ ਥਰਥਰਾਉਣ ਲੱਗ ਪਈ ਅਤੇ ਜੀਵਨ ਉਤੇ ਕੋਈ ਟਿਕਵੀਂ ਨਜ਼ਰ ਨਾ ਸੁੱਟ ਸਕੀ, ਜਿਸ ਨਾਲ 'ਕੱਚ ਸੱਚ' ਦਾ ਸਾਫ਼ ਸਾਫ਼ ਨਿਰਣਾ ਹੋ ਸਕੇ।'[25] ਇਸ ਤਰ੍ਹਾਂ ਤੇਜਾ ਸਿੰਘ ਨੇ ਮੋਹਨ ਸਿੰਘ ਦੀ ਸਮੇਂ ਸਮੇਂ ਅਗਵਾਈ ਕੀਤੀ। ਜੇ ਮੋਹਨ ਸਿੰਘ ਨੇ 'ਪੰਜ ਦਰਿਆ' ਨਾਂ ਦਾ ਰਸਾਲਾ ਕੱਢਿਆ ਤਾਂ, ਤੇਜਾ ਸਿੰਘ ਦੇ ਉਸ ਰਸਾਲੇ ਨਾਲ, ਹੀਰਾ ਸਿੰਘ ਦਰਦ ਦੀ 'ਫੁਲਵਾੜੀ' ਵਾਂਗੂ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੰਗੇ ਤੇ ਬਹੁਤ ਨੇੜੇ ਦੇ ਸੰਬੰਧ ਰਹੇ । ਇਨ੍ਹਾਂ ਦੋਹਾਂ ਰਸਾਲਿਆਂ ਵਿਚ ਤੇਜਾ ਸਿੰਘ ਦੇ ਲੇਖ ਤੇ ਰੀਵੀਊ ਆਮ ਛਪਦੇ ਰਹੇ ਹਨ । ਇਸ ਤਰ੍ਹਾਂ ਜਦ ਮੋਹਨ ਸਿੰਘ ਨੇ ਕਾਲਜ ਦੀ ਨੌਕਰੀ ਛੱਡ ਕੇ ਪੱਤਰਕਾਰੀ ਦਾ ਕੰਮ ਹੱਥ ਵਿਚ ਲਿਆ ਸੀ ਤਾਂ ਉਸ ਨਾਲ ਤੇਜਾ ਸਿੰਘ ਦੀ ਪੂਰੀ ਪੂਰੀ ਹਮਦਰਦੀ ਸੀ ਤੇ ਉਸ ਦੇ ਕੰਮ ਵਿਚ ਪੂਰੀ ਪੂਰੀ ਸਹਾਇਤਾ ਦੇਣ ਦਾ ਪ੍ਰਣ ਵੀ ਤੇਜਾ ਸਿੰਘ ਨੇ ਲਿਆ ਸੀ ਜੋ ਉਹ ਨਿਭਾਉਂਦਾ ਰਿਹਾ ।

ਕਪੂਰ ਸਿੰਘ ਆਈ.ਸੀ.ਐਸ. ਦੀ ਪੁਸਤਕ 'ਬਹੁ-ਵਿਸਤਾਰ' (1952) ਦਾ ਮੁੱਖ-ਸ਼ਬਦ ਲਿਖਦੇ ਹੋਏ ਤੇਜਾ ਸਿੰਘ ਕਹਿੰਦੇ ਹਨ, 'ਇਹ ਪੁਸਤਕ ਖਿਆਲਾਂ ਦੀ ਮੌਲਕਤਾ, ਵਾਕਫ਼ੀ ਦੀ ਵਿਸ਼ਾਲਤਾ ਅਤੇ ਬੋਲੀ ਦੀ ਸੰਜਮ ਦੇ ਲਿਹਾਜ਼ ਨਾਲ ਇਕ ਵਡਮੁੱਲੀ ਚੀਜ਼ ਹੈ ਅਤੇ ਹਰ ਪੰਜਾਬੀ ਦੇ ਕਦਰ ਕਰਨ ਯੋਗ ਹੈ ।' ਜਿਥੇ ਪੁਸਤਕ ਦੀਆਂ ਖ਼ੂਬੀਆਂ ਨੂੰ ਬੜੀ ਸੰਜਮਤਾ ਨਾਲ ਬਿਆਨ ਕਰਨ ਦਾ ਹੁਨਰ ਤੇਜਾ ਸਿੰਘ ਕੋਲ ਹੈ ਉਥੇ ਚੁਸਤ ਹੱਟਵਾਣੀਏ ਵਾਂਗ ਰਮਜ਼ ਮਾਰ ਕੇ ਹਰ ਘਰ ਵਿਚ ਰੱਖਣ ਯੋਗ ਹੈ ਜਾਂ 'ਹਰ ਪੰਜਾਬੀ ਦੇ ਕਦਰ ਕਰਨ ਯੋਗ ਹੈ', ਲਿਖ ਕੇ ਇਸ ਪੁਸਤਕ ਨੂੰ ਖਰੀਦਨ ਤੇ ਪੜ੍ਹਨ ਦੀ ਸਿਫ਼ਾਰਸ਼ ਵੀ ਕਰ ਦਿੱਤੀ ਹੈ । ਇਸੇ ਤਰ੍ਹਾਂ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' (1932) ਦਾ ਮੁੱਖ ਬੰਧ ਇਕ ਆਦਰਸ਼ਕ ਮੁੱਖ ਬੰਧ ਹੈ । ਉਸ ਵਿਚ ਨਾਵਲ ਦੀ ਪਰੰਪਰਾ, ਲੋੜ, ਤਕਨੀਕ ਆਦਿ ਬਾਰੇ ਬਹੁ ਪੱਖੀ ਵਿਚਾਰ ਕਰਦੇ ਹੋਏ, ਚਿੱਟਾ ਲਹੂ ਦੀ ਸਮੁੱਚੀ ਸਮਾਲੋਚਨਾ ਕਰਨ ਤੋਂ ਪਿੱਛੋਂ, ਉਸ ਨਾਵਲ ਬਾਰੇ ਪਾਠਕਾਂ ਦੇ ਮਨ ਵਿਚ ਉਤਸ਼ਾਹ ਭਰਨ ਖਾਤਰ ਤੇਜਾ ਸਿੰਘ ਲਿਖਦਾ ਹੈ,...'ਪਰ ਜਿਹੜਾ ਕਮਾਲ ਇਨ੍ਹਾਂ (ਨਾਨਕ ਸਿੰਘ) ਮੌਜੂਦਾ ਨਾਵਲ 'ਚਿੱਟਾ ਲਹੂ' ਲਿਖਣ ਵਿਚ ਦੱਸਿਆ ਹੈ; ਅੱਗੇ ਨਹੀਂ ਦੱਸਿਆ । ਅੱਗੇ ਤਾਂ ਸਮਾਜ ਦਾ ਕੋਈ ਇਕ ਟੁਕ ਔਗੁਣ ਲੈ ਕੇ ਨਾਵਲ ਲਿਖਦੇ ਸਨ, ਪਰ ਹੁਣ ਤਾਂ ਸਾਰੇ ਦੇ ਸਾਰੇ ਸਮਾਜ ਨੂੰ ਤਕੜੇ ਹੱਥ ਪਾ ਕੇ ਹਲੂਣਿਆ ਹੈ ਅਤੇ ਹਰ ਪਾਸੇ ਤੋਂ ਉਹ ਉਹ ਚੋਟਾਂ ਲਾਈਆਂ ਹਨ ਕਿ ਜੇ ਇਸ ਨਾਵਲ ਨੂੰ ਦੇਸ਼ ਦੇ ਖੂੰਜੇ ਖੂੰਜੇ ਤੱਕ ਪੁਜਾਇਆ ਜਾਵੇ ਤਾਂ ਬਹੁਤ ਸਾਰੇ ਸੁਧਾਰ ਦੀ ਆਸ ਹੋ ਸਕਦੀ ਹੈ ।......ਇਹ ਨਾਵਲ ਇਕ ਟਰੈਜਿਡੀ ਹੈ, ਜਿਸ ਦੇ ਪੜ੍ਹਨ ਨਾਲ ਦਿਲ ਉਤੇ ਬਹੁਤ ਡੂੰਘਾ ਅਸਰ ਪੈਂਦਾ ਹੈ । ਕਹਿੰਦੇ ਹਨ ਡਿਕੱਨਸ ਦੇ ਨਾਵਲਾਂ ਨੇ ਸੁਧਾਰ ਦੇ ਉਹ ਕੰਮ ਕੀਤੇ ਜੋ ਪਾਰਲੀਮੈਂਟ ਦੇ ਬਣਾਏ ਕਾਨੂੰਨਾਂ ਨੇ ਨਹੀਂ ਕੀਤੇ । ਦੇਖੀਏ ਇਹ ਨਾਵਲ ਸਾਡੇ ਸਮਾਜ ਦੇ ਚਿੱਟੇ ਲਹੂ ਨੂੰ ਕਿਤਨਾ ਕੁ ਸਾਫ਼ ਕਰ ਤੇ ਉਸ ਵਿਚ ਅਰੋਗਤਾ ਵਾਲਾ ਲਹੂ ਭਰਦਾ ਹੈ ।

ਤੇਜਾ ਸਿੰਘ ਅਕਸਰ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਨੂੰ ਆਪ ਸੋਧਦਾ ਰਹਿੰਦਾ । ਇਸ ਤਰ੍ਹਾਂ ਗੁੰਦੇ ਹੋਏ ਸਿਰ ਨੂੰ ਵੀ ਉਹ ਇੰਨਾ ਚੰਗੀ ਤਰ੍ਹਾਂ ਸੁਆਰਦਾ ਕਿ ਕਈ ਵਾਰ ਉਸ ਦੇ ਬਿਲਕੁਲ ਨਵਾਂ ਰੂਪ ਹੋਣ ਦਾ ਭੁਲੇਖਾ ਪੈਂਦਾ ਜਾਂ ਨਵਾਂ ਰੂਪ ਹੀ ਧਾਰਨ ਕਰ ਲੈਂਦਾ । 'ਪੰਜਾਬੀ ਭੌਰੇ' ਨਾਂ ਦੀ ਪੁਸਤਕ ਜੋ ਤੇਜਾ ਸਿੰਘ ਨੇ ਸ. ਸ. ਅਮੋਲ ਨਾਲ ਰਲ ਕੇ ਲਿਖੀ ਹੈ । ਇਸ ਪੁਸਤਕ ਦਾ ਬੁਨਿਆਦੀ ਕੰਮ ਤਾਂ ਭਾਵੇਂ ਅਮੋਲ ਜੀ ਹੁਰਾਂ ਨੇ ਕੀਤਾ ਸੀ ਪਰ ਤੇਜਾ ਸਿੰਘ ਨੇ ਗੁੰਦੇ ਹੋਏ ਸਿਰ ਉਤੇ ਜਿਹੜਾ ਹੱਥ ਫੇਰਿਆ ਉਸ ਨਾਲ ਚੀਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਰ ਦੀ ਹੋਰ ਬਣ ਗਈ। ਤੇਜਾ ਸਿੰਘ ਨੇ ਇਸ ਰਚਨਾ ਦੀ ਬੋਲੀ ਸੋਧੀ ਤੇ ਕਈ ਥਾਵਾਂ ਤੇ ਆਚਰਣ-ਉਸਾਰੀ ਵਿਚ ਹੱਥ ਵਟਾਇਆ, ਖਾਸ ਕਰਕੇ ਰੋਡੇ ਜਲਾਲੀ ਵਾਲੀ ਗੰਦੀ ਕਹਾਣੀ ਨੂੰ ਸਾਫ਼ ਸੁਥਰਾ ਕਰਕੇ ਮਨੋ ਵਿਗਿਆਨਕ ਤੌਰ ਤੇ ਨਾਇਕ ਦੀ ਆਚਰਣ ਉਸਾਰੀ ਕੀਤੀ, ਅਤੇ ਹੀਰ ਨੂੰ 'ਵਾਹ ਸੱਜਣ' ਵਾਲੇ ਬੋਲ ਦੇ ਅਸਰ ਹੇਠਾਂ ਇਕ ਅਲ੍ਹੜ, ਹਠੀਲੀ ਤੇ ਅਖੜਖਾਂਦ ਕੁੜੀ ਨੂੰ ਇਕ ਪਲ ਵਿਚ ਸੰਜੀਦਾ, ਸੂਝਵਾਨ ਅਤੇ ਜ਼ਿਮੇਂਵਾਰ ਅਹਿਸਾਸ ਵਾਲੀ ਤੀਵੀਂ ਬਣਾ ਦਸਿਆ ਸੀ।[26] 'ਕਵੀ ਦਾ ਸੁਆਗਤ' ਨਾਮੀ ਲੇਖ ਵਿਚ ਉਹ ਭਾਈ ਵੀਰ ਸਿੰਘ ਦੀਆਂ ਠੰਡੀਆਂ ਗਗਨ ਉਡਾਰੀਆਂ ਤੇ ਪ੍ਰੋ. ਪੂਰਨ ਸਿੰਘ ਦੇ ਯਥਾਰਥ ਚਿਤਰਣ ਦੀ ਤੁਲਨਾ ਕਰਦੇ ਹੋਏ ਕਹਿੰਦੇ ਹਨ 'ਜੇ ਪ੍ਰੋਫੈਸਰ ਪੂਰਨ ਸਿੰਘ ਨਾ ਹੁੰਦੇ ਤਾਂ ਖਬਰੇ ਭਾਈ ਵੀਰ ਸਿੰਘ ਜੀ ਦੀ ਕਾਵਿ ਬਿਰਤੀ ਉਤਲੇ ਗਗਨਾਂ ਤੋਂ ਹੇਠਾਂ ਲਹਿੰਦੀ ਹੀ ਨਾ, ਉਨ੍ਹਾਂ ਦੀ ਬਰਫ ਵਰਤੀ ਠੰਡੀ ਤਬੀਅਤ ਢਲ ਕੇ ਵਹਿੰਦੀ ਹੀ ਨਾ।' ਅਜਿਹੀ ਸੰਜਮਤਾ ਨਾਲ ਉਹ ਕਈ ਭਾਵਪੂਰਤ ਗੱਲਾਂ ਲਿਖ ਜਾਂਦੇ। ਕਰਮ ਸਿੰਘ ਹਿਸਟੋਰੀਅਨ ਬਾਰੇ ਲਿਖਦੇ ਹਨ 'ਆਪ ਨੇ ਜਿਤਨੀ ਖੋਜ ਤੇ ਮਿਹਨਤ ਕੀਤੀ, ਅਗੇ ਕਿਸੇ ਤੇ ਨਹੀਂ ਕੀਤੀ। ਇਨ੍ਹਾਂ ਤਾਂ ਆਪਣੀ ਸਾਰੀ ਜ਼ਿੰਦਗੀ ਇਸ ਕੰਮ ਦੇ ਅਰਪਣ ਕਰ ਦਿੱਤੀ ਸੀ।'

ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਲੇਖ 'ਪਰਮ ਮਨੁੱਖ' ਜੋ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਿਆ ਸੀ ਅਤੇ ਉਸ ਲੇਖ ਨੂੰ ਉਸ ਵੇਲੇ ਸ਼ਰੋਮਣੀ ਕਮੇਟੀ ਵਾਲਿਆਂ ਨੇ ਨਾ ਸਮਝਦੇ ਹੋਏ ਅਪ੍ਰਵਾਨ ਕੀਤਾ ਤੇ ਉਸ ਵਿਚ ਸੋਧ ਕਰਨ ਲਈ ਕਿਹਾ ਗਿਆ। ਇਸ ਤੋਂ ਪਿੱਛੋਂ ਗੁਰਬਖਸ਼ ਸਿੰਘ ਨੂੰ ਇਸੇ ਲੇਖ ਦੇ ਆਧਾਰ ਉੱਤੇ ਨਾਸਤਕ ਤਕ ਕਹਿ ਕੇ ਵੀ ਭੰਡਿਆ ਗਿਆ। ਉਸ ਵੇਲੇ ਤੇਜਾ ਸਿੰਘ ਹੁਰਾਂ ਨੇ ਹੋਰ ਵਿਦਵਾਨਾਂ ਨਾਲ ਰਲ ਕੇ ਗੁਰਬਖਸ਼ ਸਿੰਘ ਦੇ ਹੱਕ ਵਿਚ 4 ਮਾਰਚ 1935 ਦੀ 'ਅਕਾਲੀ ਪਤ੍ਰਿਕਾ' ਵਿਚ ਇਕ ਚਿੱਠੀ ਪ੍ਰਕਾਸ਼ਿਤ ਕਰਵਾਈ ਅਤੇ ਲੇਖ ਵਿਚ ਲਿਖੇ ਹੋਏ ਵਿਚਾਰਾਂ ਨਾਲ ਸਹਿਮਤ ਹੁੰਦੇ ਹੋਏ ਸ਼ਰੋਮਣੀ ਕਮੇਟੀ ਵਾਲਿਆਂ ਦੀ ਅਗਿਆਨਤਾ ਦਾ ਪਰਦਾ ਲਾਹਿਆ।

ਤੇਜਾ ਸਿੰਘ ਹੁਰਾਂ ਦੀ ਉਸ ਵੇਲੇ ਦੀ ਸਹੀ ਤਰਜਮਾਨੀ ਦੀ ਦਾਦ ਦਿੰਦਾ ਹੋਇਆ ਗੁਰਬਖਸ਼ ਸਿੰਘ ਆਪਣੀ ਪੁਸਤਕ 'ਪਰਮ ਮਨੁੱਖ' ਦੀ ਭੂਮਿਕਾ ਵਿਚ ਲਿਖਦਾ ਹੈ, 'ਉਸ ਵੇਲੇ ਪਿਆਰ ਤੇ ਸਿਫਤ ਕਰਨ ਵਿਚ ਖੁਸ਼ੀ ਮੰਗਣ ਵਾਲਾ ਮੇਰਾ ਦਿਲ ਮੁਖਾਲਫਤ ਸਹਾਰਨ ਲਈ ਬੜਾ ਹੀ ਕਮਜ਼ੋਰ ਸੀ—ਇਹ ਬਿਲਕੁਲ ਬਿਹਬਲ ਹੋ ਗਿਆ ਤੇ ਜੇ... ਪ੍ਰੋਫੈਸਰ ਤੇਜਾ ਸਿੰਘ ਵਰਗੀਆਂ ਹਸਤੀਆਂ, ਜਿਨ੍ਹਾਂ ਦੀ ਵਿਦਵਤਾ ਦਾ ਮੇਰੇ ਦਿਲ ਵਿਚ ਪਰਮ ਸਤਿਕਾਰ ਸੀ, ਮੇਰੇ ਹੱਕ ਵਿਚ ਇਨਸਾਫ ਮੰਗਣ ਲਈ ਲਿਖਣ ਦੀ ਖੇਚਲ ਤੇ ਕਿਰਪਾ ਨਾ ਕਰਦੀਆਂ ਤਾਂ ਸ਼ਾਇਦ ਮੇਰੀ ਕਲਮ ਅਗੋਂ ਕੁਝ ਲਿਖਣ ਦਾ ਹੀਆ ਨਾ ਕਰ ਸਕਦੀ। ਪਰ ਮੇਰੀ ਤਸੱਲੀ ਤੇ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਪ੍ਰਿੰ. ਨਰਿੰਜਨ ਸਿੰਘ ਜੀ ਤੇ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਆਪਣੇ ਦਸਖਤਾਂ ਥਲੇ ਇਕ ਐਲਾਨ ਛਾਪਣ ਦੀ ਕਿਰਪਾ ਕੀਤੀ, ਜਿਸ ਵਿਚ ਉਨ੍ਹਾਂ ਨਾ ਸਿਰਫ ਮੇਰੇ 'ਪਰਮ ਮਨੁੱਖ' ਵਾਲੇ ਲੇਖ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰਧਾ ਭਰਪੂਰ ਤੇ ਸਿੱਖੀ ਅਸੂਲਾਂ ਦੇ ਅਨੁਕੂਲ ਹੀ ਦੱਸਿਆ, ਸਗੋਂ ਇਹ ਵੀ ਆਖਿਆ ਕਿ ਮੈਂ ਵੇਲੇ ਸਿਰ ਸਿੱਖ ਪੰਥ ਨੂੰ ਚੰਗੀ ਅਗਵਾਈ ਦਿੱਤੀ ਹੈ। ਅਗਵਾਈ ਦਾ ਖਿਆਲ ਤਾਂ ਮੇਰੇ ਅੰਦਰ ਓਦੋਂ ਤਕ ਕਦੇ ਆਇਆ ਨਹੀਂ ਸੀ, ਪਰ ਏਡੇ ਮਾਣਯੋਗ ਵਿਦਵਾਨਾਂ ਕੋਲੋਂ ਆਪਣੀ ਪ੍ਰੋੜਤਾ ਹੁੰਦੀ ਵੇਖ ਕੇ ਮੇਰਾ ਦਿਲ ਡਿੱਗਣੋਂ ਬਿਲਕੁਲ ਬਚ ਗਿਆ—ਤੇ ਮੈਂ ਅੱਜ ਫੇਰ ਬੜੇ ਸ਼ੁਕਰ-ਭਰੇ ਦਿਲ ਨਾਲ ਪ੍ਰਗਟ ਕਰਨ ਦਾ ਮੌਕਾ ਲੈਂਦਾ ਹਾਂ ਕਿ ਜੋ ਕੁਝ ਉਨ੍ਹਾਂ ਉਸ ਵੇਲੇ ਮੇਰੇ ਲਈ ਕੀਤਾ, ਉਨ੍ਹਾਂ ਨੂੰ ਭਾਵੇਂ ਪਤਾ ਨਹੀਂ, ਮੇਰੇ ਲਈ ਉਹ ਏਨਾ ਵੱਡਾ ਅਹਿਸਾਨ ਹੈ ਕਿ ਮੈਂ ਸਦਾ ਦੇਣਦਾਰ ਰਹਾਂਗਾ।[27] ਇਸ ਤਰ੍ਹਾਂ ਉਨ੍ਹਾਂ ਨੇ ਇਕ ਉੱਠ ਰਹੇ ਸਾਹਿਤਕਾਰ ਦੀ ਪ੍ਰੋੜਤਾ ਕਰ ਕੇ ਉਸ ਨੂੰ ਉਤਸ਼ਾਹਤ ਕਰਕੇ, ਉਸ ਦੀ ਕਲਮ ਦੇ ਮੂੰਹ ਨੂੰ ਬੰਦ ਹੋਣੋਂ ਬਚਾਇਆ।

ਤੇਜਾ ਸਿੰਘ ਦੀ ਚਲਵਾਂ ਕੰਮ ਕਰਨ ਦੀ ਉੱਕਾ ਹੀ ਆਦਤ ਨਹੀਂ ਸੀ। ਉਸ ਅਨੁਸਾਰ 'ਜੋ ਕੰਮ ਕਰੋ, ਇਨੀ ਰੀਝ ਨਾਲ ਕਰੋ ਤੇ ਇੰਨਾ ਸੋਹਣਾ ਕਰੋ ਕਿ ਉਸ ਤੋਂ ਚੰਗਾ ਤੁਸੀਂ ਨਾ ਕਰ ਸਕਦੇ ਹੋਵੋ।' 1949 ਦੀ ਗੱਲ ਹੈ ਉਸ ਨੂੰ ਪੰਜਾਬ ਯੂਨੀਵਰਸਿਟੀ ਲਈ ਅੰਗਰੇਜ਼ੀ-ਪੰਜਾਬੀ ਦੀ ਡਿਕਸ਼ਨਰੀ ਤਿਆਰ ਕਰਨ ਲਈ ਲਾਇਆ ਗਿਆ। ਇਹ ਕੰਮ ਛੇ ਆਦਮੀਆਂ ਦੇ ਸਪੁਰਦ ਸੀ ਤੇ ਉਸ ਨੇ ਕੇਵਲ ਕੀਤੇ ਹੋਏ ਕੰਮ ਨੂੰ ਸੋਧ ਕੇ ਐਡਿਟ ਹੀ ਕਰਨਾ ਸੀ। ਪਰ ਪੈਸੇ ਥੋੜ੍ਹੇ ਮਿਲਣ ਕਰ ਕੇ ਇਹ ਮੁੱਢਲਾ ਕੰਮ ਪਲਾਤਾ ਪਲਾਤਾ ਹੀ ਹੋਇਆ ਅਤੇ ਉਸ ਨੂੰ ਨਿਰੀ ਸੁਧਾਈ ਕਰਨ ਦੀ ਥਾਂ ਮੂਲੋਂ ਹੀ ਸਭ ਕੁਝ ਲਿਖਣਾ ਪਿਆ। ਪਹਿਲਿਆਂ ਨੇ ਅੰਗਰੇਜ਼ੀ ਕਾਨਸਾਈਜ਼ ਡਿਕਸ਼ਨਰੀ ਦਾ ਨਿਰਾ ਲਫਜ਼ੀ ਉਲਥਾ ਕਰਨਾ ਹੀ ਕਾਫ਼ੀ ਸਮਝਿਆ। ਇਸ ਸੰਬੰਧੀ ਤੇਜਾ ਸਿੰਘ ਨੇ ਲਿਖਿਆ ਹੈ ਕਿ ਜੇ ਮੈਂ ਸਾਰਾ ਕੰਮ ਆਪ ਹੀ ਕਰਦਾ ਤਾਂ ਸ਼ਾਇਦ ਇਤਨਾ ਸਮਾਂ ਨਾ ਲੱਗਦਾ ਤੇ ਨਾ ਇਤਨੀ ਮਿਹਨਤ ਕਰਨੀ ਪੈਂਦੀ।'[28] ਇਸੇ ਤਰ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਦੀ ਸੁਧਾਈ ਵਿਚ ਵੀ ਤੇਜਾ ਸਿੰਘ ਦਾ ਤਕੜਾ ਹੱਥ ਹੈ। ਉਹ ਤਾਂ ਇਥੋਂ ਤਕ ਮਿਹਨਤੀ ਸੀ ਕਿ ਅਜਿਹੀਆਂ ਪੁਸਤਕਾਂ ਦੇ ਪਰੂਫ਼ ਵੀ ਆਪ ਹੀ ਪੜ੍ਹਦਾ ਸੀ ਤਾਂ ਕਿ ਸੁਧਾਈ ਦੀ ਕੋਈ ਤਰੁੱਟੀ ਨਾ ਰਹਿ ਜਾਵੇ।

ਹਵਾਲੇ ਤੇ ਟਿੱਪਣੀਆਂ

1. 'ਪਰਖ ਪੜਚੋਲ', ਸੰਪਾਦਿਤ ਹਰਨਾਮ ਸਿੰਘ ਸ਼ਾਨ, ਪੰਨਾ 36.
2. ਉਹੀ,
3. 'ਪੰਜਾਬੀ ਆਲੋਚਨਾ ਇਕ ਪਰਿਚਯ' (1959), ਪੰਨੇ 243-44.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. 'ਸੂਫੀਵਾਦ ਤੇ ਹੋਰ ਲੇਖ' (1967), ਪੰਨਾ 109.
5. ਹਰਨਾਮ ਸਿੰਘ ਸ਼ਾਨ, 'ਪਰਖ ਪੜਚੋਲ', ਪੰਨੇ 232–33.
6. ਹਰਨਾਮ ਸਿੰਘ 'ਪੰਜ ਦਰਿਆ', ਜਨਵਰੀ 1943 ਵਿਚੋਂ ।
7. ਉਹੀ ।
8. 'ਆਧੁਨਿਕ ਪੰਜਾਬੀ ਵਾਰਤਕ', ਸੰਪਾਦਿਤ ਗੁਰਬਚਨ ਸਿੰਘ ਤਾਲਿਬ, ਪੰਨਾ 5.
9. 'ਪੰਜਾਬੀ ਆਲੋਚਨਾ ਇਕ ਪਰਿਚਯ', ਵਿਚ ਹਰਬੰਸ ਸਿੰਘ ਦਾ ਲੇਖ, 'ਆਧੁਨਿਕ ਪੰਜਾਬੀ ਸਾਹਿਤ' ਵਿਚੋਂ ।
10. ਰਤਨ ਸਿੰਘ ਜੱਗੀ, 'ਵਿਚਾਰਧਾਰਾ', ਪੰਨਾ 246.
11. ਪ੍ਰਿਤਪਾਲ ਸਿੰਘ, 'ਪੰਜਾਬੀ ਸਾਹਿਤ ਦੀ ਜਾਣ ਪਛਾਣ', ਪੰਨਾ 127
12. ਹਰਨਾਮ ਸਿੰਘ ਸ਼ਾਨ, 'ਚੋਣਵੀ ਗੱਦ', ਪੰਨਾ 213.
13. 'ਆਧੁਨਿਕ ਪੰਜਾਬੀ ਵਾਰਤਕ', 'ਕੁਝ ਇਸ਼ਾਰੇ', ਪੰਨਾ ਚ.
14, ਸੁਰਿੰਦਰ ਸਿੰਘ ਨਰੂਲਾ, 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 242.
15. ਜੀਤ ਸਿੰਘ ਸੀਤਲ, 'ਪੰਜਾਬੀ ਨਿਬੰਧਾਵਲੀ', ਪੰਨਾ ਢ.
16. ਹਰਨਾਮ ਸਿੰਘ ਸ਼ਾਨ, 'ਪਰਖ ਪੜਚੋਲ', ਪੰਨਾ 36.
17. ਉਹੀ, ਪੰਨਾ 36.
18. ਗੁਰਦੇਵ ਸਿੰਘ 'ਤੇਜਾ ਸਿੰਘ ਇਕ ਅਧਿਐਨ' ਦੇ ਹਵਾਲੇ ਅਨੁਸਾਰ ।
19 'ਪੰਜਾਬੀ ਗਦਯ ਦਾ ਪ੍ਰਕਾਸ਼', ਅਮਰੀਕ ਸਿੰਘ, ਪੰਨੇ 93-94.
20, ਲੇਖਕ ਦੀ 30–5–72 ਨੂੰ ਸ. ਸ. ਅਸ਼ੋਕ ਨਾਲ ਹੋਈ ਇਕ ਮੁਲਾਕਾਤ ਮੁਤਾਬਕ ।
21. 'ਰੰਗ ਮੰਚ' (1964), ਕ੍ਰਿਤ ਗੁਰਦਿਆਲ ਸਿੰਘ ਫੁੱਲ, ਪੰਨਾ 9.
22. 'ਆਰਸੀ' ਕ੍ਰਿਤ ਤੇਜਾ ਸਿੰਘ, ਪੰਨੇ 115-16,
23. ਉਹੀ, ਪੰਨਾ 116.
24. 'ਸਾਵੇ-ਪੱਤਰ' ਕ੍ਰਿਤ ਮੋਹਨ ਸਿੰਘ, ''ਮੁੱਖ ਬੰਧ'' ਵਿਚੋਂ ।
25. 'ਆਰਸੀ', ਪੰਨਾ 117.
26. 'ਆਰਸੀ' ਵਿਚ ਦਿੱਤੇ ਹਵਾਲੇ ਅਨੁਸਾਰ ।
27. ਗੁਰਬਖ਼ਸ਼ ਸਿੰਘ ਪ੍ਰੀਤਲੜੀ, 'ਪਰਮ ਮਨੁੱਖ' ਨੌਵੀ ਵਾਰ (1968) ਪੰਨੇ 15–16.
28. 'ਆਰਸੀ ਕ੍ਰਿਤ ਤੇਜਾ ਸਿੰਘ ਦੇ ਹਵਾਲੇ ਅਨੁਸਾਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਵਾਰਤਕ : ਭਾਈ ਵੀਰ ਸਿੰਘ ਯੋਗਦਾਨ

ਪੰਜਾਬ ਨੂੰ ਮਾਰਚ 1849 ਵਿਚ ਅੰਗਰੇਜ਼ੀ ਰਾਜ ਵਿਚ ਮਿਲਾ ਲੈਣ ਉਪਰੰਤ ਹੀ ਆਧੁਨਿਕ ਪੰਜਾਬੀ ਸਾਹਿੱਤ ਦਾ ਮੁੱਢ ਬੱਝਦਾ ਹੈ। ਇਹੋ ਸਮਾਂ ਹੀ ਆਧੁਨਿਕ ਪੰਜਾਬੀ ਵਾਰਤਕ ਦੇ ਜਨਮ ਦਾ ਹੈ। ਪੁਰਾਤਨ ਪੰਜਾਬੀ ਵਾਰਤਕ ਦੇ ਪ੍ਰਸਿੱਧ ਲਿਖਾਰੀ ਕਰਤਾ 'ਪੁਰਾਤਨ ਜਨਮ ਸਾਖੀ', ਅੱਡਣਸ਼ਾਹ ਕਰਤਾ 'ਪ੍ਰੇਮ ਸੁਮਾਰਗ ਗ੍ਰੰਥ' ਭਾਈ ਮਨੀ ਸਿੰਘ ਕਰਤਾ 'ਗਿਆਨ ਰਤਨਾਵਲੀ', 'ਭਗਤ ਰਤਨਾਵਲੀ' ਆਦਿ ਹੋਏ ਹਨ। ਉਨ੍ਹਾਂ ਦੀ ਵਾਰਤਕ ਗੋਸ਼ਟਾਂ, ਟੀਕੇ, ਹੁਕਮਨਾਮੇ, ਜਨਮ ਸਾਖੀਆਂ, ਰਹਿਤਨਾਮੇ, ਪਰਮਾਰਥਾਂ, ਪਰਚੀਆਂ ਆਦਿ ਦੇ ਰੂਪ ਵਿਚ ਮਿਲਦੀ ਹੈ। ਸ਼ੈਲੀ ਪੱਖੋਂ ਉਹ ਵਾਰਤਕ ਬ੍ਰਿਤਾਂਤੀ, ਵਾਰਤਾਲਾਪੀ, ਕਾਰਵਿਹਾਰੀ, ਦਾਰਸ਼ਨਿਕ ਤੇ ਵਿਆਖਿਆਮਈ ਹੈ। ਉਹ ਵਾਰਤਕ ਕਿਸੇ ਵਿਸ਼ੇਸ਼ ਮਨੋਰਥ ਲਈ ਲਿਖੀ ਜਾਂਦੀ ਰਹੀ ਹੈ, ਇਸ ਲਈ ਉਸ ਵਿਚ ਉਚੇਚ ਤੇ ਬਨਾਵਟ ਦਾ ਪ੍ਰਭਾਵ ਸਦਾ ਕਾਇਮ ਰਿਹਾ ਹੈ।

ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਰਾਹੀਂ ਪੱਛਮੀ ਸਭਿਅਤਾ ਤੇ ਸੰਸਕ੍ਰਿਤੀ ਦਾ ਪੰਜਾਬੀ ਦੇ ਆਧੁਨਿਕ ਸਾਹਿਤ ਉਧਰ ਢੇਰ ਅਸਰ ਹੋਇਆ। ਭਾਰਤ ਦੇ ਬਾਕੀ ਰਾਜਾਂ ਦੀ ਨਵੀਂ ਰੂਪ ਰੇਖਾ ਘੜਨ ਵਿਚ ਵੀ ਪੱਛਮੀ ਸਾਹਿਤ ਪ੍ਰਣਾਲੀ ਅਤੇ ਆਲੋਚਨਾ ਸ਼ਾਸਤਰ ਦਾ ਤਕੜਾ ਹੱਥ ਹੈ। ਪਰੰਤੂ ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਭਾਰਤ ਦੇ ਹੋਰ ਰਾਜਾਂ ਨਾਲੋਂ ਪਿਛੋਂ ਹੋਈ, ਇਸ ਕਰ ਕੇ ਪੰਜਾਬੀ ਬੋਲੀ ਤੇ ਸਾਹਿਤ ਉਤੇ ਅੰਗਰੇਜ਼ੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਪ੍ਰਭਾਵ ਬਾਕੀ ਭਾਰਤੀ ਭਾਸ਼ਾਵਾਂ ਤੋਂ ਪਿਛੋਂ ਪੈਣਾ ਆਰੰਭ ਹੋਇਆ ਤੇ ਪੰਜਾਬੀ ਦਾ ਕੁਝ ਹੋਰ ਭਾਰਤੀ ਬਲੀਆਂ ਤੋਂ ਪਛੜੇ ਰਹਿ ਜਾਣ ਦਾ ਇਹ ਵੀ ਇਕ ਕਾਰਨ ਹੈ।

ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਪਹਿਲਾਂ ਭਾਰਤ ਵਿਚ ਪਹਿਲਾ ਅਖ਼ਬਾਰ 'ਬੰਗਾਲ ਗਜ਼ਟ' (1780) ਕਲਕੱਤੇ ਵਿਖੇ ਜਾਰੀ ਹੋਇਆ। ਉਸ ਵੇਲੇ ਪੰਜਾਬ ਵਿਚ ਪੱਤਰਕਾਰੀ ਦਾ ਕੋਈ ਨਾਂ-ਥੇਹ ਨਹੀਂ ਸੀ। ਪੰਜਾਬ ਵਿਚ ਪਹਿਲਾਂ ਪਹਿਲ 1809 ਵਿਚ ਛਾਪਾਖਾਨਾ ਤਿਆਰ ਹੋਇਆ। ਗੁਰਮੁਖੀ ਦੇ ਅੱਖਰ ਈਸਾਈ ਮਿਸ਼ਨਰੀਆਂ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੁਧਿਆਣੇ ਵਿਚ ਆਪਣੇ ਧਾਰਮਿਕ ਗ੍ਰੰਥ 'ਬਾਈਬਲ' ਨੂੰ ਗੁਰਮੁਖੀ ਅੱਖਰਾਂ ਵਿਚ ਪ੍ਰਕਾਸ਼ਿਤ ਕਰਨ ਲਈ 1846 ਵਿਚ ਬਣਵਾਏ। ਇਸ ਤਰ੍ਹਾਂ ਨਵੀਨ ਪੰਜਾਬੀ ਵਾਰਤਕ ਦੇ ਵਿਕਾਸ ਦਾ ਮੁੱਢ ਇਨ੍ਹਾਂ ਅੱਖਰਾਂ ਦੇ ਹੋਂਦ ਵਿਚ ਆਉਣ ਤੇ 'ਬਾਈਬਲ' ਦੇ ਉਲਥਾਏ ਜਾਣ ਨਾਲ ਇਕ ਤਰ੍ਹਾਂ ਬੱਝ ਜਾਂਦਾ ਹੈ। ਈਸਾਈਆਂ ਨੇ ਆਪਣੇ ਪ੍ਰਚਾਰ ਲਈ ਤੇਜ਼ੀ ਨਾਲ ਲੁਧਿਆਣਾ, ਲਾਹੌਰ, ਬਟਾਲਾ, ਸਿਆਲਕੋਟ ਆਦਿ ਸ਼ਹਿਰਾਂ ਵਿਚ ਆਪਣੇ ਮਿਸ਼ਨ ਦੇ ਕੇਂਦਰ ਖੋਲ੍ਹ ਦਿਤੇ ਤੇ ਪੰਜਾਬੀ ਬੋਲੀ ਰਾਹੀਂ ਆਪਣੇ ਮੱਤ ਦਾ ਪ੍ਰਚਾਰ ਕਰਨਾ ਸ਼ੁਰੂ ਸ਼ੁਰੂ ਕਰ ਦਿੱਤਾ।

ਅੰਗਰੇਜ਼ੀ ਸਰਕਾਰ ਨੇ ਪੰਜਾਬ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈਣ ਉਪਰੰਤ ਈਸਾਈ ਮੱਤ ਦੇ ਪ੍ਰਚਾਰ ਨੂੰ ਤੇਜ਼ ਕਰਨ ਹਿਤ 1850 ਵਿਚ ਇਕ ਕਾਨੂੰਨ ਪਾਸ ਕਰਵਾਇਆ ਕਿ ਕਿਸੇ ਮਨੁੱਖ ਦੇ ਧਰਮ ਬਦਲਣ ਨਾਲ ਉਸ ਦੀ ਆਪਣੀ ਜਾਇਦਾਦ ਉਤੋਂ ਉਸ ਦਾ ਹੱਕ ਨਹੀਂ ਖ਼ਤਮ ਹੋਏਗਾ। ਇਸ ਦਾ ਪ੍ਰਭਾਵ ਇਹ ਪਿਆ ਕਿ ਈਸਾਈਆਂ ਦਾ ਪ੍ਰਚਾਰ ਤੇਜ਼ ਹੋ ਗਿਆ। ਉਸ ਸਮੇਂ ਰਾਜਸੀ ਅਸਰਾਂ ਦੇ ਕਾਰਨ ਬਹੁਤ ਸਾਰੇ ਲੋਕ ਆਪਣੇ ਵਿਅਕਤੀਗਤ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਈਸਾਈ ਬਣਨ ਲੱਗ ਪਏ। ਓਧਰ ਸਰ ਜਾਨ-ਵੁਡ ਦੀ ਯੋਜਨਾ ਅਨੁਸਾਰ 1856 ਦੇ ਆਰੰਭ ਵਿਚ ਹੀ 'ਪਬਲਿਕ ਇਨਸਟਰਕਸ਼ਨ' ਵਿਭਾਗ ਸਾਰੇ ਰਾਜਾਂ ਵਿਚ ਖੋਲ੍ਹਿਆ ਜਾਣ ਲੱਗ ਪਿਆ। ਸਾਰੀਆਂ ਰਾਜ ਸਰਕਾਰਾਂ ਨੂੰ ਹਰ ਇਕ ਜ਼ਿਲ੍ਹੇ ਵਿਚ ਪ੍ਰਾਇਮਰੀ, ਮਿਡਲ ਤੇ ਹਾਈ ਸਕੂਲ ਖੋਲ੍ਹਣ ਲਈ ਕਿਹਾ ਗਿਆ। ਇਸ ਆਦੇਸ਼ ਅਨੁਸਾਰ ਪ੍ਰਾਇਮਰੀ ਤੇ ਮਿਡਲ ਤਕ ਦੀ ਵਿਦਿਆ ਰਾਜਾਂ ਦੀਆਂ ਆਪਣੀਆਂ ਬੋਲੀਆਂ ਵਿਚ ਦਿੱਤੀ ਜਾਣ ਲਈ ਕਿਹਾ ਗਿਆ। ਪੰਜਾਬੀ ਵਿਚ ਸਿਖਿਆ ਵਿਭਾਗ ਦੀ ਸਥਾਪਨਾ ਲਾਹੌਰ ਵਿਖੇ 1860 ਵਿਚ ਹੋਈ। ਭਾਵੇਂ ਉਸ ਸਮੇਂ ਪੰਜਾਬੀ ਦੀ ਪੜ੍ਹਾਈ ਦਾ ਅਜੇ ਕੋਈ ਖ਼ਾਸ ਪ੍ਰਬੰਧ ਨਹੀਂ ਹੋ ਸਕਿਆ ਸੀ। 1864 ਵਿਚ ਓਰੀਐਂਟਲ ਕਾਲਿਜ ਲਾਹੌਰ ਦੀ ਸਥਾਪਨਾ ਨਾਲ ਇਸ ਪੱਖ ਵਲ ਕੁਝ ਧਿਆਨ ਦਿੱਤਾ ਜਾਣ ਲੱਗ ਪਿਆ। ਇਸ ਕਾਲਜ ਰਾਹੀਂ ਬਾਅਦ ਵਿਚ ਗਿਆਨੀ ਆਦਿ ਕੋਰਸਾਂ ਦੀ ਪੜ੍ਹਾਈ ਸ਼ੁਰੂ ਹੋਈ। ਇਸ ਕਾਲਜ ਦੇ ਖੁਲ੍ਹਣ ਨਾਲ ਦੂਜਾ ਲਾਭ ਇਹ ਹੋਇਆ ਕਿ ਪਹਿਲੀ ਵੇਰ ਪੰਜਾਬੀ ਕੋਰਸ ਲਿਖੇ ਗਏ, ਜਿਸ ਦੇ ਫਲਸਰੂਪ ਪੁਰਾਤਨ ਪੰਜਾਬੀ ਸਾਹਿੱਤ ਦੀ ਖੋਜ ਪੜਤਾਲ ਆਰੰਭ ਹੋਈ। ਈਸਾਈਆਂ ਨੇ ਆਪਣੇ ਮਿਸ਼ਨ ਦੇ ਪ੍ਰਚਾਰ ਹਿਤ ਪੰਜਾਬ ਵਿਚ ਪਹਿਲਾ ਸਮਾਚਾਰ ਪੱਤਰ ਚਿਠੀਆਂ ਦੇ ਰੂਪ ਵਿਚ 1860 ਨੂੰ ਜਾਰੀ ਕੀਤਾ। 1867 ਵਿਚ ਅੰਮ੍ਰਿਤਸਰ ਤੋਂ 'ਸ੍ਰੀ ਦਰਬਾਰ ਸਾਹਿਬ' ਨਾਂ ਦੀ ਪੱਤ੍ਰਿਕਾ ਸ਼ੁਰੂ ਹੋਈ। ਇਸ ਸਮੇਂ ਦੇ ਦੌਰਾਨ 1870 ਤਕ ਪੰਜਾਬ ਵਿਚ ਰੇਲ ਗੱਡੀਆਂ ਦਾ ਕਾਫ਼ੀ ਪ੍ਰਸਾਰ ਹੋ ਗਿਆ ਸੀ। ਇਸ ਰਾਹੀਂ ਅਖ਼ਬਾਰਾਂ ਦਾ ਦੇਸ਼ ਦੇ ਇਕ-ਦੂਜੇ ਭਾਗਾਂ ਵਿਚ ਆਉਣਾ ਜਾਣਾ ਆਸਾਨ ਹੋ ਗਿਆ। ਇਸ ਵੇਲੇ ਤਕ ਪੰਜਾਬ ਵਿਚ ਗੁਰਮੁਖੀ ਛਾਪਾਖਾਨਾ ਵਧੇਰੇ ਪ੍ਰਚਲਤ ਹੋ ਜਾਣ ਨਾਲ ਪੰਜਾਬੀ ਵਿਚ ਕੁਝ ਹੋਰ ਅਖ਼ਬਾਰ 'ਗੁਰਮੁਖੀ' (1880) ਤੇ ਫੇਰ ਭਾਈ ਦਿਤ ਸਿੰਘ ਦੀ ਸਰਪ੍ਰਸਤੀ ਹੇਠ 'ਖਾਲਸਾ ਅਖ਼ਬਾਰ' ਸ਼ੁਰੂ ਹੋਇਆ। ਇਨ੍ਹਾਂ ਮੁੱਢਲੇ ਸਮਾਚਾਰ ਪੱਤਰਾਂ ਨੇ ਨਵੀਨ ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਰਤਕ ਦੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ। 1882 ਵਿਚ ਪੰਜਾਬ ਯੂਨੀਵਰ-ਸਿਟੀ ਦੀ ਸਥਾਪਨਾ ਅਤੇ ਅੰਗਰੇਜ਼ੀ ਦੀ ਪੜ੍ਹਾਈ ਦੇ ਆਰੰਭ ਨਾਲ ਪੰਜਾਬੀ ਸਾਹਿਤਕਾਰਾਂ ਉਤੇ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਹੋਰ ਵਧੇਰੇ ਹੋ ਗਿਆ। ਇਨ੍ਹਾਂ ਉਪਰੋਕਤ ਹਾਲਤਾਂ ਦਆਰਾ ਆਧੁਨਿਕ ਪੰਜਾਬੀ ਦੇ ਵਿਕਾਸ ਨੇ ਮੁਢਲੇ ਪਰ ਅਹਿਮ ਕਦਮ ਪੁੱਟੇ।

ਈਸਾਈ ਮਿਸ਼ਨਰੀਆਂ ਦੇ ਵਧ ਰਹੇ ਪ੍ਰਚਾਰ ਨੂੰ ਅਤੇ ਹਿੰਦੂ ਸਿੱਖਾਂ ਨੂੰ ਆਪਣੇ ਵਿਅਕਤੀਗਤ ਹਿਤਾਂ ਖਾਤਰ ਈਸਾਈ ਬਣ ਰਹੇ ਵੇਖ ਕੇ ਭਾਰਤ ਦੇ ਵੱਖ ਵੱਖ ਧਰਮਾਂ ਦੇ ਆਗੂਆਂ ਨੇ ਆਪੋ-ਆਪਣੇ ਧਰਮ ਦੀ ਰਾਖੀ ਲਈ ਸਭਾਵਾਂ ਬਣਾਈਆਂ ਤੇ ਉਨ੍ਹਾਂ ਰਾਹੀਂ ਆਪੋ ਆਪਣੇ ਧਰਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਆਰਿਆ ਸਮਾਜ, ਇਸਲਾਮੀ ਧਰਮ ਮੱਤ, ਰਾਧਾ ਸਵਾਮੀ ਲਹਿਰ, ਬ੍ਰਹਮੂ ਸਮਾਜ, ਦੇਵ ਸਮਾਜ, ਨਿਰੰਕਾਰੀ, ਨਾਮਧਾਰੀ, ਸਿੰਘ ਸਭਾ ਆਦਿ ਲਹਿਰਾਂ ਹੋਂਦ ਵਿਚ ਆਈਆਂ। ਇਨ੍ਹਾਂ ਵਿਚੋਂ ਪਿਛਲੀਆਂ ਤਿੰਨ ਸਿੱਖ ਸੁਧਾਰਕ ਲਹਿਰਾਂ ਸਨ। ਨਿਰੰਕਾਰੀ ਲਹਿਰ ਨਿਰੋਲ ਧਾਰਮਿਕ ਲਹਿਰ ਸੀ ਤੇ ਇਸ ਦੇ ਮੋਢੀ ਬਾਬਾ ਦਿਆਲ ਸਿੰਘ ਸਨ ਤੇ ਪਿਛੋਂ ਬਾਬਾ ਦਰਬਾਰਾ ਸਿੰਘ ਨੇ ਇਸਦਾ ਕਾਫ਼ੀ ਪ੍ਰਚਾਰ ਕੀਤਾ। ਨਾਮਧਾਰੀ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਸਨ ਪਰ ਵੱਡੇ ਪ੍ਰਚਾਰਕ ਬਾਬਾ ਰਾਮ ਸਿੰਘ ਹੋਏ ਹਨ, ਜੋ ਵਧੇਰੇ ਰਾਜਨੀਤੀ ਵਿਚ ਪੈ ਗਏ ਤੇ ਉਨ੍ਹਾਂ ਨੂੰ 1872 ਵਿਚ ਅੰਗਰੇਜ਼ ਸਰਕਾਰ ਨੇ ਜਲਾਵਤਨ ਕੀਤਾ। ਇਸ ਸਮੇਂ ਤਕ ਅੰਗਰੇਜ਼ਾਂ ਨੇ ਈਸਾਈ ਮਤ ਤੇ ਪੱਛਮੀ ਵਿਦਿਆ ਦੇ ਪ੍ਰਚਾਰ ਲਈ ਬਹੁਤ ਸਾਰੇ ਸਕੂਲ ਤੇ ਕਾਲਜ ਖੋਲ੍ਹ ਦਿਤੇ। ਇਸ ਵਧਦੇ ਪ੍ਰਚਾਰ ਨੂੰ ਵੇਖ ਕੇ ਸਿੱਖ ਸਮਾਜ ਵਿਚ ਵੀ ਜਾਗ੍ਰਿਤੀ ਆਈ ਤੇ ਉਨ੍ਹਾਂ ਨੇ 1872-73 ਵਿਚ 'ਸਿੰਘ ਸਭਾ ਲਹਿਰ' ਅੰਮ੍ਰਿਤਸਰ ਦੀ ਸਥਾਪਨਾ ਕੀਤੀ। ਸਿੱਖਾਂ ਨੇ ਵੇਖਿਆ ਕਿ ਈਸਾਈ ਮਤ ਦੇ ਪ੍ਰਚਾਰ ਨਾਲ ਅੰਤਿਮ ਸਿਖ ਮਹਾਰਾਜਾ ਦਲੀਪ ਸਿੰਘ, ਈਸਾਈ ਬਣ ਗਿਆ ਹੈ ਤੇ ਹੋਰ ਬਹੁਤ ਸਾਰੇ ਸਿੱਖ ਵੀ ਧੜਾ ਧੜ ਈਸਾਈ ਧਰਮ ਤੋਂ ਪ੍ਰੇਰਤ ਹੋ ਰਹੇ ਸਨ। ਇਸ ਲਈ ਇਸ ਲਹਿਰ ਨੇ ਪੰਜਾਬ ਦੀ ਬੋਲੀ ਪੰਜਾਬੀ ਰਾਹੀਂ ਆਪਣੇ ਧਰਮ ਦੀ ਰਾਖੀ ਲਈ, ਧਰਮ ਪ੍ਰਚਾਰ ਨੂੰ ਮੁੱਖ ਉਦੇਸ਼ ਮੰਨ ਕੇ ਸਕੂਲ ਤੇ ਕਾਲਜ ਖੋਲ੍ਹੇ ਅਤੇ ਸਿੱਖ ਧਰਮ ਦਾ ਪ੍ਰਚਾਰ ਜ਼ੋਰਾਂ ਉਤੇ ਸ਼ੁਰੂ ਕਰ ਦਿੱਤਾ।

1877 ਵਿਚ ਪ੍ਰੋ. ਗੁਰਮੁਖ ਸਿੰਘ ਤੇ ਸਿੰਘ ਸਭਾ ਲਹਿਰ ਦੇ ਯਤਨਾਂ ਨਾਲ ਪੰਜਾਬ ਦੇ ਸੁਧਾਰ ਲਈ ਅਹਿਮ ਕਦਮ ਪੁੱਟੇ ਗਏ। 1892 ਵਿਚ 'ਖਾਲਸਾ ਕਾਲਜ' ਅੰਮ੍ਰਿਤਸਰ ਤੇ ਹੋਰ ਸ਼ਹਿਰਾਂ ਵਿਚ ਖਾਲਸਾ ਸਕੂਲ ਖੋਲ੍ਹੇ ਗਏ। ਉਧਰ ਆਰੀਆ ਸਮਾਜ ਨੇ 1885 ਵਿਚ ਡੀ. ਏ. ਵੀ. ਕਾਲਜ ਲਾਹੌਰ ਦੀ ਸਥਾਪਨਾ ਕੀਤੀ।

ਭਾਈ ਵੀਰ ਸਿੰਘ ਨੇ ਇਸ ਸਮੇਂ ਦੇ ਦੌਰਾਨ 20 ਸਾਲ ਦੀ ਉਮਰ ਵਿਚ ਮੈਟ੍ਰਿਕ ਪਾਸ ਕਰਕੇ 1892 ਵਿਚ ਸਿੰਘ ਸਭਾ ਲਹਿਰ ਦੀ ਵਾਗ ਡੋਰ ਸੰਭਾਲ ਲਈ। ਭਾਈ ਵੀਰ ਸਿੰਘ ਦੇ ਯਤਨਾਂ ਨਾਲ 1894 ਵਿਚ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਹੋਈ ਤੇ ਭਾਈ ਸਾਹਿਬ ਦੀ ਸਰਪ੍ਰਸਤੀ ਹੇਠਾਂ ਸੁਸਾਇਟੀ ਰਾਹੀਂ 'ਨਿਰਗੁਣਿਆਰਾ' ਨਾਂ ਹੇਠ ਟ੍ਰੈਕਟ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਂਫਲਿਟ ਛਪਕੇ ਸ਼ੁਰੂ ਹੋ ਗਏ। [illegible] 1899 ਵਿਚ 'ਖਾਲਸਾ ਸਮਾਚਾਰ' ਸਪਤਾਹਿਕ ਪੱਤਰ ਜਾਰੀ ਹੋਇਆ। ਇਹ ਪਰਚਾ ਉਸ ਸਮੇਂ ਤੋਂ ਲੈ ਕੇ ਹੁਣ ਤਕ ਲਗਾਤਾਰ ਪੰਜਾਬੀ ਜੀਵਨ, ਸਿੱਖ ਧਰਮ, ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਲਈ ਯੋਗ ਹਿੱਸਾ ਪਾ ਰਿਹਾ ਹੈ। ਮੁੱਢ ਵਿਚ ਇਸ ਪੱਤਰ ਰਾਹੀਂ ਹੀ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਆਧੁਨਿਕ ਪੰਜਾਬੀ ਵਾਰਤਕ ਦਾ ਠੁਕ ਬਣਿਆ।

ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਗਿ. ਦਿੱਤ ਸਿੰਘ, ਭਾਈ ਜਵਾਹਰ ਸਿੰਘ, ਪ੍ਰੋ. ਗੁਰਮੁਖ ਸਿੰਘ, ਡਾ. ਚਰਨ ਸਿੰਘ ਆਦਿ ਦੇ ਨਾਂ ਵਰਨਣਯੋਗ ਹਨ। ਇਨ੍ਹਾਂ ਦੇ ਯਤਨਾਂ ਨਾਲ 1888 ਵਿਚ ਖ਼ਾਲਸਾ ਦੀਵਾਨ ਲਾਹੌਰ ਤੇ ਫੇਰ ਇਹੋ ਸੰਸਥਾ 'ਚੀਫ਼ ਖਾਲਸਾ ਦੀਵਾਨ' ਅੰਮ੍ਰਿਤਸਰ ਦੇ ਨਾਂ ਹੇਠ ਸਥਾਪਤ ਹੋਈ। 1908 ਵਿਚ 'ਸਿੱਖ ਐਜੂਕੇਸ਼ਨ ਸੋਸਾਇਟੀ' ਦੀ ਨੀਂਹ ਰੱਖੀ ਗਈ। ਇਹ ਸੰਸਥਾਵਾਂ ਅਜੇ ਤਕ ਕਾਇਮ ਹਨ। ਇਨ੍ਹਾਂ ਸੰਸਥਾਵਾਂ ਦੁਆਰਾ ਉਸ ਸਮੇਂ ਹੋਰ ਸ਼ਹਿਰਾਂ ਵਿਚ ਖਾਲਸਾ ਸਕੂਲ ਤੇ ਕਾਲਜ ਖੋਲ੍ਹਣ ਦਾ ਉਪਰਾਲਾ ਕੀਤਾ ਗਿਆ। ਇਸ ਤਰ੍ਹਾਂ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਤਕ ਵਧੇਰੇ ਸਪਤਾਹਿਕ ਤੇ ਮਾਸਕ ਪੱਤਰ ਵੀ ਛਪਦੇ ਰਹੇ ਹਨ। ਜਿਨ੍ਹਾਂ ਨੇ ਨਵੀਨ ਪੰਜਾਬੀ ਬੋਲੀ ਤੇ ਸਾਹਿਤ ਅਤੇ ਖਾਸ ਕਰਕੇ ਨਵੀਨ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਸ਼ਲਾਘਾਯੋਗ ਹਿੱਸਾ ਪਾਇਆ ਹੈ। ਉਨ੍ਹਾਂ ਪੱਤ੍ਰਿਕਾਵਾਂ ਵਿਚੋਂ 'ਗੁਰਮੁਖੀ', 'ਖਾਲਸਾ ਸਮਾਚਾਰ', 'ਫਤਹਿ', 'ਅਕਾਲੀ', 'ਪ੍ਰਦੇਸੀ', 'ਕੌਮੀ ਦਰਦ', 'ਖਾਲਸਾ ਸੇਵਕ', 'ਖਾਲਸਾ ਐਡਵੋਕੇਟ', 'ਸਤਿਯੁਗ', 'ਹੰਸ', 'ਫੁਲਵਾੜੀ', 'ਪ੍ਰੀਤਮ', 'ਰਣਜੀਤ ਨਗਾਰ', ਆਦਿ ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ। ਉਰਦੂ ਅੱਖਰਾਂ ਵਿਚ 'ਪੰਜਾਬੀ ਦਰਬਾਰ', ਤੇ 'ਸਾਰੰਗ' ਆਦਿ ਪਰਚੇ ਛਪਦੇ ਰਹੇ ਹਨ।

ਨਿਰਸੰਦੇਹ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਭਾਈ ਵੀਰ ਸਿੰਘ ਹੈ। ਉਸ ਦੀ ਘਾਲਣਾ ਰਾਹੀਂ ਆਧੁਨਿਕ ਪੰਜਾਬੀ ਵਾਰਤਕ ਨੂੰ ਨਵੀਂ ਜਵਾਨੀ ਤੇ ਨੁਹਾਰ ਪ੍ਰਾਪਤ ਹੋਈ। ਉਸ ਤੋਂ ਪਹਿਲਾਂ ਪੰਜਾਬੀ ਨੂੰ ਗਵਾਰੂ ਪੇਂਡੂ ਲੋਕਾਂ ਦੀ ਬੋਲੀ ਜਾਂ ਗ੍ਰਾਮੀਨ ਭਾਸ਼ਾ ਕਿਹਾ ਜਾਂਦਾ ਸੀ। ਉਸ ਵੇਲੇ ਦੇ ਸਿਖ ਵਿਦਵਾਨਾਂ ਜਾਂ ਨਿਰਮਲੇ ਸਾਧੂਆਂ ਦਾ ਬਹੁਤਾ ਝੁਕਾ ਬ੍ਰਿਜੀ ਭਾਸ਼ਾ ਵਲ ਹੀ ਰਿਹਾ ਹੈ, ਕਿਉਂਕਿ ਉਸ ਸਮੇਂ ਉਨ੍ਹਾਂ ਦੀ ਪੜ੍ਹਾਈ ਦਾ ਕੇਂਦਰ ਕਾਂਸ਼ੀ ਤੇ ਸੰਸਕ੍ਰਿਤ ਸਾਹਿਤ ਸੀ। ਇਸ ਪ੍ਰਭਾਵ ਨਾਲ ਪ੍ਰਸਿਧ ਕਵੀ ਸੰਤੋਖ ਸਿੰਘ ਨੇ ਪੰਜਾਬੀ ਤੇ ਬ੍ਰਿਜੀ ਦੇ ਰਲੇ ਵਾਲੀ ਕਵਿਤਾ ਵਿਚ 'ਨਾਨਕ ਪ੍ਰਕਾਸ਼' ਤੇ 'ਗੁਰਪ੍ਰਤਾਪ ਸੂਰਜ ਗ੍ਰੰਥ' ਨਾਂ ਦੇ ਵੱਡੇ ਗ੍ਰੰਥ ਰਚੇ। ਸੁੱਖਾ ਸਿੰਘ ਦਾ ਗੁਰਬਿਲਾਸ ਵੀ ਇਸੇ ਸਮੇਂ ਦੀ ਰਚਨਾ ਹੈ। ਭਾਈ ਦਿੱਤ ਸਿੰਘ ਦੀਆਂ ਕ੍ਰਿਤਾਂ 'ਨਕਲੀ ਸਿੱਖ ਪ੍ਰਬੋਧ', 'ਸੁਪਨ ਨਾਟਕ', 'ਰਾਜ ਪ੍ਰਬੰਧ ਨਾਟਕ' ਹਨ। ਭੰਗੂ ਰਤਨ ਸਿੰਘ ਦਾ 'ਪ੍ਰਾਚੀਨ ਗ੍ਰੰਥ ਪ੍ਰਕਾਸ਼' ਨਵੀਨ ਪੰਜਾਬੀ ਵਿਚ ਇਕ ਇਤਿਹਾਸਕ ਪੁਸਤਕ ਲਿਖਣ ਦਾ ਮੁੱਢਲਾ ਯਤਨ ਕਿਹਾ ਜਾ ਸਕਦਾ ਹੈ। ਪੰਡਤ ਤਾਰਾ ਸਿੰਘ ਨਿਰੋਤਮ ਨੇ ਸੰਤ ਭਾਸ਼ਾ ਵਿਚ ਗ੍ਰੰਥ ਰਚੇ ਹਨ। ਉਪਰੋਕਤ ਰਚਨਾਵਾਂ ਭਾਵੇਂ ਸਾਧ ਭਾਸ਼ਾ ਜਾਂ ਬ੍ਰਿਜੀ ਦੇ ਰਲੇ ਵਾਲੀ ਪੰਜਾਬੀ ਵਿਚ ਲਿਖੀਆਂ ਹੋਈਆਂ ਮਿਲਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਪਰ ਇਹਨਾਂ ਨੇ ਆਧੁਨਿਕ ਪੰਜਾਬੀ ਦੇ ਪੁੰਗਰਣ ਵਿਚ ਸ਼ਬਦਾਵਲੀ ਤੇ ਹੋਰ ਕਈ ਪੱਖਾਂ ਤੋਂ ਕਾਫ਼ੀ ਹਿੱਸਾ ਪਾਇਆ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਮੌਕੇ ਨੂੰ ਠੀਕ ਵੇਲੇ ਸੰਭਾਲਿਆ ਤੇ ਪੰਜਾਬੀ ਵਿਦਵਾਨਾਂ ਦਾ ਧਿਆਨ ਬ੍ਰਿਜ ਭਾਸ਼ਾ ਵਲੋਂ ਹਟਾ ਕੇ ਪੰਜਾਬੀ ਬੋਲੀ ਤੇ ਸਾਹਿਤ ਵਲ ਦਵਾਇਆ।

ਅਸੀਂ ਉਪਰ ਜ਼ਿਕਰ ਕਰ ਚੁਕੇ ਹਾਂ ਕਿ ਪੰਜਾਬ ਵਿਚ ਸਿਖਿਆ ਵਿਭਾਗ ਤੇ ਓਰੀ-ਅੰਟਲ ਕਾਲਜ ਲਾਹੌਰ ਦੀ ਸਥਾਪਨਾ ਨਾਲ ਯੋਗ ਢੰਗ ਰਾਹੀਂ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਸਕੂਲਾਂ ਤੇ ਕਾਲਜਾਂ ਵਿਚ ਕਾਇਮ ਹੋਈ ਅਤੇ ਅੰਗਰੇਜ਼ੀ ਵਿਦਿਆ ਪ੍ਰਨਾਲੀ ਦਾ ਪੰਜਾਬ ਵਿਚ ਆਰੰਭ ਹੋ ਗਿਆ। ਅੰਗਰੇਜ਼ੀ ਸਭਿਆਚਾਰ ਤੇ ਸਾਹਿਤ ਦਾ ਪ੍ਰਭਾਵ ਪੰਜਾਬੀ ਉਤੇ ਪੈਣ ਲੱਗਾ। ਸਕੂਲਾਂ ਕਾਲਜਾਂ ਦੀ ਪੜ੍ਹਾਈ ਲਈ ਪੰਜਾਬੀ ਵਿਚ ਪਾਠ ਪੁਸਤਕਾਂ ਤੇ ਵਿਆਕਰਣਾਂ ਦੀ ਲੋੜ ਮਹਿਸੂਸ ਹੋਈ। ਅੰਗਰੇਜ਼ ਅਫ਼ਸਰਾਂ ਨੂੰ ਪੰਜਾਬੀ ਸਿਖਾਉਣ ਲਈ ਮੁਢਲੀ ਜਾਣਕਾਰੀ ਦੀਆਂ ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕੀਤੇ ਗਏ। ਪੰਜਾਬੀ ਛਾਪੇਖ਼ਾਨੇ, ਅਖ਼ਬਾਰਾਂ ਤੇ ਮੁਢਲੀਆਂ ਪੁਸਤਕਾਂ ਸਦਕਾ ਪੰਜਾਬੀ ਸਾਹਿਤਕਾਰਾਂ ਨੂੰ ਪੰਜਾਬੀ ਵਾਰਤਕ ਵਿਚ ਲਿਖਣ ਦਾ ਸ਼ੌਕ ਪੈਦਾ ਹੋ ਗਿਆ। ਓਧਰ ਧਾਰਮਿਕ ਸੰਸਥਾਵਾਂ ਦੇ ਪ੍ਰਚਾਰ ਨਾਲ ਸਾਹਿਤਕਾਰ ਹੋਰ ਸੁਚੇਤ ਹੋ ਗਏ। ਇਕ ਤਰ੍ਹਾਂ ਇਕ ਨਵੀਂ ਜਾਗ੍ਰਿਤੀ ਆਈ ਜੋ ਮੁੱਢ ਵਿਚ ਭਾਵੇਂ ਧਾਰਮਿਕ ਸੀ ਪਰ ਇਸ ਦੇ ਪਿਛੇ ਆਪਣੇ ਦੇਸ਼ ਦੀ ਸਭਿਅਤਾ ਤੇ ਪਰੰਪਰਾ ਦਾ ਵੀ ਹੱਥ ਸੀ। ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ ਨੂੰ ਕਵਿਤਾ ਦੇ ਖੇਤਰ ਵਿਚੋਂ ਨਿਕਲ ਕੇ ਵਾਰਤਕ ਵਿਚ ਲਿਖਣ ਦੀ ਪ੍ਰੇਰਨਾ ਮਿਲੀ। ਇਸ ਤਰ੍ਹਾਂ ਉਨ੍ਹਵੀਂ ਸਦੀ ਦੇ ਦੂਜੇ ਅੱਧ ਦੀ ਵਾਰਤਕ ਜਨਮ ਸਾਖੀਆਂ, ਗੋਸ਼ਟਾਂ ਤੇ ਪਰਮਾਰਥਾਂ ਆਦਿ ਦੇ ਘੇਰੇ ਵਿਚੋਂ ਨਿਕਲ ਕੇ ਸਮਾਜਕ ਖੇਤਰ ਵਿਚ ਪ੍ਰਵੇਸ਼ ਕਰਨ ਲੱਗੀ।

ਸਕੂਲਾਂ ਦੀ ਪੜ੍ਹਾਈ ਲਈ ਪਾਠ ਪੁਸਤਕਾਂ ਤੇ ਵਿਆਕਰਣਾਂ ਤਿਆਰ ਕਰਵਾਉਣ ਲਈ ਪੰਜਾਬ ਟੈਕਸਟ ਬੁਕ ਕਮੇਟੀ ਦੀ ਸਥਾਪਨਾ ਹੋਈ। ਇਸ ਲੜੀ ਦੇ ਲੇਖਕਾਂ ਵਿਚ ਸਭ ਤੋਂ ਪਹਿਲਾਂ ਪੰਡਤ ਸ਼ਰਧਾ ਰਾਮ ਫਲੌਰੀ ਦਾ ਨਾਂ ਆਉਂਦਾ ਹੈ। ਉਸ ਨੇ ਅੰਗਰੇਜ਼ਾਂ ਦੇ ਕਹਿਣ ਉਤੇ ਸਿੱਖ ਰਾਜ ਦੀ ਵਿਥਿਆ ਤੇ ਪੰਜਾਬੀ ਬਾਤ ਚੀਤ ਨਾਂ ਦੀਆਂ ਦੋ ਪੁਸਤਕਾਂ ਲਿਖੀਆਂ ਤੇ ਇਹਨਾਂ ਦੋਹਾਂ ਲਈ ਉਸ ਨੂੰ ਸਰਕਾਰ ਵਲੋਂ ਇਨਾਮ ਪ੍ਰਾਪਤ ਹੋਏ। ਪਹਿਲੀ ਵਿਚ ਪੰਜਾਬ ਦੇਸ਼ ਦੀਆਂ ਜਾਤਾਂ, ਸਾਧਾਂ ਸੰਤਾਂ ਤੇ ਰਾਗੀਆਂ ਬਾਰੇ ਲਿਖਿਆ ਹੋਇਆ ਹੈ। ਇਹ ਸਰ ਡਾਨਲਡ ਮੈਕਲੀਅਡ ਦੇ ਕਹਿਣ ਉਤੇ 1869 ਵਿਚ ਲਿਖੀ ਗਈ। ਇਹ ਪੁਸਤਕ ਅੰਗਰੇਜ਼ਾਂ ਦੀ ਪਰੀਖਿਆ ਲਈ ਨਿਸ਼ਚਿਤ ਹੋਈ ਸੀ। ਦੂਜੀ ਪੁਸਤਕ ਅੰਗਰੇਜ਼ ਪਾਦਰੀ ਜਾਨ ਨਿਊਟਨ ਦੇ ਕਹਿਣ ਉਤੇ 1875 ਵਿਚ ਲਿਖੀ ਗਈ। ਉਸ ਵਿਚ ਹਰ ਤਰ੍ਹਾਂ ਦੇ ਪੰਜਾਬੀ ਮੁਹਾਵਰੇ ਤੇ ਗੀਤ ਸ਼ਾਮਲ ਕੀਤੇ ਗਏ। ਸ਼ਰਧਾ ਰਾਮ ਫਿਲੌਰੀ ਕਿਉਂਕਿ ਆਪ ਫਿਲੌਰ (ਦੁਆਬੇ) ਦਾ ਰਹਿਣ ਵਾਲਾ ਸੀ। ਇਸ ਲਈ ਉਸ ਦੀ ਵਾਰਤਕ ਉਤੇ ਦੁਆਬੀ ਉਪ ਭਾਸ਼ਾ ਦਾ ਢੇਰ ਅਸਰ ਹੈ। ਉਸ ਦੀ ਵਾਰਤਕ ਵਿਚ ਨਵੀਨ ਤੇ ਪੁਰਾਤਨ ਦੋਹਾਂ ਤਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਵਾਰਤਕ ਦੇ ਅੰਸ਼ ਮਿਲਦੇ ਹਨ।

ਇਸ ਲੜੀ ਵਿਚ ਦੂਸਰਾ ਨਾਂ ਭਾਈ ਬਿਹਾਰੀ ਲਾਲ ਪੁਰੀ (1830-1885) ਦਾ ਆਉਂਦਾ ਹੈ। ਉਸ ਦੇ ਦਿਲ ਵਿਚ ਪੰਜਾਬੀ ਲਈ ਬੜਾ ਪਿਆਰ ਤੇ ਉਤਸ਼ਾਹ ਸੀ। ਉਸ ਨੇ ਪੰਜਾਬ ਯੂਨੀਵਰਸਿਟੀ ਵਲੋਂ ਲੜਕੀਆਂ ਲਈ ਮਿਡਲ ਤਕ ਦੀ ਪੜ੍ਹਾਈ ਨੂੰ ਪੰਜਾਬੀ ਮਾਧਿਅਮ ਰਾਹੀਂ ਪ੍ਰਵਾਨ ਕਰਵਾਉਣ ਅਤੇ ਉਹਨਾਂ ਲਈ ਪਾਠ ਪੁਸਤਕਾਂ ਤੇ ਵਿਆਕਰਣ ਲਿਖਣ ਵਿਚ ਵਿਸ਼ੇਸ਼ ਹਿੱਸਾ ਪਾਇਆ। ਉਸ ਦੀਆਂ 'ਵਿਦਿਆ ਰਤਨਾਕਰ', 'ਚਰਿਤਾਵਲੀ', 'ਅਨੇਕ ਦਰਸ਼ਨ', 'ਪਿੰਗਲ ਮੰਜਰੀ', 'ਪੰਜਾਬੀ ਵਿਆਕਰਣ', ਆਦਿ ਰਚਨਾਵਾਂ ਹਨ। ਉਹ ਪੰਜਾਬੀ ਤੋਂ ਬਿਨਾਂ ਉਰਦੂ ਤੇ ਹਿੰਦੀ ਦਾ ਵੀ ਚੰਗਾ ਵਿਦਵਾਨ ਸੀ। ਉਸ ਨੇ ਪਹਿਲੀ ਵਾਰ ਪੰਜਾਬੀ ਵਿਚ ਲੇਖ ਲਿਖਣ ਦੀ ਰੀਤ ਪਾਈ। ਉਸ ਦੀ ਵਾਰਤਕ ਵੀ ਨਵੀਨ ਤੇ ਪੁਰਾਤਨ ਵਾਰਤਕ ਦਾ ਮਿਲਗੋਭਾ ਹੀ ਹੈ। ਇਸ ਸਮੇਂ ਦੇ ਹੋਰ ਪ੍ਰਸਿੱਧ ਵਾਰਤਕ ਲਿਖਾਰੀਆਂ ਵਿਚ ਡਾ. ਚਰਨ ਸਿੰਘ ਦਾ ਨਾਂ ਆਉਂਦਾ ਹੈ। ਉਹ ਸਿੰਘ ਸਭਾ ਦੇ ਮੋਢੀਆਂ ਵਿਚੋਂ ਸਨ। ਪਹਿਲਾਂ ਪਹਿਲ ਉਹ ਬ੍ਰਿਜ ਭਾਸ਼ਾ ਵਿਚ ਲਿਖਿਆ ਕਰਦੇ ਸਨ, ਬਾਅਦ ਵਿਚ ਆਪਣੇ ਸਪੁੱਤਰ ਭਾਈ ਵੀਰ ਸਿੰਘ ਦੇ ਪ੍ਰਭਾਵ ਨਾਲ ਪੰਜਾਬੀ ਵਿਚ ਲਿਖਣ ਲਈ ਪ੍ਰੇਰਤ ਹੋ ਗਏ। ਉਸ ਦੇ 'ਖਾਲਸਾ ਟ੍ਰੈਕਟ ਸੁਸਾਇਟੀ' ਰਾਹੀਂ ਕਈ ਟ੍ਰੈਕਟ ਛਪੇ ਹਨ। 'ਮਹਾਰਾਣੀ ਸ਼ਰਾਬ ਕੌਰ', 'ਗੜਗੱਜ ਬੋਲੇ', ਜੈ ਜੈ ਸੀਤਾ ਰਾਮ' ਉਸ ਦੇ ਪ੍ਰਸਿੱਧ ਟ੍ਰੈਕਟਾਂ ਤੋਂ ਸਿਵਾ 'ਜੰਗ ਮੜ੍ਹੌਲੀ', 'ਬਾਣੀ ਬਿਓਰਾ', 'ਹੀਰ ਭਾਈ ਗੁਰਦਾਸ' ਤੇ 'ਕਾਲੀਦਾਸ' ਦੇ 'ਸ਼ਕੁੰਤਲਾ', ਨਾਟਕ ਦਾ ਪੰਜਾਬੀ ਵਿਚ ਸਫ਼ਲ ਅਨੁਵਾਦ ਵੀ ਉਸ ਦੇ ਨਾਂ ਹੇਠ ਛਪਿਆ ਹੈ। ਭਾਵੇਂ ਡਾ. ਚਰਨ ਸਿੰਘ ਦੀ ਬੋਲੀ ਵਿਚ ਪੁਰਾਤਨ ਪੰਜਾਬੀ ਤੇ ਬ੍ਰਿਜੀ ਦੀ ਝਲਕ ਪ੍ਰਤੱਖ ਦਿਸਦੀ ਹੈ ਪਰ ਫਿਰ ਵੀ ਉਸ ਦੀ ਵਾਰਤਕ ਸ਼ੈਲੀ ਉਸ ਸਮੇਂ ਦੀ ਪ੍ਰਤੀਨਿਧ ਵਾਰਤਕ ਸ਼ੈਲੀ ਹੈ।

ਉਸ ਸਮੇਂ ਦੇ ਹੋਰ ਵਾਰਤਕਕਾਰ ਗਿਆਨੀ ਗਿਆਨ ਸਿੰਘ (1821-1921) ਦੀਆਂ 'ਤਵਾਰੀਖ ਗੁਰੂ ਖਾਲਸਾ' (ਤਿੰਨ ਜਿਲਦਾਂ ਵਿਚ), 'ਪੰਥ ਪ੍ਰਕਾਸ਼', 'ਸ਼ਮਸ਼ੇਰ ਖਾਲਸਾ' ਆਦਿ ਰਚਨਾਵਾਂ, ਗਿਆਨੀ ਦਿੱਤ ਸਿੰਘ ਨੇ 1886-1901 ਤਕ ਦੇ 'ਖਾਲਸਾ ਅਖਬਾਰ' ਦੇ ਸੰਪਾਦਕੀ ਤੇ ਹੋਰ ਲੇਖ ਅਤੇ 'ਨੀਤੀ ਪ੍ਰਕਾਸ਼', 'ਗੁਰਮਤਿ ਆਰਤੀ ਪ੍ਰਬੋਧ', 'ਧਰਮ ਦਰਪਨ' 'ਸ੍ਰੀ ਨਾਨਕ ਪ੍ਰਬੋਧ', 'ਸ੍ਰੀ ਗੁਰੂ ਅਰਜਨ ਪ੍ਰਬੋਧ', 'ਸ੍ਰੀ ਗੁਰਬਾਣੀ ਪ੍ਰਬੋਧ', ਆਦਿ ਗ੍ਰੰਥ ਰਚੇ। ਕਰਨਲ ਭੋਲਾ ਨਾਥ, ਭਾਈ ਰਣਧੀਰ ਸਿੰਘ, ਗਿਆਨੀ ਜੋਧ ਸਿੰਘ ਨੇ ਸ਼ੁਧ ਤੇ ਟਕਸਾਲੀ ਵਾਰਤਕ ਲਿਖੀ। ਗਿਆਨੀ ਹਜ਼ਾਰਾ ਸਿੰਘ (ਸ੍ਰੀ ਗੁਰੂ ਗ੍ਰੰਥ ਕੋਸ਼) ਦੇ ਟੀਕਿਆਂ ਦੀ ਵਾਰਤਕ ਵੀ ਕਾਫੀ ਨਿਖਰੀ ਹੋਈ ਹੈ। ਇਸ ਸਮੇਂ ਪੰਜਾਬੀ ਬ੍ਰਿਜ ਭਾਸ਼ਾ ਅਤੇ ਸੰਤ ਭਾਸ਼ਾ ਦੀ ਗੋਦ ਵਿਚੋਂ ਬਾਹਰ ਨਿਕਲ ਕੇ ਸੁਤੰਤਰ ਰੂਪ ਵਿਚ ਖੇਲਣ-ਮਲਣ ਲੱਗ ਪਈ ਸੀ। ਨਵੀਨ ਪੰਜਾਬੀ ਕਵਿਤਾ ਤੇ ਵਾਰਤਕ ਦਾ ਆਪਣਾ ਵੱਖਰਾ ਵੱਖਰਾ ਰੂਪ ਪ੍ਰਗਟ ਹੋ ਗਿਆ ਸੀ। ਭਾਵੇਂ ਉਸ ਕਾਲ ਵਿਚ ਵੀ ਨਾਮਧਾਰੀ ਬਾਬਾ ਰਾਮ ਸਿੰਘ ਵਰਗੇ ਕੁਝ ਲੇਖਕ ਪੁਰਾਤਨ ਲੀਹਾਂ ਉਤੇ ਹੀ ਹੁਕਮਨਾਮੇ ਲਿਖਦੇ ਰਹੇ ਪਰ ਉਹਨਾਂ ਨੇ ਕੋਈ ਪੁਸਤਕ ਨਹੀਂ ਲਿਖੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਮਾਇਆ ਸਿੰਘ ਦੇ ਕੋਸ਼ (1894) ਤੇ ਬਿਸ਼ਨ ਦਾਸ ਪੁਰੀ ਦੇ ਤਿਆਰ ਕੀਤੇ ਕੋਸ਼ ਦਾ ਕਾਫ਼ੀ ਹੱਥ ਹੈ। ਉਸ ਤੋਂ ਜ਼ਰਾ ਅਗਲੇਰੇ ਸਮੇਂ ਦੇ ਵਾਰਤਕ ਲੇਖਕਾਂ ਵਿਚੋਂ ਚਰਨ ਸਿੰਘ ਸ਼ਹੀਦ ਦੀਆਂ 'ਦਲੇਰ ਕੌਰ', 'ਰਣਜੀਤ ਕੌਰ', 'ਚੰਚਲ ਮੂਰਤੀ', 'ਦੋ ਵਹੁਟੀਆਂ', ਤੇ ਭਾਈ ਮੋਹਨ ਸਿੰਘ ਵੈਦ (1881-1936) ਦੀਆਂ 'ਇਕ ਸਿਖ ਘਰਾਣਾ', 'ਨਾਸਤਕ', 'ਸੁਭਾਗ ਨੂੰਹ'. 'ਸੁਖਦੇਵ ਕੌਰ', 'ਵਕੀਲ ਦੀ ਕਿਸਮਤ', 'ਸੁਸ਼ੀਲ ਵਿਧਵਾ' ਤੇ ਪ੍ਰੋ. ਪੂਰਨ ਸਿੰਘ ਦੀ 'ਖੁਲ੍ਹੇ ਲੇਖ' ਆਦਿ ਪ੍ਰਸਿੱਧ ਵਾਰਤਕ ਰਚਨਾਵਾਂ ਹਨ।

ਭਾਈ ਵੀਰ ਸਿੰਘ ਦੀਆਂ 'ਸ੍ਰੀ ਗੁਰੂ ਨਾਨਕ ਚਮਤਕਾਰ' 'ਸ੍ਰੀ ਕਲਗੀਧਰ ਚਮਤਕਾਰ', 'ਸ੍ਰੀ ਅਸ਼ਟਗੁਰ ਚਮਤਕਾਰ', ਤੇ ਸੰਪਾਦਿਤ ਰਚਨਾਵਾਂ 'ਪੁਰਾਤਨ ਜਨਮ ਸਾਖੀ', 'ਸਿੱਖਾਂ ਦੀ ਭਗਤਮਾਲਾ' ਤੋਂ ਛੁਟ 'ਨਿਰਗੁਣਿਆਰਾ' ਨਾਂ ਹੇਠ ਛੱਪੇ 1250 ਤੋਂ ਵੱਧ ਟ੍ਰੈਕਟ ਤੇ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਹੋਏ ਲੇਖ ਉਨ੍ਹਾਂ ਦੀ ਬਲਵਾਨ, ਤੇ ਨਿਖਰੀ ਹੋਈ ਆਧੁਨਿਕ ਪੰਜਾਬੀ ਵਾਰਤਕ ਦੇ ਉਤਮ ਨਮੂਨੇ ਹਨ। ਉਨ੍ਹਾਂ ਦੀ ਦੇਖਾ ਦੇਖੀ ਪੰਜਾਬੀ ਲੇਖਕ, ਸ਼ੁਧ, ਸੁਥਰੀ ਤੇ ਸਰਲ ਪੰਜਾਬੀ ਵਾਰਤਕ ਦੀ ਰਚਨਾ ਕਰਨ ਲੱਗ ਪਏ। ਕਰਮ ਸਿੰਘ ਹਿਸਟੋਰੀਅਨ ਦੀਆਂ 'ਬੰਦਾ ਬਹਾਦਰ', 'ਬਾਬਾ ਆਲਾ ਸਿੰਘ', 'ਅਮਰ ਖਾਲਸਾ', ਤੇ ਬਾਬਾ ਪ੍ਰੇਮ ਸਿੰਘ ਹੋਤੀ ਦੀਆਂ 'ਮਹਾਰਾਜਾ ਰਣਜੀਤ ਸਿੰਘ', 'ਹਰੀ ਸਿੰਘ ਨਲੂਆ' ਵੀ ਉਸ ਸਮੇਂ ਦੀ ਵਾਰਤਕ ਦੇ ਸੁੰਦਰ ਨਮੂਨੇ ਹਨ।

ਸਪੱਸ਼ਟ ਹੈ ਕਿ ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭਕ ਸਾਹਿਤ ਵਧੇਰੇ ਸਮਾਜਕ ਤੇ ਧਾਰਮਿਕ ਲਹਿਰਾਂ ਦੇ ਅਸਰ ਹੇਠ ਪਲਿਆ। ਪੰਜਾਬ ਵਿਚ ਸਿੰਘ ਸਭਾ ਲਹਿਰ ਦੇ ਪ੍ਰਚਲਤ ਹੋ ਜਾਣ ਨਾਲ, ਇਸ ਲਹਿਰ ਦੇ ਅਸਰ ਹੇਠਾਂ ਸਿੱਖ ਮੱਤ ਦੇ ਪ੍ਰਚਾਰ ਲਈ ਪੰਜਾਬੀ ਵਾਰਤਕ ਦੀ ਵਰਤੋਂ ਕੀਤੀ ਗਈ। ਇਹੋ ਕਾਰਣ ਹੈ ਕਿ ਨਵੀਨ ਪੰਜਾਬੀ ਵਾਰਤਕ ਦਾ ਮੁੱਢਲੇ ਪੜ੍ਹਾਵਾਂ ਦਾ ਸਾਹਿਤ ਵਧੇਰੇ ਧਾਰਮਿਕ ਰੰਗਣ ਵਾਲਾ ਤੇ ਸਿੱਖ ਸਾਹਿਤ ਹੈ। ਉਸ ਸਮੇਂ ਤੋਂ ਹੀ ਅਚੇਤ ਰੂਪ ਵਿਚ ਪੰਜਾਬੀ ਸਾਹਿਤ ਤੇ ਖਾਸ ਕਰਕੇ ਪੰਜਾਬੀ ਵਾਰਤਕ ਉੱਤੇ ਅੰਗਰੇਜ਼ੀ ਸਾਹਿਤ ਕਲਾ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਸੀ ਪਰੰਤੂ ਇਸ ਦਾ ਅਸਲੀ ਨਿਖਾਰ ਪਿਛੋਂ ਵੀਹਵੀਂ ਸਦੀ ਦੇ ਮੁੱਢ ਵਿਚ ਹੋਇਆ। ਅਕਾਲੀ ਲਹਿਰ ਨਾਲ 'ਅਕਾਲੀ', (1920) ਅਤੇ ਉਸ ਸਮੇਂ ਦੇ ਹੋਰ ਪ੍ਰਚਲਤ ਅਖ਼ਬਾਰਾਂ, ਰਸਾਲਿਆਂ ਵਿਚ ਤਰ੍ਹਾਂ ਤਰ੍ਹਾਂ ਦੇ ਵਿਆਖਿਆਨ ਤੇ ਲੇਖ ਛਪਣ ਲੱਗੇ, ਜਿਨ੍ਹਾਂ ਦਾ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਮਹੱਤਵਪੂਰਨ ਹੱਥ ਹੈ। ਫਲਸਰੂਪ ਇਨ੍ਹਾਂ ਧਾਰਮਿਕ ਲਹਿਰਾਂ ਦੇ ਪ੍ਰਭਾਵ ਹੇਠ ਢੇਰ ਸਾਰਾ ਧਾਰਮਿਕ, ਸਮਾਜਕ, ਰਾਜਨੈਤਿਕ ਤੇ ਦੇਸ਼ ਪਿਆਰ ਦੇ ਪ੍ਰਭਾਵ ਵਾਲਾ ਪੰਜਾਬੀ ਸਾਹਿਤ ਲਿਖਿਆ ਜਾਣ ਲੱਗ ਪਿਆ। ਇਹ ਸਾਹਿਤ ਵਾਰਤਕ ਤੇ ਕਵਿਤਾ ਦੋਹਾਂ ਰੂਪਾਂ ਵਿਚ ਮਿਲਦਾ ਹੈ। ਇਨ੍ਹਾਂ ਲਹਿਰਾਂ ਦੇ ਸਮੇਂ ਦੀ ਲਿਖੀ ਹੋਈ ਅਤੇ ਇਨ੍ਹਾਂ ਲਹਿਰਾਂ ਨਾਲ ਸੰਬੰਧਤ ਵਾਰਤਕ, ਬੋਲੀ ਤੇ ਲਿਖਣ ਢੰਗ ਦੇ ਵਿਕਾਸ ਨੂੰ ਜਾਨਣ ਵਿਚ ਕਾਫੀ ਸਹਾਇਕ ਹੋ ਸਕਦੀ ਹੈ। ਉਸ ਸਮੇਂ ਦਾ ਢੇਰ ਸਾਰਾ ਸਾਹਿਤ ਸਮਕਾਲੀ ਪਤ੍ਰਕਾਵਾਂ ਵਿਚ ਪਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਉਨੀਂਵੀਂ ਸਦੀ ਦੇ ਪਿਛਲੇ ਅੱਧ ਵਿਚ ਆਧੁਨਿਕ ਪੰਜਾਬੀ ਵਾਰਤਕ ਦਾ ਜਨਮ ਹੁੰਦਾ ਹੈ ਪਰ ਉਸ ਨੂੰ ਠੀਕ ਅਰਥਾਂ ਵਿਚ ਰਹਿਨੁਮਾਈ ਭਾਈ ਵੀਰ ਸਿੰਘ ਰਾਹੀਂ ਵੀਹਵੀ ਸਦੀ ਦੇ ਮੁੱਢ ਵਿਚ ਮਿਲਦੀ ਹੈ । ਭਾਈ ਵੀਰ ਸਿੰਘ ਦੀ ਅਗਵਾਈ ਹੇਠ ਹੋਰ ਵਾਰਤਕ ਲਿਖਾਰੀਆਂ ਨੇ ਆਪਣੀ ਵਾਰਤਕ ਕਲਾ ਦੇ ਕ੍ਰਿਸ਼ਮੇ ਵਿਖਾਏ ਹਨ । ਪੰਜਾਬੀ ਵਾਰਤਕ ਵਿਚ ਹਰ ਤਰ੍ਹਾਂ ਦਾ ਸਾਹਿਤ ਰਚਿਆ ਜਾਣ ਲੱਗ ਪਿਆ । ਤੇਜਾ ਸਿੰਘ, ਪੂਰਨ ਸਿੰਘ, ਗੁਰਬਖ਼ਸ਼ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਡਾ. ਬਲਬੀਰ ਸਿੰਘ ਆਦਿ ਪ੍ਰਸਿੱਧ ਵਾਰਤਕਕਾਰ ਪੰਜਾਬੀ ਸਾਹਿਤ ਨੂੰ ਪ੍ਰਾਪਤ ਹੋਏ । ਵੀਹਵੀਂ ਸਦੀ ਨੂੰ ਵਧੇਰੇ ਵਾਰਤਕ ਦਾ ਯੁੱਗ ਹੋਣ ਦਾ ਮਾਣ ਮਿਲਿਆ ਹੈ, ਇਸ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਹੀ ਆਧੁਨਿਕ ਪੰਜਾਬੀ ਵਾਰਤਕ ਨੇ ਪੱਛਮੀ ਵਾਰਤਕ ਕਲਾ ਦੇ ਅਨੇਕ ਰੂਪ ਨਾਵਲ, ਕਹਾਣੀ, ਨਾਟਕ, ਇਕਾਂਗੀ, ਸਫ਼ਰਨਾਮਾ, ਲੇਖ, ਜੀਵਨੀ, ਸਵੈ-ਜੀਵਨੀ, ਖੋਜ ਤੇ ਆਲੋਚਨਾ ਆਦਿ ਆਪਣਾ ਲਏ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸ਼ਨ ਸਿੰਘ ਆਰਿਫ਼ : ਜੀਵਨ ਤੇ ਰਚਨਾ

ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਕਿਸ਼ਨ ਸਿੰਘ ਆਰਿਫ਼ ਬਾਰੇ ਬਹੁਤੇ ਵੇਰਵੇ ਨਹੀਂ ਮਿਲਦੇ। ਹੋਰ ਰਚਨਾਵਾਂ ਵਿਚ ਵੀ ਇਹ ਜਾਣਕਾਰੀ ਅਧੂਰੀ ਪ੍ਰਾਪਤ ਹੈ। ਉਸ ਦੀਆਂ ਵਿਕੋਲਿਤ੍ਰੀਆਂ ਰਚਨਾਵਾਂ ਦੇ ਅਧਿਐਨ ਉਪਰੰਤ ਇਹ ਸਿੱਧ ਹੁੰਦਾ ਹੈ ਕਿ ਉਹ ਉਨੀਵੀਂ ਸਦੀ ਦੇ ਦੂਜੇ ਅੱਧ ਦਾ ਪ੍ਰਸਿੱਧ ਕਵੀ ਹੋਇਆ ਹੈ। ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਲਾਹੌਰ ਦਰਬਾਰ ਦੀ ਬੁਰਛਾਗਰਦੀ ਅਤੇ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਉਪਰੰਤ ਪੰਜਾਬ ਵਿਚ ਅੰਗਰੇਜ਼ੀ ਰਾਜ ਨੂੰ ਕਾਇਮ ਹੁੰਦੇ ਆਪਣੀ ਅੱਖੀਂ ਵੇਖਿਆ। ਉਸ ਨੇ ਸਾਮੰਤਵਾਦੀ ਰਾਜ ਦਾ ਅੰਤ ਅਤੇ ਪੂੰਜੀਵਾਦੀ ਰਾਜ ਦੀ ਸਥਾਪਤੀ ਹੁੰਦੀ ਵੇਖੀ। ਇਸ ਨਵੇਂ ਤੇ ਪੁਰਾਣੇ ਦੀ ਟੱਕਰ ਵਿਚ ਉਹ ਨਵੇਂ ਦਾ ਪ੍ਰਸ਼ੰਸਕ ਰਿਹਾ। ਗੁਲਾਬਦਾਸੀ ਸੰਪ੍ਰਦਾਇ ਦਾ ਅਨੁਯਾਈ ਹੋਣ ਕਰਕੇ ਆਧੁਨਿਕ ਰੁਚੀਆਂ ਵਾਲਾ ਹੋਣ ਦੀ ਥਾਂ ਪੁਰਾਤਨਵਾਦੀ ਹੀ ਰਿਹਾ। ਉਹ ਅੰਗਰੇਜ਼ੀ ਪ੍ਰਬੰਧ ਤੇ ਸਭਿਆਚਾਰਕ ਤੋਂ ਪ੍ਰਭਾਵਿਤ ਹੋਇਆ ਪਰ ਅੰਗਰੇਜ਼ੀ ਸਾਹਿੱਤ ਤੋਂ ਅਭਿੱਜ ਰਿਹਾ ਜਿਸ ਕਰਕੇ ਉਸ ਨੇ ਰਵਾਇਤੀ ਕਵੀਆਂ ਦੀ ਲੀਹ ਉੱਤੇ ਹੀ ਕਾਵਿ ਰਚਨਾ ਕੀਤੀ। ਭਾਵੇਂ ਉਸ ਦੀ ਕਵਿਤਾ ਆਧੁਨਿਕ ਵਿਚਾਰਧਾਰਾ ਦੇ ਲੋਕਾਂ ਨੂੰ ਵਧੇਰੇ ਪ੍ਰਭਾਵਿਤ ਨਾ ਕਰ ਸਕੀ ਪਰ ਜਨ-ਸਾਧਾਰਣ ਉਸ ਦੀ ਕਾਵਿ ਰਚਨਾ ਨੂੰ ਬੜੇ ਸ਼ੌਕ ਨਾਲ ਪੜ੍ਹਦੇ ਸਨ। ਇਸ ਦਾ ਪ੍ਰਤੱਖ ਪ੍ਰਮਾਣ ਉਸ ਦੀਆਂ ਲਿਖਤਾਂ ਦੇ ਅਨੇਕ ਐਡੀਸ਼ਨਾਂ ਦਾ ਪ੍ਰਕਾਸ਼ਿਤ ਹੋਣਾ ਹੈ।

ਕਿਸ਼ਨ ਸਿੰਘ ਆਰਿਫ਼ ਦਾ ਜਨਮ 1836 ਈ. ਨੂੰ ਨਾਰਾਇਣ ਸਿੰਘ ਗੁਲਾਬਦਾਸੀਏ ਦੇ ਘਰ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਦੇ ਪਿਤਾ ਬਾਜ਼ਾਰ ਮਾਈ ਸੇਵਾਂ ਵਿਚ ਕਿਤਾਬਾਂ ਦੀ ਦੁਕਾਨ ਕਰਦੇ ਸਨ। ਇਥੋਂ ਹੀ ਕਿਸ਼ਨ ਸਿੰਘ ਨੂੰ ਕਿੱਸੇ, ਕਿਤਾਬਾਂ ਪੜ੍ਹਨ ਦਾ ਸ਼ੌਕ ਜਾਗਿਆ। ਪਿਤਾ ਦੀ ਮੌਤ ਪਿੱਛੋਂ ਉਹ ਬਹੁਤ ਸਮਾਂ ਕਿਤਾਬਾਂ ਛਾਪਣ ਤੇ ਵੇਚਣ ਦੀ ਦੁਕਾਨ ਕਰਦਾ ਰਿਹਾ।[1] ਸੰਤ ਗੁਲਾਬਦਾਸ ਇਕ ਚੰਗੇ ਕਵੀ ਸਨ। ਉਨ੍ਹਾਂ ਦੇ ਵਿਚਾਰਾਂ, ਰਚਨਾ ਤੇ ਕਾਵਿ-ਸ਼ੈਲੀ ਦਾ ਕਿਸ਼ਨ ਸਿੰਘ ਨੇ ਕਾਫ਼ੀ ਪ੍ਰਭਾਵ ਕਬੂਲ ਕੀਤਾ।

ਕਿਸ਼ਨ ਸਿੰਘ ਆਪਣੀ ਰਚਨਾ ਵਿਚ ਅੰਮ੍ਰਿਤਸਰ ਤੇ ਦਰਬਾਰ ਸਾਹਿਬ ਨਾਲ ਬੜਾ ਪ੍ਰੇਮ ਦਰਸਾਉਂਦਾ ਹੈ। ਉਸ ਦੀ ਪ੍ਰਤਿਭਾ ਅੰਮ੍ਰਿਤਸਰ ਸ਼ਹਿਰ ਦੇ ਵਾਯੂਮੰਡਲ ਨੇ ਹੀ ਘੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਅੰਮ੍ਰਿਤਸਰ ਦੀ ਉਪਮਾ ਉਹ ਆਪਣੇ 'ਕਿੱਸਾ ਹੀਰ ਰਾਂਝਾ' ਵਿਚ ਇੰਜ ਕਰਦਾ ਹੈ :

ਅੰਮ੍ਰਿਤਸਰ ਇਕ ਸ਼ਹਿਰ ਹੈ ਵਿਚ ਦੇਸ਼ ਪੰਜਾਬ।
ਰੌਸ਼ਨ ਅੰਦਰ ਜੱਗ ਦੇ, ਜਿਉਂ ਸੂਰਜ ਮਹਿਤਾਬ।

ਸਿਫ਼ਤ ਕਰਾਂ ਕੀ ਸ਼ਹਿਰ ਦੀ, ਨਾਹੀਂ ਕੁਝ ਹਿਸਾਬ।
ਮੰਦਰ ਮਹਲ ਮਕਾਨ ਬਹੁ, ਬਾਗ ਚਮਨ ਤਲਾਬ।

ਉਹ 'ਸ਼ੀਰੀ ਫ਼ਰਹਾਦ' ਵਿਚ ਕਹਿੰਦਾ ਹੈ :

ਇਕ ਸ਼ਹਿਰ ਪੰਜਾਬ ਦੇ ਵਿਚ ਚੰਗਾ,
ਅੰਮ੍ਰਿਤਸਰ ਜੋ ਨਾਉਂ ਮਸ਼ਹੂਰ ਹੈ ਜੀ।
ਇਕ ਖ਼ੂਬ ਦਰਬਾਰ ਗੁਲਜ਼ਾਰ ਖਿੜਿਆ,
ਤਾਲ ਜਲ ਦਾ ਗਿਰਦ ਭਰਪੂਰ ਹੈ ਜੀ।

ਕਾਂਸ਼ੀ ਮਥਰਾ ਅਤੇ ਅਯੁਧਿਆ ਭੀ,
ਅੰਮ੍ਰਿਤਸਰ ਅੱਗੇ ਤਜ਼ਦੂਰ ਹੈ ਜੀ।
ਗਯਾ ਗੰਗਾ ਪਰਾਗ ਤੇ ਬੱਦਰੀ ਭੀ,
ਅੰਮ੍ਰਿਤਸਰ ਦੇ ਤਾਲ ਦਾ ਬੂਰ ਹੈ ਜੀ।

ਵਾਰ ਸੁਟੀਏ ਸ਼ਹਿਰ ਅਨੇਕ ਇਸ ਤੋਂ,
ਸਭ ਤੀਰਥਾਂ ਦਾ ਇਹ ਮੂਰ ਹੈ ਜੀ।

ਕਿਸ਼ਨ ਸਿੰਘ ਧਾਰਮਿਕ ਤੇ ਸਦਾਚਾਰਿਕ ਵਿਦਿਆ ਉੱਤੇ ਬਹੁਤ ਬਲ ਦੇਂਦਾ ਹੈ। ਉਸ ਉੱਤੇ ਸੂਫ਼ੀ ਮਤ ਅਤੇ ਵੇਦਾਂਤ ਦਾ ਡੂੰਘਾ ਪ੍ਰਭਾਵ ਸੀ। ਗੁਲਾਬਦਾਸੀ ਸੰਪ੍ਰਦਾਇ ਦੇ ਮੋਢੀ ਸੰਤ ਗ਼ੁਲਾਬ ਦਾਸ, ਕਿਸ਼ਨ ਸਿੰਘ ਆਰਿਫ਼ ਦੇ ਹੀ ਨਹੀਂ, ਉਸ ਦੇ ਬਾਪ ਨਰਾਇਣ ਸਿੰਘ ਦੇ ਵੀ ਗੁਰੂ ਸਨ। ਕਿਸ਼ਨ ਸਿੰਘ ਨੇ ਕਿੱਸਿਆਂ ਦੇ ਨਾਲ ਨਾਲ ਸਾਧੂ ਵਿਚਾਰਧਾਰਾ ਅਧੀਨ ਕਈ ਧਾਰਮਿਕ ਤੇ ਉਪਦੇਸ਼ਾਤਮਕ ਰਚਨਾਵਾਂ ਵੀ ਲਿਖੀਆਂ। ਉਹ ਆਪਣੀਆਂ ਰਚਨਾਵਾਂ ਵਿਚ ਥਾਂ-ਥਾਂ ਆਪਣੇ ਗੁਰੂ ਗੁਲਾਬ ਦਾਸ ਦੀ ਉਪਮਾ ਕਰਦਾ ਹੈ :

ਸਤਿਗੁਰ ਦਾਸ ਗੁਲਾਬ ਸੁਆਮੀ, ਸਾਚੇ ਗੁਰੂ ਹਮਾਰੇ ਹੈਂ।
ਜਿਨ ਕੀ ਸੰਗਤਿ ਸੇਵਾ ਕਰਕੇ, ਜਨਮ ਮਰਨ ਭੈ ਟਾਰੇ ਹੈਂ।

ਗਿਆਨ ਧਿਆਨ ਕਾ ਦਾਨ ਕੀਆ ਜਿਨ, ਤਿਨਕੇ ਹਮ ਬਲਹਾਰੇ ਹੈਂ।
ਜਿਨ ਕੇ ਦਰਸ਼ਨ ਪਰਸਨ ਕਰਕੇ, ਅਨੁਭਵ ਨੈਨ ਉਘਾਰੇ ਹੈਂ।

ਆਪਣੇ ਗੁਰੂ ਦੇ ਨਿੰਦਕਾਂ ਨੂੰ ਬਖ਼ਸ਼ਦਾ ਨਹੀਂ ਸਗੋਂ 'ਕੋਟੜੇ ਖਟਪਦੇ' ਵਿਚ ਅੱਗੇ ਲਿਖਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਜਨ ਤਿਨ ਕੀ ਨਿੰਦਾ ਕਰਦੇ, ਸੋ ਨਰ ਕਰਮਾਂ ਮਾਰੇ ਹੈਂ ।
ਕਿਸ਼ਨ ਸਿੰਘ ਸੂਰਜ ਕੀ ਨਿਆਈਂ, ਸਤਿਗੁਰ ਪਰਗਟ ਸਾਰੇ ਹੈਂ ।

ਉਹ 'ਕਿਸ਼ਨ ਕਹਾਣੀ' ਵਿਚ ਕਹਿੰਦਾ ਹੈ :

ਜੋ ਜੋ ਤਿਨ ਕੀ ਕਰੇਂ ਨਿੰਦਿਆ, ਸੋ ਹਨ ਨਿੰਦਤ ਸਾਲੇ ।
ਕਿਸ਼ਨ ਸਿੰਘ ਗੁਰ ਸੂਰਜ ਮੇਰੇ, ਹੋਏ ਚੱਠਿਆਂ ਵਾਲੇ ।

ਗੁਲਾਬ ਦਾਸ ਚੰਗੇ ਵੇਦਾਂਤੀ ਸਾਧੂ ਸਨ । ਵੇਦਾਂਤ ਦਾ ਮੁੱਢਲਾ ਸਿੱਧਾਂਤ 'ਮੈਂ ਹੀ ਬ੍ਰਹਮ ਹਾਂ' ਇਨ੍ਹਾਂ ਦੇ ਅੰਦਰ ਘਰ ਕਰ ਗਿਆ ਸੀ । ਇਸ ਕਰਕੇ ਇਹ ਕਿਸੇ ਹੋਰ ਬ੍ਰਹਮ ਨੂੰ ਮੰਨਣ ਤੋਂ ਵੀ ਇਨਕਾਰੀ ਸਨ । ਗੁਲਾਬ ਦਾਸ ਦੇ ਬਚਨਾਂ ਵਿਚ ਉਹੋ ਫ਼ਕੀਰੀ ਸੁਨੇਹਾ ਹੈ ਜੋ ਦੇਰ ਤੋਂ ਭਾਰਤੀ ਸਾਧੂ ਦੇਂਦੇ ਆਏ ਹਨ । ਕਿਸ਼ਨ ਸਿੰਘ ਆਰਿਫ਼ ਦਾ ਸਾਰਾ ਜੀਵਨ-ਚਰਿਤ੍ਰ ਆਪਣੇ ਗੁਰੂ ਦੇ ਵਿਚਾਰਾਂ ਦੇ ਅਸਰ ਹੇਠ ਹੀ ਤਿਆਰ ਹੋਇਆ ਹੈ । ਇਹੋ ਕਾਰਣ ਹੈ ਕਿ ਉਸ ਦੀਆਂ ਰਚਨਾਵਾਂ ਵਿਚ ਜਜ਼ਬੇ ਦੀ ਪ੍ਰਧਾਨਤਾ ਦੀ ਥਾਂ ਵੇਦਾਂਤੀ ਗਿਆਨ ਦੀ ਪ੍ਰਧਾਨਤਾ ਹੈ । ਉਹ ਹਰ ਥਾਂ 'ਜਗਤ ਮਿਥਿਆ ਹੈ', 'ਮੈਂ ਬ੍ਰਹਮ ਹਾਂ', 'ਹਮ ਸਰਬੰਗੀ ਹੈਂ', ਆਦਿ ਦਾ ਉਪਦੇਸ਼ ਦੇਂਦਾ ਹੈ । 'ਆਰਿਫ਼' ਦੇ ਸ਼ਬਦੀ ਅਰਥ ਬ੍ਰਹਮ ਗਿਆਨੀ ਹਨ । ਸਾਰੇ ਗੁਲਾਬਦਾਸੀਏ ਆਪਣੇ ਆਪ ਨੂੰ ਬ੍ਰਹਮ ਗਿਆਨੀ ਤਸੱਵਰ ਕਰਦੇ ਸਨ । ਚੂੰਕਿ ਉਹਨਾਂ ਦੇ ਗੁਰਾਂ ਦਾ ਉਪਦੇਸ਼ ਹੀ ਇਹੋ ਸੀ ।[2] ਆਰਿਫ਼ ਰਾਗ ਵਿਦਿਆ ਤੇ ਹਿਕਮਤ ਦਾ ਚੰਗਾ ਗਿਆਨ ਰੱਖਦਾ ਸੀ । ਸੁਭਾਅ ਦਾ ਹੱਸਮੁੱਖ ਤੇ ਸਦਾਚਾਰਕ ਕੀਮਤਾਂ ਦਾ ਪ੍ਰਚਾਰਕ ਸੀ । ਵਿਸ਼ਾਲ ਜੀਵਨ ਅਨੁਭਵ ਦੇ ਸੁਾਮੀ ਕਿਸ਼ਨ ਸਿੰਘ ਆਰਿਫ਼ ਨੇ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਤੇ ਸ਼ਹਿਰਾਂ ਦੀ ਵੀ ਯਾਤਰਾ ਕੀਤੀ :

ਰੇ-ਰਾਜ ਡਿੱਠੇ ਕਈ ਰਾਜਿਆਂ ਦੇ, ਕਈ ਸ਼ਹਿਰ ਅਤੇ ਕਈ ਦੇਸ ਡਿੱਠੇ ।
ਕਈ ਪੀਰ ਫ਼ਕੀਰ ਅਮੀਰ ਦੇਖੇ, ਕਈ ਸਾਧ ਧਾਰੀ ਬੜੇ ਭੇਸ ਡਿੱਠੇ ।
ਦਵਾਬਾ, ਮਾਲਵਾ ਅਤੇ ਪਹਾੜ ਡਿੱਠਾ, ਹਿੰਦ ਸਿੰਧ ਥੋੜੀ ਪ੍ਰਦੇਸ਼ ਡਿੱਠੇ ।
ਕਿਸ਼ਨ ਸਿੰਘ ਗਿਆਨ ਮਕਾਨ ਬਾਝੋਂ, ਪੈਂਡੇ ਨਿੱਤ ਦੇ ਵਿਚ ਕਲੇਸ਼ ਡਿੱਠੇ ।

—ਸੀਹਰਫੀ-ਸਾਂਝੀ ਚੇਤ ਕੰਰ

ਉਸ ਨੇ 'ਪੋਥੀ ਸੁਧਰਮੀ' ਵਿਚ ਗੁਰਬਾਣੀ ਵਿਚੋਂ ਟੂਕਾਂ ਵਰਤ ਕੇ ਥਾਂ-ਥਾਂ ਲੋਕਾਂ ਨੂੰ ਗੁਰਮਤਿ ਅਨੁਸਾਰ ਆਪਣਾ ਜੀਵਨ ਗੁਜ਼ਾਰਨ ਦੀ ਪ੍ਰੇਰਣਾ ਦਿੱਤੀ ਹੈ ।

ਪੁਰਾਤਨ ਕਿੱਸਿਆਂ ਦੇ ਡੂੰਘੇਰੇ ਪਾਠ ਨੇ ਕਿਸ਼ਨ ਦੀ ਪ੍ਰਤਿਭਾ ਨੂੰ ਬਹੁਤ ਚਮਕਾਇਆ ਉਸ ਜ਼ਮਾਨੇ ਵਿਚ ਕਿੱਸਾ-ਕਾਵਿ ਹੀ ਪ੍ਰਧਾਨ ਸਾਹਿੱਤ ਸੀ ਤੇ ਉਸ ਦੇ ਪਿਤਾ ਜੀ ਕਿੱਸੇ ਵੇਚਦੇ ਸਨ । ਕਿਸ਼ਨ ਸਿੰਘ ਦੀ ਰਚਨਾ ਵਿਚੋਂ ਪਤਾ ਲੱਗਦਾ ਹੈ ਕਿ ਉਸ ਨੇ ਸਾਰੇ ਆਸ਼ਕਾਂ—ਕੀ ਹਕੀਕੀ ਤੇ ਕੀ ਮਜਾਜ਼ੀ—ਸਮਨ ਸ਼ਾਹ, ਸਰਮਦ, ਬੁੱਲ੍ਹਾ ਸ਼ਾਹ, ਮੂਸਾ, ਈਸਾ ਮਸੀਹ, ਸ਼ੀਰੀਂ ਫ਼ਰਹਾਦ, ਲੈਲਾ ਮਜਨੂੰ, ਯੂਸਫ਼ ਜ਼ੁਲੈਖਾਂ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਰੋਡਾ ਜਲਾਲੀ ਆਦਿ ਬਾਰੇ ਲਿਖਿਆ ਕਥਾ-ਬ੍ਰਿਤਾਂਤ ਪੜ੍ਹਿਆ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ।[3]

ਉਹ ਆਪਣੀਆਂ ਰਚਨਾਵਾਂ ਵਿਚ ਜੋ ਇਸ਼ਕ ਦਾ ਸਿੱਧਾਂਤ ਪੇਸ਼ ਕਰਦਾ ਹੈ ਉਹ ਵੀ ਮੂਲੋਂ ਨਵਾਂ ਨਹੀਂ ਕਿਹਾ ਜਾ ਸਕਦਾ । ਪੰਜਾਬੀ ਸੂਫ਼ੀ ਕਵੀਆਂ ਵਾਂਗ ਉਹ ਇਸ਼ਕ ਹਕੀਕੀ ਤੇ ਇਸ਼ਕ ਮਜਾਜ਼ੀ ਦੋਹਾਂ ਦੀ ਮਹੱਤਾ ਉਤੇ ਬਲ ਦੇਂਦਾ ਹੈ । ਉਸ ਨੇ ਥਾਂ ਥਾਂ ਇਸ਼ਕ ਦੀ ਸ਼ਲਾਘਾ ਕੀਤੀ ਹੈ । ਇਸ਼ਕ ਦਾ ਵਿਰੋਧ ਕਰਨ ਵਾਲਿਆਂ ਦੀ ਉਹ ਨਿੰਦਾ ਕਰਦਾ ਹੈ :

ਦੁਸ਼ਮਨ ਆਸ਼ਕਾਂ ਦੇ ਸਾਈਆਂ ਹੋਣ ਅੰਧੇ,
ਜਿਹੜੇ ਯਾਰ ਤੋਂ ਯਾਰ ਵਿਛੋੜਦੇ ਜੇ ।
ਕੋਹੜੇ ਹੋਣ ਤੇ ਕਿਰਨ ਪੈ ਜਾਣ ਜੁੱਸੇ,
ਬੁਰਾ ਆਸ਼ਕਾਂ ਦਾ ਸਦਾ ਲੋੜਦੇ ਜੇ ।
ਚੁਗਲੀ ਆਸ਼ਕਾਂ ਦੀ ਚੁਗਲ ਕਰਨ ਭੈੜੇ,
ਆਦਤ ਸੱਪ ਵਾਲੀ ਨਹੀਂ ਛੋੜਦੇ ਜੇ ।
ਅਰਸ਼ ਹੱਕ ਹੋਯਾ ਦਿਲ ਆਸ਼ਕਾਂ ਦਾ,
ਸ਼ੀਸ਼ਾ ਰੱਬ ਦਾ ਜੋੜਿਆ ਫੋੜਦੇ ਜੇ ।
ਰੱਤੀ ਰੱਤ ਨਾ ਇਸ਼ਕ ਦੇ ਲੁਠਿਆਂ ਦੀ,
ਸੁਕੜਾ ਕਪੜਾ ਪਕੜ ਨਚੋੜਦੇ ਜੇ ।
ਅਕਲ ਆਪਣੀ ਦੱਸਦੇ ਆਸ਼ਕਾਂ ਨੂੰ,
ਪੱਥਰ ਰਾਲ ਦੇ ਨਾਲ ਲੈ ਜੋੜਦੇ ਜੇ ।
ਬਿਨਾ ਇਸ਼ਕ ਇਨਸਾਨ ਹੈਵਾਨ ਜੈਸੇ,
ਭਾਵੇਂ ਆਦਮੀ ਲੱਖ ਕਰੋੜ ਦੇ ਜੇ ।

—ਸ਼ੀਰੀਂ ਫ਼ਰਹਾਦ

ਪਰ ਉਸ ਦੀ ਤਸੱਲੀ ਕੇਵਲ ਮਜਾਜ਼ੀ ਇਸ਼ਕ ਦੀਆਂ ਗੱਲਾਂ ਕਰਨ ਨਾਲ ਨਹੀਂ ਹੁੰਦੀ । ਉਹ ਹਕੀਕੀ ਇਸ਼ਕ ਨੂੰ ਹੀ ਮਨੁੱਖੀ ਕਲਿਆਣ ਦਾ ਸਾਧਨ ਮੰਨਦਾ ਹੈ :

(1) ਇਸ਼ਕ ਮਜਾਜ਼ੀ ਪੌੜੀਆਂ, ਮਹੱਲ ਹਕੀਕ ਬਨਾ ।
(2) ਇਸ਼ਕ ਹਕੀਕੀ ਰੱਬ ਦਾ, ਕੂੜਾ ਇਸ਼ਕ ਜਹਾਨ ।
(3) ਜ਼ਾਹਿਰ ਕੀਤੇ ਇਸ਼ਕ ਨੇ, ਪੀਰ ਫ਼ਕੀਰ ਅਮੀਰ ।
(4) ਕਿਸ਼ਨ ਸਿੰਘ ਸੰਸਾਰ ਸਮੁੰਦ ਵਿਚੋਂ,
ਸਾਨੂੰ ਇਸ਼ਕ ਨੇ ਪਾਰ ਉਤਾਰਿਆ ਈ ।

ਆਰਿਫ਼ ਇਸ਼ਕ ਹਕੀਕੀ ਦੇ ਨਾਲ ਨਾਲ, ਗੁਲਾਬਦਾਸੀਆਂ ਹੋਣ ਕਰਕੇ ਕਨਕ ਤੇ ਕਾਮਨੀ ਦਾ ਵੀ ਕਾਇਲ ਹੈ । ਉਹ ਇਸਤ੍ਰੀ ਸੰਭੋਗ ਨੂੰ ਬੜੀ ਮਹੱਤਾ ਦੇਂਦਾ ਹੈ[4] ਬੇਸ਼ਕ ਉਸ ਨੇ ਆਪਣੀ ਉਪ-ਦੇਸ਼ਾਤਮਕ ਕਵਿਤਾ ਇਸ ਨੂੰ ਛੁਟਿਆਇਆ ਵੀ ਹੈ ।

ਉਹ ਰਚਨਾ ਕਰਦਾ ਹੋਇਆ ਆਪਣੇ ਆਲੇ ਦੁਆਲੇ ਤੋਂ ਵੀ ਅਭਿੱਜ ਨਹੀਂ ਰਹਿੰਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਜਿਥੇ ਅੰਮ੍ਰਿਤਸਰ ਸ਼ਹਿਰ ਦਾ ਜ਼ਿਕਰ ਕਰਦਾ ਹੈ ਤੇ ਆਪਣੇ ਗੁਰੂ ਗੁਲਾਬ ਦਾਸ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ, ਉਥੇ ਅੰਗਰੇਜ਼ੀ ਰਾਜ ਤੇ ਉਸ ਦੀਆਂ ਬਰਕਤਾਂ ਦੇ ਸੋਹਲੇ ਇਕ ਤੋਂ ਵਧ ਥਾਵਾਂ ਉੱਤੇ ਗਾਉਂਦਾ ਹੈ :

(1) ਹਾਸਲ ਹੁਕਮ ਸਵਾਇਆ, ਹਰ ਪਾਸੇ ਤਪ ਤੇਜ।
ਜ਼ੁਲਮ ਨਾ ਕੋਈ ਕਰ ਸਕੇ, ਨਾ ਕੋਈ ਸਖ਼ਤ ਸਤੇਜ।

(2) ਦੇਖ ਤੂੰ ਇਨਸਾਫ ਸੇ, ਏ ਯਾਰ ਰਾਜ ਅੰਗਰੇਜ਼ ਕਾ।
ਖੂਬ ਹੈ ਔਰ ਨੇਕ ਏ, ਦਿਲਦਾਰ ਰਾਜ ਅੰਗਰੇਜ਼ ਕਾ।

ਪਰ ਅੰਗਰੇਜ਼ਾਂ ਦੀ ਕੁਟਲ ਨੀਤੀ, ਜ਼ੁਲਮ ਤੇ ਹੋਰ ਕੁਕਰਮਾਂ ਦਾ ਕੋਈ ਵਰਣਨ ਕਰਨ ਦੀ ਉਹ ਹਿੰਮਤ ਨਹੀਂ ਰੱਖਦਾ। ਉਸ ਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਉਸ ਨੇ ਆਪਣੇ ਸਮੇਂ ਵਿਚ ਸਿੱਖ ਰਾਜ ਦਾ ਖ਼ਾਤਮਾ ਹੁੰਦਾ ਵੇਖਿਆ ਸੀ। ਅੰਗਰੇਜ਼ੀ ਰਾਜ ਨਵਾਂ-ਨਵਾਂ ਪੰਜਾਬ ਵਿਚ ਸਥਾਪਤ ਹੋਇਆ ਸੀ। ਸਿੱਖਾਂ ਦੀ ਅੰਗਰੇਜ਼ਾਂ ਨਾਲ ਪਹਿਲੀ ਅਤੇ ਦੂਜੀ ਲੜਾਈ ਵਿਚ ਬਹੁਤ ਬੁਰੀ ਤਰ੍ਹਾਂ ਹਾਰ ਹੋਈ ਸੀ। ਭਾਵੇਂ ਇਹ ਸਰਦਾਰਾਂ ਤੇ ਡੋਗਰਿਆਂ ਦੀ ਗ਼ਦਾਰੀ ਕਾਰਣ ਹੋਈ ਪਰ ਇਸ ਸਮੇਂ ਸਾਧਾਰਣ ਜਨਤਾ ਅੰਗਰੇਜ਼ੀ ਰਾਜ ਤੋਂ ਭੈ-ਭੀਤ ਹੋ ਚੁੱਕੀ ਸੀ। ਲੋਕਾਂ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਅੰਗਰੇਜ਼ ਦਾ ਰਾਜ ਕਦੇ ਖ਼ਤਮ ਨਹੀਂ ਹੋਵੇਗਾ। ਇਹੋ ਜੇਹਾ ਪ੍ਰਭਾਵ ਹੀ ਕਿਸ਼ਨ ਸਿੰਘ ਆਰਿਫ਼ ਉਤੇ ਪਿਆ ਉਸਦੀ ਰਚਨਾ ਵਿਚੋਂ ਸਿੱਧ ਹੁੰਦਾ ਹੈ।

ਆਰਿਫ਼ ਜੀਵਨ ਦੀ ਮਹਾਨਤਾ ਤੋਂ ਘੱਟ ਹੀ ਜਾਣੂ ਹੈ। ਉਹ ਇਕ ਸਨਕੀ ਜੇਹੇ ਦ੍ਰਿਸ਼ਟੀਕੋਣ ਦਾ ਮਾਲਕ ਹੈ। ਹੋਣੀ ਦੀਆਂ ਥਪੇੜਾਂ ਮਨੁੱਖਾਂ ਨੂੰ ਕਿਵੇਂ ਨਾਸ਼ ਕਰਦੀਆਂ ਹਨ ਇਸ ਵਿਚ ਉਹ ਯਕੀਨ ਰੱਖਦਾ ਹੈ। ਉਸ ਦੀ ਸੋਚਣੀ ਅਸਲੋਂ ਲੋਕ ਪੱਧਰ ਦੀ ਹੈ। ਇਸ਼ਕ, ਹੋਣੀ, ਇਸਤ੍ਰੀ ਜਾਤੀ ਬਾਰੇ ਉਸ ਦੇ ਵਿਚਾਰ ਆਮ ਪ੍ਰਚਲਿਤ ਹਨ।

ਉਹ ਪੰਜਾਬੀ ਤੋਂ ਇਲਾਵਾ ਹਿੰਦੀ, ਉਰਦੂ ਤੇ ਫ਼ਾਰਸੀ ਦਾ ਇਕ ਚੰਗਾ ਵਿਦਵਾਨ ਸੀ। ਇਨ੍ਹਾਂ ਸਾਰੀਆਂ ਭਾਸ਼ਾਵਾਂ ਵਿਚ ਉਸ ਨੇ ਸਾਹਿੱਤ ਰਚਨਾ ਵੀ ਕੀਤੀ ਹੈ :

ਕਈ ਕਿਤਾਬਾਂ ਮੈਂ ਨੇ ਕਹੀਆਂ, ਤੂੰ ਸੁਣ ਪਿਆਰੇ ਜਾਨੀ।
ਹਿੰਦੀ ਭਾਸ਼ਾ, ਉਰਦੂ ਬੋਲੀ, ਹੋਰ, ਫ਼ਾਰਸੀ ਮਾਨੀ।
ਗੁਰ ਸੰਤਨ ਕੀ ਕਿਰਪਾ ਸੇਤੀ, ਮੇਰੀ ਰਹੀ ਨਿਸ਼ਾਨੀ।

—ਕਿਸ਼ਨ ਕਹਾਣੀ

ਉਸ ਦੀ ਪੁਸਤਕ 'ਕੋਟੜੇ ਖਟਪਦੇ' ਸਾਧ ਭਾਖਾ/ਹਿੰਦੀ ਵਿਚ ਹੈ ਤੇ ਉਸ ਵਿਚ ਸ਼ੁਧ ਉਰਦੂ ਦੀਆਂ ਗ਼ਜ਼ਲਾਂ ਵੀ ਮਿਲਦੀਆਂ ਹਨ। 'ਦੀਵਾਨੇ ਆਰਿਫ਼' ਵਿਚ ਉਸ ਦੀਆਂ ਦੋ ਸੌ ਉਰਦੂ ਗਜ਼ਲਾਂ ਛਪੀਆਂ ਹਨ। ਇਸੇ ਦੀਵਾਨ ਵਿਚ ਉਸ ਦੀਆਂ ਫ਼ਾਰਸੀ ਗ਼ਜ਼ਲਾਂ, ਦੋਹੜੇ, ਕੁੰਡਲੀਏ, ਕਬਿੱਤ ਤੇ ਸਵੱਯੇ ਆਦਿ ਵੀ ਮਿਲਦੇ ਹਨ। ਪ੍ਰੀਤਮ ਸੈਨੀ ਦਾ ਮਤ :

ਸਾਹਿਬੇ ਦੀਵਾਨ ਹੋਣ ਕਾਰਣ ਆਰਿਫ਼ ਦਾ ਰੁਤਬਾ ਹਾਸ਼ਮ ਸ਼ਾਹ, ਅਹਿਮਦ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹ ਤੇ ਫ਼ਜ਼ਲ ਸ਼ਾਹ ਜੇਹੇ ਉਰਦੂ ਫ਼ਾਰਸੀ ਦੇ ਵਿਦਵਾਨ ਪੰਜਾਬ ਕਵੀਆਂ ਤੋਂ ਵੀ ਬੁਲੰਦ ਆਖਿਆ ਜਾ ਸਕਦਾ ਹੈ ।[5]

ਉਸ ਨੇ ਆਪਣੇ ਸਮਕਾਲੀਆਂ ਵਿਚੋਂ ਸਭ ਤੋਂ ਵੱਧ ਕਾਵਿ ਰਚਨਾ ਕੀਤੀ ਹੈ । ਉਸ ਦੀਆਂ ਗਜ਼ਲਾਂ ਦੇ ਉਰਦੂ ਦੀਵਾਨ ਵਿਚ ਠੀਕ ਹੀ ਲਿਖਿਆ ਹੈ :

ਕਹੇ ਹੈ ਸ਼ੇਅਰ ਮੈਂ ਨੇ ਸਦ ਹਜ਼ਾਰਾਂ,
ਹੈ ਬਰਸਾ ਕਿਸ਼ਨ ਸਿੰਘ ਮਾਨਦੇ ਬਾਰਾਂ । (ਪੰਨਾ 104)

ਉਹ ਇਕ ਪੜ੍ਹਿਆ ਲਿਖਿਆ ਵਿਅਕਤੀ ਸੀ । ਇਹ ਗੱਲ ਆਰਿਫ਼ ਰਚਿਤ ਸਾਹਿੱਤ ਤੋਂ ਪ੍ਰਗਟ ਹੁੰਦੀ ਹੈ । 'ਸ਼ੀਰੀ ਫ਼ਰਹਾਦ' ਵਿਚ ਉਸ ਨੇ ਹੀਰ ਵਾਰਿਸ ਤੋਂ ਵੀ ਵੱਧ ਕੁਰਾਨ ਸ਼ਰੀਫ਼ ਦੀਆਂ ਆਇਤਾਂ ਦੀ ਵਰਤੋਂ ਕੀਤੀ ਹੈ । ਉਸ ਦੇ ਕਿੱਸਿਆਂ ਦੇ 'ਕਵੀ ਵਾਕਾਂ' ਤੇ ਉਸ ਦੀ ਉਪਦੇਸ਼ਾਤਮਕ ਕਵਿਤਾ ਵਿਚੋਂ ਉਸ ਦਾ ਵਿਸ਼ਾਲ ਜੀਵਨ ਅਨੁਭਵ, ਉਸ ਦੀਆਂ ਧਾਰਮਿਕ ਧਾਰਨਾਵਾਂ ਤੇ ਕਿਰਦਾਰ ਆਦਿ ਦੇ ਸਾਫ਼ ਝਲਕਾਰੇ ਮਿਲਦੇ ਹਨ । ਉਸ ਨੇ ਹਿੰਦੂ ਮਿਥਿਹਾਸ ਤੇ ਇਸਲਾਮੀ ਤਲਮੀਹਾਂ ਨੂੰ ਇਕੋ ਜੇਹੀ ਨਿਪੁੰਨਤਾ ਨਾਲ ਵਰਤਿਆ ।[6]

ਕਿਸ਼ਨ ਸਿੰਘ ਆਰਿਫ਼ ਦੇ ਕੋਈ ਸੰਤਾਨ ਨਹੀਂ ਸੀ । ਇਸ ਬਾਰੇ ਉਸ ਦੀ ਕਵਿਤ੍ਰੀ ਪਤਨੀ ਚੇਤ ਕੌਰ ਨੇ 'ਸ਼ੀਹਰਫ਼ੀ ਸਾਂਝੀ ਚੇਤ ਕੌਰ' ਵਿਚ ਲਿਖਿਆ ਹੈ :

ਕਾਫ਼ ਕਰਜ਼ ਨਹੀਂ ਕਿਸੇ ਦਾ ਮੂਲ ਦੇਣਾ,
ਧੀ ਪੁੱਤਰ ਨਾ ਕੋਈ ਜੋ ਵਿਆਹਵਣਾ ਹੈ ।
ਦਿਨ ਰਾਤ ਬੇਫਿਕਰਿਆਂ ਬੀਤ ਜਾਸੀ,
ਆਪੇ ਖਟਣਾ ਤੇ ਆਪੇ ਖਾਵਣਾ ਹੈ ।

ਇਸ ਸੀਹਰਫੀ ਨੂੰ ਚੇਤ ਕੌਰ ਨੇ ਆਪਣੇ ਪਰਦੇਸ ਗਏ ਪਤੀ ਦੇ ਵਿਛੋੜੇ ਵਿਚ ਰਚਿਆ ਹੈ ।[7]

ਕਿਸ਼ਨ ਸਿੰਘ ਆਰਿਫ਼ ਦਾ ਦੇਹਾਂਤ 1900 ਈ. ਵਿਚ ਹੋਇਆ ਮੰਨਿਆ ਜਾਂਦਾ ਹੈ । ਸਭ ਤੋਂ ਪਹਿਲਾਂ ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ **'A History of Punjabi Literature'** ਵਿਚ ਇਸ ਬਾਰੇ ਲਿਖਿਆ ਸੀ । ਪ੍ਰੀਤਮ ਸੈਨੀ, ਮੋਹਨ ਸਿੰਘ ਦੀਵਾਨਾ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹੈ । ਉਸ ਦਾ ਵਿਚਾਰ ਹੈ ਕਿ ਇਹ ਭੁਲੇਖਾ ਹੈ ।[8] ਉਹ ਆਰਿਫ਼ ਦੀ ਮ੍ਰਿਤੂ ਦੀ ਮਿਤੀ 1898 ਈ. ਮੰਨਦਾ ਹੈ । ਆਪਣੇ ਵਿਚਾਰ ਦੀ ਪੁਸ਼ਟੀ ਵਿਚ ਉਹ ਲਿਖਦਾ ਹੈ ਕਿ ਹਾੜ 1955 ਬਿਕਰਮੀ (1898 ਈ.) ਵਿਚ ਲਿਖੇ ਆਪਣੇ 'ਕਿੱਸੇ ਸੋਹਣੀ ਮਹੀਂਵਾਲ' ਵਿਚ ਆਰਿਫ਼ ਦਾ ਸਮਕਾਲੀ ਸਮ-ਸੰਪ੍ਰਦਾਈ ਤੇ ਮਿੱਤਰ ਕਵੀ ਪਾਲ ਸਿੰਘ ਆਰਿਫ਼ ਲਿਖਦਾ ਹੈ :

ਕਿਸ਼ਨ ਸਿੰਘ ਆਰਿਫ਼ ਹੈਸਨ ਮੀਤ ਸਾਡੇ,
ਸੁਰਗਵਾਸ ਜੋ ਹੂਏ ਸੁਣਾਇਆ ਮੈਂ । (ਪੰਨਾ 136)

ਸਾਡੇ ਵਿਚਾਰ ਅਨੁਸਾਰ ਕਵੀ ਪਾਲ ਸਿੰਘ ਆਰਿਫ਼ ਨੇ ਸੁਣਿਆ ਹੈ ਕਿ ਕਿਸ਼ਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮੌਤ ਹੋ ਗਈ ਹੈ। ਹੋ ਸਕਦਾ ਹੈ ਕਿ ਉਸ ਨੂੰ ਕਿਸੇ ਗਲਤ ਦਸ ਦਿੱਤਾ ਹੋਵੇ। ਸਾਡੇ ਵਿਚਾਰ ਅਨੁਸਾਰ ਉਨ੍ਹਾਂ ਦੀ ਮ੍ਰਿਤੂ 1900 ਈ. ਵਿਚ ਹੀ ਹੋਈ ਹੈ, ਜੋ ਵਧੇਰੇ ਵਿਦਵਾਨਾਂ ਨੇ ਪ੍ਰਵਾਨ ਕੀਤੀ ਹੈ।

ਕਿਸ਼ਨ ਸਿੰਘ ਆਰਿਫ਼ ਦੇ ਕਿੱਸੇ ਅਤੇ ਹੋਰ ਧਾਰਮਿਕ ਤੇ ਸਦਾਚਾਰਕ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

(ੳ) ਕਿੱਸੇ

1. ਦੁੱਲਾ ਭੱਟੀ
2. ਪੂਰਨ ਭਗਤ
3. ਰਾਜਾ ਰਸਾਲੂ
4. ਰਾਜਾ ਭਰਥਰੀ
5. ਸ਼ੀਰੀਂ ਫ਼ਰਹਾਦ
6. ਹੀਰ ਰਾਂਝਾ

(ਅ) ਧਾਰਮਿਕ ਤੇ ਸਦਾਚਾਰਕ ਰਚਨਾਵਾਂ

1. ਕਾਫ਼ੀਆਂ
2. ਕਿਸ਼ਨ ਕਟਾਰ
3. ਰਾਜਨੀਤੀ
4. ਗ੍ਰੰਥ ਰਾਜਨੀਤਕਾਂ
5. ਵਿਚਾਰ ਮਾਲਾ
6. ਰੁਕਮਣੀ ਮੰਗਲ
7. ਕੌਰੜੇ ਖਟਪਟੇ
8. ਬਿਬੇਕ ਬਾਣ
9. ਕਸੀਦੇ ਆਰਿਫ਼ (ਦੋ)
10. ਗਿਆਨ ਚਰਖਾ
11. ਜੀਵ ਸਿਆਪਾ
12. ਪੋਥੀ ਸੁਧਰਮੀ (ਵਾਰਤਕ)
13. ਸੀਹਰਫ਼ੀ (ਸਾਂਝੀ ਚੇਤ ਕੌਰਵ ਕਿਸ਼ਨ ਸਿੰਘ ਆਰਿਫ਼)
14. ਕੁੰਡਲੀਏ ਆਰਿਫ਼
15. ਕਾਰ ਸਰੋਵਰ
16. ਬਾਰਾਮਾਹ (ਤਿੰਨ)
17. ਸਤਵਾਰਾ
18. ਪੈਂਤੀ ਅੱਖਰੀ
19. ਹੋਲੀਆਂ
20. ਸਤੀ ਸ਼ਿੰਗਾਰ
21. ਹਰੀ ਅਸਤੋਤ੍ਰ
22. ਬੁਝਾਰਤਾਂ ।[9]

ਪ੍ਰੀਤਮ ਸੈਨੀ ਨੇ ਆਰਿਫ਼ ਦੀਆਂ 39 ਹੱਥ-ਲਿਖਿਤ ਤੇ ਪ੍ਰਕਾਸ਼ਿਤ ਕਿਰਤਾਂ ਦੀ ਸੂਚੀ ਦਿਤੀ ਹੈ। ਇਸ ਤੋਂ ਇਲਾਵਾ ਉਸ ਨੇ ਆਰਿਫ਼ ਦੀਆਂ 14 ਹੋਰ ਅਪ੍ਰਾਪਤ ਰਚਨਾਵਾਂ ਦਾ ਹਵਾਲਾ ਦਿੱਤਾ ਹੈ। ਇਸ ਤਰ੍ਹਾਂ ਉਸ ਦੀਆਂ ਕੁਲ ਰਚਨਾਵਾਂ 53 ਦੱਸੀਆਂ ਹਨ ।[10]

ਕਿਸ਼ਨ ਸਿੰਘ ਆਰਿਫ਼ ਦੇ ਕਿੱਸਿਆਂ ਵਿਚੋਂ 'ਹੀਰ ਆਰਿਫ਼' ਵਧੇਰੇ ਪ੍ਰਸਿੱਧ ਹੋਈ ਹੈ। ਇਸ ਨੂੰ 'ਕਲੀਆਂ ਵਾਲੀ ਹੀਰ' ਵੀ ਕਿਹਾ ਜਾਂਦਾ ਹੈ ਕਿਉਂਕਿ ਆਰਿਫ਼ ਨੇ ਪੀਲੂ ਦੇ 'ਮਿਰਜ਼ੇ' ਵਾਂਗ ਇਹ 'ਹੀਰ' ਕਲੀਆਂ ਵਿਚ ਲਿਖੀ ਹੈ। ਕਲੀਆਂ ਤੋਂ ਬਿਨਾਂ ਆਰਿਫ਼ ਨੇ ਆਪਣੀਆਂ ਰਚਨਾਵਾਂ ਵਿਚ ਪੰਜਾਬੀ ਰਵਾਇਤੀ ਕਵਿਤਾ ਵਿਚ ਵਰਤੇ ਜਾਂਦੇ ਲਗਭਗ ਸਾਰੇ ਕਾਵਿ ਛੰਦਾਂ ਦਾ ਪ੍ਰਯੋਗ ਕੀਤਾ ਹੈ।

ਉਸ ਦੀ ਕਵਿਤਾ ਦਾ ਖ਼ਾਸ ਗੁਣ ਉਸ ਵਿਚ ਅਖੌਤਾਂ ਤੇ ਜੀਵਨ ਸਚਾਈਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਗਟ ਕਰਨਾ ਹੈ [illegible] ਨਾਲ ਪੂਰਾ ਕਰਨ ਦਾ ਯਤਨ ਕੀਤਾ ਹੈ । ਉਸ ਦੀ ਰਚਨਾ ਵਿਚ ਰੱਬੀ ਇਸ਼ਕ ਦੀ ਉੱਚਤਾ, ਜੀਵਨ ਦੀ ਨਾਸ਼ਮਾਨਤਾ, ਮਨੁੱਖ ਦਾ ਸਵਾਰਥੀਪਨ, ਇਸਤ੍ਰੀ ਦੀ ਨਿੰਦਾ ਆਦਿ ਵਿਚਾਰ ਆਮ ਮਿਲਦੇ ਹਨ । ਇਸੇ ਕਰਕੇ ਉਹ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਵਿਚਾਰਸ਼ੀਲ ਰਵਾਇਤੀ ਕਵੀਆਂ ਵਿਚ ਉੱਘਾ ਹੈ ।[11]

ਹਵਾਲੇ ਤੇ ਟਿੱਪਣੀਆਂ

1. ਅੰਮ੍ਰਿਤਸਰ ਵਿਚ ਰਹਿੰਦਾ ਹਾਂ ਮੈਂ ਕੁਤਬ ਫ਼ਰੋਸ਼ੀ ਕਰਦਾ ।
ਪਾਸ ਅਖਾੜੇ ਚਿੱਟੇ ਦੇ ਹੈ ਆਸ਼ਕ ਹਰ ਦਿਲਬਰ ਦਾ ।
ਕਟੜੇ ਮਾਈ ਸੇਵਾਂ ਵਾਲੇ ਪਾਸ ਗੁਰੂ ਦਰਬਾਰੇ ।
ਕਿਸ਼ਨ ਸਿੰਘ ਜੋ ਮਿਲਿਆ ਚਾਹੇ ਆਵੇ ਪਾਸ ਹਮਾਰੇ ।
—ਕਿਸ਼ਨ ਕਟਾਰ
ਕਿਸ਼ਨ ਸਿੰਘ ਸੁਤ, ਸਿੰਘ ਨਰਾਇਣ ਅੰਮ੍ਰਿਤਸਰ ਵਿਚ ਰਹਿੰਦਾ ।
ਬਦਨ ਬਿਲਾਸ ਹੁਲਾਸ ਖਾਇ ਤੇ, ਤਰਹ ਤਰਹ ਤੇ ਕਹਿੰਦਾ ।
ਸਤਗੁਰ ਦਾਸ ਗੁਲਾਬ ਹਮਾਰੇ, ਹੋਇ ਚੱਠਿਆਂ ਵਾਲੇ ।
ਜਿਨ੍ਹਾਂ ਸੰਗਤ ਉਨਕੀ ਕੀਤੀ, ਪੀਤੇ ਪ੍ਰੇਮ ਪਿਆਲੇ ।
2. ਪਿਆਰਾ ਸਿੰਘ ਪਦਮ : 'ਕਲੀਆਂ ਦੀ ਹੀਰ', ਪੰਨਾ 8
3. 'ਪੰਜਾਬੀ ਸਾਹਿੱਤ ਦਾ ਇਤਿਹਾਸ' (ਭਾਗ ਦੂਜਾ), ਭਾਸ਼ਾ ਵਿਭਾਗ, ਪੰਨਾ 156
4. ਜੱਗ ਜੀਵਨੇ ਦੇ ਏਹੋ ਫਲ ਕਹਿੰਦੇ, ਏਕ ਨਾਮ ਸਾਹਿਬ ਦੂਜਾ ਭੋਗ ਹੈ ਜੀ ।
ਵਲੀ ਪੀਰ ਫ਼ਕੀਰ ਪੈਗੰਬਰਾਂ ਦਾ, ਨਾਲ ਨਾਰੀਆਂ ਦੇ ਸੰਜੋਗ ਹੈ ਜੀ ।
ਕਿਸ਼ਨ ਸਿੰਘ ਮੇਹਰੀ ਮਰਦ ਮਿਲਣ ਜਦੋਂ, ਦੂਰ ਹੋਵੇ ਤਦੋਂ ਸਾਰਾ ਸੋਗ ਹੈ ਜੀ ।
—ਰਾਜਾ ਰਸਾਲੂ
5. 'ਕਵੀ ਕਿਸ਼ਨ ਸਿੰਘ ਆਰਿਫ਼ : ਇਕ ਆਲੋਚਨਾਤਮਕ ਅਧਿਐਨ' (ਖੋਜ ਪ੍ਰਬੰਧ), ਪੰਨਾ 58
6. ਉਹੀ, ਪੰਨਾ 59
7. ਪ੍ਰੀਤਮ ਸੈਨੀ 'ਕਿੱਸਾਕਾਰ ਕਿਸ਼ਨ ਸਿੰਘ ਆਰਿਫ਼', 'ਪੰਜਾਬੀ ਦੁਨੀਆਂ', ਦਸੰਬਰ 1977, ਪੰਨਾ 58.
8. ਉਹੀ, ਪੰਨੇ 59-60.
9. ਪੰਜਾਬੀ ਸਾਹਿੱਤ ਕੋਸ਼ (ਭਾਗ ਦੂਜਾ), ਪੰਜਾਬ ਯੂਨੀਵਰਸਿਟੀ, ਪੰਨਾ 183.
10. 'ਕਵੀ ਕਿਸ਼ਨ ਆਰਿਫ਼ : ਇਕ ਆਲੋਚਨਾਤਮਕ ਅਧਿਐਨ', ਪੰਨੇ 65-66.
11. 'ਪੰਜਾਬੀ ਸਾਹਿੱਤ ਕੋਸ਼' (ਭਾਗ ਦੂਜਾ), ਪੰਜਾਬ ਯੂਨੀਵਰਸਿਟੀ, ਪੰਨਾ 183.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਾ ਵਿਸਾਖਾ ਸਿੰਘ ਜੀ ਦੀ ਕਵਿਤਾ

ਗ਼ਦਰੀ ਬਾਬਾ ਵਿਸਾਖਾ ਸਿੰਘ ਨੂੰ ਕਵਿਤਾ ਲਿਖਣ ਦਾ ਵੀ ਸ਼ੌਕ ਸੀ ਤੇ ਉਹ ਸਮੇਂ ਸਮੇਂ ਤੁਕਬੰਦੀ ਕਰਦੇ ਰਹਿੰਦੇ ਸਨ। ਉਨ੍ਹਾਂ ਨੂੰ ਇਹ ਸ਼ੌਕ ਕਦੋਂ ਤੇ ਕਿਵੇਂ ਪੈਦਾ ਹੋਇਆ ? ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਡਾ. ਜਸਵੰਤ ਸਿੰਘ ਜਸ ਦਾ ਵਿਚਾਰ ਹੈ ਕਿ 1914 ਵਿਚ ਗ਼ਦਰ ਪਾਰਟੀ ਦੇ ਅਖ਼ਬਾਰ 'ਗ਼ਦਰ' ਦੇ ਛਪਣ ਸਮੇਂ ਬਾਬਾ ਜੀ ਦੀਆਂ ਦੇਸ਼ ਭਗਤੀ ਦੇ ਰੰਗ ਵਿਚ ਰੰਗੀਆਂ ਹੋਈਆਂ ਕੁਝ ਕਵਿਤਾਵਾਂ ਛਪਣੀਆਂ ਸ਼ੁਰੂ ਹੋਈਆਂ।[1] ਪਰੰਤੂ ਡਾਕਟਰ ਜਸ ਨੇ ਕਿਸੇ ਅਜਿਹੇ ਅੰਕ ਦਾ ਹਵਾਲਾ ਨਹੀਂ ਦਿੱਤਾ, ਜਿਸ ਵਿਚ ਉਨ੍ਹਾਂ ਦੀ ਕੋਈ ਰਚਨਾ ਛਪੀ ਹੋਵੇ ਅਤੇ ਨਾ ਹੀ ਅਜੇ ਤਕ ਸਾਡੀ ਨਜ਼ਰ ਵਿਚ 'ਗ਼ਦਰ' ਦਾ ਕੋਈ ਅਜਿਹਾ ਅੰਕ ਆਇਆ ਹੈ। ਬਾਬਾ ਜੀ ਦੀਆਂ ਉਪਲਬਧ ਕਵਿਤਾਵਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਇਹ ਸੈਲੂਲਰ ਜੇਲ੍ਹ ਵਿਚ ਕੈਦ ਕੱਟਦੇ ਸਮੇਂ ਜਾਂ ਉਥੋਂ ਰਿਹਾਅ ਹੋਣ ਤੋਂ ਛੇਤੀ ਪਿੱਛੋਂ ਲਿਖੀਆਂ ਹਨ। ਸਪਸ਼ਟ ਹੈ ਕਿ ਆਪ ਨੂੰ ਤੁਕਬੰਦੀ ਦਾ ਸ਼ੌਕ ਭਾਵੇਂ ਪਹਿਲਾਂ ਤੋਂ ਹੀ ਹੋਵੇ ਪਰੰਤੂ ਇਹ ਪ੍ਰਗਟ ਰੂਪ ਵਿਚ ਕਾਲੇ ਪਾਣੀ ਦੀ ਕੈਦ ਵੇਲੇ ਹੀ ਸਾਹਮਣੇ ਆਇਆ। ਸੈਲੂਲਰ ਜੇਲ੍ਹ ਦੇ ਜ਼ੁਲਮੀ ਵਤੀਰੇ ਨੇ ਆਪ ਦੀ ਕਾਵਿ ਪ੍ਰਤਿੱਭਾ ਨੂੰ ਟੁੰਬਿਆ ਅਤੇ ਆਪ ਨੇ ਦੇਸ਼ ਭਗਤਾਂ ਨਾਲ ਹੋ ਰਹੇ ਜ਼ੁਲਮਾਂ ਨੂੰ ਕਲਮਬੰਦ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਬਾਬਾ ਜੀ ਦੀ ਸਾਰੀ ਕਵਿਤਾ ਦਾ ਰਚਣ-ਕਾਲ 1915-25 ਦਾ ਸਮਾਂ ਬਣਦਾ ਹੈ। ਕਵਿਤਾਵਾਂ ਵਿਚ ਨਿੱਕੇ ਨਿੱਕੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਆਪ ਦਾ ਮਨੋਰਥ ਗ਼ਦਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੇ ਦੇਸ਼ ਸੇਵਾਵਾ ਦਾ ਸੰਪੂਰਨ ਇਤਿਹਾਸ ਲਿਖਣਾ ਸੀ, ਜੋ ਪਿੱਛੋਂ ਆਪ ਦੀਆਂ ਬਾਬ ਬਾਰ ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ ਤੇ ਲੋਕ ਭਲਾਈ ਲਈ ਅਣਥਕ ਰੁਝੇਵਿਆਂ ਦੇ ਕਾਰਣ ਪੂਰਾ ਨ ਹੋ ਸਕਿਆ। ਅੱਜ ਸਾਨੂੰ ਆਪ ਜੀ ਦੀਆਂ ਕਵਿਤਾਵਾਂ ਵਿਕੋਲਿਤਰੇ ਰੂਪ ਵਿਚ ਮਿਲਦੀਆਂ ਹਨ। ਪੁਰਾਣੇ ਅਖ਼ਬਾਰ ਰਿਸਾਲਿਆਂ ਵਿਚ ਪ੍ਰਕਾਸ਼ਿਤ ਹੋਏ ਕੁਝ ਕਾਵਿ ਟੋਟਿਆਂ ਨੂੰ ਬਿਨਾ ਬਾਬਾ ਜੀ ਦੀਆਂ ਕੁਝ ਕਵਿਤਾਵਾਂ 'ਹੰਸ ਸਰਵਰ' ਤੇ 'ਹੰਸ ਉਡਾਰੀਆਂ' ਨਾਮੀ ਦੋ ਪੁਸਤਕਾਂ ਵਿਚ ਵੀ ਸੰਕਲਿਤ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਾ ਜੀ ਇਕ ਪੂਰਣ ਗੁਰਸਿੱਖ, ਭਜਨੀਕ, ਦਿਆਲੂ ਤੇ ਦਰਦਮੰਦ ਸ਼ਖ਼ਸੀਅਤ ਦੇ ਮਾਲਿਕ ਸਨ। ਇਸ ਲਈ ਆਪ ਦੀ ਕਵਿਤਾ ਵਿਚ ਸਦਾਚਾਰ ਤੇ ਅਧਿਆਤਮਿਕਤਾ ਦੇ ਤੱਤ ਆਉਣੇ ਸੁਭਾਵਿਕ ਸਨ। ਇਨ੍ਹਾਂ ਤੋਂ ਬਿਨਾ ਦੇਸ਼ ਭਗਤੀ ਤੇ ਏਕਤਾ ਆਦਿ ਵਿਸ਼ਿਆਂ ਨਾਲ ਸੰਬੰਧਿਤ ਵੀ ਕੁਝ ਕਵਿਤਾਵਾਂ ਆਪ ਨੇ ਉਚਾਰੀਆ ਹਨ। ਮੋਟੇ ਤੌਰ ਤੇ ਆਪ ਦੀਆਂ ਰਚਨਾਵਾਂ ਗੁਰਮਤ ਤੇ ਗਰੂ ਆਸ਼ੇ ਦੀ ਵਿਆਖਿਆ, ਜੇਲ੍ਹ ਜੀਵਨ ਦੇ ਅਤਿਆਚਾਰਾਂ, ਦੇਸ਼ ਭਗਤੀ ਅਤੇ ਇਨ੍ਹਾਂ ਦੇ ਨਿੱਜੀ ਜੀਵਨ ਦੇ ਵਿਸ਼ਿਆਂ ਨਾਲ ਜੁੜੀਆਂ ਹੋਈਆਂ ਹਨ।

ਬਾਬਾ ਜੀ ਦਾ ਜੀਵਨ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਅਮਰੀਕਾ ਵਿਚੋਂ ਭਾਰਤ ਦੀ ਆਜ਼ਾਦੀ ਲਈ ਉੱਚੀ ਇਨਕਲਾਬੀ ਲਹਿਰ ਦੀ ਮੂੰਹ ਬੋਲਦੀ ਤਸਵੀਰ ਹੈ। ਉਨ੍ਹਾਂ ਨੇ ਆਪਣੀ ਕਵਿਤਾ ਵਿਚ ਸੈਲੂਲਰ ਜੇਲ੍ਹ ਵਿਚ ਆਜ਼ਾਦੀ ਘੁਲਾਟੀਆਂ ਉਪਰ ਹੋਏ ਗੋਰਾ-ਸ਼ਾਹੀ ਦੇ ਜ਼ੁਲਮਾਂ ਨੂੰ ਭਲੀਭਾਂਤ ਚਿਤ੍ਰਿਆ ਹੈ। ਇਨ੍ਹਾਂ ਕਵਿਤਾਵਾਂ ਵਿਚ ਲਾਹੌਰ ਸੈਂਟ੍ਰਲ ਜੇਲ੍ਹ, ਮੁਲਤਾਨ ਜੇਲ੍ਹ ਤੇ ਸੈਲਲੂਰ ਜੇਲ੍ਹ ਵਿਚ ਵਾਪਰੀ ਇਕੱਲੀ ਇਕੱਲੀ ਘਟਨਾ ਨੂੰ ਅਭਿਵਿਅਕਤ ਕੀਤਾ ਗਿਆ ਹੈ। ਸ. ਜਵਾਲਾ ਸਿੰਘ, ਭਾਈ ਪਰਮਾ ਨੰਦ, ਭਾਈ ਭਾਨ ਸਿੰਘ, ਮਾ. ਚਤਰ ਸਿੰਘ, ਆਦਿ ਉੱਤੇ ਢਾਹੇ ਗਏ ਜੁਲਮ ਹੂ-ਬਹੂ ਪੇਸ਼ ਹਨ। ਇਸ ਤੋਂ ਬਿਨਾ ਜੇਲ੍ਹ ਕਰਮਚਾਰੀਆਂ ਤੇ ਦੇਸ਼ ਭਗਤਾਂ ਵਿਚ ਹੋਈ ਖਿੱਚੋਤਾਣ, ਜੇਲ੍ਹ ਸੁਪਰਿਟੈਂਡੈਂਟ, ਜੇਲ੍ਹਰ ਤੇ ਹੋਰ ਜੇਲ੍ਹ ਅਧਿਕਾਰੀਆਂ ਦੇ ਵਤੀਰੇ ਨੂੰ ਵੀ ਬਹੁਤ ਸੁਹਣੇ ਢੰਗ ਨਾਲ ਉਘਾੜਿਆਂ ਗਿਆ ਹੈ। ਕਵੀ ਸੈਲੂਲਰ ਜੇਲ੍ਹ ਦੇ ਤਿੰਨ ਉੱਚ-ਅਧਿਕਾਰੀਆਂ, ਕਮਿਸ਼ਨਰ, ਸੁਪਰਿਟੈਂਡੈਂਟ ਤੇ ਦਰੋਗੇ ਨੂੰ ਤਿੰਨ ਵੱਡੇ ਡਾਕੂਆਂ ਨਾਲ ਤੁਲਨਾ ਦਿੰਦਾ ਹੋਇਆ ਕਹਿੰਦਾ ਹੈ :

ਅੰਡੇਮਾਨ ਵਿਚ ਡਾਕੂ ਨੇ ਤਿੰਨ ਵੱਡੇ, ਸੀ. ਸੀ., ਮਰੇ ਤੇ ਬੈਰੀ ਪਛਾਣ ਤਿੰਨੇ।
ਰਹੇ ਖ਼ੂਨ ਨਿਚੋੜ ਨੇ ਕੈਦੀਆਂ ਦਾ, ਇਕ ਦੂਜਿਓਂ, ਵੱਧ ਬੇਈਮਾਨ ਤਿੰਨੇ।
ਜੋ ਚਾਹੁੰਦੇ ਜ਼ੁਲਮ ਨੇ ਕਰੀ ਜਾਂਦੇ, ਬੇਰਹਿਮ, ਬਦਤੁਖਮ, ਸ਼ੈਤਾਨ ਤਿੰਨੇ।
ਅੱਖੀਂ ਵੇਖਿਆ ਸਿੰਘ ਵਸਾਖ ਲਿਖਿਆ, ਜਾਨ ਕੈਦੀਆਂ ਦੀ ਪਏ ਖਾਣ ਤਿੰਨੇ।

ਬਾਬਾ ਜੀ ਦੀਆਂ ਕੁਝ ਕਵਿਤਾਵਾਂ, ਜੋ ਚਿੱਠੀਆਂ ਦੇ ਰੂਪ ਵਿਚ ਲਿਖੀਆਂ ਗਈਆਂ, ਸੰਬੋਧਨੀ ਸ਼ੈਲੀ ਵਿਚ ਹਨ, ਜਿਵੇਂ : "ਬਿਨੈ ਪੱਤ੍ਰ", "ਧੀਰਜ ਪੱਤ੍ਰ", ਅਤੇ "ਪੱਤ੍ਰਿਕਾ"। ਇਹ ਕਵਿਤਾਵਾਂ ਮਹਿਜ਼ ਚਿੱਠੀਆਂ ਹੀ ਨਹੀਂ, ਸਗੋਂ ਇਕ ਤਰ੍ਹਾਂ ਦੇ ਗੁਪਤ ਆਦੇਸ਼ ਹਨ, ਜੋ ਇਕ ਦੇਸ਼ ਭਗਤ ਵੱਲੋਂ ਦੂਜੇ ਨੂੰ ਦਿੱਤੇ ਜਾਂਦੇ ਸਨ। ਉਦਾਹਰਣ ਵਜੋਂ ਅੰਡੇਮਾਨ ਜੇਲ੍ਹ ਵਿਚ ਲਿਖੀ ਗਈ ਇਕ ਕਵਿਤਾ ਲਈ ਜਾ ਸਕਦੀ ਹੈ। ਸਥਿਤੀ ਇਹ ਸੀ ਕਿ ਦੇਸ਼ ਭਗਤਾਂ ਨੇ ਜੇਲ੍ਹ ਅਧਿਕਾਰੀਆਂ ਦੇ ਭੈੜੇ ਵਤੀਰੇ ਤੇ ਉਨ੍ਹਾ ਨੂੰ ਦਿੱਤੀ ਜਾ ਰਹੀ ਨਾਕਿਸ ਖੁਰਾਕ ਵਿਰੁੱਧ ਹੜਤਾਲ ਕਰ ਦਿੱਤੀ। ਹੜਤਾਲ ਜ਼ਿਆਦਾ ਦਿਨ ਚਲਦੀ ਰਹਿਣ ਕਾਰਣ ਸ. ਸੋਹਣ ਸਿੰਘ ਭਕਨਾ ਦੀ ਹਾਲਤ ਖ਼ਰਾਬ ਹੋ ਗਈ। ਭਾਈ ਮਦਨ ਸਿੰਘ ਗਾਗਾ, ਜੋ ਦੇਸ਼ ਭਗਤਾਂ ਦੀ ਜੇਲ੍ਹ ਕਮੇਟੀ ਦਾ ਸਕੱਤਰ ਸੀ, ਨੇ ਬਾਬਾ ਜੀ ਤੋਂ ਕੰਮ ਦੀ ਹੜਤਾਲ ਕਰਨ ਬਾਰੇ ਸਲਾਹ ਪੁੱਛੀ ਤਾਂ ਆਪ ਨੇ ਇਕ ਚੌਤੁਕੇ ਵਿਚ ਉਸ ਦਾ ਉੱਤਰ ਦਿੱਤਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਸਾ[2] ਵਡੇ ਭਾਈ ਬਰਨੀ
ਅਬ ਹਮ ਕਿਰਤ ਨਹੀਂ ਹੈ ਕਰਨੀ ।
ਜਬ ਲਗ ਫੈਸਲਾ ਕੋਈ ਨ ਹੋਵੇ,
ਨੇੜੇ ਕਿਰਤ ਕੇ ਕੋਈ ਨ ਛੋਵੇ ।

ਇਸ ਚਿੱਠੀ ਦਾ ਜਾਣਾ ਸੀ ਕਿ ਸਾਰਿਆਂ ਨੇ ਮੁਸ਼ੱਕਤ ਕਰਨ ਤੋਂ ਨਾਂਹ ਕਰ ਦਿੱਤੀ।

ਇਸ ਤੋਂ ਬਿਨਾਂ ਬਾਬਾ ਜੀ ਸੈਲੂਲਰ ਜੇਲ੍ਹ ਵਿਚੋਂ ਆਪਣੇ ਭਰਾਵਾਂ ਅਤੇ ਭਤੀਜਿਆਂ ਨੂੰ ਬਹੁਤ ਸਾਰੀਆਂ ਚਿੱਠੀਆਂ ਕਵਿਤਾ ਰੂਪ ਵਿਚ ਲਿਖਿਆ ਕਰਦੇ ਸਨ । ਆਪ ਦੇ ਤਾਇਆ ਖ਼ੁਸ਼ਹਾਲ ਸਿੰਘ ਜੋ ਉਸ ਸਮੇਂ ਅਜੇ ਜਿਉਂਦੇ ਸਨ, ਉਨ੍ਹਾਂ ਵਿਚ ਬਾਬਾ ਜੀ ਦੀ ਅਥਾਹ ਸ਼ਰਧਾ ਤੇ ਅਟੱਟ ਪ੍ਰੇਮ ਸੀ । ਆਪ ਨੇ ਉਸ ਸਮੇਂ ਘਰ ਨੂੰ ਲਿਖੀਆਂ ਚਿੱਠੀਆਂ ਵਿਚ, ਕਾਲੇ ਪਾਣੀ ਦੇ ਹਾਲਾਤ ਸੰਬੰਧੀ ਜਾਣਕਾਰੀ ਦੇਣ ਤੋਂ ਬਿਨਾ ਆਪਣੇ ਪਰਿਵਾਰ ਨੂੰ, ਤਾਏ ਖ਼ੁਸ਼ਹਾਲ ਸਿੰਘ ਦੇ ਗੁਣਾਂ ਦਾ ਵਰਣਨ ਕਰਦੇ ਹੋਏ ਉਨ੍ਹਾਂ ਦੀ ਸੰਭਾਲ ਕਰਨ ਅਤੇ ਉਨ੍ਹਾਂ ਤੋਂ ਯੋਗ ਅਗਵਾਈ ਲੈਣ ਦੀ ਵੀ ਪ੍ਰੇਰਣਾ ਕੀਤੀ ਹੁੰਦੀ ਸੀ ।

ਬਾਬਾ ਜੀ ਦੀ ਕਵਿਤਾ ਗੁਰਬਾਣੀ ਅਤੇ ਹੋਰ ਸਿੱਖ ਸਾਹਿਤ ਦੇ ਅਧਿਐਨ ਕਰਕੇ ਵਿਸ਼ੇ, ਰੂਪ ਤੇ ਭਾਸ਼ਾ, ਤਿੰਨਾਂ ਵਿਚ ਹੀ, ਇਸ ਤੋਂ ਅਤਿਅੰਤ ਪ੍ਰਭਾਵਿਤ ਹੈ । ਆਪ ਦੀ ਉਪਲਬਧ ਰਚਨਾ ਵਿਚੋਂ 'ਅਕਾਲ ਪੁਰਖ ਦੀ ਮਹਿਮਾ', 'ਅਕਾਲ ਪੁਰਖ ਦਰਸ਼ਨ'', ''ਧੀਰਜ ਪੱਤ੍ਰ', ''ਪੰਥ ਮਹਿਮਾ'', ''ਗੁਰੂ ਵਿਸ਼ਵਾਸ਼'', 'ਸੰਗਤ ਦੀ ਮਹਿਮਾ'', ''ਹਉਮੈ ਤਿਆਗ'', 'ਪੰਥ ਮਹਿਮਾ'', ''ਸੰਤ ਮਿਲਾਪ'', ''ਸੰਤ ਉਪਦੇਸ਼'', ਆਦਿ ਕਵਿਤਾਵਾਂ ਰੱਬੀ ਰਹੱਸ ਨਾਲ ਸਬੰਧਿਤ ਹਨ । ਇਨ੍ਹਾਂ ਕਵਿਤਾਵਾਂ ਰਾਹੀਂ ਗੁਰਮਤ ਵਿਚਾਰਧਾਰਾ ਤੇ ਗੁਰੂ ਆਸ਼ੇ ਦੀ ਖੁਲ੍ਹ ਕੇ ਵਿਆਖਿਆ ਕੀਤੀ ਗਈ ਹੈ । ''ਸੰਗਤ ਦੀ ਮਹਿਮਾ'' ਨਾਮੀ ਕਵਿਤਾ ਵਿਚ ਜਗਿਆਸੂ ਲਈ ਸੰਗਤ ਦਾ ਮਹੱਤਵ ਦੱਸਣ ਤੋਂ ਬਿਨਾ ਇਸ ਵਿਚਾਰ ਨੂੰ ਆਪ ਨੇ ਗੁਰਬਾਣੀ ਵਾਲੇ ਅੰਦਾਜ਼ ਵਿਚ ਦ੍ਰਿੜ੍ਹ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਹੈ । ਗੁਰਬਾਣੀ ਦੀ ਕਲਾਤਮਿਕਤਾ ਦਾ ਇਕ ਉੱਘਾ ਲੱਛਣ ਇਕ ਵਿਚਾਰ ਦੀ ਪੁਸ਼ਟੀ ਲਈ ਬਹੁਤ ਸਾਰੇ ਦ੍ਰਿਸ਼ਟਾਂਤ ਜੁਟਾਉਣੇ ਹਨ, ਜੋ ਬਾਬਾ ਜੀ ਦੀ ਕਵਿਤਾ ਵਿਚ ਵੀ ਵਿਦਮਾਨ ਹੈ । ਇਸ ਕਵਿਤਾ ਦੀਆਂ ਕੁਝ ਸਤਰਾਂ ਹਨ :

ਸੰਤ ਤਾਰਦਾ ਡੋਬੇ ਕੁਸੰਗ ਭਾਈ,
ਵੇਖੋ ਤੁਸੀਂ ਗ੍ਰੰਥ ਵਿਚਾਰ ਕਰਕੇ ।
ਬਾਲਮੀਕ ਨੂੰ ਸੰਗ ਨੇ ਤਾਰ ਦਿੱਤਾ,
ਰਾਵਣ ਡੁੱਬਾ ਕੁਸੰਗ ਮੇਂ ਹਾਰ ਕਰਕੇ ।
ਗਨਕਾ ਤਾਰ ਲਈ ਸੰਗ ਵਿਚਾਰ ਭਾਈ,
ਮਰਿਆ ਬਾਲੀ ਕੁਸੰਗ ਖੁਆਰ ਕਰਕੇ।
ਅਜਾਮਲ ਨੂੰ ਸੰਗ ਨੇ ਤਾਰ ਦਿੱਤਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਇਆ ਨਾਮ ਨਰਾਇਣ ਪੁਕਾਰ ਕਰਕੇ ।
ਗੌਤਮ ਰਿਖੀ ਦੀ ਨਾਰ ਕੁਸੰਗ ਕੀਤਾ,
ਮਾਰੀ ਉਹ ਕੁਬੰਗ ਪ੍ਰਹਾਰ ਕਰਕੇ ।

ਬਾਬਾ ਜੀ ਪੂਰਨ ਗੁਰਸਿੱਖੀ ਅਤੇ ਪੰਥ-ਹਿਤੈਸ਼ੀ ਸਨ । ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ, ਪਰ ਇਸ ਦੇ ਨਾਲ ਹੀ ਆਪ ਮਜ਼੍ਹਬੀ ਸੰਕੀਰਣਤਾ ਤੋਂ ਉਪਰ ਉੱਠੇ "ਸਰਬੱਤ ਦਾ ਭਲਾ" ਚਾਹੁਣ ਵਾਲੇ ਸਮਦਰਸ਼ੀ ਪੁਰਸ਼ ਸਨ, ਕਿਉਂਕਿ ਉਨ੍ਹਾਂ ਨੂੰ ਇਹ ਪਤਾ ਸੀ ਕਿ ਭਰਾਤਰੀ ਭਾਵ ਤੋਂ ਬਿਨਾਂ ਏਕਤਾ ਨਹੀਂ ਹੋ ਸਕਦੀ ਅਤੇ ਏਕਤਾ ਬਿਨਾ ਦੇਸ਼ ਕਲਿਆਣ ਸੰਭਵ ਨਹੀਂ । ਆਪ ਨੇ ਆਪਣੀਆਂ ਕਵਿਤਾਵਾਂ ਰਾਹੀਂ ਦੇਸ਼ ਵਾਸੀਆਂ ਨੂੰ ਰਲ ਮਿਲ ਕੇ ਰਹਿਣ ਦੀ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕੀਤੀ ਹੈ :

ਪਿਆਰੇ ਵੀਰਨੋ ਕਰਾਂ ਹੁਣ ਬੇਨਤੀ ਮੈਂ,
ਆਪਸ ਵਿਚ ਪ੍ਰੇਮ ਵਧਾਈ ਚਲੋ ।
ਇਕ ਦੂਸਰੇ ਦਾ ਕਰੋ ਭਲਾ ਭਾਈ,
ਫੁੱਟ ਚੰਦਰੀ ਰਲ ਦਬਾਈ ਚਲੋ ।
ਅਦਬ ਦਿਲ 'ਚ ਪੀਰ ਪੈਗੰਬਰਾਂ ਦਾ,
ਰਾਧੇ ਕ੍ਰਿਸ਼ਨ ਤੇ ਰਾਮ ਮਨਾਈ ਚਲੋ ।
ਗੁਰੂ ਨਾਨਕ ਦੀ ਕਰਨੀਆਂ ਯਾਦ ਕਰਕੇ,
ਨੌਵੇਂ ਗੁਰੂ ਨੂੰ ਸੀਸ ਝੁਕਾਈ ਚਲੋ ।

ਉਨ੍ਹਾਂ ਦਿਨਾਂ ਵਿਚ ਭੂਪਣ ਨਾਂ ਦਾ ਇਕ ਬੰਗਾਲੀ ਕੈਦੀ ਵੀ ਸੈਲੂਲਰ ਜੇਲ੍ਹ ਵਿਚ ਨਜ਼ਰਬੰਦ ਸੀ । ਜੇਲ੍ਹ ਕਰਮਚਾਰੀਆਂ ਦੇ ਗੈਰ-ਮਨੁੱਖੀ ਵਤੀਰੇ ਕਾਰਣ ਅੱਠ ਦੇਸ਼ ਭਗਤ ਸ਼ਹੀਦ ਹੋ ਗਏ ਸਨ ਤੇ ਕੁਝ ਹੋਰਨਾ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਸੀ । ਇਨ੍ਹਾਂ ਤਸੀਹਿਆਂ ਤੇ ਜ਼ੁਲਮਾਂ ਤੋਂ ਤੰਗ ਆ ਕੇ ਇਕ ਦਿਨ ਭੂਪਣ ਉਦਾਸ ਹੋਇਆ ਬਾਬਾ ਜੀ ਕੋਲ ਆਇਆ ਤੇ ਇਨ੍ਹਾਂ ਨੂੰ ਪੁੱਛਣ ਲੱਗਾ, "ਬਾਬਾ ਜੀ ਤੁਸੀਂ ਪ੍ਰਭੂ ਭਗਤ ਹੋ ਤੇ ਸਾਰਾ ਦਿਨ ਸਮਾਧੀ ਲਾ ਕੇ ਬੈਠੇ ਰਹਿੰਦੇ ਹੋ ਪਰੰਤੂ ਮੈਂ ਰੱਬ ਦੀ ਹੋਂਦ ਨੂੰ ਨਹੀਂ ਮੰਨਦਾ । ਜੇਕਰ ਇਥੇ ਕੋਈ ਦੈਵੀ ਸ਼ਕਤੀ ਹੋਵੇ ਤਾਂ ਐਨਾ ਜ਼ੁਲਮ ਵੇਖ ਉਹ ਚੁੱਪ ਨਹੀਂ ਰਹਿ ਸਕਦੀ ।"

ਬਾਬਾ ਜੀ ਨੇ ਉਸ ਨੂੰ ਆਪਣੇ ਕੋਲ ਬਿਠਾਇਆ ਅਤੇ ਬੜੇ ਹੀ ਪਿਆਰ ਨਾਲ ਦਲੀਲਾਂ ਦੇ ਕੇ ਸਾਰੀ ਗੱਲ ਉਸ ਨੂੰ ਸਮਝਾਈ । ਬਾਬਾ ਜੀ ਇੰਨੇ ਭਾਵੁਕ ਹੋਏ ਕਿ ਉਸੇ ਰਾਤ ਉਨ੍ਹਾਂ ਨੇ ਭੂਪਣ ਦੀ ਤਸੱਲੀ ਲਈ ਇਸ ਵਿਸ਼ੇ ਉੱਤੇ ਇਕ ਲੰਮੀ ਕਵਿਤਾ ਲਿਖੀ : ਆਪ ਨੇ ਇਸ ਕਵਿਤਾ ਵਿਚ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਇਤਿਹਾਸ ਤੇ ਮਿਥਿਹਾਸ ਵਿਚੋਂ ਅਨੇਕਾਂ ਉਦਾਹਰਣਾਂ ਦੇ ਕੇ ਇਹ ਸਪੱਸ਼ਟ ਕੀਤਾ ਕਿ ਪਰਮਾਤਮਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਉਹ ਸਮੇਂ [illegible] ਤੇ ਦਰਸ਼ਨ ਦੇਂਦਾ ਰਿਹਾ ਹੈ।

ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਵਿਚ ਧੰਜਾਬੀ ਦੇ ਕਿੱਸਾ ਕਵੀ ਆਪਣੀ ਰਚਨਾ ਦੇ ਆਰੰਭ ਜਾਂ ਅੰਤ ਵਿਚ ਆਪਣੇ ਨਿੱਜੀ ਜੀਵਨ ਤੇ ਖ਼ਾਨਦਾਨ ਬਾਰੇ ਇਕ ਅੱਧਾ ਸਫ਼ਾ ਜ਼ਰੂਰ ਦਿਆ ਕਰਦੇ ਸਨ। ਇਸ ਪਰੰਪਰਾ ਅਧੀਨ ਬਾਬਾ ਜੀ ਨੇ ਵੀ ਆਪਣੀ ਕਾਵਿ ਰਚਨਾ ਵਿਚ ਆਪਣੇ ਵਿਰਸੇ ਤੇ ਬੰਸਾਵਲੀ ਦਾ ਉਲੇਖ ਕੀਤਾ ਹੈ। ਪੜਦਾਦਾ ਬਾਬਾ ਮੋਹਰ ਸਿੰਘ ਤੋਂ ਅੱਜ ਤਕ ਦੇ ਬਜ਼ੁਰਗਾਂ ਅਤੇ ਉਨ੍ਹਾਂ ਦੀਆਂ ਪੰਜਾਬ ਦੇ ਰਾਜਨੀਤਕ, ਧਾਰਮਿਕ ਤੇ ਭਾਈਚਾਰਕ ਖੇਤਰਾਂ ਵਿਚ ਮਾਰੀਆਂ ਮੱਲਾਂ ਦਾ ਬੜਾ ਸੁੰਦਰ ਪਰ ਸੰਖਪਿਤ ਵਰਣਨ ਕੀਤਾ ਹੈ। ਆਪਣੇ ਵੱਡੇ ਵਡੇਰਿਆਂ ਦੇ ਗੁਰੂ ਘਰ ਨਾਲ ਸਥਾਪਿਤ ਹੋਏ ਸੰਬੰਧਾਂ ਦਾ ਜ਼ਿਕਰ ਕਰਦੇ ਕਰਦੇ ਕਵੀ ਨੇ ਆਪਣੇ ਗੋਤਰ, ਭੈਣ ਭਰਾਵਾਂ, ਉਨ੍ਹਾਂ ਦੀਆਂ ਦੇਸ਼ ਤੇ ਕੌਮ ਲਈ ਕੀਤੀਆਂ ਸੇਵਾਵਾਂ ਅਤੇ ਆਪਣੇ ਪਿੰਡ, ਡਾਕਘਰ, ਤਹਿਸੀਲ, ਜ਼ਿਲੇ, ਆਦਿ ਬਾਰੇ ਸਪੱਸ਼ਟ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਆਪਣੇ ਦੇਸ਼ ਵਾਸੀਆਂ ਤੇ ਆਪਣੇ ਸਾਥੀਆਂ ਨੂੰ ਪ੍ਰੇਰਣਾ ਦੇਣ ਲਈ ਸਮੇਂ ਸਮੇਂ ਦੇਸ਼ ਭਗਤੀ ਨਾਲ ਸੰਬੰਧਿਤ ਕਈ ਕਵਿਤਾਵਾਂ ਲਿਖੀਆਂ। "ਅਰਦਾਸ", "ਅਪੀਲ", "ਇਤਫ਼ਾਕ ਲਈ ਪ੍ਰੇਰਨਾ", "ਦੇਸ਼ ਸੇਵਾ ਦਾ ਸੰਦੇਸ਼", ਆਦਿ ਕਵਿਤਾਵਾਂ ਇਸ ਰੰਗ ਨਾਲ ਭਰੀਆਂ ਪਈਆਂ ਹਨ। "ਅਰਦਾਸ" ਨਾਮੀ ਕਵਿਤਾ ਵਿਚ ਆਪ ਲਿਖਦੇ ਹਨ :

ਭਾਰਤ ਉਜੜ ਕੇ ਹੋਇ ਵੈਰਾਨ ਰਿਹਾ,
ਇਕ ਵੇਰ ਤਾਂ ਸੁਖੀ ਵਸਾਇ ਦੇਵੋ।
ਜ਼ੁਲਮੀ ਰਾਜ ਨੂੰ ਗਰਕ ਹੁਣ ਕਰੋ ਛੇਤੀ,
ਝੰਡਾ ਧਰਮ ਦਾ ਖ਼ੂਬ ਝੁਲਾਇ ਦੇਵੋ।
... ...
ਭਾਰਤ ਸੁਖੀ ਵਸੇ ਵਧੇ ਵੇਲ ਵਾਂਗੂੰ,
ਇਕ ਵੇਰ ਤਾਂ ਅੱਖੀਂ ਵਿਖਾਇ ਦੇਵੋ।

ਬਾਬਾ ਜੀ ਦੀ ਕਵਿਤਾ ਉਨ੍ਹਾਂ ਦੀ ਸ਼ਖ਼ਸੀਅਤ ਵਾਂਗ ਹੀ ਸਰਲ ਤੇ ਸਿੱਧ-ਪੱਧਰੀ ਹੈ। ਇਹ ਵਧੇਰੇ ਬਿਰਤਾਂਤਕ ਤੇ ਵਰਣਾਤਮਿਕ ਹੈ। ਕਿੱਸਾ ਕਾਵਿ ਦੇ ਪ੍ਰਭਾਵ ਅਧੀਨ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਉਸ ਸਮੇਂ ਬੈਂਤ ਛੰਦ ਬਹੁਤ ਹਰਮਨ ਪਿਆਰਾ ਸੀ। ਉਸੇ ਪਰੰਪਰਾ ਅਧੀਨ ਬਾਬਾ ਜੀ ਨੇ ਆਪਣੀ ਵਧੇਰੇ ਕਵਿਤਾ ਬੈਂਤ ਛੰਦ ਵਿਚ ਹੀ ਰਚੀ ਹੈ ਪਰੰਤੂ ਕਿਤੇ ਕਿਤੇ ਦੋਹਰੇ, ਚੌਪਈ ਤੇ ਚੰਤੁਕੇ ਦੀ ਵਰਤੋਂ ਕੀਤੀ ਹੈ। ਆਪ ਨੇ ਬੈਂਤ ਰਚਨਾ ਵਿਚ ਤੋਲ ਤੁਕਾਂਤ ਦਾ ਬਹੁਤਾ ਖ਼ਿਆਲ ਨਹੀਂ ਰੱਖਿਆ ਪਰੰਤੂ ਬਿਆਨ ਵਿਚ ਅਥਾਹ ਰਵਾਨੀ ਹੋਣ ਕਰਕੇ ਪਾਠਕ ਕਿਤੇ ਅਟਕਦਾ ਨਹੀਂ। ਕਵਿਤਾ ਨੂੰ ਸ਼ਿੰਗਾਰਨ ਲਈ ਅਲੰਕਾਰਾਂ ਦੀ ਵਧੇਰੇ ਵਰਤੋਂ ਨਹੀਂ ਕੀਤੀ। ਕਿਤੇ ਕਿਤੇ ਉਪਮਾ, ਰੂਪਕ ਤੇ

CC-0. In Public Domain. Gurukul Kangri Collection, Haridwar

ਦ੍ਰਿਸ਼ਟਾਂਤ ਅਲੰਕਾਰਾਂ ਨੂੰ ਵਰਤ ਕੇ ਬਿਆਨ ਨੂੰ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਆਪ ਦੀ ਕਵਿਤਾ ਵਿਚ ਅੰਕਿਤ ਵਾਰਤਾਲਾਪ ਤੇ ਕਲਮੀ ਚਿੱਤ੍ਰਾਂ ਨੇ ਜਾਨ ਪਾ ਦਿੱਤੀ। ਕਰੁਣਾ, ਘ੍ਰਿਣਾ ਤੇ ਬੀਰ ਰਸ ਦੀ ਵਰਤੋਂ ਵੀ ਕੁਝ ਥਾਵਾਂ ਉੱਤੇ ਹੋਈ ਹੈ। ਬੋਲੀ, ਸ਼ਬਦ ਚੋਣ ਤੇ ਮੁਹਾਵਰਾ ਪੇਂਡੂ ਹੈ। ਬਾਬਾ ਜੀ ਨੇ ਆਪਣੀ ਕਵੀ-ਛਾਪ ਦੇ ਤੌਰ 'ਤੇ "ਰਾਹੀ", "ਸਿੰਘ ਵਿਸਾਖ", "ਵਿਸਾਖ ਸਿੰਘ" ਜਾਂ "ਵਿਸਾਖਾ ਸਿੰਘ" ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।

Digitized by Arya Samaj Foundation Chennai and eGangotri

ਬਾਬਾ ਜੀ ਦੀ ਕਾਵਿ ਪ੍ਰਤਿਭਾ ਤੋਂ ਵਿਆਪਕ ਰੂਪ ਵਿਚ ਜਾਣੂ ਹੋਣ ਲਈ ਅਤੇ ਉਨ੍ਹਾਂ ਬਾਰੇ ਵਧੇਰੇ ਅਧਿਐਨ ਲਈ ਅਸੀਂ ਆਪ ਜੀ ਦੀਆਂ ਚੋਣਵੀਆਂ ਕਵਿਤਾਵਾਂ ਮੂਲ ਰੂਪ ਵਿਚ ਇਸ ਪੁਸਤਕ ਦੇ ਅੰਤ ਵਿਚ ਦੇ ਰਹੇ ਹਾਂ।

ਹਵਾਲੇ ਅਤੇ ਟਿੱਪਣੀਆਂ

8121

1. 'ਦੇਸ਼ ਭਗਤ ਬਾਬੇ', ਪੰਨਾ 170.
2. ਭਾਵ ਸੋਹਣ ਸਿੰਘ ਭਕਨਾ ਹੈ (ਇਨ੍ਹਾਂ ਦੇਸ਼ ਭਗਤਾਂ ਨੇ ਜੇਲ੍ਹ ਵਿਚ ਰਹਿੰਦੇ ਸਮੇਂ ਆਪਸ ਵਿਚ ਚਿੱਠੀ ਪੱਤਰ ਕਰਨ ਲਈ ਆਪਣੇ ਗੁਪਤ ਨਾਂ ਰੱਖੇ ਹੋਏ ਸਨ)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Acces on
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Samaj Foundation Chenn

ਆਧੁਨਿਕ ਪੰਜਾਬੀ ਸਾਹਿਤ ਨੂੰ ਸਿੰਘਸਭਾ ਲਹਿਰ ਦੀ ਦੇਣ

ਬਿਕਰਮ ਸਿੰਘ ਘੁੰਮਣ

omain. Gurukul Kangri Co